

Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763


KW SILICON CITY KELLERWILLIAMS
San Jose to Sacramento
For All Your Real Estate Needs
Commercial or Residential
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call Today For Free Consultation!
Ph: 408-805-2760
Jay Grewal
CalBre # 01978624
jgrewal@kw.com

COVERED CALIFORNIA
ਓਬਾਮਾ ਕੇਅਰ
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



Sixteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 17, Issue 19, May 7, 2016 20451 N Plum Grove Rd., Palatine, IL 60074 Ph:847-359-0746, Fax:847-705-9388


# ਲਾਕਾਨੂੰਨੀ ਨੇ ਹੱਦ ਬੰਨ੍ਹੇ ਟੱਪੇ

## ਪੰਜਾਬ 'ਚ ਗੈਂਗਵਾਰ ਨੇ ਅਮਨ ਕਾਨੂੰਨ ਦੀ ਹਾਲਤ ਵਿਗਾੜੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਵਿਚ ਲਾਕਾਨੂੰਨੀ ਸਾਰੇ ਹੱਦ ਬੰਨ੍ਹੇ ਟੱਪ ਗਈ ਹੈ। ਸੂਬੇ ਵਿਚ ਦਿਨੋ-ਦਿਨ ਵਧ ਰਹੇ ਅਪਰਾਧ ਨੇ ਪੰਜਾਬ ਪੁਲਿਸ ਅਤੇ ਸਰਕਾਰ ਦੀ ਨਾਲਾਇਕੀ 'ਤੇ ਗੰਭੀਰ ਸਵਾਲ ਚੁੱਕੇ ਹਨ। ਅਪਰਾਧੀ ਗਰੋਹਾਂ ਦੇ ਤੇਜ਼ੀ ਨਾਲ ਵਧਣ-ਫੁੱਲਣ ਕਾਰਨ ਅਮਨ ਕਾਨੂੰਨ ਸਾਹਮਣੇ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ। ਇਸ ਤੋਂ ਵੱਧ ਫਿਕਰ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਗੈਂਗਸਟਰਾਂ ਦੀਆਂ ਤਾਰਾਂ ਸਿਆਸੀ ਆਗੂਆਂ ਅਤੇ ਉੱਚ ਅਧਿਕਾਰੀਆਂ ਨਾਲ ਜੁੜੀਆਂ ਹੋਣ ਦੇ ਅਹਿਮ ਖੁਲਾਸੇ ਹੋਏ ਹਨ। ਪਿਛਲੇ ਕੁਝ ਦਿਨਾਂ ਤੋਂ ਇਕ ਤੋਂ ਬਾਅਦ ਵਾਪਰੀਆਂ ਘਟਨਾਵਾਂ ਨੇ ਪੁਲਿਸ ਤੇ ਸਰਕਾਰ ਦੀਆਂ ਵੀ ਅੱਖਾਂ ਖੋਲ੍ਹ ਦਿੱਤੀਆਂ ਹਨ।

ਪੁਲਿਸ ਖੁਦ ਦਾਅਵਾ ਕਰ ਰਹੀ ਹੈ ਕਿ ਸੂਬੇ ਵਿਚ ਇਸ ਸਮੇਂ ਤਕਰੀਬਨ 500 ਗੈਂਗਸਟਰਾਂ ਦੇ ਦੋ ਦਰਜਨ ਤੋਂ ਵੱਧ ਗਰੁੱਪ ਹਨ। ਇਨ੍ਹਾਂ ਵਿਚੋਂ ਤਕਰੀਬਨ ਅੱਧੇ ਜੇਲ੍ਹਾਂ ਵਿਚ ਹਨ ਜਦੋਂਕਿ ਬਾਕੀ ਅਗਵਾ, ਫਿਰੌਤੀਆਂ, ਡਕੈਤੀਆਂ, ਖੋਹਾਂ ਅਤੇ ਲੁੱਟਾਂ-ਮਾਰਾਂ ਦੀਆਂ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਵੱਡੇ ਘਰਾਂ ਦੇ ਵਿਗੜੈਲ ਕਾਕੇ ਹਨ ਤੇ ਜ਼ਿਆਦਾਤਰ ਦੀ ਉਮਰ 25 ਤੋਂ 35 ਸਾਲ ਦੀ ਹੈ।

ਸ਼ਿਮਲਾ ਕੌਮੀ ਸ਼ਾਹਰਾਹ ਉਤੇ ਪਰਵਾਣੂ ਨੇੜੇ ਗੈਂਗਸਟਰ ਜਸਵਿੰਦਰ ਸਿੰਘ ਭੁੱਲਰ ਉਰਫ ਰੌਕੀ ਦੇ ਦਿਨ-ਦਿਹਾੜੇ ਕਤਲ ਨੇ ਪੁਲਿਸ ਦੀਆਂ ਅੱਖਾਂ ਖੋਲ੍ਹੀਆਂ ਹਨ। ਕਤਲ ਦੀ ਜ਼ਿੰਮੇਵਾਰੀ ਫੇਸਬੁੱਕ ਰਾਹੀਂ ਜੈਪਾਲ ਗੈਂਗ ਨੇ ਲਈ। ਇਸ ਗੈਂਗ ਦਾ ਦਾਅਵਾ ਸੀ ਕਿ ਇਸ ਨੇ ਗੈਂਗਸਟਰ ਗੁਰਸ਼ਹੀਦ ਸਿੰਘ ਉਰਫ਼ ਸ਼ੇਰਾ ਖੁੱਬਣ ਦੇ ਕਤਲ ਦਾ ਬਦਲਾ ਲੈਣ ਲਈ ਰੌਕੀ ਨੂੰ ਹਲਾਕ ਕੀਤਾ। ਇਹ ਦੂਜੀ ਵਾਰ ਹੈ ਜਦੋਂ ਕਿਸੇ ਗੈਂਗਸਟਰ ਦੇ ਕਤਲ ਉਤੇ ਸੋਸ਼ਲ ਮੀਡੀਆ ਰਾਹੀਂ 'ਜਸ਼ਨ' ਮਨਾਏ ਗਏ। ਸਵਾ ਸਾਲ ਪਹਿਲਾਂ ਫਗਵਾੜਾ ਨੇੜੇ ਸੁੱਖਾ ਕਾਹਲਵਾਂ ਕਤਲ ਕਾਂਡ ਵੇਲੇ ਵੀ ਉਸ ਦੇ ਕਾਤਲਾਂ ਨੇ ਪਹਿਲਾਂ ਉਸ ਦੀ ਲਾਸ਼ ਦੇ ਨੇੜੇ ਅਤੇ ਫਿਰ ਫੇਸਬੁੱਕ ਉਤੇ ਜਸ਼ਨ ਮਨਾਏ ਸਨ। ਪੰਜਾਬ ਵਿਚ ਅਪਰਾਧੀ ਗਰੋਹਾਂ ਦਰਮਿਆਨ ਜੰਗ ਅਤੇ ਇਨ੍ਹਾਂ ਦੇ ਸਰਗਨਿਆਂ ਦੇ ਕਤਲਾਂ ਦਾ ਵਰਤਾਰਾ ਪਿਛਲੇ ਇਕ ਦਹਾਕੇ ਤੋਂ ਦਿਸਣਾ ਸ਼ੁਰੂ ਹੋਇਆ ਹੈ।


*(ਬਾਕੀ ਸਫਾ 6 'ਤੇ)*




## ਗੈਰਕਾਨੂੰਨੀ ਹਥਿਆਰਾਂ ਦੇ ਕਾਰੋਬਾਰ ਵਿਚ ਵਾਧਾ

**ਬਠਿੰਡਾ:** ਪੰਜਾਬ ਵਿਚ ਪਿਛਲੇ ਤਕਰੀਬਨ ਪੰਜ ਵਰ੍ਹਿਆਂ ਤੋਂ ਗੈਰਕਾਨੂੰਨੀ ਹਥਿਆਰਾਂ ਦਾ ਕਾਰੋਬਾਰ ਤੇਜ਼ੀ ਨਾਲ ਵਧਿਆ ਹੈ। ਰਾਜਸਥਾਨ ਦਾ 'ਦੇਸੀ ਕੱਟਾ' ਪੰਜਾਬ ਵਿਚ ਕਾਫੀ ਮਸ਼ਹੂਰ ਹੋਇਆ ਹੈ। ਹਾਲਾਂਕਿ ਪੰਜਾਬ ਵਿਚ ਲਾਇਸੈਂਸੀ ਹਥਿਆਰਾਂ ਦੀ ਵੀ ਕੋਈ ਕਮੀ ਨਹੀਂ ਹੈ। ਪੰਜਾਬ ਪੁਲਿਸ ਤਰਫੋਂ ਲੰਘੇ ਸਾਢੇ ਚਾਰ ਵਰ੍ਹਿਆਂ ਵਿਚ ਪੰਜਾਬ ਵਿਚੋਂ 1307 ਵਿਅਕਤੀਆਂ ਕੋਲੋਂ 1489 ਗੈਰਕਾਨੂੰਨੀ ਹਥਿਆਰ ਫੜੇ ਗਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਤਿੰਨ ਵਰ੍ਹਿਆਂ ਦੌਰਾਨ ਪੰਜਾਬ ਵਿਚ 2048 ਪੁਲਿਸ ਕੇਸ ਅਜਿਹੇ ਦਰਜ ਹੋਏ ਹਨ ਜੋ ਆਰਮਜ਼ ਐਕਟ ਦੀ ਉਲੰਘਣਾ ਨਾਲ ਸਬੰਧਤ ਸਨ। ਇਨ੍ਹਾਂ ਕੇਸਾਂ ਵਿਚ 2306 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਦਾਲਤਾਂ ਵਿਚੋਂ 1440 ਕੇਸਾਂ ਵਿਚ ਮੁਲਜ਼ਮਾਂ ਨੂੰ ਸਜ਼ਾ ਵੀ ਹੋਈ ਹੈ।

# ਹਾਕਮ ਧਿਰ ਨੂੰ ਬਾਗੀਆਂ ਦੀ ਲਲਕਾਰ



**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਨੂੰ ਬਾਗੀਆਂ ਨੇ ਚੁਫੇਰਿਓਂ ਘੇਰਿਆ ਹੋਇਆ ਹੈ। ਖਾਸਕਰ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਇਸ ਦੀ ਸਭ ਤੋਂ ਵੱਧ ਸ਼ਿਕਾਰ ਹੈ। ਹਾਲ ਹੀ ਦੌਰਾਨ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪ੍ਰਗਟ ਸਿੰਘ ਨੇ ਮੁੱਖ ਸੰਸਦੀ ਸਕੱਤਰ ਵਜੋਂ ਸਹੁੰ ਨਾ ਚੁੱਕ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਕਸੂਤਾ ਫਸਾ ਦਿੱਤਾ ਹੈ। ਉਹ ਆਪਣੇ ਜਲੰਧਰ ਹਲਕੇ ਵਿਚ ਕੂੜਾ ਡੰਪ ਬਣਾਉਣ ਦੀ ਤਜਵੀਜ਼ ਦਾ ਵਿਰੋਧ ਕਰ ਰਹੇ ਹਨ।

ਅੰਮ੍ਰਿਤਸਰ ਤੋਂ ਅਕਾਲੀ ਵਿਧਾਇਕ ਇੰਦਰਬੀਰ ਸਿੰਘ ਬੁਲਾਰੀਆ ਵੀ ਉਨ੍ਹਾਂ ਵਿਧਾਇਕਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੇ ਪਾਰਟੀ ਦੀ ਲੀਡਰਸ਼ਿਪ 'ਤੇ ਹਮਲਾ ਕੀਤਾ ਹੈ; ਹਾਲਾਂਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਾਰਾਜ਼ ਵਿਧਾਇਕ ਪਰਗਟ ਸਿੰਘ ਵੱਲੋਂ ਮੁੱਖ ਸੰਸਦੀ ਸਕੱਤਰ ਵਜੋਂ ਸਹੁੰ ਨਾ ਚੁੱਕੇ ਜਾਣ ਨੂੰ ਗਲਤਫ਼ਹਿਮੀ ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇ ਵਿਧਾਇਕ ਨੂੰ ਕੋਈ ਗਿਲਾ ਹੋਵੇਗਾ ਤਾਂ ਉਹ ਦੂਰ ਕਰ ਲਿਆ ਜਾਵੇਗਾ।

ਬਾਗੀ ਰੌਂਅ ਦਿਖਾਉਣ ਵਾਲਿਆਂ ਵਿਚ ਸਭ ਤੋਂ ਉਪਰ ਅੰਮ੍ਰਿਤਸਰ ਤੋਂ ਭਾਜਪਾ ਵਿਧਾਇਕਾ ਨਵਜੋਤ ਕੌਰ ਸਿੱਧੂ ਹਨ। ਹੁਣ ਪਰਗਟ ਸਿੰਘ ਵੱਲੋਂ ਲਏ ਸਟੈਂਡ ਨੂੰ ਸ਼੍ਰੋਮਣੀ ਅਕਾਲੀ ਦਲ ਵਿਚ ਖੁੱਲ੍ਹੀ ਬਗਾਵਤ ਵਜੋਂ ਦੇਖਿਆ ਜਾ ਰਿਹਾ ਹੈ। ਸਿਆਸੀ ਤੌਰ 'ਤੇ ਚੌਕਸ ਲੋਕਾਂ ਦਾ ਮੰਨਣਾ ਹੈ ਕਿ ਲੰਬੇ ਸਮੇਂ ਬਾਅਦ ਬਾਦਲਾਂ ਨੂੰ ਟੱਕਰ ਦੇਣ ਵਾਲਾ ਕੋਈ ਆਗੂ ਉਨ੍ਹਾਂ ਦੇ ਮੂਹਰੇ ਅੜਿਆ ਹੈ, ਨਹੀਂ ਤਾਂ ਅਕਾਲੀ ਦਲ ਦੇ ਬਹੁਤੇ ਆਗੂਆਂ ਨੇ ਮਨ ਹੀ ਮਨ ਸਮਝੌਤੇ


*(ਬਾਕੀ ਸਫਾ 6 'ਤੇ)*


## ਸੁਖਬੀਰ ਬਾਦਲ ਦੀ ਅੱਖ ਹੁਣ ਯੂ.ਪੀ. 'ਤੇ

**ਚੰਡੀਗੜ੍ਹ:** ਉਤਰ ਪ੍ਰਦੇਸ਼ ਵਿਚ ਅਗਾਮੀ ਵਿਧਾਨ ਸਭਾ ਦੀਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ 35 ਤੋਂ 40 ਸੀਟਾਂ ਉਤੇ ਚੋਣਾਂ ਲੜੀਆਂ ਜਾਣਗੀਆਂ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੀ ਬੈਠਕ ਵਿਚ ਇਹ ਫੈਸਲਾ ਕੀਤਾ ਗਿਆ ਹੈ। ਯੂ.ਪੀ. ਚੋਣਾਂ ਲਈ ਬਣੀ ਕਮੇਟੀ ਵਿਚ ਪ੍ਰੇਮ ਸਿੰਘ ਚੰਦੂਮਜਾਰਾ, ਬਲਵਿੰਦਰ ਸਿੰਘ ਭੂੰਦੜ, ਮਨਜੀਤ ਸਿੰਘ, ਅਵਤਾਰ ਸਿੰਘ ਤੇ ਗੁਲਜ਼ਾਰ ਸਿੰਘ ਰਣੀਕੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਯੂ.ਪੀ. ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਹੋਣ ਕਰ ਕੇ ਪਾਰਟੀ ਨੇ ਇਨ੍ਹਾਂ 35-40 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਹਲਕਿਆਂ 'ਤੇ ਅਕਾਲੀ ਦਲ ਨੂੰ ਬਿਹਤਰ ਨਤੀਜਿਆਂ ਦੀ ਆਸ ਹੈ।


We Do Real Estate in Bay Area & Central Valley
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜ਼ਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com



*ਫਤਿਹ ਫਾਊਂਡੇਸ਼ਨ, ਮਹਿਮੂਦਪੁਰਾ ਦੇ ਚੇਅਰਮੈਨ ਅਨੂਪ ਸਿੰਘ ਭੁੱਲਰ ਪਿਛਲੇ ਦਿਨੀਂ ਗੁਰਦੁਆਰਾ ਸੈਨ ਹੋਜ਼ੇ ਵਿਖੇ ਪਹੁੰਚੇ। ਇਸ ਮੌਕੇ ਪ੍ਰੀਤਮ ਸਿੰਘ ਗਰੇਵਾਲ, ਪਰਮਜੀਤ ਸਿੱਧੂ, ਸਿਮਰਨ ਮਾਨ, ਕਰਮਜੀਤ ਗਰੇਵਾਲ, ਭੁਪਿੰਦਰ (ਬਾਬ) ਸਿੰਘ ਢਿੱਲੋਂ, ਹਰਦੇਵ ਤੱਖਰ ਅਤੇ ਡਾ. ਬਲਬੀਰ ਬੈਂਸ ਫਤਿਹ ਫਾਊਂਡੇਸ਼ਨ ਵਿਚ ਸ਼ਾਮਲ ਹੋਏ। ਤਸਵੀਰ ਵਿਚ ਕੁਝ ਪਤਵੰਤੇ ਸ. ਭੁੱਲਰ ਨਾਲ।*

# ਗੁਰਦੁਆਰਾ ਰਿਓ ਲਿੰਡਾ ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ

**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਦੀ ਪ੍ਰਬੰਧਕ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਕੀਤੀ ਗਈ ਅਤੇ 43 ਬੋਰਡ ਆਫ ਡਾਇਰੈਕਟਰ ਚੁਣੇ ਗਏ ਹਨ। ਚੋਣ ਲੰਘੀ ਪਹਿਲੀ ਮਈ ਨੂੰ ਬੜੇ ਸੁਖਾਵੇਂ ਮਾਹੌਲ ਵਿਚ ਪਿਛਲੇ 25 ਸਾਲਾਂ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਸਰਬਸੰਮਤੀ ਨਾਲ ਹੋਈ। ਸੰਗਤ ਨੇ ਬੜੇ ਪਿਆਰ ਅਤੇ ਏਕਤਾ ਦਾ ਸਬੂਤ ਦਿਤਾ।

ਬਲਵਿੰਦਰ ਰਲ੍ਹ-ਚੈਅਰਮੈਨ, ਸਤਨਾਮ ਸਿੰਘ ਮੰਡਲੀ-ਵਾਈਸ ਚੈਅਰਮੈਨ, ਰਮੇਸ਼ ਬੰਗੜ-ਪ੍ਰਧਾਨ, ਗੁਰਦਿਆਲ ਮੱਲ ਤੇ ਮੱਖਣ ਲੋਹਾਰ-ਮੀਤ ਪ੍ਰਧਾਨ, ਰਾਜ ਬੱਧਣ-ਦਫਤਰੀ ਸਕੱਤਰ, ਰਾਜ ਕੁਮਾਰ ਸੂਦ ਤੇ ਸ਼ਿਵ ਸਿੰਘ ਹੀਰਾ-ਸਟੇਜ ਸਕੱਤਰ, ਸੁਰਿੰਦਰ ਮੱਲ, ਜਸਵਿੰਦਰ ਲਾਲ ਮਧਾਰਾ ਤੇ ਦਿਲਬਾਗ ਰਾਣਾ-ਖਜ਼ਾਨਚੀ, ਦੀਪਕ ਸਰੋਆ-ਪੀ ਆਰ ਓ, ਮੋਹਿੰਦਰ ਸਿੰਘ ਧਾਮੀ-ਕਿਚਨ ਮੈਨੇਜਰ ਅਤੇ ਮਨਜੀਤ ਪਾਲ ਤੇ ਅਵਤਾਰ ਸਿੱਧੂ-ਮੈਂਟੀਨੈਂਸ ਇੰਚਾਰਜ ਚੁਣੇ ਗਏ ਹਨ।

ਚੋਣ ਪ੍ਰਕਿਰਿਆ ਦੀ ਕਾਰਵਾਈ ਅੱਗੇ ਤੋਰਦਿਆਂ ਚੈਅਰਮੈਨ ਜੱਸੀ ਬੰਗਾ ਨੇ ਪਿਛਲੇ ਦੋ ਸਾਲਾਂ ਦਾ ਲੇਖਾ-ਜੋਖਾ ਸੰਗਤ ਅੱਗੇ ਪੇਸ਼ ਕੀਤਾ। ਪੁਰਾਣੀ ਸਭਾ ਭੰਗ ਕਰਨ ਦੇ ਐਲਾਨ ਉਪਰੰਤ ਨਵੀਂ ਚੋਣ ਕੀਤੀ ਗਈ। ਅਖੀਰ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਨਿਰਮਲ ਸਿੰਘ ਨੇ ਨਵੀਂ ਚੁਣੀ ਕਮੇਟੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਹੋਰ ਜਾਣਕਾਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੀ ਆਰ ਓ ਦੀਪਕ ਸਰੋਆ (408-650-2699) ਪਾਸੋਂ ਲਈ ਜਾ ਸਕਦੀ ਹੈ।




*ਗੁਰਦੁਆਰਾ ਰਿਓ ਲਿੰਡਾ ਦੀ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ*

# ਦਿੱਲੀ ਕਮੇਟੀ ਦੀਆਂ ਚੋਣਾਂ ਸਮੇਂ ਸਿਰ ਹੋਣ ਦੇ ਆਸਾਰ

**ਨਵੀਂ ਦਿੱਲੀ:** ਕੇਜਰੀਵਾਲ ਸਰਕਾਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਸਿਰ ਕਰਵਾਉਣ ਦੀ ਚਾਹਵਾਨ ਹੈ ਤਾਂ ਜੋ ਅਕਾਲੀਆਂ ਵੱਲੋਂ ਉਸ ਉਪਰ ਕੋਈ ਦੋਸ਼ ਗੁਰਦੁਆਰਾ ਚੋਣਾਂ ਦੇ ਮੱਦੇਨਜ਼ਰ ਨਾ ਲਾਇਆ ਜਾ ਸਕੇ। ਇਸ ਸਬੰਧ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਵਰੀ, 2017 'ਚ ਹੋਣ ਵਾਲੀਆਂ ਆਮ ਚੋਣਾਂ ਲਈ ਵਾਰਡਾਂ ਦੀ ਮੁੜ ਹੱਦਬੰਦੀ ਅਤੇ ਫੋਟੋ ਵਾਲੀਆਂ ਨਵੀਆਂ ਵੋਟਰ ਸੂਚੀਆਂ ਸਬੰਧੀ ਪ੍ਰਕਿਰਿਆ ਅਦਾਲਤ ਦੇ ਆਦੇਸ਼ਾਂ ਮੁਤਾਬਕ ਕਰਨ ਦਾ ਭਰੋਸਾ ਦਿੱਤਾ ਹੈ।

ਸੂਤਰਾਂ ਮੁਤਾਬਕ 16 ਅਪਰੈਲ, 2016 ਨੂੰ ਦਿੱਲੀ ਦੇ ਉਪ ਰਾਜਪਾਲ, ਮੁੱਖ ਮੰਤਰੀ ਤੇ ਗੁਰਦੁਆਰਾ ਚੋਣ ਡਾਇਰੈਕਟਰ ਨੂੰ ਕੀਤੀ ਸ਼ਿਕਾਇਤ ਦੇ ਸਬੰਧ ਵਿਚ ਗੁਰਦੁਆਰਾ ਚੋਣ ਵਿਭਾਗ ਨੇ ਲਿਖਤੀ ਤੌਰ 'ਤੇ ਜਾਣਕਾਰੀ ਦਿੱਤੀ ਹੈ ਕਿ ਦਿੱਲੀ ਸਰਕਾਰ, ਹਾਈ ਕੋਰਟ ਦੇ ਬੀਤੇ 9 ਜਨਵਰੀ ਤੇ 27 ਜਨਵਰੀ, 2016 ਦੇ ਆਦੇਸ਼ਾਂ ਮੁਤਾਬਕ ਸੁਪਰੀਮ ਕੋਰਟ ਦੇ 17 ਸਤੰਬਰ, 2012 ਤੇ 4 ਅਪਰੈਲ, 2016 ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਦਿੱਲੀ ਦੇ ਸਾਰੇ 46 ਵਾਰਡਾਂ ਦੀ ਮੁੜ ਹੱਦਬੰਦੀ ਕਰਨ ਤੇ ਫੋਟੋ ਵਾਲੀਆਂ ਨਵੀਆਂ ਵੋਟਰ ਸੂਚੀਆਂ ਤਿਆਰ ਕਰਨ ਸਬੰਧੀ ਯੋਗ ਕਾਰਵਾਈ ਕੀਤੀ ਜਾਵੇਗੀ।

## ਫੇਸਬੁੱਕ ਸੀ.ਈ.ਓ. ਦਾ ਸੁਰੱਖਿਆ ਖਰਚਾ 28 ਕਰੋੜ

**ਨਿਊ ਯਾਰਕ:** ਪੂਰੀ ਦੁਨੀਆਂ ਵਿਚ ਮਸ਼ਹੂਰ ਫੇਸਬੁੱਕ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਦੀ ਸੁਰੱਖਿਆ ਦਾ ਖਰਚਾ ਸੁਣ ਕੇ ਤੁਸੀਂ ਹੈਰਾਨ ਹੋ ਜਾਵੋਗੇ।

ਫੇਸਬੁੱਕ ਨੇ ਜ਼ੁਕਰਬਰਗ ਦੀ ਸੁਰੱਖਿਆ ਉਤੇ ਸਾਲ 2013 ਤੋਂ ਲੈ ਕੇ ਹੁਣ ਤੱਕ 12.5 ਮਿਲੀਅਨ, ਮਤਲਬ 83 ਕਰੋੜ ਰੁਪਏ ਖਰਚ ਕੀਤੇ ਹਨ। 2015 ਵਿਚ ਜ਼ੁਕਰਬਰਗ ਦੀ ਸੁਰੱਖਿਆ ਉਤੇ 28 ਕਰੋੜ 30 ਲੱਖ ਰੁਪਏ ਖਰਚ ਕੀਤੇ ਗਏ ਸਨ। ਕੰਪਨੀ ਵੱਲੋਂ ਜਾਰੀ ਕੀਤੀ ਗਈ ਸੂਚਨਾ ਤੋਂ ਬਾਅਦ ਇਹ ਗੱਲ ਸਾਹਮਣੇ ਆਈ ਹੈ।

## ਹਰਮੀਤ ਕੌਰ ਬਣੀ ਰਿਪਬਲਿਕਨ ਕਮੇਟੀ ਦੀ ਮੈਂਬਰ ਬਣੀ

**ਵਾਸ਼ਿੰਗਟਨ:** ਕੈਲੀਫੋਰਨੀਆ ਰਹਿੰਦੀ ਭਾਰਤੀ ਮੂਲ ਦੀ ਸਿੱਖ ਮਹਿਲਾ ਹਰਮੀਤ ਕੌਰ ਢਿੱਲੋਂ ਜੋ ਪੇਸ਼ੇ ਵਜੋਂ ਵਕੀਲ ਹੈ, ਨੂੰ ਰਿਪਬਲਿਕਨ ਪਾਰਟੀ ਨੇ ਨੈਸ਼ਨਲ ਕਮੇਟੀ ਦਾ ਮੈਂਬਰ ਚੁਣਿਆ ਹੈ। ਚੰਡੀਗੜ੍ਹ 'ਚ ਜਨਮੀ ਹਰਮੀਤ ਨੂੰ ਐਤਵਾਰ ਨੂੰ ਕੈਲੀਫੋਰਨੀਆ ਵਿਚ ਹੋਈ ਪਾਰਟੀ ਦੀ ਕਨਵੈਨਸ਼ਨ ਦੌਰਾਨ ਇਕ ਹਜ਼ਾਰ ਤੋਂ ਵੱਧ ਵੋਟਾਂ ਨਾਲ ਰਿਪਬਲਿਕਨ ਨੈਸ਼ਨਲ ਕਮੇਟੀ ਦਾ ਮੈਂਬਰ ਚੁਣਿਆ ਗਿਆ। ਉਹ ਇਸ ਤੋਂ ਪਹਿਲਾਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਉਪ ਚੇਅਰਮੈਨ ਵੀ ਰਹਿ ਚੁੱਕੀ ਹੈ।

## ਟਰੰਪ ਤੇ ਹਿਲੇਰੀ ਵਿਚ ਹੋਵੇਗਾ ਮੁਕਾਬਲਾ!

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਦੀ ਚੋਣ ਦਾ ਪ੍ਰਾਇਮਰੀ ਸੈਸ਼ਨ ਹੁਣ ਆਪਣੇ ਅੰਤਿਮ ਦੌਰ 'ਚ ਪਹੁੰਚ ਚੁੱਕਾ ਹੈ। ਇਹ ਮੁਕਾਬਲਾ ਨਿਊਯਾਰਕ ਦੇ ਦੋ ਵਸਨੀਕਾਂ- ਰੀਅਲ ਅਸਟੇਟ ਕਾਰੋਬਾਰੀ ਡੋਨਾਲਡ ਟਰੰਪ ਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ, ਵਿਚਾਲੇ ਹੋਣ ਦੀ ਸੰਭਾਵਨਾ ਬਣ ਗਈ ਹੈ।

ਇੰਡੀਆਨਾ ਦੀ ਪ੍ਰਾਇਮਰੀ ਚੋਣ ਤੋਂ ਪਹਿਲਾਂ ਰਾਜਨੀਤਕ ਵਿਸ਼ਲੇਸਕਾਂ ਦਾ ਮੰਨਣਾ ਹੈ ਕਿ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰੀ ਹਿਲੇਰੀ ਕਲਿੰਟਨ ਦੇ ਹੱਥ ਆ ਸਕਦੀ ਹੈ ਜਦੋਂ ਕਿ ਟਰੰਪ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਹੋ ਸਕਦੇ ਹਨ। ਸੀ.ਐਨ.ਐਨ: ਓ.ਆਰ.ਸੀ. ਦੇ ਨਵੇਂ ਸਰਵੇਖਣ ਮੁਤਾਬਿਕ ਦੇਸ਼ ਭਰ ਦੇ 84 ਫੀਸਦ ਵੋਟਰ ਸੋਚਦੇ ਹਨ ਕਿ ਟਰੰਪ ਰਿਪਬਲਿਕਨ ਪਾਰਟੀ ਦੀ ਟਿਕਟ ਦੇ ਉਮੀਦਵਾਰ ਹੋਣਗੇ ਜਦੋਂ ਕਿ 85 ਫੀਸਦੀ ਵੋਟਰਾਂ ਦਾ ਮੰਨਣਾ ਹੈ ਕਿ ਹਿਲੇਰੀ ਕਲਿੰਟਨ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਹੋਵੇਗੀ। ਇਸ ਤਰ੍ਹਾਂ ਹਿਲੇਰੀ ਕਲਿੰਟਨ ਆਪਣੀ ਪਾਰਟੀ ਦੇ 51 ਫੀਸਦ ਵੋਟਰਾਂ ਦੀ ਪਹਿਲੀ ਪਸੰਦ ਹੈ ਤੇ ਟਰੰਪ ਨੂੰ ਵੀ 49% ਰਿਪਬਲਿਕਨ ਵੋਟਰਾਂ ਦੀ ਹਮਾਇਤ ਹਾਸਿਲ ਹੈ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Anu Attorney
Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW (Only In WA)
*Divorce *Annulment
*International Custody

INCORPORATIONS (Only In WA)
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available

# ਸੁੰਦਰੀਕਰਨ ਪ੍ਰਾਜੈਕਟ ਨੇ ਅੰਮ੍ਰਿਤਸਰ ਦੀ ਦਿੱਖ ਵਿਗਾੜੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਚੱਲ ਰਹੀਆਂ ਵੱਖ-ਵੱਖ ਸੁੰਦਰੀਕਰਨ ਯੋਜਨਾਵਾਂ ਕਾਰਨ ਅੰਮ੍ਰਿਤਸਰ ਵਿਚ ਇਸ ਵੇਲੇ ਹਰ ਪਾਸੇ ਭੰਨ ਤੋੜ, ਭੀੜ, ਮਿੱਟੀ-ਘੱਟਾ ਅਤੇ ਰੌਲਾ-ਰੱਪਾ ਹੈ। ਸਰਕਾਰ ਦਾ ਦਾਅਵਾ ਹੈ ਕਿ ਜੁਲਾਈ ਤੋਂ ਬਾਅਦ ਸਾਰੇ ਸੁੰਦਰੀਕਰਨ ਯੋਜਨਾਵਾਂ ਦੇ ਕੰਮ ਮੁਕੰਮਲ ਹੋ ਜਾਣਗੇ।

ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਦੇ 500 ਮੀਟਰ ਇਲਾਕੇ ਵਿਚ ਅਗਸਤ 2015 ਤੋਂ ਵੱਖ-ਵੱਖ ਸੁੰਦਰੀਕਰਨ ਯੋਜਨਾਵਾਂ ਸ਼ੁਰੂ ਕੀਤੀਆਂ ਹੋਈਆਂ ਹਨ, ਜਿਨ੍ਹਾਂ ਵਿਚੋਂ ਵਧੇਰੇ ਖ਼ਤਮ ਹੋਣ ਦੇ ਕਿਨਾਰੇ ਹਨ। ਇਨ੍ਹਾਂ ਯੋਜਨਾਵਾਂ ਦੌਰਾਨ ਚੱਲ ਰਹੇ ਉਸਾਰੀ ਕਾਰਜਾਂ ਕਾਰਨ ਆਉਣ ਵਾਲੇ ਸ਼ਰਧਾਲੂਆਂ ਨੂੰ ਹਰਿਮੰਦਰ ਸਾਹਿਬ ਪਹੁੰਚਣਾ ਵੀ ਔਖਾ ਹੋ ਰਿਹਾ ਹੈ। ਹਾਲ ਗੇਟ ਰਸਤੇ ਹਰਿਮੰਦਰ ਸਾਹਿਬ ਆਉਂਦਿਆਂ ਇਨ੍ਹਾਂ ਬਾਜ਼ਾਰਾਂ ਵਿਚ ਟਰੈਫਿਕ ਦੀ ਭੀੜ ਹੈ। ਕੋਤਵਾਲੀ ਨੇੜੇ ਬਣ ਰਹੇ ਇੱਕ ਵੱਡੇ ਦਰਵਾਜ਼ੇ ਕਾਰਨ ਇਹ ਰਾਹ ਹੋਰ ਵੀ ਤੰਗ ਹੋ ਗਿਆ ਹੈ।

ਇਸ ਤੋਂ ਥੋੜ੍ਹਾ ਹੋਰ ਅਗਾਂਹ ਜਾਂਦਿਆਂ ਹੀ ਕੋਤਵਾਲੀ ਵਿਚ ਵੱਡੇ ਪੱਧਰ 'ਤੇ ਉਸਾਰੀ ਕਾਰਜ ਚੱਲ ਰਹੇ ਹਨ। ਸਦੀ ਪੁਰਾਣੀ ਕੋਤਵਾਲੀ ਦੀ ਇਮਾਰਤ ਨੂੰ ਵਿਰਾਸਤੀ ਅਜਾਇਬ ਘਰ ਬਣਾਇਆ ਜਾ ਰਿਹਾ ਹੈ। ਇਸ ਦੀ ਬਾਹਰਲੀ ਕੰਧ ਨੂੰ ਤੋੜ ਕੇ ਆਵਾਜਾਈ ਲਈ ਰਸਤੇ ਨੂੰ ਖੁੱਲ੍ਹਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਇੱਥੇ ਆਵਾਜਾਈ ਅਕਸਰ ਜਾਮ ਹੋਈ ਰਹਿੰਦੀ ਹੈ। ਇਸੇ ਤਰ੍ਹਾਂ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਵਾਲੀ ਥਾਂ, ਫੁਹਾਰਿਆਂ ਵਾਲੀ ਥਾਂ ਦੀ ਤੋੜ ਭੰਨ ਚੱਲ ਰਹੀ ਹੈ।

ਸਾਰਾਗੜ੍ਹੀ ਪਾਰਕਿੰਗ ਵਾਲੇ ਪਾਸੇ ਵੀ ਫੁੱਟਪਾਥ ਨੂੰ ਤੋੜ ਕੇ ਸੜਕ ਨੂੰ ਖੁੱਲ੍ਹਾ ਕੀਤਾ ਜਾ ਰਿਹਾ ਹੈ। ਸਾਰਾਗੜ੍ਹੀ ਗੁਰਦੁਆਰੇ ਵਾਲੇ ਪਾਸੇ ਵੀ ਉਸਾਰੀ ਕਾਰਜ ਚੱਲਦੇ ਹੋਣ ਕਾਰਨ ਆਵਾਜਾਈ ਬੰਦ ਹੈ।

# ਜਸਕਰਨ ਸਿੰਘ ਧਾਲੀਵਾਲ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ ਦੇ ਪ੍ਰਧਾਨ ਬਣੇ

**ਸ਼ਿਕਾਗੋ (ਬਿਊਰੋ):** ਜਸਕਰਨ ਸਿੰਘ ਧਾਲੀਵਾਲ ਨੂੰ ਅਮਰੀਕਾ ਦੀਆਂ ਖੇਡ ਕਲੱਬਾਂ ਵਿਚ ਜਾਣੀ-ਪਛਾਣੀ ਸੰਸਥਾ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਵਲੋਂ ਸਰਬਸੰਮਤੀ ਨਾਲ ਪ੍ਰਧਾਨ ਥਾਪਿਆ ਗਿਆ ਹੈ।



ਜਸਕਰਨ ਸਿੰਘ ਧਾਲੀਵਾਲ

ਕਲੱਬ ਵਲੋਂ ਇਕ ਖੇਡ ਤੇ ਸਭਿਆਚਾਰਕ ਮੇਲਾ 25 ਜੂਨ 2016 (ਸਨਿਚਰਵਾਰ) ਨੂੰ ਇਥੇ ਬਸੀ ਵੁਡਜ਼ ਫਾਰੈਸਟ ਪ੍ਰੀਜ਼ਰਵ (ਸਾਊਥ), ਐਲਕ ਗਰੂਵ ਵਿਲੇਜ ਵਿਚ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਇਕ ਬੁਲਾਰੇ ਅੰਮ੍ਰਿਤਪਾਲ ਸਿੰਘ ਸੰਘਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਦੌਰਾਨ ਕਬੱਡੀ ਦੇ ਮੈਚ ਤਾਂ ਹੋਣਗੇ ਹੀ, ਪੰਜਾਬੀ ਗਾਇਕ ਕੁਲਵਿੰਦਰ ਬਿੱਲਾ, ਐਮੀ ਵਿਰਕ, ਗਗਨ ਅਨਮੋਲ, ਅੰਮ੍ਰਿਤ ਮਾਨ, ਰਣਜੀਤ ਬਾਠ, ਸੰਦੀਪ ਬਰਾੜ, ਬਲਜੀਤ ਕੌਰ ਜੌਹਲ ਆਦਿ ਮੇਲੀਆਂ ਦਾ ਆਪਣੀ ਗਾਇਕੀ ਰਾਹੀਂ ਮਨੋਰੰਜਨ ਕਰਨਗੇ। ਮੇਲੇ ਲਈ ਦਾਖਲਾ ਅਤੇ ਪਾਰਕਿੰਗ ਮੁਫਤ ਹੋਵੇਗੀ ਅਤੇ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਬੀਬੀਆਂ-ਭੈਣਾਂ ਲਈ ਮਹਿੰਦੀ ਦਾ ਇਕ ਵੱਖਰਾ ਫਰੀ ਸਟਾਲ ਵੀ ਲਾਇਆ ਜਾਵੇਗਾ।

ਸ. ਧਾਲੀਵਾਲ ਨੇ ਕਲੱਬ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਉਣ ਦਾ ਅਹਿਦ ਲੈਂਦਿਆਂ ਸਮੂਹ ਖੇਡ ਪ੍ਰੇਮੀਆਂ, ਸਹਿਯੋਗੀਆਂ ਅਤੇ ਸਪਾਂਸਰਾਂ ਨੂੰ ਇਸ ਖੇਡ ਤੇ ਸਭਿਆਚਾਰਕ ਮੇਲੇ ਵਿਚ ਹੁਮ ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸੰਸਥਾ ਨੂੰ ਉਤਰੀ ਅਮਰੀਕਾ ਵਿਚ ਪਹਿਲੀ ਵਾਰ ਕਬੱਡੀ ਕੱਪ 'ਤੇ ਗੁਰਦਾਸ ਮਾਨ ਦਾ ਖੁੱਲ੍ਹਾ ਅਖਾੜਾ ਲਵਾਉਣ ਦਾ ਮਾਣ ਹਾਸਲ ਹੈ। ਸ. ਧਾਲੀਵਾਲ ਨੇ ਸਮੂਹ ਕਲੱਬ ਮੈਂਬਰਾਂ ਤੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਸਹਿਯੋਗ ਦੀ ਆਸ ਪ੍ਰਗਟਾਈ ਹੈ। ਉਨ੍ਹਾਂ ਦੱਸਿਆ ਕਿ ਕਲੱਬ ਵਲੋਂ ਸਰਬਸੰਮਤੀ ਨਾਲ ਹਰਦੀਪ ਸਿੰਘ ਗਿੱਲ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਹੈ।

# ਮੁੱਖ ਸੰਸਦੀ ਸਕੱਤਰ ਨਿਯੁਕਤ ਕਰ ਕੇ ਸਰਕਾਰ ਕਸੂਤੀ ਫਸੀ

**ਚੰਡੀਗੜ੍ਹ:** ਪੰਜਾਬ ਸਰਕਾਰ ਨਵੇਂ ਮੁੱਖ ਸੰਸਦੀ ਸਕੱਤਰ (ਸੀ.ਪੀ.ਐਸ.) ਨਿਯੁਕਤ ਕਰਨ ਨੂੰ ਲੈ ਕੇ ਮੁਸ਼ਕਿਲ 'ਚ ਫਸ ਗਈ ਹੈ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸੀ.ਪੀ.ਐਸ. ਨਿਯੁਕਤੀ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਨੋਟਿਸ ਦਾ ਜਵਾਬ ਦੇਣ ਲਈ 24 ਮਈ ਦਾ ਸਮਾਂ ਦਿੱਤਾ ਗਿਆ ਹੈ। ਬਾਦਲ ਸਰਕਾਰ ਨੇ 7 ਨਵੇਂ ਵਿਧਾਇਕਾਂ ਨੂੰ ਸੀ.ਪੀ.ਐਸ. ਬਣਾਇਆ ਸੀ।

ਐਡਵੋਕੇਟ ਜੇ.ਐਸ. ਭੱਟੀ ਨੇ ਹਾਈਕੋਰਟ 'ਚ ਪਟੀਸ਼ਨ ਦਾਇਰ ਕਰ ਨਵੇਂ ਸੀ.ਪੀ.ਐਸ. ਬਣਾਉਣ ਦੇ ਪੰਜਾਬ ਸਰਕਾਰ ਦੇ ਫੈਸਲੇ ਨੂੰ ਚਣੌਤੀ ਦਿੱਤੀ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਇੱਕ ਪਾਸੇ ਤਾਂ ਕਿਸਾਨਾਂ ਦੇ ਪੈਸੇ ਨਹੀਂ ਦੇ ਰਹੀ ਤੇ ਮਜਬੂਰਨ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਦੂਜੇ ਪਾਸੇ ਸਰਕਾਰ ਨਵੇਂ ਸੀ.ਪੀ.ਐਸ. ਨਿਯੁਕਤ ਕਰ ਸਰਕਾਰੀ ਖ਼ਜ਼ਨੇ 'ਤੇ ਬੋਝ ਪਾ ਰਹੀ ਹੈ। ਪੰਜਾਬ ਸਰਕਾਰ ਨੇ ਗੁਰਤੇਜ ਘੁੜਿਆਣਾ, ਗੁਰਪ੍ਰਤਾਪ ਵਡਾਲਾ, ਸੀਮਾ ਕੁਮਾਰ, ਮਨਜੀਤ ਮਾਨਾ, ਦਰਸ਼ਨ ਸਿੰਘ ਸ਼ਿਵਾਲਿਕ ਤੇ ਸੁਰਜੀਤ ਕੌਰ ਨੂੰ ਸੀ.ਪੀ.ਐਸ. ਬਣਾਇਆ ਸੀ। ਇਨ੍ਹਾਂ ਤੋਂ ਇਲਾਵਾ ਪਰਗਟ ਸਿੰਘ ਨੂੰ ਵੀ ਸੀ.ਪੀ.ਐਸ. ਬਣਾਇਆ ਗਿਆ ਸੀ, ਪਰ ਉਨ੍ਹਾਂ ਪਹਿਲਾਂ ਹੀ ਸੀ.ਪੀ.ਐਸ. ਦੀ ਕੁਰਸੀ ਠੁਕਰਾ ਦਿੱਤੀ ਸੀ।

## ਪੰਜਾਬ 'ਚ ਵੀ ਆਉਣਗੇ ਦਿੱਲੀ ਵਰਗੇ ਨਤੀਜੇ: ਸਿਸੋਦੀਆ

**ਨਵੀਂ ਦਿੱਲੀ:** ਦਿੱਲੀ ਦੇ ਉੱਪ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਦਿੱਲੀ ਵਾਂਗ ਹੀ ਪੰਜਾਬ ਵਿਚ ਵੀ ਵੱਡੇ ਬਹੁਮਤ ਨਾਲ ਸਰਕਾਰ ਬਣਾਏਗੀ ਤੇ ਪਾਰਟੀ ਵੱਲੋਂ ਮੁੱਖ ਮੰਤਰੀ ਲਈ ਉਮੀਦਵਾਰ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ।

ਇਸੇ ਦੌਰਾਨ ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੰਜਾਬ ਦੇ ਮੁੱਖ ਮੰਤਰੀ ਵੱਜੋਂ ਚੋਣ ਮੈਦਾਨ ਵਿਚ ਉਤਾਰੇ ਜਾਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ। ਸ੍ਰੀ ਸਿਸੋਦੀਆ ਨੇ ਕਿਹਾ ਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਤੋਂ ਦੁਖੀ ਹਨ ਕਿਉਂਕਿ ਉਥੋਂ ਦੇ ਸੱਤਾਧਾਰੀ ਹਰ ਚੀਜ਼ ਉਪਰ ਕਬਜ਼ਾ ਕਰਨਾ ਚਾਹੁੰਦੇ ਹਨ ਤੇ ਪੰਜਾਬ ਸਰਕਾਰ ਚੰਗਾ ਪ੍ਰਸ਼ਾਸਨ ਦੇਣ ਵਿਚ ਨਾਕਾਮ ਹੈ। ਉਥੇ ਮਾਫ਼ੀਆ ਦਾ ਰਾਜ ਹੈ, ਚਾਹੇ ਇਹ ਖਾਣਾਂ ਹੋਣ ਜਾਂ ਨਸ਼ਾ ਮਾਫ਼ੀਆ ਹੋਵੇ, ਲੋਕ ਇਸ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਉਨ੍ਹਾਂ ਕੌਮੀ ਰਾਜਨੀਤੀ ਦੇ ਪ੍ਰਸੰਗ ਵਿਚ ਕਿਹਾ ਕਿ ਫਿਲਹਾਲ 'ਆਪ' ਇਕੱਲਿਆਂ ਹੀ ਚੱਲੇਗੀ।

# ਸਿੱਖ ਨੌਜਵਾਨ ਦੀ ਪਗੜੀ ਉਤਾਰਨ 'ਤੇ ਛੇ ਗ੍ਰਿਫ਼ਤਾਰ

**ਮੁਲਤਾਨ:** ਪਾਕਿਸਤਾਨ ਦੇ ਮੁਲਤਾਨ ਸ਼ਹਿਰ ਦੇ ਵਾਸੀ ਮਹਿੰਦਰਪਾਲ ਸਿੰਘ ਨਾਲ ਬਹਿਸ ਦੌਰਾਨ ਉਸ ਦੀ ਪਗੜੀ ਉਤਾਰਨ ਵਾਲੇ ਛੇ ਮੁਲਜ਼ਮਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ।

ਪ੍ਰਾਪਤ ਵੇਰਵਿਆਂ ਅਨੁਸਾਰ ਮੂਲ ਰੂਪ ਵਿਚ ਪਾਕਿਸਤਾਨ ਦੇ ਜ਼ਿਲ੍ਹਾ ਸ੍ਰੀ ਨਨਕਾਣਾ ਸਾਹਿਬ ਦਾ ਰਹਿਣ ਵਾਲਾ ਮਹਿੰਦਰਪਾਲ ਸਿੰਘ (29) ਪਿਛਲੇ ਕੁਝ ਵਰ੍ਹਿਆਂ ਤੋਂ ਮੁਲਤਾਨ ਤੇ ਬਹਾਵਲਪੁਰ ਵਿਚ ਕਾਰੋਬਾਰ ਕਰ ਕੇ ਮੁਲਤਾਨ ਵਿਚ ਰਹਿ ਰਿਹਾ ਸੀ। ਇਕ ਸਵੇਰ ਜਦੋਂ ਉਹ ਕੋਹਿਸਤਾਨ-ਫੈਸਲ ਮੂਵਰਜ਼ ਕੰਪਨੀ ਦੀ ਬੱਸ 'ਤੇ ਮੁਲਤਾਨ ਜਾ ਰਿਹਾ ਸੀ ਤਾਂ ਰਸਤੇ ਵਿਚ ਬੱਸ ਵਿਚ ਕੋਈ ਨੁਕਸ ਪੈ ਗਿਆ। ਡਰਾਈਵਰ ਨੇ ਨੁਕਸ ਤਾਂ ਦੂਰ ਕਰ ਦਿੱਤਾ, ਪਰ ਬੱਸ ਦੀ ਰਫ਼ਤਾਰ ਬਹੁਤ ਘੱਟ ਹੋ ਗਈ। ਬੱਸ ਦੀ ਰਫ਼ਤਾਰ ਬਹੁਤ ਘੱਟ ਹੋਣ ਕਰ ਕੇ ਉਸ ਨੇ ਦੀਜ਼ਕੋਟ ਟਰਮੀਨਲ 'ਤੇ ਪਹੁੰਚਣ ਉਤੇ ਬੱਸ ਦੇ ਮਾਲਕ ਹਾਜੀ ਰਿਆਸਤ ਨੂੰ ਇਸ ਸਬੰਧੀ ਸ਼ਿਕਾਇਤ ਕਰ ਕੇ ਅਗਾਂਹ ਯਾਤਰਾ ਲਈ ਕਿਸੇ ਹੋਰ ਵਾਹਨ ਦੀ ਮੰਗ ਕੀਤੀ। ਇਸ 'ਤੇ ਬੱਸ ਮਾਲਕ ਨੇ ਉਸ ਦੀ ਪਗੜੀ ਉਤਾਰ ਕੇ ਜ਼ਮੀਨ 'ਤੇ ਸੁੱਟ ਦਿੱਤੀ ਅਤੇ ਉਸ ਦੇ ਸਹਾਇਕ ਕਰਮਚਾਰੀਆਂ ਬਾਕਰ ਅਲੀ, ਫ਼ੈਜ਼ ਆਲਮ, ਸ਼ਕੀਲ, ਰਾਸ਼ਿਦ ਗੁੱਜਰ ਅਤੇ ਸਨਾਵਲ ਨੇ ਉਸ ਦੀ ਕੁੱਟਮਾਰ ਕੀਤੀ। ਨਾਲ ਹੀ ਉਸ ਦੇ ਧਰਮ ਵਿਰੁੱਧ ਭੱਦੀ ਸ਼ਬਦਾਵਲੀ ਵਰਤੀ। ਮਹਿੰਦਰਪਾਲ ਸਿੰਘ ਨੇ ਸਾਹੀਵਾਲ ਡਿਵੀਜ਼ਨ ਦੇ ਚੀਚਾਵਤਨੀ ਸ਼ਹਿਰ ਦੇ ਖ਼ਿਜਰ ਹਯਾਤ ਥਾਣੇ ਵਿਚ ਮੁਲਜ਼ਮਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਕੁਫ਼ਰ ਵਿਰੋਧੀ ਕਾਨੂੰਨ ਦੀ ਧਾਰਾ 295, 148 ਅਤੇ 506 ਅਧੀਨ ਐਫ.ਆਈ.ਆਰ. ਦਰਜ ਕਰ ਕੇ ਸਾਰੇ ਮੁਲਜ਼ਮਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ।







# ਪੰਜਾਬ 'ਚ ਕਿਸਾਨ ਖੁਦਕੁਸ਼ੀਆਂ ਰੋਕਣ ਬਾਰੇ ਸਰਕਾਰੀ ਕੋਸ਼ਿਸ਼ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਬਰਨਾਲਾ ਜ਼ਿਲ੍ਹੇ ਦੇ ਪਿੰਡ ਜੋਧਪੁਰ ਵਿਚ ਆੜ੍ਹਤੀਆਂ ਦਾ ਕਰਜ਼ਾ ਲਾਹੁਣ ਤੋਂ ਅਸਮਰੱਥ ਮਾਂ ਅਤੇ ਪੁੱਤ ਵੱਲੋਂ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦੀ ਘਟਨਾ ਨੇ ਸੂਬੇ ਦੇ ਕਿਸਾਨੀ ਸੰਕਟ ਦੀਆਂ ਡੂੰਘੀਆਂ ਹੋ ਰਹੀਆਂ ਪਰਤਾਂ ਨੂੰ ਮੁੜ ਸਾਹਮਣੇ ਲਿਆ ਦਿੱਤਾ ਹੈ। ਇਸ ਘਟਨਾ ਪਿੱਛੋਂ ਪੀੜਤਾਂ ਨੂੰ ਰਾਹਤ ਦੇਣ ਦੀ ਥਾਂ ਖੁੱਲ੍ਹ ਕੇ ਸਿਆਸਤ ਸ਼ੁਰੂ ਹੋ ਗਈ। ਕਿਸਾਨ ਮਾਂ-ਪੁੱਤ ਦੇ ਮਾਮਲੇ ਵਿਚ ਨਾਮਜ਼ਦ ਆੜ੍ਹਤੀਏ ਤੇ ਉਸ ਦੇ ਰਿਸ਼ਤੇਦਾਰਾਂ ਵਿਰੁੱਧ ਦਰਜ ਕੇਸ ਰੱਦ ਕਰਵਾਉਣ ਲਈ ਸੱਤਾਧਾਰੀ ਅਕਾਲੀ ਆਗੂ ਹੀ ਖੜ੍ਹੇ ਹੋ ਗਏ ਤੇ ਦੋਸ਼ ਲਾ ਦਿੱਤਾ ਕਿ ਖੁਦਕੁਸ਼ੀ ਕਰਨ ਵਾਲੇ ਮਾਂ-ਪੁੱਤ ਨੂੰ ਇਸ ਕਾਰੇ ਲਈ ਉਥੇ ਮੌਜੂਦ ਕਿਸਾਨ ਯੂਨੀਅਨ ਆਗੂਆਂ ਤੇ ਕਾਰਕੁਨਾਂ ਵੱਲੋਂ ਉਕਸਾਇਆ ਗਿਆ ਸੀ। ਦੂਜੇ ਪਾਸੇ ਪੁਲਿਸ ਦੀ ਕਾਰਗੁਜ਼ਾਰੀ 'ਤੇ ਵੀ ਗੰਭੀਰ ਸਵਾਲ ਉਠੇ ਹਨ। ਕਿਸਾਨ ਮਾਂ-ਪੁੱਤ ਨੇ ਪੁਲਿਸ ਦੀ ਹਾਜ਼ਰੀ ਵਿਚ ਖੁਦਕੁਸ਼ੀ ਕੀਤੀ, ਪਰ ਪੁਲਿਸ ਤਮਾਸ਼ਬੀਨ ਬਣੀ ਰਹੀ। ਸੂਬੇ ਵਿਚ ਇਹ ਘਟਨਾ ਕੋਈ ਇਕੱਲੀ ਨਹੀਂ। ਪੰਜਾਬ ਵਿਚ ਇਸ ਸਮੇਂ ਔਸਤ ਹਰ ਦੋ ਦਿਨਾਂ ਵਿਚ ਤਿੰਨ ਕਿਸਾਨ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕਰ ਰਹੇ ਹਨ।

ਸੰਸਦ ਵਿਚ ਕੇਂਦਰੀ ਖੇਤੀਬਾੜੀ ਰਾਜ ਮੰਤਰੀ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਕ ਪੰਜਾਬ ਵਿਚ ਇਸ ਸਾਲ 11 ਮਾਰਚ ਤੱਕ 56 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ ਜਦੋਂਕਿ ਅਖ਼ਬਾਰੀ ਰਿਪੋਰਟਾਂ ਅਨੁਸਾਰ ਸਿਰਫ ਅਪਰੈਲ ਮਹੀਨੇ ਦੀ 26 ਤਰੀਕ ਤੱਕ ਹੀ 40 ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ। ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਵਿਚ ਮਹਾਰਾਸ਼ਟਰ ਤੋਂ ਬਾਅਦ ਪੰਜਾਬ, ਦੇਸ਼ ਵਿਚੋਂ ਦੂਜੇ ਨੰਬਰ ਉਤੇ ਆ ਗਿਆ ਹੈ।

ਸੂਬੇ ਦੀਆਂ ਤਿੰਨ ਯੂਨੀਵਰਸਿਟੀਆਂ ਵੱਲੋਂ ਕੀਤੇ ਗਏ ਸਰਵੇਖਣ ਅਨੁਸਾਰ ਸਾਲ 2000 ਤੋਂ 2011 ਦੌਰਾਨ ਸੂਬੇ ਵਿਚ ਖੇਤੀ ਕਿੱਤੇ ਨਾਲ ਸਬੰਧਤ 6926 ਵਿਅਕਤੀਆਂ ਨੇ ਖੁਦਕੁਸ਼ੀ ਕੀਤੀ ਜਿਨ੍ਹਾਂ ਵਿਚੋਂ 3954 ਕਿਸਾਨ ਅਤੇ 2972 ਖੇਤ ਮਜ਼ਦੂਰ ਸਨ। ਪੰਜਾਬ ਸਰਕਾਰ ਨੇ 2011 ਤੋਂ ਬਾਅਦ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਸਬੰਧੀ ਨਾ ਕੋਈ ਨਵਾਂ ਸਰਵੇਖਣ ਕਰਵਾਇਆ ਹੈ ਅਤੇ ਨਾ ਹੀ ਇਨ੍ਹਾਂ ਦਾ ਰਿਕਾਰਡ ਰੱਖਣ ਲਈ ਕੋਈ ਤੰਤਰ ਕਾਇਮ ਕੀਤਾ ਹੈ ਜਦੋਂਕਿ ਇਸ ਸਮੇਂ ਦੌਰਾਨ ਖੇਤੀ ਸੰਕਟ ਹੋਰ ਡੂੰਘਾ ਹੋਣ ਕਾਰਨ ਖੁਦਕੁਸ਼ੀਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਇਆ ਹੈ। ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਵਰਤਾਰੇ ਵਿਚ ਵਾਧੇ ਦੇ ਬਾਵਜੂਦ ਪੰਜਾਬ ਸਰਕਾਰ ਖੇਤੀ ਸੰਕਟ ਦੇ ਹੱਲ ਵੱਲ ਕੋਈ ਧਿਆਨ ਦਿੰਦੀ ਨਜ਼ਰ ਨਹੀਂ ਆ ਰਹੀ। ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੇ ਸਹਾਇਤਾ ਅਤੇ ਇਕ ਜੀਅ ਨੂੰ ਨੌਕਰੀ ਦੇਣ ਦੇ ਵਾਅਦੇ ਅਤੇ ਦਾਅਵੇ ਵੀ ਹਵਾ ਹੋ ਚੁੱਕੇ ਹਨ। ਭਾਰੀ ਜਨਤਕ ਦਬਾਅ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਭਾਵੇਂ ਸਰਕਾਰ ਨੇ ਖੇਤੀ ਕਰਜ਼ ਨਿਬੇੜਾ ਬਿੱਲ ਪਾਸ ਕਰ ਕੇ ਇਸ ਸਮੱਸਿਆ ਨੂੰ ਹੱਲ ਕਰਨ ਦੀ ਦਿਸ਼ਾ ਵੱਲ ਕਦਮ ਪੁੱਟਿਆ ਹੈ, ਪਰ ਸ਼ਾਹੂਕਾਰਾਂ ਦੇ ਦਬਾਅ ਹੇਠ ਇਹ ਇੰਨਾ ਕਮਜ਼ੋਰ ਕਰ ਦਿੱਤਾ ਗਿਆ ਹੈ ਕਿ ਇਸ ਨਾਲ ਕਰਜ਼ੇ ਵਿਚ ਜਕੜੀ ਕਿਸਾਨੀ ਨੂੰ ਕੋਈ ਰਾਹਤ ਮਿਲਣ ਦੀ ਆਸ ਨਹੀਂ।



## ਪਿਛਲੇ ਵਰ੍ਹੇ ਦੋ ਹਜ਼ਾਰ ਕਿਸਾਨਾਂ ਨੇ ਮੌਤ ਗਲੇ ਲਾਈ

**ਚੰਡੀਗੜ੍ਹ:** ਸਾਲ 2015 ਵਿਚ ਖੇਤੀ ਸੰਕਟ ਕਾਰਨ ਦੋ ਹਜ਼ਾਰ ਕਿਸਾਨਾਂ ਨੇ ਖੁਦਕੁਸ਼ੀ ਕੀਤੀ ਸੀ ਤੇ ਇਕੱਲੇ ਮਹਾਰਾਸ਼ਟਰ ਵਿਚ 1841 ਕੇਸ ਸਾਹਮਣੇ ਆਏ ਸਨ। ਇਸੇ ਤਰ੍ਹਾਂ ਪੰਜਾਬ ਦੇ ਮਾਲਵਾ ਇਲਾਕੇ ਵਿਚ 4 ਮਹੀਨਿਆਂ ਵਿਚ 93 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ। ਅੰਕੜਿਆਂ ਮੁਤਾਬਕ ਬਠਿੰਡਾ ਵਿਚ 27, ਮਾਨਸਾ ਵਿਚ 23, ਸੰਗਰੂਰ ਵਿਚ 12, ਫਰੀਦਕੋਟ ਵਿਚ 3, ਬਰਨਾਲਾ 'ਚ 13, ਮੋਗਾ ਵਿਚ 2, ਫਾਜ਼ਿਲਕਾ ਵਿਚ 3 ਤੇ ਫਿਰੋਜ਼ਪੁਰ ਵਿਚ ਇਕ ਕਿਸਾਨ ਨੇ ਖੁਦਕੁਸ਼ੀ ਕੀਤੀ ਹੈ। ਇਸ ਸਾਲ 29 ਫਰਵਰੀ ਤੱਕ ਮਹਾਰਾਸ਼ਟਰ ਵਿਚ 57 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ ਜਦੋਂ ਕਿ ਪੰਜਾਬ ਵਿਚ 11 ਮਾਰਚ ਤੱਕ 56 ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀ ਕੀਤੇ ਜਾਣ ਬਾਰੇ ਕੇਸ ਦਰਜ ਹੋਏ ਹਨ।

## ਪੰਜਾਬ ਨੂੰ ਨਸ਼ਾ ਤੇ ਖੁਦਕੁਸ਼ੀ ਮੁਕਤ ਕਰਾਂਗੇ: ਕੇਜਰੀਵਾਲ



**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਪੰਜਾਬ ਵਿਚ ਸੱਤਾ ਵਿਚ ਆਉਂਦੀ ਹੈ ਤਾਂ ਉਹ ਸੂਬੇ ਨੂੰ ਨਸ਼ਾ ਤੇ ਖੁਦਕੁਸ਼ੀਆਂ ਮੁਕਤ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਦਿੱਲੀ ਵਾਂਗ ਖਾਤਾ ਖੋਲ੍ਹਣ ਵਿਚ ਵੀ ਨਾਕਾਮ ਰਹੇਗੀ ਜਦਕਿ ਅਕਾਲੀ ਦਲ ਦਾ ਅੰਕੜਾ 10 ਸੀਟਾਂ ਤੋਂ ਵੀ ਘਟ ਜਾਵੇਗਾ।

## ਜ਼ਮੀਨਾਂ ਕੁਰਕ ਕਰਨ ਖਿਲਾਫ ਸਖਤ ਕਾਨੂੰਨ ਬਣੇ: ਕੈਪਟਨ



**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾਈ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕੁਰਕ ਕੀਤੇ ਜਾਣ ਤੋਂ ਰੋਕਣ ਲਈ ਸਖ਼ਤ ਅਤੇ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ। ਇਸ ਮੁੱਦੇ ਉਤੇ ਸਾਰੀਆਂ ਪਾਰਟੀਆਂ ਦੀ ਰਜ਼ਾਮੰਦੀ ਬਣਾਏ ਜਾਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਕਦਮ ਇਸ ਲਈ ਚੁੱਕਣਾ ਜ਼ਰੂਰੀ ਹੈ ਤਾਂ ਜੋ ਕਿਸਾਨ ਖੁਦਕੁਸ਼ੀਆਂ ਵਰਗੇ ਗੰਭੀਰ ਕਦਮ ਚੁੱਕਣ ਲਈ ਮਜਬੂਰ ਨਾ ਹੋਣ।

ਕੈਪਟਨ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਇਸ ਮੁੱਦੇ 'ਤੇ ਸਿਆਸਤ ਕਰਨ ਵਿਚ ਸਮਾਂ ਗਵਾਏ ਬਗੈਰ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਉਨ੍ਹਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਕਾਨੂੰਨ ਬਣਾਏ ਜਾਣ ਵੱਲ ਤੇਜ਼ੀ ਨਾਲ ਵਧਣਾ ਚਾਹੀਦਾ ਹੈ।

# ਫੋਕੀ ਟੌਹਰ ਤੇ ਸੁੱਕੀ ਸਰਦਾਰੀ ਨੇ ਵੀ ਕਿਸਾਨਾਂ ਨੂੰ ਇਹ ਦਿਨ ਵਿਖਾਏ

**ਚੰਡੀਗੜ੍ਹ:** ਪੰਜਾਬ ਖੇਤੀ ਬਾੜੀ ਮਰਦਮਸ਼ੁਮਾਰੀ 2010-11 ਮੁਤਾਬਕ ਕੁੱਲ 10.53 ਲੱਖ ਕਿਸਾਨੀ ਵਿਚੋਂ ਪੰਜਾਬ ਵਿਚ ਦਰਮਿਆਨੇ ਅਤੇ ਛੋਟੇ ਕਿਸਾਨਾਂ ਦੀ ਗਿਣਤੀ 9.83 ਲੱਖ ਹੈ ਜਿਨ੍ਹਾਂ ਕੋਲ 4.85 ਲੱਖ ਟਰੈਕਟਰ ਹਨ, ਜਦੋਂ ਸੂਬੇ ਵਿਚ 39.67 ਲੱਖ ਹੈਕਟੇਅਰ ਵਾਹੀਯੋਗ ਰਕਬਾ ਹੈ। ਹੈਰਾਨੀ ਦੀ ਗੱਲ ਹੈ ਕਿ ਸੂਬੇ ਵਿਚ ਵੱਡੀ ਕਿਸਾਨੀ ਸਿਰਫ 70 ਹਜ਼ਾਰ ਦੇ ਲਗਭਗ ਹੈ। ਪੰਜਾਬ ਖੇਤੀ ਬਾੜੀ ਯੂਨੀਵਰਸਿਟੀ ਮੁਤਾਬਕ ਸੂਬੇ ਦੇ ਹਰ ਕਿਸਾਨ ਉਤੇ ਔਸਤ 3.5 ਲੱਖ ਰੁਪਏ ਕਰਜ਼ਾ ਹੈ ਜਿਸ ਵਿਚੋਂ ਜ਼ਿਆਦਾਤਰ ਖੇਤੀਬਾੜੀ ਮਸ਼ੀਨਰੀ ਨਾਲ ਕਰਜ਼ਾ ਦੱਸਿਆ ਜਾਂਦਾ ਹੈ। ਖੇਤੀ ਬਾੜੀ ਮਾਹਰਾਂ ਅਨੁਸਾਰ ਸੂਬੇ ਵਿਚ ਫੋਕੀ ਟੌਹਰ ਤੇ ਸੁੱਕੀ ਸਰਦਾਰੀ ਲਈ ਬੇਲੋੜੀਂਦੇ ਟਰੈਕਟਰ ਖਰੀਦਣ ਦਾ ਰੁਝਾਨ ਵੀ ਕਿਰਸਾਨੀ ਦੇ ਨਿਘਾਰ ਦਾ ਖ਼ਾਸਾ ਕਾਰਨ ਹੈ।

ਪੰਜਾਬ ਦਾ ਦੁਖਾਂਤ ਹੈ ਕਿ ਨੌਜਵਾਨ ਮੁੰਡੇ-ਕੁੜੀਆਂ ਦੇ ਰਿਸ਼ਤੇ ਲਈ ਕਿਸਾਨ ਵਿਹੜੇ ਵਿਚ ਖੜ੍ਹੇ ਟਰੈਕਟਰ ਦਾ ਵੱਡਾ ਯੋਗਦਾਨ ਮੰਨਿਆ ਜਾਂਦਾ ਹੈ, ਪਰ ਹਕੀਕਤ ਵਿਚ ਇਹ ਗੈਰ ਲੋੜੀਂਦੇ ਟਰੈਕਟਰ ਅਤੇ ਵਾਧੂ ਮਸ਼ੀਨਰੀ, ਮੌਤ ਦਾ ਫੰਦਾ ਬਣ ਰਹੇ ਹਨ। ਨਿਘਰੇ ਹਾਲਾਤ ਦੇ ਬਾਵਜੂਦ ਵੀ ਚਿੱਟੇ ਕੱਪੜਿਆਂ, ਵੱਡੀਆਂ ਗੱਡੀਆਂ, ਸਮਾਰਟ ਫੋਨਾਂ ਦੇ ਕਲਾਵੇ ਵਿਚ ਆਇਆ ਪੰਜਾਬ ਦਾ ਕਿਸਾਨ ਅਤੇ ਨਵੀਂ ਪੌਦ ਹਕੀਕਤ ਵੱਲ ਤਿਆਰ ਨਹੀਂ। ਇਹ ਵੀ ਹਕੀਕਤ ਤੋਂ ਜੁਦਾ ਨਹੀਂ ਕਿ ਸੂਬੇ ਦੀਆਂ ਟਰੈਕਟਰ ਮੰਡੀਆਂ ਵਿਚ ਵਿਕਣ ਪੁੱਜੇ ਬੈਂਕ ਕਰਜ਼ੇ ਨਾਲ ਖਰੀਦੇ ਟਰੈਕਟਰ ਹੁੰਦੇ ਹਨ। ਪੰਜਾਬ ਵਿਚ ਲਗਾਤਾਰ ਵਧਦੀਆਂ ਕਿਸਾਨ ਖੁਦਕੁਸ਼ੀਆਂ ਲਈ ਆੜ੍ਹਤੀ ਕਰਜ਼ੇ ਦੇ ਨਾਲ-ਨਾਲ ਬੇਲੋੜੀਂਦੇ ਖੇਤੀ ਮਸ਼ੀਨਰੀ ਦੇ ਕਰਜ਼ੇ ਦੀ ਅਹਿਮ ਭੂਮਿਕਾ ਹੈ।

ਪ੍ਰਾਪਤ ਅੰਕੜਿਆਂ ਅਨੁਸਾਰ ਪੰਜਾਬ ਵਿਚ ਬੀਤੇ ਵਰ੍ਹੇ 2015 ਵਿਚ ਲਗਪਗ 2000 ਕਿਸਾਨਾਂ ਵੱਲੋਂ ਖੁਦਕੁਸ਼ੀਆਂ ਦੇ ਮਾਮਲੇ ਸਾਹਮਣੇ ਆਏ ਸਨ, ਜਦੋਂ ਮਾਰਚ ਮਹੀਨੇ ਵਿਚ ਇਕੋ ਦਿਨ 56 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਦੀਆਂ ਰਿਪੋਰਟਾਂ ਹਨ।

## ਪੰਜਾਬ ਦੇ ਹਰ ਕਿਸਾਨ 'ਤੇ ਔਸਤਨ 3.5 ਲੱਖ ਕਰਜ਼ਾ



## ਗੰਭੀਰ ਮਸਲਿਆਂ ਬਾਰੇ ਸਰਕਾਰ ਦੀ ਨਾਲਾਇਕੀ

**ਨਵਾਂ ਸ਼ਹਿਰ:** ਪੰਜਾਬ ਵਿਚ ਕਿਸਾਨਾਂ ਦੇ ਕਰਜ਼ੇ ਦੇ ਮੁੱਦੇ ਉਤੇ ਸਰਕਾਰ ਤੇ ਅਫਸਰਸ਼ਾਹੀ ਕਿੰਨੀ ਕੁ ਗੰਭੀਰ ਹੈ ਇਸ ਦਾ ਭੇਤ ਆਰ.ਟੀ.ਆਈ. ਐਕਟ ਤਹਿਤ ਹਾਸਲ ਕੀਤੀ ਜਾਣਕਾਰੀ ਤੋਂ ਖੁਲਿਆ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਜਾਣਕਾਰੀ ਮੁਤਾਬਕ ਜ਼ਿਲ੍ਹਾ ਪੱਧਰ ਉਤੇ ਸਰਕਾਰ ਵੱਲੋਂ ਅਜਿਹੀ ਕੋਈ ਵਿਵਸਥਾ ਹੀ ਨਹੀਂ ਕੀਤੀ ਗਈ, ਜਿਸ ਨਾਲ ਕਰਜ਼ੇ ਦੇ ਬੋਝ ਕਰ ਕੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਅਸਲ ਤੱਥ ਸਾਹਮਣੇ ਆ ਸਕਣ। ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਸਬੰਧੀ ਜਾਣਕਾਰੀ ਉਪਲਬਧ ਹੀ ਨਹੀਂ ਹੈ। ਜਿਨ੍ਹਾਂ ਜ਼ਿਲ੍ਹਿਆਂ ਵੱਲੋਂ ਜਾਣਕਾਰੀ ਦਿੱਤੀ ਵੀ ਗਈ ਹੈ, ਉਹ ਹਕੀਕਤ ਤੋਂ ਕੋਹਾਂ ਦੂਰ ਹੈ।

ਆਰ.ਟੀ.ਆਈ. ਤਹਿਤ ਪਹਿਲੀ ਜਨਵਰੀ 1995 ਤੋਂ ਹੁਣ ਤੱਕ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਪੁੱਛੀ ਸੀ। ਇਸ ਤੋਂ ਇਲਾਵਾ ਮ੍ਰਿਤਕ ਕਿਸਾਨਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਬਣਾਈਆਂ ਗਈਆਂ ਨੀਤੀਆਂ (ਸੋਧਾਂ ਸਮੇਤ) ਦੀਆਂ ਕਾਪੀਆਂ, ਦਿੱਤੀ ਗਈ ਰਾਸ਼ੀ, ਸਰਕਾਰ ਵੱਲੋਂ ਕੇਂਦਰ ਸਰਕਾਰ ਤੇ ਹੋਰ ਅਦਾਰਿਆਂ ਨੂੰ ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਅਤੇ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕਣ ਲਈ ਸਰਕਾਰ ਵੱਲੋਂ ਡਿਪਟੀ ਕਮਿਸ਼ਨਰ ਨੂੰ ਲਿਖੇ ਪੱਤਰਾਂ ਦੀਆਂ ਕਾਪੀਆਂ ਦੀ ਮੰਗ ਕੀਤੀ ਗਈ ਸੀ। ਪੰਜਾਬ ਸਰਕਾਰ ਦੇ ਮਾਲ ਪੁਨਰਵਾਸ ਅਤੇ ਡਿਜ਼ਾਸਟਰ ਮੈਨੇਜਮੈਂਟ ਵਿਭਾਗ ਵੱਲੋਂ 15 ਜੁਲਾਈ 2009 ਅਤੇ 23 ਜੁਲਾਈ 2015 ਨੂੰ ਬਣਾਈਆਂ ਗਈਆਂ ਪਾਲਿਸੀਆਂ ਦੀਆਂ ਕਾਪੀਆਂ ਤਾਂ ਦੇ ਦਿੱਤੀਆਂ ਗਈਆਂ ਪਰ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਬਾਰੇ ਕੋਈ ਸੂਚਨਾ ਦੇਣ ਦੀ ਬਜਾਏ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਹੀ ਸੂਚਨਾ ਹਾਸਲ ਕਰਨ ਲਈ ਕਹਿ ਦਿੱਤਾ।

# ਬਾਦਲ ਸਰਕਾਰ ਵੱਲੋਂ ਲੋਕਾਂ ਦੇ ਸਾਰੇ ਉਲਾਂਭੇ ਦੂਰ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਲੋਕ ਲੁਭਾਊ ਫੈਸਲੇ ਲੈਣ ਦਾ ਸਿਲਸਿਲਾ ਜਾਰੀ ਹੈ। ਸੂਬਾਈ ਵਜ਼ਾਰਤ ਨੇ ਜਿਥੇ ਵੱਖ-ਵੱਖ ਵਿਭਾਗਾਂ ਵਿਚ 12,747 ਆਸਾਮੀਆਂ ਭਰਨ ਨੂੰ ਪ੍ਰਵਾਨਗੀ ਦਿੱਤੀ ਹੈ, ਉਥੇ ਪੈਨਸ਼ਨਾਂ ਲਗਾਉਣ ਦਾ ਕੰਮ ਸਿਆਸਤਦਾਨਾਂ ਦੇ ਹੱਥਾਂ ਵਿਚ ਸੌਂਪ ਦਿੱਤਾ ਹੈ। ਮੰਤਰੀ ਮੰਡਲ ਨੇ ਸਰਪੰਚਾਂ, ਬਲਾਕ ਸਮਿਤੀ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੇ ਚੇਅਰਮੈਨਾਂ ਨੂੰ ਪੈਨਸ਼ਨਾਂ ਲਗਾਉਣ ਦੀ ਸਿਫਾਰਸ਼ ਕਰਨ ਦੇ ਅਧਿਕਾਰ ਦੇ ਦਿੱਤੇ ਹਨ।

ਇਥੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ 16 ਸਾਲ ਦੀ ਸੇਵਾ ਪੂਰੀ ਕਰਨ ਉਪਰੰਤ ਪੰਜਾਬ ਪੁਲਿਸ ਦੇ ਸਿਪਾਹੀਆਂ ਨੂੰ ਹੌਲਦਾਰ ਵਜੋਂ ਤਰੱਕੀ ਦੇਣ, ਨਿੱਜੀ ਸਕੂਲਾਂ ਦੀਆਂ ਫੀਸਾਂ ਨਿਯਮਤ ਕਰਨ ਲਈ ਨਿਯਮ ਬਣਾਉਣ ਅਤੇ ਸਿਪਾਹੀਆਂ ਤੇ ਸਬ ਇੰਸਪੈਕਟਰਾਂ ਦੀ ਭਰਤੀ ਦੀ ਉਪਰਲੀ ਉਮਰ ਹੱਦ 25 ਸਾਲ ਤੋਂ ਵਧਾ ਕੇ 28 ਸਾਲ ਕਰਨ ਦਾ ਫੈਸਲਾ ਕੀਤਾ ਗਿਆ। ਨਵੀਂ ਭਰਤੀ ਵਿਚ ਰਾਜ ਸਰਕਾਰ ਦੇ ਛੇ ਵਿਭਾਗਾਂ ਗ੍ਰਹਿ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ, ਸਿੰਜਾਈ, ਸਹਿਕਾਰਤਾ, ਯੋਜਨਾਬੰਦੀ ਅਤੇ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਚ ਗਰੁੱਪ ਏ, ਬੀ, ਸੀ ਅਤੇ ਡੀ ਦੇ ਕਈ ਕਾਡਰਾਂ ਦੀਆਂ ਆਸਾਮੀਆਂ ਸ਼ਾਮਲ ਹਨ।

ਮੰਤਰੀ ਮੰਡਲ ਨੇ ਪੰਜਾਬ ਸਿਵਲ ਸਕੱਤਰੇਤ ਵਿਚ ਅਧੀਨ ਸਕੱਤਰਾਂ ਦੀਆਂ ਅੱਠ ਅਤੇ ਸੁਪਰਡੈਂਟ (ਗ੍ਰੇਡ-1) ਦੀ ਇਕ ਆਸਾਮੀ, ਅੱਠ ਨਵੇਂ ਜ਼ਿਲ੍ਹਿਆਂ ਅਤੇ 34 ਤਹਿਸੀਲ ਅਤੇ ਸਬ-ਤਹਿਸੀਲ ਦਫਤਰਾਂ ਵਿਚ ਸਦਰ ਕਾਨੂੰਨਗੋ, ਨਾਇਬ ਸਦਰ ਕਾਨੂੰਨਗੋ, ਬਿੱਲ ਕਲਰਕ, ਆਫਿਸ ਕਾਨੂੰਨਗੋ ਦੀਆਂ 176 ਆਸਾਮੀਆਂ ਸਿਰਜਣ ਨੂੰ ਪ੍ਰਵਾਨਗੀ ਦਿੱਤੀ ਹੈ। ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ (ਗ੍ਰੇਡ-2) ਦੀਆਂ 133, ਟੀ.ਬੀ. ਹੈਲਥ ਵਿਜ਼ੀਟਰ ਦੀਆਂ 7, ਅਪਥਾਲਮਿਕ ਅਫਸਰ ਦੀਆਂ 29, ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀਆਂ 1301, ਮਲਟੀਪਰਪਜ਼ ਹੈਲਥ ਵਰਕਰ (ਮੇਲ) ਦੀਆਂ 1263, ਬਲਾਕ ਐਕਸਟੈਂਸ਼ਨ ਐਜੂਕੇਟਰ ਦੀਆਂ 51, ਰੇਡੀਓਗ੍ਰਾਫਰ ਦੀਆਂ 109, ਅਪਰੇਸ਼ਨ ਥੀਏਟਰ ਅਸਿਸਟੈਂਟ ਦੀਆਂ 128, ਇਲੈਕਟ੍ਰੋਕਾਰਡੀਓਗ੍ਰਾਫਰ ਦੀਆਂ 33, ਅਸਿਸਟੈਂਟ ਡਾਈਟੀਸ਼ੀਅਨ ਦੀਆਂ 2 ਅਤੇ ਡੈਂਟਲ ਹਾਈਜੀਨੀਅਨ ਦੀਆਂ 5 ਖਾਲੀ ਆਸਾਮੀਆਂ ਭਰਨ ਦੀ ਪ੍ਰਵਾਨਗੀ ਦਿੱਤੀ ਹੈ। ਇਹ ਆਸਾਮੀਆਂ ਐਸ.ਐਸ. ਬੋਰਡ ਦੇ ਅਧਿਕਾਰ ਖੇਤਰ ਤੋਂ ਬਾਹਰ ਕੱਢ ਕੇ ਬਾਬਾ ਫਰੀਦ ਹੈਲਥ ਸਾਇੰਸਜ਼ ਯੂਨੀਵਰਸਿਟੀ ਰਾਹੀਂ ਲਿਖਤੀ ਟੈਸਟ ਲੈ ਕੇ ਬਿਨਾਂ ਇੰਟਰਵਿਊ ਦੇ ਭਰੀਆਂ ਜਾਣਗੀਆਂ। ਸਿਹਤ ਵਿਭਾਗ ਵਿਚ ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ ਖਾਲੀ 316 ਆਸਾਮੀਆਂ ਵਿਚੋਂ 248 ਮੈਡੀਕਲ ਅਫਸਰ (ਜਨਰਲ) ਦੀਆਂ ਇਹ ਆਸਾਮੀਆਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਅਧਿਕਾਰ ਖੇਤਰ ਵਿਚੋਂ ਬਾਹਰ ਕੱਢ ਕੇ ਬਾਬਾ ਫਰੀਦ ਹੈਲਥ ਸਾਇੰਸਜ਼ ਯੂਨੀਵਰਸਿਟੀ ਫਰੀਦਕੋਟ ਰਾਹੀਂ ਲਿਖਤੀ ਟੈਸਟ ਲੈ ਕੇ ਬਿਨਾਂ ਇੰਟਰਵਿਊ ਦੇ ਭਰੀਆਂ ਜਾਣਗੀਆਂ।



ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵਿਚ ਜੂਨੀਅਰ ਇੰਜਨੀਅਰਾਂ ਦੀਆਂ ਸਿੱਧੀ ਭਰਤੀ ਦੇ ਕੋਟੇ ਦੀਆਂ 210 ਆਸਾਮੀਆਂ ਨੂੰ ਕਿਸੇ ਸੁਤੰਤਰ ਅਦਾਰੇ ਰਾਹੀਂ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ 'ਤੇ ਭਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

# ਤਾਜ਼ਾ ਸਰਵੇਖਣ ਨੇ ਉਡਾਏ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਹੋਸ਼

**ਚੰਡੀਗੜ੍ਹ:** ਤਾਜ਼ਾ ਸਰਵੇਖਣ ਨੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਹੋਸ਼ ਉਡਾ ਦਿੱਤੇ ਹਨ। ਅਕਾਲੀ ਦਲ ਵੱਲੋਂ ਹੀ ਕਰਵਾਏ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਪਿਛਲੇ ਨੌਂ ਸਾਲਾਂ ਤੋਂ ਸੱਤਾ ਉਤੇ ਬਿਰਾਜਮਾਨ ਸਰਕਾਰ ਤੋਂ ਜਨਤਾ ਅੱਕ ਚੁੱਕੀ ਹੈ। ਅਕਾਲੀ ਦਲ ਦੀ ਫਿਕਰਮੰਦੀ ਇਸ ਗੱਲ ਨੇ ਵਧਾਈ ਹੈ ਕਿ ਇਹ ਅੱਕੀ ਜਨਤਾ ਆਮ ਆਦਮੀ ਪਾਰਟੀ ਵੱਲ ਝੁਕਾਅ ਰੱਖ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਜ਼ਮੀਨੀ ਹਕੀਕਤਾਂ ਜਾਣਨ ਲਈ 117 ਹਲਕਿਆਂ ਵਿਚ ਸਰਵੇਖਣ ਕਰਵਾਇਆ ਹੈ।

ਸਰਵੇਖਣ ਵਿਚ ਆਇਆ ਕਿ ਲੋਕ ਭ੍ਰਿਸ਼ਟਾਚਾਰ ਤੋਂ ਬੇਹੱਦ ਤੰਗ ਹਨ। ਪੰਜਾਬ ਦੀ ਜਨਤਾ ਸੋਚਦੀ ਹੈ ਕਿ ਪਿਛਲੇ ਨੌਂ ਸਾਲਾਂ ਵਿਚ ਕੋਈ ਵਿਕਾਸ ਕਾਰਜ ਵੀ ਨਹੀਂ ਹੋਇਆ। ਜਨਤਾ ਨੇ ਸੜਕਾਂ ਦੀ ਮਾੜੀ ਹਾਲਤ, ਸ਼ਹਿਰਾਂ ਵਿਚ ਟਰਾਂਸਪੋਰਟ ਦਾ ਢੁਕਵਾਂ ਪ੍ਰਬੰਧ ਨਾ ਹੋਣ, ਪੀਣ ਵਾਲਾ ਸਾਫ ਪਾਣੀ ਨਾ ਮਿਲਣ, ਰੇਤ ਬਜਰੀ ਦੀ ਕਿੱਲਤ ਜਾਂ ਮਹਿੰਗੇ ਭਾਅ 'ਤੇ ਮਿਲਣ ਤੇ ਨਸ਼ਿਆਂ ਦਾ ਬੋਲਬਾਲਾ ਹੋਣ ਦੀ ਗੱਲ ਵੀ ਕਹੀ ਹੈ। ਇਸ ਸਰਵੇਖਣ ਨੇ ਅਕਾਲੀ ਦਲ ਦੇ ਹੋਸ਼ ਉਡਾ ਦਿੱਤੇ ਹਨ। ਇਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਅਕਾਲੀ-ਭਾਜਪਾ ਵਿਧਾਇਕਾਂ ਨਾਲ ਮੀਟਿੰਗਾਂ ਵੀ ਕੀਤੀਆਂ। ਉਨ੍ਹਾਂ ਨੇ ਵਿਧਾਇਕਾਂ ਨੂੰ ਹੁਣ ਤੋਂ ਹੀ ਪਲੈਨਿੰਗ ਕਰਨ ਦੀ ਸਲਾਹ ਦਿੱਤੀ ਹੈ।

ਵਿਧਾਇਕਾਂ ਨਾਲ ਮੀਟਿੰਗ ਸਮੇਂ ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਅਤੇ ਵਿਨੀਤ ਜੋਸ਼ੀ ਵੀ ਮੌਜੂਦ ਰਹੇ। ਮੀਡੀਆ ਰਿਪੋਰਟਾਂ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਹ ਸਰਵੇਖਣ 10 ਤੋਂ 30 ਮਾਰਚ ਤੱਕ ਕਰਵਾਇਆ ਗਿਆ। ਇਸ ਦੌਰਾਨ ਹਰੇਕ ਹਲਕੇ ਦੇ 25 ਘਰਾਂ ਤੱਕ ਵੱਖ-ਵੱਖ ਟੀਮਾਂ ਵੱਲੋਂ ਪਹੁੰਚ ਕੀਤੀ ਗਈ। ਟੀਮਾਂ ਵੱਲੋਂ ਸਬੰਧਤ ਹਲਕੇ ਦੇ ਵਿਧਾਇਕ ਤੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਸਵਾਲ ਪੁੱਛੇ ਗਏ। ਹਾਕਮ ਪਾਰਟੀ ਤੇ ਸਰਕਾਰ ਵੱਲੋਂ 25 ਘਰਾਂ ਤੱਕ ਸਰਵੇਖਣ ਟੀਮਾਂ ਵੱਲੋਂ ਪਹੁੰਚ ਕਰਨ ਦੀ ਪੁਸ਼ਟੀ ਆਪਣੇ ਤੌਰ 'ਤੇ ਵੀ ਕੀਤੀ ਗਈ ਤਾਂ ਜੋ ਸਰਵੇਖਣ ਦੀ ਪ੍ਰਮਾਣਿਕਤਾ ਸ਼ੱਕੀ ਨਾ ਰਹੇ। ਸਰਵੇਖਣ ਕਰਨ ਵਾਲੀ ਏਜੰਸੀ ਵੱਲੋਂ ਹਰੇਕ ਵਿਧਾਨ ਸਭਾ ਹਲਕੇ ਦੀ ਰਿਪੋਰਟ ਤਿਆਰ ਕੀਤੀ ਗਈ ਹੈ। ਸੂਤਰਾਂ ਮੁਤਾਬਕ ਸਰਵੇਖਣ ਟੀਮਾਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਪੰਜਾਬ ਦੀ ਜਨਤਾ ਦਾ ਰੁਖ 'ਆਪ' ਵੱਲ ਹੋ ਰਿਹਾ ਹੈ। ਕਈ ਵਿਧਾਨ ਸਭਾ ਹਲਕਿਆਂ ਵਿਚ 'ਆਪ' ਦਾ ਪ੍ਰਭਾਵ 90 ਫੀਸਦੀ ਤੱਕ ਹੈ।

ਸਰਵੇਖਣ ਦੌਰਾਨ 'ਆਪ' ਤੋਂ ਮਿਲ ਰਹੀਆਂ ਸਿਆਸੀ ਚੁਣੌਤੀਆਂ ਬਾਰੇ ਵੀ ਸੁਚੇਤ ਕੀਤਾ ਗਿਆ ਹੈ ਤੇ ਇਹ ਵੀ ਦੱਸਿਆ ਗਿਆ ਹੈ ਕਿ ਦੋਹਾਂ ਹਾਕਮ ਪਾਰਟੀਆਂ ਦਾ ਕਾਡਰ ਚੋਣਾਂ ਤੋਂ ਪਹਿਲਾਂ 'ਆਪ' ਵੱਲ ਖਿਸਕ ਸਕਦਾ ਹੈ। ਸਾਲ-2017 ਦੇ ਆਰੰਭ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਦਲ ਦੇ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਨਿਗਰਾਨੀ ਹੇਠ ਇਹ ਸਰਵੇਖਣ ਕਰਵਾਇਆ ਗਿਆ ਤੇ ਇਸ ਨੂੰ ਅਧਾਰ ਬਣਾ ਕੇ ਅਕਾਲੀ-ਭਾਜਪਾ ਵਿਧਾਇਕਾਂ ਨਾਲ ਮੀਟਿੰਗਾਂ ਵੀ ਕੀਤੀਆਂ। ਟੀਮਾਂ ਵੱਲੋਂ ਸਬੰਧਤ ਹਲਕੇ ਦੇ ਵਿਧਾਇਕ ਅਤੇ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਸਵਾਲ ਪੁੱਛੇ ਗਏ। ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਇਕ ਮੁੱਖ ਸੰਸਦੀ ਸਕੱਤਰ ਨੇ ਉਪ ਮੁੱਖ ਮੰਤਰੀ ਨਾਲ ਮੀਟਿੰਗ ਕਰਨ ਤੋਂ ਬਾਅਦ ਦੱਸਿਆ ਕਿ ਇਨ੍ਹਾਂ ਰਿਪੋਰਟਾਂ ਦੌਰਾਨ ਹਲਕਿਆਂ ਦੀਆਂ ਸਮੱਸਿਆਵਾਂ ਬਾਰੇ ਤਾਂ ਭਾਵੇਂ ਲੋਕਾਂ ਨੇ ਵੱਖੋ ਵੱਖਰੇ ਤੱਥ ਦਿੱਤੇ ਪਰ ਸਰਕਾਰੀ ਦਫਤਰਾਂ ਦੇ ਭ੍ਰਿਸ਼ਟਾਚਾਰ ਵਿਚ ਡੁੱਬੇ ਹੋਣ ਦੀ ਸ਼ਿਕਾਇਤ ਸਮੁੱਚੇ ਪੰਜਾਬ ਦੇ ਲੋਕਾਂ ਨੇ ਹੀ ਕੀਤੀ। ਸੂਬੇ ਦੇ ਲੋਕਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਦੇ ਵਿਕਾਸ ਦੇ ਦਾਅਵਿਆਂ ਉਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਸੜਕਾਂ ਦੀ ਮਾੜੀ ਹਾਲਤ, ਸ਼ਹਿਰਾਂ 'ਚ ਟਰਾਂਸਪੋਰਟ ਦਾ ਢੁਕਵਾਂ ਪ੍ਰਬੰਧ ਨਾ ਹੋਣ, ਪੀਣ ਵਾਲਾ ਸਾਫ ਪਾਣੀ ਨਾ ਮਿਲਣ, ਰੇਤ ਬਜਰੀ ਦੀ ਕਿੱਲਤ ਜਾਂ ਮਹਿੰਗੇ ਭਾਅ ਉਤੇ ਮਿਲਣ ਅਤੇ ਨਸ਼ਿਆਂ ਦਾ ਬੋਲਬਾਲਾ ਹੋਣ ਦੀ ਗੱਲ ਵੀ ਕਹੀ।

ਸੁਖਬੀਰ ਸਿੰਘ ਬਾਦਲ ਨੇ ਦੋਹਾਂ ਪਾਰਟੀਆਂ ਦੇ ਵਿਧਾਇਕਾਂ ਨੂੰ ਕਿਹਾ ਹੈ ਕਿ ਲੋਕਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਣ। ਵਿਧਾਇਕਾਂ ਨੂੰ ਆਪੋ-ਆਪਣੇ ਵਿਧਾਨ ਸਭਾ ਹਲਕਿਆਂ ਨਾਲ ਸਬੰਧਤ 5 ਅਜਿਹੀਆਂ ਵੱਡੀਆਂ ਮੰਗਾਂ/ਮੁੱਦੇ ਜਾਂ ਪ੍ਰਾਜੈਕਟ ਦੀ ਸੂਚੀ ਤਿਆਰ ਕਰਨ ਲਈ ਵੀ ਕਿਹਾ ਹੈ, ਜਿਨ੍ਹਾਂ ਦੇ ਅਧਾਰ ਉਤੇ ਹਾਕਮ ਪਾਰਟੀਆਂ ਚੋਣਾਂ ਵਿਚ ਜਾ ਸਕਣ।

### ਕਈ ਹਲਕਿਆਂ ਵਿਚ 'ਆਪ' ਦਾ ਪ੍ਰਭਾਵ 90 ਫੀਸਦੀ



### ਅਸੀਂ ਕੋਈ ਸਰਵੇਖਣ ਨਹੀਂ ਕਰਵਾਇਆ: ਬਾਦਲ

**ਸ੍ਰੀ ਮੁਕਤਸਰ ਸਾਹਿਬ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਧਾਨ ਸਭਾ ਚੋਣਾਂ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਅਤੇ ਵਿਕਾਸ ਦੇ ਮੁੱਦੇ ਉਤੇ ਲੜੇਗਾ।

ਅਕਾਲੀ ਦਲ ਵੱਲੋਂ ਚੋਣ ਸਰਵੇਖਣ ਕਰਾਏ ਜਾਣ ਬਾਰੇ ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਕੋਈ ਸਰਵੇਖਣ ਨਹੀਂ ਕਰਾਇਆ ਹੈ ਤੇ ਨਾ ਹੀ ਕਰਾਉਣਾ ਹੈ। ਉਹ ਵਿਅਕਤੀਗਤ ਤੌਰ ਉਤੇ ਚੋਣ ਸਰਵੇਖਣਾਂ ਦੇ ਹੱਕ 'ਚ ਨਹੀਂ ਹਨ। ਉਨ੍ਹਾਂ ਕਿਹਾ ਕਿ ਉਹ ਖੁਦ ਲੋਕਾਂ ਨੂੰ ਮਿਲਦੇ ਹਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਦੇ ਤੇ ਹੱਲ ਲਈ ਯਤਨ ਕਰਦੇ ਹਨ। ਇਹ ਸਭ ਕੁਝ ਚੋਣ ਸਰਵੇਖਣ ਹੀ ਹੈ।

## ਗੁਰੂ ਕੀ ਨਗਰੀ 'ਚ ਸਜੇਗੀ ਅਰਬਨ ਹੱਟ

**ਅੰਮ੍ਰਿਤਸਰ:** ਵਿਰਾਸਤੀ ਦਿਖ ਤੇ ਲਾਹੌਰ ਦੀ ਮਸ਼ਹੂਰ ਫੂਡ ਸਟਰੀਟ ਦੀ ਤਰਜ਼ ਉਤੇ ਅੰਮ੍ਰਿਤਸਰ ਵਿਚ ਬਣਾਈ ਜਾ ਰਹੀ ਅਰਬਨ ਹੱਟ ਆਉਂਦੀ ਜੁਲਾਈ ਵਿਚ ਸੱਜਣੀ ਸ਼ੁਰੂ ਹੋ ਜਾਵੇਗੀ। ਵਿਰਾਸਤੀ ਦਿੱਖ ਵਾਲੀ ਇਸ ਅਰਬਨ ਹੱਟ ਨੂੰ ਤਿਆਰ ਕਰਨ ਵਿਚ ਕੁੱਲ 9 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ।

ਅੰਮ੍ਰਿਤਸਰ ਨਗਰ ਸੁਧਾਰ ਟਰਸਟ ਦੇ ਚੇਅਰਮੈਨ ਸੰਦੀਪ ਰਿਸ਼ੀ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਤਿਆਰ ਕੀਤੀ ਜਾ ਰਹੀ ਅਰਬਨ ਹੱਟ ਜੁਲਾਈ ਵਿਚ ਸੱਜਣੀ ਸ਼ੁਰੂ ਹੋ ਜਾਵੇਗੀ। ਇਹ ਵਿਰਾਸਤੀ ਇਮਾਰਤ ਤੇ ਇਸ ਵਿਚ ਸੱਜਣ ਵਾਲੇ ਬਾਜ਼ਾਰ ਦੇਸ਼-ਵਿਦੇਸ਼ ਤੋਂ ਗੁਰੂ ਨਗਰੀ ਆਉਣ ਵਾਲੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਸਾਬਤ ਹੋਵੇਗੀ। ਉਨ੍ਹਾਂ ਦੱਸਿਆ ਕਿ ਖਾਣ-ਪੀਣ ਦੇ ਸ਼ੌਕੀਨ ਤੇ ਕਲਾ ਨੂੰ ਪਿਆਰ ਕਰਨ ਵਾਲੇ ਲੋਕਾਂ ਲਈ ਬਣਾਈ ਜਾ ਰਹੀ ਇਹ ਖਾਸ ਇਮਾਰਤ ਤਕਰੀਬਨ ਤਿਆਰ ਹੋ ਚੁੱਕੀ ਹੈ।

ਹੁਣ ਇਸ ਇਮਾਰਤ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਮਗਰੋਂ ਇਸ ਦੀ ਲੈਂਡ ਸਕੇਪਿੰਗ, ਫਰਨੀਚਰ ਤੇ ਏਅਰ ਕੰਡੀਸ਼ਨਰ ਦਾ ਕੰਮ ਚੱਲ ਰਿਹਾ ਹੈ। ਇਸ ਵਿਰਾਸਤੀ ਇਮਾਰਤ ਵਿਚ 19 ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ 32 ਕਰਾਫਟ ਦੇ ਸਟਾਲ ਤੇ ਪੰਜਾਬ ਸਰਕਾਰ ਦੇ ਇੰਪੋਰੀਅਮ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਆਪਣੀ ਪਾਕਿਸਤਾਨ ਫੇਰੀ ਦੌਰਾਨ ਲਾਹੌਰ ਦੀ ਫੂਡ ਸਟਰੀਟ ਵਿਚ ਗੋਲ ਗੱਪੇ ਖਾਣ ਮਗਰੋਂ ਅੰਮ੍ਰਿਤਸਰ ਵਿਚ ਵੀ ਇਕ ਅਜਿਹਾ ਬਾਜ਼ਾਰ ਬਣਾਏ ਜਾਣ ਦਾ ਮਨ ਬਣਾਇਆ ਸੀ।

## ਬਿਹਾਰ 'ਚ ਸ਼ਰਾਬਬੰਦੀ ਨਾਲ ਘਟੇ 27% ਜੁਰਮ

**ਪਟਨਾ:** ਬਿਹਾਰ ਵਿਚ ਲਾਗੂ ਕੀਤੀ ਗਈ ਸ਼ਰਾਬਬੰਦੀ ਕਾਰਨ ਸੂਬੇ ਵਿਚ ਸੜਕ ਹਾਦਸਿਆਂ ਤੇ ਅਪਰਾਧ ਵਿਚ ਕਮੀ ਦਰਜ ਕੀਤੀ ਗਈ ਹੈ। ਬਿਹਾਰ ਦੇ ਛੇ ਜ਼ਿਲ੍ਹਿਆਂ ਦੇ ਅੰਕੜਿਆਂ ਉਤੇ ਜੇਕਰ ਗੌਰ ਕੀਤੀ ਜਾਵੇ ਤਾਂ ਸੰਗੀਨ ਅਪਰਾਧ ਵਿਚ 27 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਸੜਕ ਹਾਦਸਿਆਂ ਵਿਚ ਵੀ ਕਮੀ ਆਈ ਹੈ। ਬਿਹਾਰ ਦੇ ਛੇ ਜ਼ਿਲ੍ਹਿਆਂ ਵਿਚ ਸ਼ਰਾਬਬੰਦੀ ਲਾਗੂ ਕੀਤੇ ਜਾਣ ਤੋਂ ਬਾਅਦ ਅਪਰਾਧ ਤੇ ਸੜਕ ਹਾਦਸਿਆਂ ਦੇ ਅੰਕੜੇ ਜਾਰੀ ਕੀਤੇ ਗਏ ਹਨ। ਇਹ ਜ਼ਿਲ੍ਹੇ ਪਟਨਾ, ਨਾਲੰਦਾ, ਭੋਜਪੁਰ, ਰੋਹਤਾਸ, ਬਕਸਰ ਤੇ ਕੈਮੂਰ ਹਨ।

ਪਟਨਾ ਦੇ ਡਿਪਟੀ ਕਮਿਸ਼ਨਰ ਅਨੰਦ ਕਿਸ਼ੋਰ ਦਾ ਕਹਿਣਾ ਹੈ ਕਿ ਛੇ ਜ਼ਿਲ੍ਹਿਆਂ ਵਿਚ ਸਾਲ 2015 ਵਿਚ ਪਹਿਲੀ ਤੋਂ 23 ਅਪ੍ਰੈਲ ਤੱਕ ਦੇ ਅਪਰਾਧਕ ਮਾਮਲਿਆਂ ਦੀ ਗਿਣਤੀ 3178 ਸੀ। ਇਸ ਸਾਲ ਸ਼ਰਾਬਬੰਦੀ ਲਾਗੂ ਹੋਣ ਨਾਲ ਅਪ੍ਰੈਲ ਮਹੀਨੇ ਵਿਚ ਅਪਰਾਧ ਦੀ ਗਿਣਤੀ 2,328 ਰਹਿ ਗਈ ਹੈ। ਲੋਕਾਂ ਦੇ ਆਪਸੀ ਝਗੜਿਆਂ ਵਿਚ ਭਾਰੀ ਕਮੀ ਆਈ ਹੈ। ਬਿਹਾਰ ਵਿਚ ਪਹਿਲੀ ਅਪ੍ਰੈਲ 2016 ਤੋਂ ਸ਼ਰਾਬਬੰਦੀ ਲਾਗੂ ਕੀਤੀ ਗਈ ਸੀ ਜਿਸ ਤੋਂ ਬਾਅਦ ਇਨ੍ਹਾਂ ਛੇ ਜ਼ਿਲ੍ਹਿਆਂ ਵਿਚ ਸੜਕ ਹਾਦਸਿਆਂ ਦੀ ਗਿਣਤੀ ਵਿਚ ਕਮੀ ਦਰਜ ਕੀਤੀ ਗਈ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਕਾਂਗਰਸ ਤੇ 'ਆਪ' ਸਿੱਖ ਵਿਰੋਧੀ ਕਰਾਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਸਿੱਖ ਵਿਰੋਧੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੰਸਦ ਵਿਚ ਸਿੱਖ ਗੁਰਦੁਆਰਾ ਸੋਧ ਬਿੱਲ ਬਹੁਸੰਮਤੀ ਨਾਲ ਪਾਸ ਹੋਣ ਮਗਰੋਂ ਦੋਵੇਂ ਪਾਰਟੀਆਂ ਇਸ ਦਾ ਵਿਰੋਧ ਕਰ ਰਹੀਆਂ ਹਨ। ਇਸ ਨਾਲ ਇਨ੍ਹਾਂ ਪਾਰਟੀਆਂ ਦਾ ਸਿੱਖ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜੇ ਕਾਂਗਰਸ ਸਿੱਖਾਂ ਪ੍ਰਤੀ ਇਮਾਨਦਾਰ ਹੁੰਦੀ ਤਾਂ ਪੰਜਾਬ ਅੰਦਰ ਕਦੀ ਵੀ ਐਮਰਜੈਂਸੀ ਨਾ ਲਾਗਵਾਉਂਦੀ ਤੇ ਕਦੇ ਵੀ 1984 ਵਿਚ ਸ੍ਰੀ ਹਰਿਮੰਦਰ ਸਾਹਿਬ 'ਤੇ ਫੌਜਾਂ ਨਾ ਭੇਜਦੀ। ਸਿੱਖ ਧਰਮ ਸਭ ਦਾ ਸਾਂਝਾ ਹੈ। ਇਸ ਵਿਚ ਕਿਸੇ ਵੀ ਜਾਤ-ਬਰਾਦਰੀ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਂਦਾ ਪਰ ਅਮਲੀ ਰੂਪ 'ਚ ਅੱਜ ਇਤਿਹਾਸਕ ਗੁਰਧਾਮਾਂ ਦੇ ਪ੍ਰਬੰਧਾਂ ਲਈ ਤੇ ਇਨ੍ਹਾਂ ਅੰਦਰ ਹੋਰ ਧਾਰਮਿਕ ਸਰਗਰਮੀਆਂ ਚਲਾਉਣ ਲਈ ਸ਼੍ਰੋਮਣੀ ਕਮੇਟੀ ਦੀ ਚੋਣ ਵਿਚ ਸਿਰਫ ਸਿੱਖ ਰਹਿਤ ਮਰਿਆਦਾ ਤੇ ਸਿੱਖ ਵਿਸ਼ਵਾਸ ਦੇ ਧਾਰਨੀ ਸਿੱਖਾਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਨੂੰ ਭਾਈਚਾਰੇ ਦੇ ਵਧੇਰੇ ਲੋਕਾਂ ਵੱਲੋਂ ਜ਼ਰੂਰੀ ਸਮਝਿਆ ਜਾ ਰਿਹਾ ਸੀ।

## ਆਪ ਦੀ ਕੌਮੀ ਕਾਰਜਕਾਰਨੀ 'ਚ ਪੰਜਾਬ ਨੂੰ ਭਰਵੀਂ ਨੁਮਾਇੰਦਗੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਆਮ ਆਦਮੀ ਪਾਰਟੀ ਦੀ ਪੰਜਵੀਂ ਕੌਮੀ ਕਾਰਜਕਾਰਨੀ ਦੀ ਬੈਠਕ ਵਿਚ ਨਵੇਂ ਮੈਂਬਰ ਚੁਣ ਲਏ ਗਏ ਹਨ। ਇਨ੍ਹਾਂ ਮੈਂਬਰਾਂ ਵਿਚ 6 ਪੰਜਾਬੀ ਹਨ। ਪੰਜਾਬੀ ਵਿਚੋਂ ਕਨਵੀਨਰ ਸੁੱਚਾ ਸਿੰਘ ਛੋਟੇਪੁਰ, ਲੋਕ ਸਭਾ ਮੈਂਬਰ ਭਗਵੰਤ ਮਾਨ, ਲੋਕ ਸਭਾ ਮੈਂਬਰ ਸਾਧੂ ਸਿੰਘ, ਯਾਮਿਨੀ ਗੋਮਰ, ਬਲਜਿੰਦਰ ਕੌਰ ਤੇ ਹਰਜੋਤ ਬੈਂਸ ਸ਼ਾਮਲ ਹਨ। ਕਾਰਜਕਾਰਨੀ ਨੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਹੀ ਚੁਣਿਆ ਹੈ।


ਪੰਜਾਬ ਵਿਚ 2017 ਦੀਆਂ ਵਿਧਾਨ ਸਭਾ ਹੋਣ ਕਾਰਨ ਪੰਜਾਬ ਨੂੰ ਤਰਜੀਹ ਦਿੱਤੀ ਹੈ ਕਿਉਂਕਿ ਆਮ ਆਮ ਪਾਰਟੀ ਲਈ ਪੰਜਾਬ ਦੀ ਜਿੱਤ ਬਹੁਤ ਜ਼ਰੂਰੀ ਹੈ। ਕੇਜਰੀਵਾਲ ਨੇ ਕਿਹਾ ਹੈ ਕਿ ਉਹ ਉਨ੍ਹਾਂ ਰਾਜਾਂ ਵਿਚ ਹੀ ਚੋਣ ਲੜਨਗੇ ਜਿਥੇ ਪਾਰਟੀ ਜਿੱਤੇਗਾ। ਇਸੇ ਕਰ ਕੇ ਕੇਜਰੀਵਾਲ ਦੀ ਲੀਡਰਸ਼ਿਪ ਨੂੰ ਕਾਰਜਕਾਰਨੀ ਵਿਚ ਅਹਿਮ ਥਾਂ ਦੇਣਾ ਚਾਹੁੰਦੇ ਸਨ।



ਭਗਵੰਤ ਮਾਨ



ਪ੍ਰੋ: ਸਾਧੂ ਸਿੰਘ



ਬਲਜਿੰਦਰ ਕੌਰ



ਯਾਮਿਨੀ ਗੋਮਰ

## ਨਾਮਧਾਰੀ ਸ਼ਰਧਾਲੂਆਂ ਵੱਲੋਂ ਦਿੱਲੀ 'ਚ ਸ਼ਾਂਤੀ ਮਾਰਚ

**ਨਵੀਂ ਦਿੱਲੀ:** ਨਾਮਧਾਰੀ ਦਰਬਾਰ ਦੇ ਸ਼ਰਧਾਲੂਆਂ ਵੱਲੋਂ ਦਿੱਲੀ ਦੇ ਬਾਰਾਖੰਭਾ ਰੋਡ ਤੋਂ ਲੈ ਕੇ ਜੰਤਰ-ਮੰਤਰ ਤੱਕ ਸ਼ਾਂਤੀ ਮਾਰਚ ਕੀਤਾ ਗਿਆ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਨਾਂ ਮੈਮੋਰੰਡਮ ਦੇ ਕੇ ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰ ਕੇ ਢੁਕਵੀਂ ਸਜ਼ਾ ਦੇਣ ਦੀ ਮੰਗ ਕੇਂਦਰ ਸਰਕਾਰ ਤੋਂ ਕੀਤੀ ਗਈ।




ਇਸ ਸ਼ਾਂਤੀ ਮਾਰਚ ਵਿਚ ਅਨੁਸ਼ਾਸਨ ਵਿਚ ਬੱਝੇ ਹਜ਼ਾਰਾਂ ਨਾਮਧਾਰੀ ਸਿੱਖਾਂ ਨੇ ਸ਼ਿਰਕਤ ਕੀਤੀ। ਇਸ ਸ਼ਾਂਤੀ ਮਾਰਚ ਦੇ ਮੂਹਰੇ ਮਾਤਾ ਚੰਦ ਕੌਰ ਦੀ ਵੱਡੀ ਤਸਵੀਰ ਵਾਲੀ ਗੱਡੀ ਚੱਲ ਰਹੀ ਸੀ ਤੇ ਪਿੱਛੇ-ਪਿੱਛੇ ਨਾਮਧਾਰੀ ਸਿੱਖ ਆਪਣੀ ਸਫੈਦ ਪ੍ਰੰਪਰਿਕ ਪੁਸ਼ਾਕਾਂ ਪਾਈ ਚੱਲ ਰਹੇ ਸਨ ਜਿਨ੍ਹਾਂ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਉਪਰ ਮਾਤਾ ਚੰਦ ਕੌਰ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਤੇ ਇਨਸਾਫ ਦੇਣ ਦੀ ਮੰਗ ਕਰਦੇ ਨਾਅਰੇ ਲਿਖੇ ਹੋਏ ਸਨ। ਜੰਤਰ-ਮੰਤਰ ਤੱਕ ਪੁੱਜ ਕੇ ਇਹ ਰੈਲੀ ਜਲਸੇ ਵਿਚ ਤਬਦੀਲ ਹੋ ਗਈ ਜਿਸ ਨੂੰ ਹਰਭਾਗ ਸਿੰਘ ਨਾਮਧਾਰੀ, ਸੁਖਵਿੰਦਰ ਸਿੰਘ ਨਾਮਧਾਰੀ, ਕਸ਼ਮੀਰ ਸਿੰਘ ਕਰੀਵਾਲਾ ਤੇ ਪੂਰਨ ਸਿੰਘ ਵਿਰਕ ਸਮੇਤ ਹੋਰ ਸ਼ਰਧਾਲੂਆਂ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਕਿਹਾ ਕਿ ਮਾਤਾ ਚੰਦ ਕੌਰ ਨੇ ਕਦੇ ਕਿਸੇ ਦਾ ਬੁਰਾ ਨਹੀਂ ਸੀ ਤੱਕਿਆ ਤੇ ਹਮੇਸ਼ਾਂ ਲੋੜਵੰਦਾਂ ਦੀ ਮਦਦ ਕੀਤੀ ਸੀ। ਉਨ੍ਹਾਂ ਘਰ ਵਸਾਏ, ਰੋਗੀਆਂ ਦੀ ਸੇਵਾ ਕੀਤੀ ਤੇ ਸਤਿਗੁਰੂ ਜਗਜੀਤ ਸਿੰਘ ਦੇ ਸੁਪਨੇ ਸ੍ਰੀ ਭੈਣੀ ਸਾਹਿਬ ਨੂੰ ਸਾਕਾਰ ਰੂਪ ਦੇਣ ਲਈ ਅਮਲੀ ਰੂਪ ਵਿਚ ਕੰਮ ਕੀਤਾ। ਬੁਲਾਰਿਆਂ ਦੇ ਬੋਲਾਂ ਵਿਚੋਂ ਮਾਤਾ ਚੰਦ ਕੌਰ ਦੇ ਕਤਲ ਕਾਰਨ ਗੁੱਸਾ, ਨਿਰਾਸ਼ਾ, ਪ੍ਰੇਸ਼ਾਨੀ ਤੇ ਉਦਾਸੀ ਤੇ ਚਿੰਤਾ ਸਾਫ ਝਲਕ ਰਹੀ ਸੀ ਕਿ ਲੋਕ ਸੇਵਾ ਵਿਚ ਲੀਨ ਅਜਿਹੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਅਣਆਈ ਮੌਤ ਜਾਣਾ ਪਵੇਗਾ, ਪਰ ਸਰਕਾਰਾਂ ਨੂੰ ਇਸ ਕਤਲ ਦੀ ਪੀੜ ਕਿਉਂ ਨਹੀਂ ਹੋ ਰਹੀ। ਬੁਲਾਰਿਆਂ ਨੇ ਕਿਹਾ ਕਿ ਤਿੰਨ ਹਫਤਿਆਂ ਤੋਂ ਵਧ ਸਮਾਂ ਇਸ ਕਤਲ ਕਾਂਡ ਵਾਪਰੇ ਨੂੰ ਹੋ ਗਿਆ ਹੈ, ਪਰ ਫਿਰ ਵੀ ਸਰਕਾਰ ਵੱਲੋਂ ਗਠਤ ਕੀਤੀ ਗਈ 'ਵਿਸ਼ੇਸ਼ ਜਾਂਚ ਟੀਮ' ਦੇ ਪੱਲੇ ਕੁਝ ਨਹੀਂ ਪਿਆ ਹੈ।

ਸ੍ਰੀ ਰਾਜਨਾਥ ਸਿੰਘ ਦੇ ਨਾਂ ਦਿੱਤੇ ਗਏ ਯਾਦ ਪੱਤਰ ਵਿਚ ਚੰਦ ਕੌਰ ਦੇ ਕਾਤਲਾਂ ਨੂੰ ਤੁਰਤ ਗ੍ਰਿਫਤਾਰ ਕਰਨ ਤੇ ਸਜ਼ਾ ਦੇ ਕੇ ਇਨਸਾਫ ਦੇਣ ਦੀ ਮੰਗ ਕੀਤੀ ਗਈ। ਇਸ ਯਾਦ ਪੱਤਰ ਵਿਚ ਨਾਮਧਾਰੀ ਦਰਬਾਰ ਦੀ ਸਮਾਜ ਨੂੰ ਦੇਣ ਤੇ ਸਤਿਗੁਰੂ ਜਗਜੀਤ ਸਿੰਘ ਸਮੇਤ ਦਰਬਾਰ ਵੱਲੋਂ ਕੀਤੇ ਜਾਂਦੇ ਕਾਰਜਾਂ ਦਾ ਉਚੇਚਾ ਜ਼ਿਕਰ ਕੀਤਾ ਗਿਆ।

### ਫੂਲਕਾ ਨੂੰ ਕਮੇਟੀ ਤੋਂ ਲਾਂਭੇ ਰੱਖਣ ਦੀ ਛਿੜੀ ਚਰਚਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਉਘੇ ਵਕੀਲ ਐਚ.ਐਸ. ਫੂਲਕਾ ਦੀ ਇਕ ਵੀਡੀਓ ਨੇ ਪਾਰਟੀ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਐਚ.ਐਸ. ਫੂਲਕਾ ਨੇ ਆਪਣੇ ਫੇਸਬੁੱਕ ਅਕਾਊਂਟ 'ਤੇ ਇਕ ਵੀਡੀਓ ਅੱਪਲੋਡ ਕੀਤੀ ਹੈ ਜਿਸ ਵਿਚ ਉਨ੍ਹਾਂ ਟਿਕਟਾਂ ਦੇ ਚਾਹਵਾਨ ਲੋਕਾਂ ਨੂੰ ਉਨ੍ਹਾਂ ਤੱਕ ਕੋਈ ਪਹੁੰਚ ਨਾ ਕਰਨ ਲਈ ਆਖਿਆ ਹੈ। ਫੂਲਕਾ ਨੇ ਆਖਿਆ ਹੈ ਕਿ ਟਿਕਟਾਂ ਵੰਡਣ ਦੇ ਮਾਮਲੇ ਵਿਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੋਵੇਗੀ। ਉਨ੍ਹਾਂ ਸਪਸ਼ਟ ਕੀਤਾ ਕਿ ਟਿਕਟਾਂ ਦੀ ਵੰਡ ਵਿਚ ਚਾਹਵਾਨ ਸਿਰਫ ਪੰਜਾਬ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨਾਲ ਹੀ ਸੰਪਰਕ ਕਰਨ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ 'ਆਪ' ਵੱਲੋਂ ਬਣਾਈ ਗਈ ਨੈਸ਼ਨਲ ਐਗਜ਼ੀਕਿਊਟਿਵ ਕਮੇਟੀ ਵਿਚ ਵੀ ਐਚ.ਐਸ. ਫੂਲਕਾ ਨੂੰ ਸ਼ਾਮਲ ਨਾ ਕੀਤੇ ਜਾਣ 'ਤੇ ਪਾਰਟੀ ਵਿਚ ਕਈ ਤਰ੍ਹਾਂ ਦੀ ਚਰਚਾ ਛਿੜ ਪਈ ਸੀ ਕਿ ਸ੍ਰੀ ਫੂਲਕਾ ਨੂੰ 'ਆਪ' ਨੇ ਪੰਜਾਬ ਦੀ ਸਿਆਸਤ ਤੋਂ ਹਾਸ਼ੀਏ ਉਤੇ ਧੱਕ ਦਿੱਤਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਹ 'ਆਪ' ਦੇ ਵਲੰਟੀਅਰਾਂ ਜਾਂ ਆਗੂਆਂ ਨੂੰ ਘੁਮੰਡ ਕਰ ਕੇ ਨਹੀਂ ਮਿਲ ਰਹੇ ਸਗੋਂ ਉਹ ਵੀ ਪਾਰਟੀ ਵਿਚ ਇਕ ਆਮ ਵਰਕਰ ਵਜੋਂ ਹੀ ਵਿਚਰ ਰਹੇ ਹਨ।



# ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਬਰਾਬਰ ਸਰਗਰਮੀ ਵਿੱਢਣਗੇ

**ਅੰਮ੍ਰਿਤਸਰ:** ਪਿਛਲੇ ਸਾਲ ਅੰਮ੍ਰਿਤਸਰ ਵਿਖੇ ਸੱਦੇ ਸਰਬੱਤ ਖਾਲਸਾ ਵੱਲੋਂ ਥਾਪੇ ਪੰਜਾਂ ਤਖਤਾਂ ਦੇ ਜਥੇਦਾਰ ਜਲਦ ਹੀ ਅਕਾਲ ਤਖਤ ਨੇੜੇ ਨਵਾਂ ਸਕੱਤਰੇਤ ਸਥਾਪਤ ਕਰਨਗੇ। ਇਸ ਦੇ ਨਾਲ ਹੀ ਉਹ ਪੰਥ ਨਾਲ ਸਬੰਧਤ ਫੈਸਲੇ ਵਿਚਾਰ ਕੇ ਉਨ੍ਹਾਂ ਬਾਰੇ ਆਪਣੇ ਹੁਕਮਨਾਮੇ ਜਾਰੀ ਕਰਨਗੇ। ਇਹ ਖੁਲਾਸਾ ਸਰਬੱਤ ਖਾਲਸਾ ਵੱਲੋਂ ਥਾਪੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕੀਤਾ ਹੈ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਨੇੜੇ ਬਣਾਇਆ ਜਾਣ ਵਾਲਾ ਸਕੱਤਰੇਤ 15 ਮਈ ਤੋਂ ਬਾਅਦ ਹੋਂਦ ਵਿਚ ਆਵੇਗਾ। ਸਰਬੱਤ ਖਾਲਸਾ ਵੱਲੋਂ ਥਾਪੇ ਪੰਜਾਂ ਤਖਤਾਂ ਦੇ ਜਥੇਦਾਰ ਅਗਲੇ ਮਹੀਨੇ ਤੋਂ ਇਥੋਂ ਕੌਮ ਦੇ ਨਾਮ ਸੰਦੇਸ਼, ਆਦੇਸ਼ ਤੇ ਹੁਕਮਨਾਮੇ ਜਾਰੀ ਕਰਨਗੇ। ਉਨ੍ਹਾਂ 10 ਨਵੰਬਰ ਨੂੰ ਤਲਵੰਡੀ ਸਾਬੋ ਵਿਖੇ ਬੁਲਾਏ ਗਏ ਸਰਬੱਤ ਖਾਲਸਾ ਲਈ ਸਮੂਚੀਆਂ ਸਿੱਖ ਜਥਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਿਚ ਸ਼ਾਮਲ ਹੋਣ। ਜਥੇਦਾਰ ਦਾਦੂਵਾਲ ਮੁਤਬਕ 4 ਮਈ ਨੂੰ ਤਖਤ



ਸ੍ਰੀ ਹਜ਼ੂਰ ਸਾਹਿਬ, 6 ਮਈ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ, 10 ਮਈ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, 13 ਮਈ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੇ 15 ਮਈ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹਾਜ਼ਰੀ ਲਵਾਉਣ ਤੋਂ ਬਾਅਦ ਸਾਰੇ ਤਖਤਾਂ ਦੇ ਜਥੇਦਾਰ ਅੰਮ੍ਰਿਤਸਰ ਵਿਖੇ ਬਣਾਏ ਜਾਂ ਵਾਲੇ ਸਕੱਤਰੇਤ ਵਿਚ ਬੈਠਣਗੇ। ਇਸ ਦੇ ਨਾਲ ਰਹੀ ਉਨ੍ਹਾਂ ਵੱਲੋਂ ਆਪਣਾ ਆਪਣਾ ਕੰਮ ਕਾਜ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਫੈਸਲੇ ਨਾਲ ਆਉਂਦੇ ਦਿਨਾਂ ਵਿਚ ਸਿੱਖ ਸਿਆਸਤ ਭਖਣ ਦੇ ਸੰਕੇਤ ਮਿਲੇ ਹਨ।

ਯਾਦ ਰਹੇ ਕਿ ਸਰਬੱਤ ਖਾਲਸਾ ਸਮਾਗਮ ਵਿਚ ਮੌਜੂਦਾ ਜਥੇਦਾਰਾਂ ਨੂੰ ਰੱਦ ਕਰਦਿਆਂ ਪੰਜਾਬ ਵਿਚਲੇ ਤਿੰਨ ਤਖ਼ਤਾਂ ਦੇ ਨਵੇਂ ਜਥੇਦਾਰਾਂ ਦਾ ਐਲਾਨ ਕੀਤਾ ਗਿਆ ਸੀ। ਅਕਾਲ ਤਖ਼ਤ ਦੇ ਜਥੇਦਾਰ ਵਜੋਂ ਜੇਲ੍ਹ ਵਿਚ ਬੰਦ ਜਗਤਾਰ ਸਿੰਘ ਹਵਾਰਾ ਦਾ ਨਾਂ ਐਲਾਨਿਆ ਗਿਆ ਸੀ, ਪਰ ਉਸ ਦੀ ਗੈਰਹਾਜ਼ਰੀ ਵਿਚ ਭਾਈ ਧਿਆਨ ਸਿੰਘ ਮੰਡ ਨੂੰ ਕਾਰਜਕਾਰੀ ਜਥੇਦਾਰ ਥਾਪ ਦਿੱਤਾ ਗਿਆ।

ਇਸੇ ਤਰ੍ਹਾਂ ਤਖ਼ਤ ਸ੍ਰੀ ਕੇਸਗੜ੍ਹ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਲਈ ਕ੍ਰਮਵਾਰ ਭਾਈ ਅਮਰੀਕ ਸਿੰਘ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਦੇ ਨਾਂ ਦਾ ਐਲਾਨ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ਮਗਰੋਂ ਦੇਸ਼ਧਰੋਹ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਹੁਣ ਇਹ ਜ਼ਮਾਨਤ 'ਤੇ ਰਿਹਾਅ ਹਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਪੂੰ ਥਾਪੇ ਜਥੇਦਾਰਾਂ ਵੱਲੋਂ ਅਕਾਲ ਤਖ਼ਤ ਦੇ ਬਰਾਬਰ ਕਾਰਵਾਈ ਚਲਾਏ ਜਾਣ ਨੂੰ ਅਣਉਚਿਤ ਕਰਾਰ ਦਿੱਤਾ ਹੈ।

# ਲਾਕਾਨੂੰਨੀ ਨੇ ਹੱਦ ਬੰਨ੍ਹੇ ਟੱਪੇ

*(ਸਫਾ ਇਕ ਦੀ ਬਾਕੀ)*

ਸਿਆਸਤਦਾਨਾਂ ਵੱਲੋਂ ਇਨ੍ਹਾਂ ਗਰੋਹਾਂ ਅਤੇ ਪਿੰਡਾਂ ਵਿਚਲੇ ਸਮਗਲਰਾਂ ਦੀ ਪੁਸ਼ਤਪਨਾਹੀ ਨੇ ਇਨ੍ਹਾਂ ਅਪਰਾਧੀਆਂ ਦਾ ਦਬਦਬਾ ਵਧਾਉਣਾ ਸ਼ੁਰੂ ਕੀਤਾ। ਇਹੀ ਵਜ੍ਹਾ ਹੈ ਕਿ ਰੌਕੀ 2012 ਵਿਚ ਫਾਜ਼ਿਲਕਾ ਵਿਧਾਨ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਿਆ ਅਤੇ ਭਾਜਪਾ ਨੇਤਾ ਸੁਰਜੀਤ ਕੁਮਾਰ ਜਿਆਣੀ ਨੂੰ ਤਕੜੀ ਟੱਕਰ ਦਿੱਤੀ।

ਰੌਕੀ ਵਿਰੁੱਧ ਇਕ ਸਮੇਂ ਕਤਲਾਂ, ਰਾਹਜ਼ਨੀਆਂ, ਲੁੱਟਾਂ-ਖੋਹਾਂ, ਡਾਕਿਆਂ ਆਦਿ ਦੇ 22 ਕੇਸ ਸਨ। ਇਨ੍ਹਾਂ ਕੇਸਾਂ ਦੇ ਬਾਵਜੂਦ ਉਹ ਕਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਸ਼ੇਰ ਸਿੰਘ ਘੁਬਾਇਆ ਦੀਆਂ ਰੈਲੀਆਂ ਵਿਚ ਆਗੂ ਵਜੋਂ ਵਿਚਰਦਾ ਰਿਹਾ ਅਤੇ ਕਦੇ ਪੰਜਾਬ ਦੇ ਕਾਂਗਰਸੀ ਆਗੂਆਂ ਨਾਲ ਤੱਤਕਾਲੀਨ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਦੇ ਦਿੱਲੀ ਸਥਿਤ ਬੰਗਲੇ ਵਿਚ ਹਾਜ਼ਰੀ ਭਰਦਾ ਰਿਹਾ। ਜੇਲ੍ਹ ਵਿਭਾਗ ਦੇ ਵੇਰਵਿਆਂ ਅਨੁਸਾਰ ਇਸ ਵੇਲੇ ਸਮੁੱਚੇ ਪੰਜਾਬ ਦੀਆਂ ਜੇਲ੍ਹਾਂ ਅੰਦਰ 254 ਗੈਂਗਸਟਰ 1200 ਤੋਂ ਵੱਧ ਅਪਰਾਧਕ ਮਾਮਲਿਆਂ ਵਿਚ ਬੰਦ ਹਨ। ਹੈਰਾਨੀ ਦੀ ਗੱਲ ਹੈ ਕਿ ਇਕ-ਇਕ ਗੈਂਗਸਟਰ ਦੋ-ਦੋ ਦਰਜਨ ਮਾਮਲਿਆਂ ਦਾ ਦੋਸ਼ੀ ਹੈ।

ਜੇਲ੍ਹਾਂ ਵਿਚ ਬੰਦ ਇਨ੍ਹਾਂ ਗੈਂਗਸਟਰਾਂ ਕੋਲ ਮੋਬਾਈਲ ਫੋਨ ਵੀ ਹਨ ਤੇ ਇਨ੍ਹਾਂ ਦੇ ਫੇਸਬੁੱਕ ਅਕਾਊਂਟ ਵੀ ਰੋਜ਼ਾਨਾ ਅਪਡੇਟ ਹੁੰਦੇ ਹਨ। ਫੇਸਬੁੱਕ 'ਤੇ ਇਕ ਦੂਸਰੇ ਨੂੰ ਮਾਰ ਦੇਣ ਤੱਕ ਦੀਆਂ ਧਮਕੀਆਂ ਅਤੇ ਖੌਫ਼ ਪੈਦਾ ਕਰਦੀਆਂ ਹਥਿਆਰਾਂ ਨਾਲ ਲੈਸ ਤਸਵੀਰਾਂ ਵੀ ਅਪਲੋਡ ਕੀਤੀਆਂ ਜਾਂਦੀਆਂ ਹਨ। ਸਕੂਲਾਂ, ਕਾਲਜਾਂ ਵਿਚ ਜਥੇਬੰਦਕ ਗਰੁੱਪ ਵੀ ਇਨ੍ਹਾਂ ਗੈਂਗਸਟਰਾਂ ਦੇ ਨਾਵਾਂ ਹੇਠ ਸ਼ਰੇਆਮ ਬਣ ਰਹੇ ਹਨ।

ਵਿਦਿਆਰਥੀ ਜਥੇਬੰਦੀਆਂ ਨੂੰ ਵੋਟਾਂ ਲਈ ਆਪਣੇ ਨਾਲ ਜੋੜਨ ਦੇ ਲਾਲਚ ਕਾਰਨ ਵੀ ਕੁਰਾਹੇ ਪਈ ਇਸ ਨੌਜਵਾਨ ਪੀੜ੍ਹੀ ਦੇ ਹੌਸਲੇ ਵਧਦੇ ਜਾ ਰਹੇ ਹਨ। ਇਸ ਵੇਲੇ ਪਟਿਆਲਾ ਜੇਲ੍ਹ ਵਿਚ ਸਭ ਤੋਂ ਵੱਧ 37 ਗੈਂਗਸਟਰ ਹਨ। ਇਸ ਤੋਂ ਬਿਨਾਂ ਗੁਰਦਾਸਪੁਰ ਵਿਚ 27, ਫਰੀਦਕੋਟ 'ਚ 21, ਕਪੂਰਥਲਾ ਵਿਚ 21, ਅੰਮ੍ਰਿਤਸਰ ਵਿਚ 13, ਬਠਿੰਡਾ 'ਚ 13, ਨਾਭਾ 'ਚ 31, ਸੰਗਰੂਰ ਵਿਚ 21, ਮਾਨਸਾ ਵਿਚ 10, ਨਾਭਾ ਓਪਨ ਵਿਚ 18, ਲੁਧਿਆਣਾ 'ਚ 6, ਹੁਸ਼ਿਆਰਪੁਰ ਵਿਚ 3 ਅਤੇ ਰੋਪੜ ਜੇਲ੍ਹ ਵਿਚ 9 ਗੈਂਗਸਟਰ ਬੰਦ ਹਨ। ਇਨ੍ਹਾਂ ਵਿਚੋਂ ਵੱਡੀ ਗਿਣਤੀ ਗੈਂਗਸਟਰ ਖਿਡਾਰੀ ਹਨ ਜੋ ਆਪਣੇ ਚੰਗੇ ਕੈਰੀਅਰ ਨੂੰ ਛੱਡ ਕੇ ਸ਼ੌਕ ਲਈ ਇਧਰ ਆਏ ਹਨ।

ਗੈਂਗਸਟਰ ਰੌਕੀ ਦੀ ਹੱਤਿਆ ਤੋਂ ਬਾਅਦ ਪੁਲਿਸ ਨੂੰ ਇਨ੍ਹਾਂ ਦੀ ਤਾਕਤ ਦਾ ਪਤਾ ਲੱਗਿਆ ਹੈ। ਇਨ੍ਹਾਂ ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਪੰਜਾਬ ਪੁਲਿਸ ਦੇ ਹੌਲਦਾਰ 'ਤੇ ਹਮਲਾ ਕਰ ਕੇ ਉਸ ਦੀ ਕਾਰਬਾਈਨ ਖੋਹ ਲਈ ਗਈ। ਦੁਆਬੇ ਅਤੇ ਮਾਝੇ ਵਿਚ ਜੱਗੂ ਭਗਵਾਨਪੁਰੀਆ, ਗੋਪੀ ਡੱਲੇਵਾਲੀਆ ਅਤੇ ਪ੍ਰੇਮਾ ਲਾਹੌਰੀਆ ਬੜੇ ਮਸ਼ਹੂਰ ਗੈਂਗ ਹਨ। ਕੁਝ ਸਮਾਂ ਪਹਿਲਾਂ ਹੀ ਸੁੱਖਾ ਕਾਹਲਵਾਂ ਦੇ ਕਤਲ ਦੇ ਪਿੱਛੋਂ ਇਨ੍ਹਾਂ ਪੰਜਾਬ ਵਿਚ ਵਿਚਰਦੇ ਗਰੋਹਾਂ ਦੇ ਨਾਂ ਹੋਰ ਵੀ ਉਭਰ ਕੇ ਸਾਹਮਣੇ ਆਏ ਸਨ। ਤਾਜ਼ਾ ਘਟਨਾਵਾਂ ਨੇ ਅਮਨ-ਕਾਨੂੰਨ ਦੀ ਰਾਖੀ ਲਈ ਜ਼ਿੰਮੇਵਾਰ ਪੁਲਿਸ ਅੰਦਰ ਵੀ ਬੇਚੈਨੀ ਪੈਦਾ ਕੀਤੀ ਹੈ। ਇਸ ਬਾਰੇ ਪੰਜਾਬ ਦੇ ਪੁਲਿਸ ਮੁਖੀ ਨੇ ਵਿਸ਼ੇਸ਼ ਟਾਸਕ ਫੋਰਸ ਕਾਇਮ ਕਰਨ ਦੀ ਹਦਾਇਤ ਦਿੱਤੀ ਹੈ।

## ਜੇਲ੍ਹਾਂ ਵਿਚ ਗੈਂਗਸਟਰਾਂ ਦੀ ਹਕੂਮਤ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ 254 ਗੈਂਗਸਟਰ ਬੰਦ ਹਨ ਤੇ ਉਨ੍ਹਾਂ ਲਈ ਇਹ ਜੇਲ੍ਹਾਂ ਕਿਸੇ ਸਵਰਗ ਤੋਂ ਘੱਟ ਨਹੀਂ। ਜੇਲ੍ਹਾਂ ਵਿਚ ਗੈਂਗਸਟਰਾਂ ਦੀ ਹਕੂਮਤ ਚੱਲਦੀ ਹੈ ਤੇ ਸਿਆਸੀ ਢਾਲ ਸਦਕਾ ਇਨ੍ਹਾਂ ਦਾ ਵਾਲ ਵਿੰਗਾ ਨਹੀਂ ਹੁੰਦਾ ਹੈ। ਪੰਜਾਬ ਵਿਚ ਪਿਛਲੇ ਸੱਤ ਕੁ ਸਾਲਾਂ ਤੋਂ ਗੈਂਗਸਟਰਾਂ ਦੀ ਗਿਣਤੀ ਬਹੁਤ ਜ਼ਿਆਦਾ ਵਧੀ ਹੈ ਤੇ ਗੈਂਗਵਾਰਜ਼ ਵਿਚ ਵੀ ਵਾਧਾ ਹੋਇਆ ਹੈ। ਜੇਲ੍ਹਾਂ ਵਿਚ ਬੰਦ ਗੈਂਗਸਟਰ ਮੋਬਾਈਲ ਫੋਨ ਅਤੇ ਫੇਸਬੁੱਕ ਦੀ ਵਰਤੋਂ ਕਰਦੇ ਹਨ ਤੇ ਜੇਲ੍ਹਾਂ ਵਿਚੋਂ ਫਿਰੌਤੀਆਂ ਵੀ ਮੰਗਦੇ ਹਨ। ਬਹੁਤੇ ਗੈਂਗਸਟਰਾਂ ਦੀ ਸਿੱਧੇ-ਅਸਿੱਧੇ ਢੰਗ ਨਾਲ ਸਿਆਸੀ ਆਗੂਆਂ ਅਤੇ ਪੁਲਿਸ ਅਫ਼ਸਰਾਂ ਨਾਲ ਸਾਂਝ ਹੈ। ਪੰਜਾਬ ਦਾ ਨਾਮੀ ਗੈਂਗਸਟਰ ਜੈਪਾਲ ਹਾਲੇ ਤੱਕ ਪੁਲਿਸ ਦੇ ਹੱਥ ਨਹੀਂ ਆ ਸਕਿਆ। ਦਵਿੰਦਰ ਬੰਬੀਹਾ ਭਾਈ, ਤੀਰਥ ਢਿਲਵਾਂ, ਅਸਲਮ, ਗੁਰਚਰਨ ਸੇਵੇਵਾਲਾ ਆਦਿ ਹਾਲੇ ਪੁਲਿਸ ਦੀ ਪਕੜ ਤੋਂ ਬਾਹਰ ਹਨ ਜਦਕਿ ਰੰਮੀ ਮਸਾਣਾ ਇਸ ਵੇਲੇ ਸਿਰਸਾ ਜੇਲ੍ਹ ਵਿਚ ਬੰਦ ਹੈ।

# ਪਠਾਨਕੋਟ ਹਮਲਾ: ਜਾਂਚ ਵਿਚ ਪੁਲਿਸ ਵੱਲ ਉਠੀ ਉਂਗਲ

**ਨਵੀਂ ਦਿੱਲੀ:** ਪਠਾਨਕੋਟ ਵਿਚ ਭਾਰਤੀ ਹਵਾਈ ਫੌਜ ਦੇ ਅੱਡੇ ਉਤੇ ਅਤਿਵਾਦੀ ਹਮਲੇ ਬਾਰੇ ਗ੍ਰਹਿ ਮੰਤਰਾਲੇ ਦੀ ਸੰਸਦੀ ਕਮੇਟੀ ਨੇ ਪੰਜਾਬ ਪੁਲਿਸ ਦੀ ਨਾਕਾਮੀ 'ਤੇ ਗੰਭੀਰ ਸਵਾਲ ਉਠਾਏ ਹਨ। ਹਮਲਾ ਰੋਕਣ ਵਿਚ ਨਾਕਾਮ ਰਹਿਣ ਲਈ ਸਰਕਾਰ ਦੀ ਖਿਚਾਈ ਕਰਦਿਆਂ ਕਮੇਟੀ ਨੇ ਕਿਹਾ ਹੈ ਕਿ ਹਵਾਈ ਫੌਜ ਦੇ ਅੱਡੇ ਦੀ ਸੁਰੱਖਿਆ ਠੋਸ ਨਹੀਂ ਸੀ। ਕਮੇਟੀ ਨੇ ਪੰਜਾਬ ਪੁਲਿਸ ਦੀ ਭੂਮਿਕਾ ਨੂੰ ਸਵਾਲਾਂ ਦੇ ਘੇਰੇ ਵਿਚ ਤੇ ਸ਼ੱਕੀ ਦੱਸਿਆ ਹੈ। ਸੰਸਦ ਵਿਚ ਪੇਸ਼ ਹੋਈ ਗ੍ਰਹਿ ਮੰਤਰਾਲੇ ਨਾਲ ਸਬੰਧਤ ਸਥਾਈ ਕਮੇਟੀ ਦੀ 197ਵੀਂ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੋ ਜਨਵਰੀ ਦੇ ਅਤਿਵਾਦੀ ਹਮਲੇ ਬਾਰੇ ਕਈ ਸਵਾਲ ਖੜ੍ਹੇ ਹੁੰਦੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਪੁਲਿਸ ਦੇ ਐਸ.ਪੀ. ਨੂੰ ਅਗਵਾ ਕਰਨ ਬਾਅਦ ਪੰਜਾਬ ਪੁਲਿਸ ਨੇ ਇਹ ਸਿੱਟਾ ਕੱਢਣ ਵਿਚ ਲੰਬਾ ਸਮਾਂ ਲੈ ਲਿਆ ਕਿ ਅਗਵਾ ਕਾਂਡ ਸਿਰਫ ਅਪਰਾਧਕ ਡਕੈਤੀ ਨਾਲ ਜੁੜਿਆ ਮਾਮਲਾ ਨਹੀਂ, ਸਗੋਂ ਕੌਮੀ ਸੁਰੱਖਿਆ ਦੇ ਸਾਹਮਣੇ ਵੱਡਾ ਖਤਰਾ ਸੀ। ਕਮੇਟੀ ਸਮਝ ਨਹੀਂ ਸਕੀ ਕਿ ਅਤਿਵਾਦੀਆਂ ਨੇ ਐਸ.ਪੀ. ਤੇ ਉਸ ਦੇ ਮਿੱਤਰਾਂ ਨੂੰ ਕਿਉਂ ਛੱਡ ਦਿੱਤਾ ਅਤੇ ਕੌਮੀ ਜਾਂਚ ਏਜੰਸੀ ਨੂੰ ਇਸ ਦੀ ਪੂਰੀ ਜਾਂਚ ਕਰਨੀ ਚਾਹੀਦੀ ਹੈ। ਕਮੇਟੀ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਵਿਚ ਸਰਗਰਮ ਨਸ਼ੀਲੇ ਪਦਾਰਥਾਂ ਦੀ ਸਿੰਡੀਕੇਟ ਦੀ ਭੂਮਿਕਾ ਦੀ ਜਾਂਚ ਵੀ ਹੋਣੀ ਚਾਹੀਦੀ ਹੈ, ਕਿਉਂਕਿ ਅਤਿਵਾਦੀਆਂ ਨੇ ਇਸ ਨੈੱਟਵਰਕ ਦੀ ਮਦਦ ਲਈ ਹੋਵੇਗੀ। ਕਮੇਟੀ ਨੇ ਕਿਹਾ ਕਿ ਇਹ ਗੱਲ ਸਮਝ ਤੋਂ ਪਰ੍ਹੇ ਹੈ ਕਿ ਅਤਿਵਾਦੀ ਹਮਲੇ ਦੇ ਖਦਸ਼ਿਆਂ ਬਾਰੇ ਪਹਿਲਾਂ ਦੱਸੇ ਜਾਣ ਦੇ ਬਾਵਜੂਦ ਅਤਿਵਾਦੀ ਕਿਵੇਂ ਹਵਾਈ ਅੱਡੇ ਵਿਚ ਦਾਖਲ ਹੋ ਗਏ। ਉਸ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਪਹਿਲਾਂ ਅਗਵਾ ਕੀਤੇ ਤੇ ਬਾਅਦ ਵਿਚ ਛੱਡੇ ਗਏ ਪਠਾਨਕੋਟ ਦੇ ਐਸ.ਪੀ. ਤੇ ਉਸ ਦੇ ਮਿੱਤਰਾਂ ਤੋਂ ਠੋਸ ਤੇ ਭਰੋਸੇਯੋਗ ਜਾਣਕਾਰੀ ਹਾਸਲ ਹੋਣ ਅਤੇ ਅਤਿਵਾਦੀਆਂ ਤੇ ਉਨ੍ਹਾਂ ਦੇ ਰਹਿਬਰਾਂ ਵਿਚਾਲੇ ਗੱਲਬਾਤ ਨੂੰ ਸੁਣੇ ਜਾਣ ਤੋਂ ਬਾਅਦ ਵੀ ਸੁਰੱਖਿਆ ਏਜੰਸੀਆਂ ਦੀ ਤਿਆਰੀ ਐਨੀ ਖਰਾਬ ਸੀ ਕਿ ਉਹ ਸਮੇਂ 'ਤੇ ਖਤਰੇ ਨੂੰ ਨਾ ਸਮਝ ਸਕੇ ਤੇ ਨਾ ਹੀ ਤੁਰੰਤ ਅਤੇ ਅਸਰਦਾਰ ਜਵਾਬ ਦੇ ਸਕੇ। ਕਮੇਟੀ ਦਾ ਮੰਨਣਾ ਹੈ ਕਿ ਦੇਸ਼ ਦੇ ਅਤਿਵਾਦ ਵਿਰੋਧੀ ਸੁਰੱਖਿਆ ਢਾਂਚੇ ਵਿਚ ਕੁਝ ਗੰਭੀਰ ਤੌਰ 'ਤੇ ਗਲਤ ਹੈ।

ਹਵਾਈ ਅੱਡੇ ਦੇ ਦੌਰੇ ਦੌਰਾਨ ਕਮੇਟੀ ਨੇ ਦੇਖਿਆ ਕਿ ਰਣਨੀਤਿਕ ਤੌਰ ਉਤੇ ਅਹਿਮ ਇਸ ਅੱਡੇ ਦੇ ਨੇੜੇ ਕੋਈ ਕੰਧ ਨਹੀਂ। ਉਥੇ ਉਚੀਆਂ ਝਾੜੀਆਂ ਤੇ ਦਰਖਤ ਹਨ ਜੋ ਅਤਿਵਾਦੀਆਂ ਦੇ ਲੁਕਣ ਲਈ ਸਵਰਗ ਤੇ ਸੁਰੱਖਿਆ ਬਲਾਂ ਲਈ ਮੁਸੀਬਤ ਹਨ। ਹਵਾਈ ਅੱਡੇ ਦਾ ਸੁਰੱਖਿਆ ਬੰਦੋਬਸਤ ਰੱਬ ਆਸਰੇ ਹੈ। ਕਮੇਟੀ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਹਮਲਾ ਪਾਕਿਸਤਾਨ ਸਥਿਤ ਜੈਸ਼-ਏ-ਮੁਹੰਮਦ ਨੇ ਕੀਤਾ। ਇਹ ਗੱਲ ਐਸ.ਪੀ. ਤੇ ਉਸ ਦੇ ਮਿੱਤਰਾਂ ਪਾਸੋਂ ਖੋਹੇ ਫੋਨ ਦੀ ਅਤਿਵਾਦੀਆਂ ਵੱਲੋਂ ਕੀਤੀ ਵਰਤੋਂ ਤੋਂ ਪਤਾ ਲੱਗੀ ਹੈ।

ਮਾਰੇ ਗਏ ਅਤਿਵਾਦੀਆਂ ਤੋਂ ਹਥਿਆਰ ਵੀ ਪਾਕਿਸਤਾਨ ਦੇ ਹੀ ਮਿਲੇ ਹਨ। ਜਿਸ ਢੰਗ ਨਾਲ ਅਤਿਵਾਦੀ ਅੱਡੇ ਵਿਚ ਦਾਖਲ ਹੋਏ ਉਸ ਤੋਂ ਸਾਫ ਹੈ ਕਿ ਇਹ ਕੰਮ ਪਾਕਿਸਤਾਨ ਦੀਆਂ ਸੁਰੱਖਿਆ ਤੇ ਖੁਫ਼ੀਆ ਏਜੰਸੀਆਂ ਦੀ ਮਦਦ ਬਗੈਰ ਸੰਭਵ ਨਹੀਂ। ਕਮੇਟੀ ਨੇ ਕਿਹਾ ਕਿ ਸਰਹੱਦ 'ਤੇ ਕੰਡਿਆਲੀ ਤਾਰ ਤੇ ਫਲੱਡਲਾਈਟਾਂ ਹੋਣ ਤੇ ਬੀ.ਐਸ.ਐਫ. ਦੀ ਗਸ਼ਤ ਦੇ ਬਾਵਜੂਦ ਪਾਕਿਸਤਾਨੀ ਅਤਿਵਾਦੀ ਭਾਰਤ ਵਿਚ ਘੁਸਪੈਠ ਕਰਨ ਵਿਚ ਕਾਮਯਾਬ ਰਹੇ।

## ਹਾਕਮ ਧਿਰ ਨੂੰ ਬਾਗੀਆਂ ਦੀ ਲਲਕਾਰ

*(ਸਫਾ ਇਕ ਦੀ ਬਾਕੀ)*

ਕੀਤੇ ਹੋਏ ਹਨ। ਉਧਰ ਇਹ ਵੀ ਚਰਚਾ ਹੁੰਦੀ ਰਹੀ ਕਿ ਪਰਗਟ ਸਿੰਘ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ ਕਿਉਂਕਿ ਉਨ੍ਹਾਂ ਦੇ ਦੋ ਸਾਥੀ ਓਲੰਪੀਅਨ ਹਰਦੀਪ ਗਰੇਵਾਲ ਤੇ ਕੌਮਾਂਤਰੀ ਖਿਡਾਰੀ ਜਗਦੀਪ ਰਿੰਪੀ ਪਹਿਲਾਂ ਹੀ 'ਆਪ' ਵਿਚ ਜਾ ਚੁੱਕੇ ਹਨ। ਭਾਜਪਾ ਦੀ ਸੀਨੀਅਰ ਲੀਡਰ ਤੇ ਪੰਜਾਬ ਦੀ ਸਾਬਕਾ ਸਿਹਤ ਮੰਤਰੀ ਲਕਸ਼ਮੀ ਕਾਂਤਾ ਨੇ ਵੀ ਪੰਜਾਬ ਸਰਕਾਰ ਵੱਲੋਂ ਨਵੇਂ ਮੁੱਖ ਸੰਸਦੀ ਸਕੱਤਰ ਨਿਯੁਕਤ ਕੀਤੇ ਜਾਣ 'ਤੇ ਸਵਾਲ ਖੜ੍ਹੇ ਕਰ ਕੇ ਹਾਕਮ ਧਿਰ ਨੂੰ ਕਸੂਤੀ ਫਸਾ ਦਿੱਤਾ ਹੈ। ਚਾਵਲਾ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਅਜਿਹਾ ਕਰਨਾ ਸਰਕਾਰੀ ਖ਼ਜ਼ਾਨੇ ਤੇ ਜਨਤਾ ਦੀ ਕਮਾਈ 'ਤੇ ਡਾਕੇ ਦੇ ਬਰਾਬਰ ਹੈ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਢਾਈ ਸਾਲਾ ਬੱਚੇ ਹੱਥੋਂ ਮਾਂ ਦਾ ਕਤਲ

**ਮਿਲਵਾਕੀ:** ਢਾਈ ਸਾਲ ਦੇ ਮਾਸੂਮ ਬੱਚੇ ਹੱਥੋਂ ਆਪਣੀ ਹੀ ਮਾਂ ਦਾ ਕਤਲ ਹੋ ਗਿਆ। ਇਹ ਦਰਦਨਾਕ ਹਾਦਸਾ ਉਸ ਸਮੇਂ ਵਾਪਰਿਆਂ ਜਦੋਂ ਪਿਸਤੌਲ ਨਾਲ ਖੇਡਦੇ ਬੱਚੇ ਹੱਥੋਂ ਅਚਾਨਕ ਗੋਲੀ ਚੱਲ ਗਈ ਜਿਸ ਕਾਰਨ ਉਸ ਦੀ 26 ਸਾਲਾ ਮਾਂ ਦੀ ਮੌਤ ਹੋ ਗਈ। ਮ੍ਰਿਤਕ ਤਿੰਨ ਬੱਚਿਆਂ ਦੀ ਮਾਂ ਸੀ। ਜਾਣਕਾਰੀ ਮੁਤਾਬਕ ਮ੍ਰਿਤਕ 26 ਸਾਲਾ ਪੈਟ੍ਰਿਕਾ ਕਾਰ ਦੀ ਅਗਲੀ ਸੀਟ 'ਤੇ ਬੈਠੀ ਸੀ। ਉਸ ਦਾ ਢਾਈ ਸਾਲਾ ਬੇਟਾ ਪਿਛਲੀ ਸੀਟ ਉਤੇ ਖੇਡ ਰਿਹਾ ਸੀ।

ਖੇਡਦੇ ਹੋਏ ਬੱਚੇ ਨੇ ਡਰਾਈਵਰ ਦੀ ਸੀਟ ਹੇਠਾਂ ਰੱਖੀ ਪਿਸਤੌਲ ਕੱਢ ਲਈ। ਸ਼ਾਇਦ ਇਸ ਮਾਸੂਮ ਲਈ ਇਹ ਸਿਰਫ ਇਕ ਖਿਡੌਣਾ ਹੀ ਸੀ। ਇਸੇ ਦੌਰਾਨ ਬੱਚੇ ਨੇ ਪਿਸਤੌਲ ਮਾਂ ਦੀ ਸੀਟ ਪਿੱਛੇ ਲਗਾ ਕੇ ਘੋੜਾ ਦੱਬ ਦਿੱਤਾ। ਗੋਲੀ ਚੱਲੀ ਤੇ ਮਾਂ ਪੈਟ੍ਰਿਕਾ ਮੌਤ ਦੇ ਆਗੋਸ਼ ਵਿਚ ਚਲੀ ਗਈ। ਇਸ ਦਰਦਨਾਕ ਹਾਦਸੇ ਨੇ ਹਰ ਕਿਸੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਸ਼ਾਇਦ ਕੋਈ ਵੀ ਇਸ ਅਣਸੁਖਾਵੀਂ ਘਟਨਾ ਨੂੰ ਸਮਝ ਨਹੀਂ ਪਾ ਰਿਹਾ। ਜਿਸ ਮਾਸੂਮ ਹੱਥੋਂ ਆਪਣੀ ਹੀ ਮਾਂ ਦੀ ਜਾਨ ਚਲੀ ਗਈ, ਜਦ ਇਨ੍ਹਾਂ ਗੱਲਾਂ ਨੂੰ ਸਮਝਣ ਲੱਗੇਗਾ ਤਾਂ ਖੁਦ ਨੂੰ ਗੁਨਾਹਗਾਰ ਸਮਝੇਗਾ। ਇਹ ਅਜਿਹਾ ਕੋਈ ਪਹਿਲਾ ਮਾਮਲਾ ਨਹੀਂ ਹੈ ਕਿ ਅਣਜਾਣੇ ਵਿਚ ਜਾਂ ਖੇਡ ਦੌਰਾਨ ਚੱਲੀ ਗੋਲੀ 'ਚ ਕਿਸੇ ਆਪਣੇ ਹੱਥੋਂ ਆਪਣਾ ਖੂਨ ਵਹਿ ਗਿਆ ਹੋਵੇ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading
*Custom Text
*Men's Facials
*Hair Coler
*Custom Designing
*Shave &
*Line-ups
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
*www.princebarbershop.com*


# ਸੀਰੀਆਈ ਖਾਨਾਜੰਗੀ ਨੇ ਫਿਕਰ ਹੋਰ ਵਧਾਏ

**ਅਲੇਪੋ:** ਸੀਰੀਆ ਵਿਚ 2011 ਵਿਚ ਸ਼ੁਰੂ ਹੋਈ ਖ਼ਾਨਾਜੰਗੀ ਤੋਂ ਬਾਅਦ ਹੁਣ ਤੱਕ 2.70 ਲੱਖ ਤੋਂ ਵੱਧ ਜਾਨਾਂ ਗਈਆਂ, ਜਦੋਂ ਕਿ ਲੱਖਾਂ ਹੀ ਹੋਰਾਂ ਨੂੰ ਉਜਾੜੇ ਦਾ ਸੱਲ੍ਹ ਝੱਲਣਾ ਪਿਆ। ਤਾਜ਼ਾ ਹਮਲੇ ਵਿਚ ਸੀਰੀਆ ਦੇ ਸ਼ਹਿਰ ਅਲੇਪੋ ਵਿਚ ਇਕ ਹਸਪਤਾਲ ਅਤੇ ਰਿਹਾਇਸ਼ੀ ਇਮਾਰਤ ਨੇੜੇ ਫੌਜ ਵੱਲੋਂ ਕੀਤੇ ਹਮਲੇ ਵਿਚ ਘੱਟੋ ਘੱਟ 20 ਨਾਗਰਿਕ ਮਾਰੇ ਗਏ।

ਫਰਵਰੀ ਤੋਂ ਹੁਣ ਤੱਕ ਹਵਾਈ ਹਮਲਿਆਂ, ਗੋਲੀਬਾਰੀ ਤੇ ਰਾਕੇਟ ਹਮਲਿਆਂ ਵਿਚ 100 ਤੋਂ ਵੱਧ ਨਾਗਰਿਕ ਮਾਰੇ ਜਾ ਚੁੱਕੇ ਹਨ। ਕਿਸੇ ਸਮੇਂ ਸੀਰੀਆ ਦਾ ਸਨਅਤੀ ਗੜ੍ਹ ਉੱਤਰੀ ਪੱਛਮੀ ਅਲੇਪੋ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ। 2012 ਤੋਂ ਬਾਅਦ ਸ਼ਹਿਰ ਦੇ ਪੂਰਬ ਵਿਚ ਬਾਗੀਆਂ ਦਾ ਕਬਜ਼ਾ ਹੈ, ਜਦੋਂ ਕਿ ਪੱਛਮੀ ਹਿੱਸਾ ਫੌਜ ਦੇ ਕੰਟਰੋਲ ਹੇਠ ਹੈ। 'ਵ੍ਹਾਈਟ ਹੈਲਮਟਸ' ਵਜੋਂ ਜਾਣੇ ਜਾਂਦੇ ਸਿਵਲ ਡਿਫੈਂਸ ਵਾਲੰਟੀਅਰਾਂ ਨੇ ਦੱਸਿਆ ਕਿ ਅਲ ਕੁਦਸ ਹਸਪਤਾਲ ਅਤੇ ਅਲ ਸੁਕਾਰੀ ਵਿਚ ਇਕ ਰਿਹਾਇਸ਼ੀ ਇਮਾਰਤ ਨੇੜੇ ਕੀਤੇ ਹਵਾਈ ਹਮਲਿਆਂ ਵਿਚ ਦੰਦਾਂ ਦਾ ਡਾਕਟਰ ਅਤੇ ਉਸ ਦੇ ਪੰਜ ਪਰਿਵਾਰਕ ਮੈਂਬਰ ਮਾਰੇ ਗਏ, ਜਿਨ੍ਹਾਂ ਵਿਚ ਦੋ ਬੱਚੇ ਸ਼ਾਮਲ ਹਨ। ਹਮਲੇ ਵਿਚ ਬਾਗੀਆਂ ਦੇ ਕਬਜ਼ੇ ਵਾਲੇ ਇਲਾਕੇ ਪੂਰਬੀ ਅਲੇਪੋ ਦਾ ਇਕੋ ਇਕ ਬੱਚਿਆਂ ਦਾ ਮਾਹਿਰ ਡਾਕਟਰ ਵੀ ਮਾਰਿਆ ਗਿਆ। ਮਨੁੱਖੀ ਅਧਿਕਾਰਾਂ ਬਾਰੇ ਸੀਰੀਆਈ ਅਬਜ਼ਰਵੇਟਰੀ ਨੇ ਫੌਜ ਵੱਲੋਂ ਕੀਤੇ ਇਸ ਹਵਾਈ ਹਮਲੇ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਮਰਨ ਵਾਲਿਆਂ ਵਿਚ ਇਕ ਡਾਕਟਰ ਤੇ ਹਸਪਤਾਲ ਦੇ ਦੋ ਗਾਰਡ ਸ਼ਾਮਲ ਹਨ।

ਹਮਲੇ ਮਗਰੋਂ ਬਣਾਈ ਵੀਡੀਓ ਵਿਚ ਹਸਪਤਾਲ ਦੀ ਬੁਰੀ ਤਰ੍ਹਾਂ ਨੁਕਸਾਨੀ ਇਮਾਰਤ ਦਿਖਾਈ ਗਈ ਅਤੇ ਰਾਹਤ ਕਰਮੀ ਪੀੜਤਾਂ ਨੂੰ ਲੈ ਕੇ ਜਾਂਦੇ ਦਿਖਾਏ ਗਏ, ਜਦੋਂ ਕਿ ਇਕ ਵਿਅਕਤੀ ਰੋਂਦੇ ਹੋਏ ਬੱਚੇ ਚੁੱਪ ਕਰਾਉਂਦਾ ਦਿਸ ਰਿਹਾ ਹੈ। ਸੀਰੀਆਈ ਅਬਜ਼ਰਵੇਟਰੀ ਮੁਤਾਬਕ ਅਲੇਪੋ ਦੇ ਪੱਛਮੀ ਹਿਸਿਆਂ ਵਿਚ ਵੱਖ ਵੱਖ ਥਾਈਂ 11 ਜਣੇ ਮਾਰੇ ਗਏ ਸਨ।

## Matrimonial

### ਵਰ ਦੀ ਲੋੜ ਹੈ

Wanted suitable professional, well settled match sought for Canadian Citizen Sikh beautiful, slim girl 35 yrs, 5'-7''. Divorced with one child, modern & traditional, comes from very good family Jat sikh is preference. Contact: Ph.1-604-716-1919

Wanted medical or non medical professional Sikh boy living in the USA for a Sikh Canadian girl 31yrs old 5'-6" tall, medicine physician currently working. Contact: 416-469-2801 17-20

### ਲੜਕੀ ਦੀ ਲੋੜ ਹੈ

Suitable match sought for Jatt Sikh boy 29, 5'-10". Bachelors Computer Information Systems. Send biodata: ristaraj2016@gmail.com or call 510-213-8294. US resident girl in Medical field or equivalent preferred. 19-22

Looking for Sikh girl for a US born clean shaven, handsome Sikh boy, 38 years 6', MBA, running his own business. Contact: Ph. 513-546-7246, Email bio data & photo @ sohan.bilkhu@gmail.com 17-20

Jatt Sikh parents looking for well educated, slim, tall, beautiful girl for their 26 yrs, 6'+, handsome, U.S. citizen son doing residency. contact: srb01.dr@gmail.com 16-19

### ਲੜਕੀ ਦੀ ਲੋੜ ਹੈ

Wanted US citizen suitable girl for US Citizen Saini Sikh boy 29, 5'-5". Lead software producer/engineer. Send biodata at sainirps@yahoo.com or call 510-579-7744. 19-22

Wanted suitable match for Ramgarhia Sikh boy 25yrs, 5'-10''. Degree in Civil Engineering & Architecture. Pursing Post Graduate studies in Canada, Have 10yrs multiple visa for USA. Preferred US Citizen. From a Reputed family based in Ludhiana. Contact: 734-377-5135 (USA) or 91-85287-00081 (India). 19-22

Well Respected Jat Sikh family of businessmen and doctors, financially independent, living in the USA for the past 50 yrs seeks match for their two sons. Elder 27/ 6'-2" with MD/ MBA from Harvard University working in Health Care Consulting. Younger 26/6'-3", doing his residency with plans of taking over a large multi-specialty practice in 2 yrs. Both US born and raised with down to earth values and well aware of Punjabi and English Cultures. Interested in Jat Sikh prospects for the most part born and raised in the west only. No dowry. Contact balkar76@gmail.com 16-19


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



## Satwant Singh Insurance Services

*We serve all over California*

**Auto, Home, Life, Business, Workers Comp.**

*See how much you can save. Get free quote for Auto, Home, Life and Business.*

*Compare Auto, Home quotes online at our website: www.satwantins.com*

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
*(CA Lic # 0H11256)*

**Now we have 3 locations:**

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

Allied Insurance
a Nationwide Insurance® company

Call today for your FREE, no-obligation quote: **1-408-771-2438**
satwant@satwantins.com

# ਭਾਰਤੀ ਪਾੜ੍ਹਿਆਂ ਨੇ ਅਮਰੀਕਾ ਵੱਲ ਘੱਤੀਆਂ ਵਹੀਰਾਂ

**ਵਾਸ਼ਿੰਗਟਨ:** ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧ ਕੇ ਤਕਰੀਬਨ ਦੋ ਲੱਖ ਹੋ ਗਈ ਹੈ। ਸਟੂਡੈਂਟ ਤੇ ਐਕਸਚੇਂਜ ਵਿਜ਼ਟਰ ਪ੍ਰੋਗਰਾਮ (ਐਸ.ਈ.ਵੀ.ਪੀ.) ਦੇ ਅੰਕੜਿਆਂ ਮੁਤਾਬਕ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿਚ 31 ਫੀਸਦੀ ਦਾ ਵਾਧਾ ਹੋਇਆ ਹੈ।

ਸੰਸਥਾ ਦੇ ਅੰਕੜਿਆਂ ਅਨੁਸਾਰ ਅਮਰੀਕਾ ਦੇ ਵੱਖ-ਵੱਖ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਭਾਰਤ ਦੇ ਤਕਰੀਬਨ 1,94,000 ਵਿਦਿਆਰਥੀ ਪੜ੍ਹਾਈ ਕਰ ਰਹੇ ਹਨ। ਮਾਰਚ 2015 ਦੇ ਅੰਕੜਿਆਂ ਅਨੁਸਾਰ 1,48,360 ਭਾਰਤੀ ਵਿਦਿਆਰਥੀ ਅਮਰੀਕਾ ਵਿਚ ਸਨ ਜਦੋਂਕਿ ਮਾਰਚ 2016 ਵਿਚ ਇਹ ਅੰਕੜਾ ਵਧ ਕੇ 1,94,438 ਪਹੁੰਚ ਗਿਆ ਹੈ। ਸੰਸਥਾ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਤਕਰੀਬਨ 1.2 ਮਿਲੀਅਨ ਕੌਮਾਂਤਰੀ ਵਿਦਿਆਰਥੀ ਹਨ। ਵਿਦੇਸ਼ੀ ਵਿਦਿਆਰਥੀਆਂ ਦੇ ਮਾਮਲੇ ਵਿਚ ਚੀਨ ਪਹਿਲੇ ਸਥਾਨ ਉਤੇ ਹੈ। ਦੂਜੇ ਨੰਬਰ ਉਤੇ ਭਾਰਤ ਤੇ ਤੀਜੇ ਉਤੇ ਦੱਖਣੀ ਕੋਰੀਆ ਦਾ ਸਥਾਨ ਹੈ। ਸੰਸਥਾ ਦੀ ਰਿਪੋਰਟ ਅਨੁਸਾਰ ਮਾਰਚ 2015 ਦੇ ਅੰਕੜਿਆਂ ਦੇ ਮੁਕਾਬਲੇ ਕੌਮਾਂਤਰੀ ਵਿਦਿਆਰਥੀਆਂ ਦਾ ਅਮਰੀਕਾ ਵਿਚ 6.2 ਫੀਸਦੀ ਦੀ ਦਰ ਨਾਲ ਵਾਧਾ ਹੋਇਆ ਹੈ। ਅੰਕੜਿਆਂ ਅਨੁਸਾਰ ਜ਼ਿਆਦਾਤਰ ਕੌਮਾਂਤਰੀ ਵਿਦਿਆਰਥੀ ਨਿਊ ਯਾਰਕ, ਕੈਲੇਫੋਰਨੀਆ, ਕੋਲੰਬੀਆ ਦੀਆਂ ਵਿੱਦਿਅਕ ਸੰਸਥਾਵਾਂ ਨੂੰ ਤਰਜੀਹ ਦੇ ਰਹੇ ਹਨ। ਚੀਨ ਤੇ ਭਾਰਤ, ਦੱਖਣੀ ਕੋਰੀਆਂ ਤੋਂ ਇਲਾਵਾ ਸਾਊਦੀ ਅਰਬ, ਕੈਨੇਡਾ, ਵੀਅਤਨਾਮ, ਜਾਪਾਨ, ਤਾਇਵਾਨ, ਬਰਾਜ਼ੀਲ ਤੇ ਮੈਕਸੀਕੋ ਦੇ ਜ਼ਿਆਦਾਤਰ ਵਿਦਿਆਰਥੀ ਅਮਰੀਕਾ ਵਿਚ ਪੜ੍ਹਾਈ ਲਈ ਆ ਰਹੇ ਹਨ।

### ਪਿਛਲੇ ਸਾਲ ਦੇ ਮੁਕਾਬਲੇ ਗਿਣਤੀ ‘ਚ 31 ਫੀਸਦੀ ਵਾਧਾ




## ਵੀਜ਼ਾ ਫਰਾਡ: ਅਮਰੀਕਾ ਵਿਚ ਭਾਰਤੀ ਜੋੜੇ ਨੂੰ ਜੇਲ੍ਹ

**ਵਾਸ਼ਿੰਗਟਨ:** ਐਚ 1-ਬੀ ਵੀਜ਼ਾ ਕੈਟਾਗਰੀ ਵਿਚ ਹੇਰਾਫੇਰੀ ਕਰਨ ਵਾਲੇ ਇਕ ਭਾਰਤੀ ਜੋੜੇ ਨੂੰ ਅਦਾਲਤ ਨੇ 30 ਸਾਲ ਦੀ ਸਜ਼ਾ ਸੁਣਾਈ ਹੈ। 44 ਸਾਲ ਦਾ ਰਾਜੂ ਕਸੂਰੀ ਤੇ ਉਸ ਦੀ ਪਤਨੀ ਸ੍ਮਿਤੀ ਉਤੇ ਦੋਸ਼ ਹੈ ਕਿ ਇਨ੍ਹਾਂ ਨੇ ਐਚ 1-ਬੀ ਵੀਜ਼ਾ ਕੈਟਾਗਰੀ ਵਿਚ ਘਪਲੇਬਾਜ਼ੀ ਕਰ ਕੇ 800 ਲੋਕਾਂ ਨੂੰ ਇਮੀਗ੍ਰੇਸ਼ਨ ਵਿਚ ਫਾਇਦਾ ਪਹੁੰਚਿਆ ਹੈ। ਪੁਲਿਸ ਦਾ ਦੋਸ਼ ਹੈ ਕਿ ਰਾਜੂ ਕਸੂਰੀ ਨੇ ਕਈ ਫਰਜ਼ੀ ਕੰਪਨੀਆਂ ਬਣਾਈਆਂ ਹੋਈਆਂ ਸਨ। ਇਸ ਦੇ ਆਧਾਰ ਉਤੇ ਉਹ ਭਾਰਤ ਵਿਚੋਂ ਕਾਮੇ ਮੰਗਵਾਉਂਦਾ ਸੀ। ਇਸ ਦੇ ਬਦਲੇ ਉਹ ਨੌਜਵਾਨਾਂ ਕੋਲੋਂ ਮੋਟੀ ਰਕਮ ਵਸੂਲਦਾ ਸੀ। ਭਾਰਤੀ ਕਾਮੇ ਮੰਗਵਾਉਣ ਲਈ ਕਸੂਰੀ ਅਜਿਹੀਆਂ ਨੌਕਰੀਆਂ ਦੀ ਲਿਸਟ ਜਾਰੀ ਕਰਦਾ ਜਿਨ੍ਹਾਂ ਦੇ ਕਾਮੇ ਅਮਰੀਕਾ ਵਿਚ ਨਹੀਂ ਮਿਲਦੇ ਸਨ। ਇਸ ਲਈ ਉਹ ਭਾਰਤ ਤੋਂ ਵਰਕ ਪਰਮਿਟ ਉਤੇ ਨੌਜਵਾਨਾਂ ਨੂੰ ਅਮਰੀਕਾ ਲੈ ਕੇ ਆਉਂਦਾ ਸੀ।

# ‘ਜੰਗਲਨਾਮਾ’ ਦੇ ਲੇਖਕ ਸਤਨਾਮ ਵੱਲੋਂ ਖੁਦਕੁਸ਼ੀ

**ਚੰਡੀਗੜ੍ਹ:** ਪੰਜਾਬੀ ਸਾਹਿਤ ਤੇ ਖੱਬੇਪੱਖੀ ਧਿਰ ਨਾਲ ਸਬੰਧਤ ਸਫ਼ਰਨਾਮਾ ‘ਜੰਗਲਨਾਮਾ’ ਦੇ ਲੇਖਕ ਨੇ ਆਪਣੇ ਘਰ ਵਿਚ ਖੁਦਕੁਸ਼ੀ ਕਰ ਲਈ ਹੈ। 70ਵਿਆਂ ਵਿਚ ਨਕਸਲਬਾੜੀ ਲਹਿਰ ਦੇ ਮੁੱਢਲੇ ਦੌਰ ਵਿਚ ਪੜ੍ਹਾਈ ਛੱਡ ਕੇ ਗੁਰਮੀਤ ਨਾਂ ਦਾ ਨੌਜਵਾਨ ਲੋਕਾਂ ਦੀ ਜ਼ਿੰਦਗੀ ਨੂੰ ਇਨਕਲਾਬੀ ਤਬਦੀਲੀ ਰਾਹੀਂ ਬਿਹਤਰ ਬਣਾਉਣ ਦੇ ਸੰਘਰਸ਼ ਵਿਚ ਕੁੱਦਿਆ ਸੀ। ਬਾਅਦ ਵਿਚ ਉਸ ਦੀ ਪਛਾਣ ਸਤਨਾਮ ਵਜੋਂ ਬਣੀ। ਲੰਬੇ ਸਮੇਂ ਤੋਂ ਉਹ ਅੱਜ ਦੇ ਦੌਰ ਦੀਆਂ ਚੁਣੌਤੀਆਂ ਨਾਲ ਜੂਝ ਰਹੇ ਸਨ।

ਆਖਰਕਾਰ ਉਹ ਜ਼ਿੰਦਗੀ ਦੀ ਲੜਾਈ ਹਾਰ ਗਏ। ਜ਼ਹੀਨ ਇਨਸਾਨ ਵਜੋਂ ਜਾਣੇ ਜਾਂਦੇ ਸਤਨਾਮ ਪੰਜਾਬੀ ਸਾਹਿਤ ਦੀ ਝੋਲੀ ਬਹੁਮੁੱਲਾ ਸਫ਼ਰਨਾਮਾ ‘ਜੰਗਲਨਾਮਾ’, ਸੰਸਾਰ ਪ੍ਰਸਿੱਧ ਨਾਵਲ ‘ਸਪਾਰਟਕਸ’ ਦਾ ਪੰਜਾਬੀ ਵਿਚ ਅਨੁਵਾਦ, ਇਨਕਲਾਬੀ ਸ਼ਾਇਰ ਜਗਮੋਹਣ ਜੋਸ਼ੀ ਦੀ ਉਰਦੂ ਸ਼ਾਇਰੀ ‘ਪੈਮਾਨੇ ਇਨਕਲਾਬ ਦਾ ਲਿਪੀਅੰਤਰ’ ਤੇ ਹੋਰ ਕਾਫੀ ਕੁਝ ਪਾਉਣ ਵਾਲੇ ਗੰਭੀਰ ਲੇਖਕ, ਇਨਕਲਾਬੀ ਚਿੰਤਕ ਤੇ ਕਾਰਕੁਨ ਸਨ। ਉਨ੍ਹਾਂ ਦੀ ਪ੍ਰਸਿੱਧ ਕਿਤਾਬ ‘ਜੰਗਲਨਾਮਾ’ ਜੋ ਇਕ ਸਫਰਨਾਮਾ ਹੈ, ਜਿਹੜਾ ਮਾਓਵਾਦੀ ਲਹਿਰ ਦੇ ਗੜ੍ਹ ਬਸਤਰ ਵਿਚ ਇਨਕਲਾਬੀਆਂ ਨਾਲ ਵਿਚਰਨ ਦੇ ਸਿੱਧੇ ਅਨੁਭਵ ਉਪਰ ਅਧਾਰਤ ਹੈ।



ਬਾਅਦ ਵਿਚ ਇਹ ਕਿਤਾਬ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਹੋਈ। ਇਸੇ ਕਿਤਾਬ ਤੋਂ ਪ੍ਰਭਾਵਿਤ ਹੋ ਕੇ ਅੰਗਰੇਜ਼ੀ ਦੀ ਪ੍ਰਸਿੱਧ ਲੇਖਿਕਾ, ਸਮਾਜ ਸੇਵੀ ਤੇ ਬੁਕਰ ਇਨਾਮ ਜੇਤੂ ਅਰੁੰਧਤੀ ਰਾਏ ਨੇ ਬਸਤਰ ਖੇਤਰ ਘੁੰਮ ਕੇ ਕਾਫੀ ਕੁਝ ਲਿਖਿਆ।

ਪਿਛਲੇ ਕੁਝ ਮਹੀਨਿਆਂ ਤੋਂ ਉਹ ਸਿਆਸੀ ਤੇ ਸਿਧਾਂਤਕ ਕਮਜ਼ੋਰੀਆਂ ਕਾਰਨ ਕਮਿਊਨਿਸਟ ਲਹਿਰ ਦੇ ਸਿਆਸੀ ਸੰਕਟ ਤੋਂ ਕਾਫ਼ੀ ਪਰੇਸ਼ਾਨ ਵੀ ਸਨ, ਅਤੇ ਡੂੰਘੀ ਨਿਰਾਸ਼ਤਾ ਵਿਚ ਵੀ ਸਨ। ਆਖ਼ਰ ਕਮਿਊਨਿਸਟ ਵਿਚਾਰਧਾਰਾ ਦੇ ਦ੍ਰਿੜ੍ਹ ਧਾਰਨੀ ਸਾਥੀ ਸਤਨਾਮ ਲਹਿਰ ਦੀਆਂ ਕਮਜ਼ੋਰੀਆਂ ਨਾਲ ਜੂਝਦਿਆਂ ਜ਼ਿੰਦਗੀ ਦੀ ਲੜਾਈ ਹਾਰ ਗਏ ਅਤੇ 64 ਸਾਲ ਦੀ ਉਮਰ ਵਿਚ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ।

# ਵਾਹਗਾ ਬਾਰਡਰ ਉਤੇ ਬੀ.ਐਸ.ਐਫ. ਲਗਾਏਗੀ 350 ਫੁੱਟ ਉੱਚਾ ਤਿਰੰਗਾ

**ਨਵੀਂ ਦਿੱਲੀ:** ਰਾਸ਼ਟਰੀ ਸੀਮਾ ਸੁਰੱਖਿਆ ਬਲ ਨੇ 2017 ਦੀ ਜਨਵਰੀ ਤੱਕ ਅਟਾਰੀ-ਵਾਹਗਾ ਸਾਂਝੀ ਚੌਕੀ ‘ਤੇ ਸਭ ਤੋਂ ਲੰਬਾ ਤੇ ਉੱਚਾ ਰਾਸ਼ਟਰੀ ਝੰਡਾ ਲਗਾਉਣ ਦੀ ਯੋਜਨਾ ਬਣਾਈ ਹੈ, ਜੋ ਪਾਕਿ ਦੇ ਲਾਹੌਰ ਤੇ ਭਾਰਤ ਦੇ ਅੰਮ੍ਰਿਤਸਰ ਤੋਂ ਵੀ ਦੇਖਿਆ ਜਾ ਸਕੇਗਾ। ਭਾਰਤ-ਪਾਕਿ ਸੀਮਾ ਤੋਂ ਦੋਵੇਂ ਸ਼ਹਿਰ ਕਰੀਬ 18 ਕਿਲੋਮੀਟਰ ਦੀ ਦੂਰੀ ‘ਤੇ ਸਥਿਤ ਹਨ। ਅਧਿਕਾਰੀ ਅਨੁਸਾਰ ਝੰਡੇ ਦੀ ਉਚਾਈ ਤਕਰੀਬਨ 350 ਫੁੱਟ ਹੋਵੇਗੀ। ਬੀ.ਐਸ.ਐਫ. ਦੇ ਪੰਜਾਬ ਫਰੰਟੀਅਰ ਦੇ ਕਾਰਜਕਾਰੀ ਇੰਸਪੈਕਟਰ ਜਨਰਲ ਅਸ਼ੋਕ ਕੁਮਾਰ ਯਾਦਵ ਨੇ ਦੱਸਿਆ ਕਿ ਬੀ.ਐਸ.ਐਫ. ਮਸ਼ਹੂਰ ਰਿਟਰੀਟ ਸੇਰੇਮਨੀ ਵਾਲੀ ਜਗ੍ਹਾ ਦੇ ਕਰੀਬ ਬਣੇ ਵਿਜ਼ਿਟਰਜ਼ ਗੈਲਰੀ ਦਾ ਵਿਸਥਾਰ ਕਰਨ ਦੀ ਯੋਜਨਾ ਬਣਾ ਰਿਹਾ ਹਨ।

# ਹੁਣ ਬਣਨਗੇ ਪੰਜਾਬ ਦੇ 200 ਪਿੰਡ ਸਮਾਰਟ

**ਚੰਡੀਗੜ੍ਹ:** ਪੰਜਾਬ ਦੇ ਪਿੰਡਾਂ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਹੈ। ਪਿੰਡ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ। ਸੈਂਕੜੇ ਪਿੰਡਾਂ ਦਾ ਹਰ ਸਹੂਲਤ ਪੱਖੋਂ ਬੁਰਾ ਹਾਲ ਹੈ। ਪੰਜਾਬ ਸਰਕਾਰ ਨੇ 200 ਪਿੰਡਾਂ ਨੂੰ ਸਮਾਰਟ ਬਣਾਉਣ ਦੀ ਤਜਵੀਜ਼ ਲਿਆਂਦੀ ਹੈ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਹੈ ਕਿ ਸਰਕਾਰ ਵੱਲੋਂ ਪਹਿਲੇ ਪੜਾਅ ਤਹਿਤ ਚਾਲੂ ਵਿੱਤੀ ਸਾਲ 2016-17 ਦੌਰਾਨ 200 ਸਮਾਰਟ ਪਿੰਡਾਂ ਦਾ ਵਿਕਾਸ ਕਰਨ ਦੀ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ। ਵਿਕਸਿਤ ਕੀਤੇ ਜਾ ਰਹੇ ਸਮਾਰਟ ਪਿੰਡਾਂ ਵਿਚ ਅਤਿ-ਆਧੁਨਿਕ ਸੁਵਿਧਾਵਾਂ ਜਿਨ੍ਹਾਂ ਵਿਚ 4-ਜੀ ਕੁਨੈਕਟੀਵਿਟੀ, ਸੋਲਰ ਸਟਰੀਟ ਲਾਈਟ, ਸੇਵਾ ਕੇਂਦਰ, ਸੀਵਰੇਜ ਅਤੇ ਜਲ-ਨਿਕਾਸ ਸਹੂਲਤਾਂ, ਬੈਂਕ ਬ੍ਰਾਂਚ ਅਤੇ ਮਾਡਰਨ ਸਕੂਲ ਆਦਿ ਜਿਹੀਆਂ ਸਹੂਲਤਾਂ ਸ਼ਾਮਲ ਹਨ, ਮੁਹੱਈਆ ਕਰਵਾਈਆਂ ਜਾਣਗੀਆਂ। ਸੂਬਾ ਸਰਕਾਰ ਨੇ ਪੇਂਡੂ ਲੋਕਾਂ ਨੂੰ ਸਮਾਜਿਕ ਅਤੇ ਆਰਥਿਕ ਪੱਖੋਂ ਉੱਚਾ ਚੁੱਕਣ ਅਤੇ ਵਧੀਆ ਬੁਨਿਆਦੀ ਪੇਂਡੂ ਢਾਂਚਾ ਤਿਆਰ ਕਰਨ ਲਈ ਪੇਂਡੂ ਮਿਸ਼ਨ ਆਰੰਭਿਆ ਗਿਆ ਹੈ। ਇਸ ਮੰਤਵ ਲਈ ਰੁਪਏ 2000 ਕਰੋੜ ਦੀ ਰਕਮ ਖਰਚ ਕੀਤੀ ਜਾਵੇਗੀ। ਇਸ ਮਿਸ਼ਨ ਦਾ ਉਦੇਸ਼ ਪੇਂਡੂ ਖੇਤਰਾਂ ਵਿਚ ਸਕੂਲ ਇਮਾਰਤਾਂ, ਹੈਲਥ ਡਿਸਪੈਂਸਰੀਆਂ, ਧਰਮਸਾਲਾਵਾਂ ਦੀ ਉਸਾਰੀ, ਸਾਫ਼ ਸੁਥਰਾ ਪੀਣ ਦਾ ਪਾਣੀ, ਖੇਡ ਸਹੂਲਤਾਂ ਆਦਿ ਮੁਹੱਈਆ ਕਰ ਕੇ ਬੁਨਿਆਦੀ ਢਾਂਚੇ ਵਿਚ ਵਿਕਾਸ ਕਰਨਾ ਅਤੇ ਪੇਂਡੂ ਖੇਤਰਾਂ ਵਿਚ ਪ੍ਰਦੂਸ਼ਣ ਮੁਕਤ ਵਾਤਾਵਰਣ ਮੁਹੱਈਆ ਕਰਵਾਉਣਾ ਹੈ। ਬੁਲਾਰੇ ਨੇ ਦੱਸਿਆ ਹੈ ਕਿ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਦੇ ਕਾਰਜਾਂ ਵਿਚ ਪੰਚਾਇਤਾਂ ਦੇ ਨਾਲ-ਨਾਲ ਪਿੰਡਾਂ ਦੇ ਵਸਨੀਕਾਂ ਦੀ ਵੀ ਭਾਈਵਾਲੀ ਨੂੰ ਯਕੀਨੀ ਬਣਾਉਣ ਲਈ ਭਰਪੂਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵ-ਪੱਖੀ ਵਿਕਾਸ ਦੇ ਕੰਮਾਂ ਵਿਚ ਹਰੇਕ ਵਿਅਕਤੀ ਨੂੰ ਅੱਗੇ ਆਉਣ ਦੀ ਲੋੜ ਹੈ ਕਿਉਂਕਿ ਰਾਜ ਦੇ ਹਰ ਨਾਗਰਿਕ ਦਾ ਇਹ ਨੈਤਿਕ ਫਰਜ ਬਣਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਨੂੰ ਸਾਫ-ਸੁਥਰਾ ਰੱਖਣ ਲਈ ਆਪਣੀ ਜ਼ਿੰਮੇਵਾਰੀ ਸਮਝੇ।

# ਜਬਰ ਜਨਾਹ ਦੇ ਦੋਸ਼ਾਂ ‘ਚ ਘਿਰੇ ਟ੍ਰੰਪ, 600 ਕਰੋੜ ਦਾ ਮੁਕੱਦਮਾ

**ਨਿਊ ਯਾਰਕ:** ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਉਮੀਦਵਾਰੀ ਲਈ ਸਭ ਤੋਂ ਅੱਗੇ ਚੱਲ ਰਹੇ ਡੋਨਲਡ ਟ੍ਰੰਪ ਮੁਸ਼ਕਲ ਵਿਚ ਫਸ ਗਏ ਹਨ। ਟ੍ਰੰਪ ‘ਤੇ ਇਕ ਮਹਿਲਾ ਨੇ ਰੇਪ ਦੇ ਗੰਭੀਰ ਇਲਜ਼ਾਮ ਲਾਏ ਹਨ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਮਾਮਲਾ 1994 ਦਾ ਹੈ। ਉਸ ਵੇਲੇ ਪੀੜਤ ਦੀ ਉਮਰ ਸਿਰਫ 13 ਸਾਲ ਸੀ। ਪੀੜਤ ਨੇ 100 ਮਿਲੀਅਨ ਡਾਲਰ (660 ਕਰੋੜ) ਦਾ ਕੇਸ ਕੀਤਾ ਹੈ। ਹਾਲਾਂਕਿ ਟ੍ਰੰਪ ਇਨ੍ਹਾਂ ਇਲਜ਼ਾਮਾਂ ਨੂੰ ਝੂਠ ਦੱਸ ਰਹੇ ਹਨ। ਪੀੜਤ ਨੇ ਸੈਂਟਰਲ ਡਿਸਟ੍ਰਕਟ ਕੋਰਟ ਆਫ ਕੈਲੇਫੋਰਨੀਆ ਵਿਚ ਕੇਸ ਦਰਜ ਕੀਤਾ ਹੈ। ਕਿਹਾ ਜਾ ਰਿਹਾ ਹੈ ਕਿ ਪੀੜਤ ਔਰਤ ਕੇਟ ਜਾਨਸਨ ਅਦਾਲਤ ‘ਚ ਅਪਣੇ ਕੇਸ ਦੀ ਪੈਰਵੀ ਖੁਦ ਕਰੇਗੀ। ਕੇਟ ਨੇ ਪੁਲਿਸ ਨੂੰ ਦੱਸਿਆ ਹੈ ਕਿ ਇਹ ਵਾਕਿਆ ਜੂਨ ਤੋਂ ਸਤੰਬਰ 1994 ਦੇ ਵਿਚਕਾਰ ਦਾ ਹੈ।

ਇਲਜ਼ਾਮ ਹਨ ਕਿ ਟ੍ਰੰਪ ਤੇ ਉਸ ਦੇ ਅਰਬਪਤੀ ਦੋਸਤ ਜੇਫਰੀ ਏਪਸਟਾਈਨ ਮਾਡਲਿੰਗ ਵਿਚ ਕਰੀਅਰ ਬਣਾਉਣ ਦਾ ਵਾਅਦਾ ਕਰ ਸਰੀਰਕ ਸ਼ੋਸ਼ਣ ਕਰਦੇ ਰਹੇ। ਪੀੜਤ ਮੁਤਾਬਕ ਬਾਅਦ ਵਿਚ ਇਹ ਲੋਕ ਧਮਕੀ ਦੇ ਕੇ ਇਸਤੇਮਾਲ ਕਰਦੇ ਰਹੇ। ਉਸ ਵੇਲੇ ਮੇਰੀ ਉਮਰ ਸਿਰਫ 13 ਸਾਲ ਸੀ। ਟ੍ਰੰਪ ਨੇ ਇਨ੍ਹਾਂ ਇਲਜ਼ਾਮਾਂ ‘ਤੇ ਸਫਾਈ ਦਿੰਦਿਆਂ ਕਿਹਾ ਹੈ ਕਿ ਇਲਜ਼ਾਮ ਰਾਜਨੀਤੀ ਤੋਂ ਪ੍ਰੇਰਿਤ ਹਨ। ਉਨ੍ਹਾਂ ਦੀ ਇਮੇਜ਼ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਮੀਡੀਆ ਦਾ ਧਿਆਨ ਖਿੱਚਣ ਦੇ ਨਜ਼ਰੀਏ ਨਾਲ ਕੀਤਾ ਜਾ ਰਿਹਾ ਹੈ। ਟ੍ਰੰਪ ਦੇ ਦੋਸਤ ਜੈਫਰੀ ਏਪਸਟਾਈਨ ਦਾ ਕਹਿਣਾ ਹੈ ਕਿ ਇਹ ਇਲਜ਼ਾਮ ਬਿਲਕੁਲ ਗਲਤ ਹਨ। ਹਾਲਾਂਕਿ ਜੈਫਰੀ ‘ਤੇ ਅਜਿਹੇ ਇਲਜ਼ਾਮ ਪਹਿਲਾਂ ਵੀ ਲੱਗ ਚੁੱਕੇ ਹਨ।

# ਨਰਿੰਦਰਪਾਲ ਸਿੰਘ “ਗੋਪ” ਨਮਿੱਤ ਅੰਤਮ ਅਰਦਾਸ 15 ਮਈ ਨੂੰ

**ਬਰੈਂਪਟਨ (ਬਿਊਰੋ):** ਖਾਲਸਾ ਕਾਲਜ ਸੁਧਾਰ ਦੇ ਸਾਬਕਾ ਵਿਦਿਆਰਥੀਆਂ ਦੀ ਜਥੇਬੰਦੀ ਦੇ ਕਰਤਾ-ਧਰਤਾ, ਹਰਮਨ-ਪਿਆਰੇ ਸਮਾਜ ਸੇਵੀ ਨਰਿੰਦਰਪਾਲ ਸਿੰਘ ਉਰਫ਼ ‘ਗੋਪ’ ਨਮਿੱਤ ਅੰਤਿਮ ਅਰਦਾਸ ਬਰੈਂਪਟਨ ਦੇ ਗਲਿੱਡਨ ਗੁਰੂਘਰ ਵਿਖੇ 15 ਮਈ ਨੂੰ ਸਵੇਰੇ ਦਸ ਵਜੇ ਹੋਵੇਗੀ। ਸ਼ਰਧਾਂਜਲੀ ਨਮਿਤ ਅਖੰਡ ਪਾਠ ਦੇ ਭੋਗ ਉਪਰੰਤ ਵੈਰਾਗਮਈ ਕੀਰਤਨ ਹੋਵੇਗਾ ਅਤੇ ਦੋਸਤ-ਮਿੱਤਰ ਗੋਪ ਨੂੰ ਸਰਧਾਂਜਲੀ ਭੇਟ ਕਰਨਗੇ।



ਜ਼ਿਕਰਯੋਗ ਹੈ ਕਿ ਜਿੰਦਾਦਿਲ ‘ਗੋਪ’ ਪਿਛਲੇ ਕੁਝ ਸਾਲਾਂ ਤੋਂ ਪਰਿਵਾਰਕ ਕਾਰਨਾਂ ਕਰਕੇ ਲੁਧਿਆਣਾ ਰਹਿੰਦੇ ਸਨ ਪਰ ਉਨ੍ਹਾਂ ਦੇ ਬਰੈਂਪਟਨ ਵਿਚ ਰਹਿੰਦੇ ਦੋਸਤਾਂ-ਮਿੱਤਰਾਂ ਨਾਲ ਪੁਰ-ਖਲੂਸ ਸਬੰਧ ਬਰਕਰਾਰ ਸਨ। ਉਹ ਪਿਛਲੇ ਦਿਨੀਂ ਕੁਝ ਦਿਨ ਬਿਮਾਰ ਰਹਿਣ ਪਿਛੋਂ ਪੀ ਜੀ ਆਈ ਵਿਚ ਸਦੀਵੀ ਵਿਛੋੜਾ ਦੇ ਗਏ ਸਨ। ਉਹ ਸੁਧਾਰ ਕਾਲਜ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਕਰਮਚਾਰੀਆਂ ਵਿਚ ਬਹੁਤ ਹੀ ਮਕਬੂਲ ਸਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਪਿਛਲੇ ਕਈ ਸਾਲਾਂ ਤੋਂ ਸੁਧਾਰ ਨਾਈਟ ਅਤੇ ਸੁਧਾਰ ਕਾਲਜ ਦੀ ਪਿੱਕਨਿਕ ਦਾ ਬਹੁਤ ਹੀ ਬਿਹਤਰੀਨ ਪ੍ਰਬੰਧ ਕੀਤਾ ਜਾਂਦਾ ਸੀ। ਸੁਧਾਰ ਕਾਲਜ ਨਾਲ ਸਬੰਧਤ ਸਮੂਹ ਦੋਸਤਾਂ-ਮਿੱਤਰਾਂ ਨੂੰ ਜੋਦੜੀ ਹੈ ਕਿ ਗੋਪ ਵਰਗੀ ਪਿਆਰੀ ਸਖ਼ਸ਼ੀਅਤ ਨੂੰ ਦਿਲੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਉਸ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋ ਕੇ ਧੰਨਵਾਦੀ ਬਣਾਓ। ਹੋਰ ਜਾਣਕਾਰੀ ਲਈ ਕੇਵਲ ਸਿੰਘ ਨਾਲ ਫੋਨ 647-464- 1075 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਕੋਹਿਨੂਰ ਦੀ ਵਾਪਸੀ ਲਈ ਸੰਸਦ ‘ਚ ਜ਼ੋਰਦਾਰ ਮੰਗ

**ਨਵੀਂ ਦਿੱਲੀ:** ਬੀਜੂ ਜਨਤਾ ਦਲ ਦੇ ਸੰਸਦ ਮੈਂਬਰ ਨੇ ਲੋਕ ਸਭਾ ਵਿਚ ਕੋਹਿਨੂਰ ਹੀਰਾ ਬਰਤਾਨੀਆ ਤੋਂ ਵਾਪਸ ਲਿਆਂਦੇ ਜਾਣ ਦੀ ਜ਼ੋਰਦਾਰ ਮੰਗ ਕੀਤੀ। ਅਕਾਲੀ ਦਲ ਸਮੇਤ ਹੋਰਨਾਂ ਪਾਰਟੀਆਂ ਦੇ ਨੁਮਾਇੰਦਿਆਂ ਨੇ ਉੜੀਸਾ ਨਾਲ ਸਬੰਧਤ ਸੰਸਦ ਮੈਂਬਰ ਦੀ ਇਸ ਮੰਗ ਦੀ ਹਮਾਇਤ ਕੀਤੀ।

ਸਿਫ਼ਰ ਕਾਲ ਦੌਰਾਨ ਸੰਸਦ ਵਿਚ ਕੋਹਿਨੂਰ ਹੀਰੇ ਦਾ ਮੁੱਦਾ ਚੁੱਕਦਿਆਂ ਬੀ.ਜੇ.ਡੀ. ਸਾਂਸਦ ਭਾਰਤੂਹਰੀ ਮਹਤਾਬ ਨੇ ਇਸ ਗੱਲ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਕਿ ਬਰਤਾਨੀਆ ਨੂੰ ਕੋਹਿਨੂਰ ਹੀਰਾ ਤੋਹਫੇ ਵਜੋਂ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਬਰਤਾਨਵੀ ਸ਼ਾਸਕ ਸਿੱਖ ਹੁਕਮਰਾਨ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਦਲੀਪ ਸਿੰਘ ਤੋਂ ਇਹ ਹੀਰਾ ਜਬਰੀ ਖੋਹ ਕੇ ਲੈ ਗਏ ਸਨ। ਮਹਤਾਬ ਨੇ ਕਿਹਾ 1849 ਦੀ ਐਂਗਲੋ-ਸਿੱਖ ਜੰਗ ਤੋਂ ਬਾਅਦ ਜਿਨ੍ਹਾਂ ਹਾਲਾਤ ਵਿਚ ਕੋਹਿਨੂਰ ਹੀਰਾ ਬਰਤਾਨੀਆ ਕੋਲ ਗਿਆ, ਉਸ ਦਾ ਜ਼ਿਕਰ ਬਰਤਾਨੀਆ ਦੇ ਸਿਆਸੀ ਏਜੰਟ ਤੇ ਲਾਹੌਰ ਦੇ ਤਤਕਾਲੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਵੱਲੋਂ ਲਿਖੇ ਪੱਤਰ ਵਿਚ ਮਿਲਦਾ ਹੈ। ਕੋਹਿਨੂਰ ਨੂੰ ਭਾਰਤ ਦੀ ਸ਼ਾਨ ਦੱਸਦਿਆਂ ਸਾਂਸਦ ਨੇ ਕਿਹਾ ਕਿ ਜਿਸ ਤਰੀਕੇ ਨਾਲ ਇਹ ਇੰਗਲੈਂਡ ਦੀ ਮਹਾਰਾਣੀ ਕੋਲ ਗਿਆ ਸੀ, ਉਸ ਨੂੰ ਧੋਖਾਧੜੀ ਮੰਨਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਸਭਿਆਚਾਰ ਮੰਤਰਾਲੇ ਵੱਲੋਂ ਕੋਹਿਨੂਰ ਬਾਰੇ ਸੁਪਰੀਮ ਕੋਰਟ ਵਿਚ ਲਏ ਸਟੈਂਡ ਲਈ ਜੰਮ ਕੇ ਆਲੋਚਨਾ ਕੀਤੀ।

ਅਕਾਲੀ ਸਾਂਸਦ ਨੇ ਕਿਹਾ ਕਿ ਕੋਹਿਨੂਰ ਹੀਰੇ ਨੂੰ ਵਾਪਸ ਲਿਆਉਣ ਲਈ ਸੰਸਦ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਜਾਵੇ। ਉਧਰ ਭਾਜਪਾ ਦੀ ਮਿਨਾਕਸ਼ੀ ਲੇਖੀ ਨੇ ਕਿਹਾ ਕਿ ਸਰਕਾਰ ਨੇ ਕੋਹਿਨੂਰ ਨੂੰ ਵਾਪਸ ਲਿਆਉਣ ਦੇ ਮੁੱਦੇ ‘ਤੇ ਕੋਈ ਫੈਸਲਾ ਨਹੀਂ ਲਿਆ ਤੇ ਜੋ ਕੁਝ ਵੀ ਮੀਡੀਆ ਵਿਚ ਆ ਰਿਹਾ ਹੈ ਉਹ ਸਭ ਅਫਵਾਹ ਹੈ।



## ਲਹਿੰਦੇ ਪੰਜਾਬ ਨੇ ਕੋਹਿਨੂਰ ਉਤੇ ਦਾਅਵਾ ਛੱਡਿਆ

**ਲਾਹੌਰ:** ਪਾਕਿਸਤਾਨੀ ਪੰਜਾਬ ਨੇ ਲਾਹੌਰ ਹਾਈ ਕੋਰਟ ਨੂੰ ਦੱਸਿਆ ਹੈ ਕਿ ਕੋਹਿਨੂਰ ਹੀਰੇ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ ਕਿਉਂਕਿ ਸਾਲ 1849 ਵਿਚ ਹੋਏ ‘ਲਾਹੌਰ ਸਮਝੌਤੇ’ ਤਹਿਤ ਇਸ ਨੂੰ ਬਰਤਾਨੀਆ ਹਵਾਲੇ ਕੀਤਾ ਗਿਆ ਸੀ। ਪੰਜਾਬ ਸਰਕਾਰ ਦੇ ਲਾਅ ਅਫ਼ਸਰ ਨੇ ਅਦਾਲਤ ਨੂੰ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਨੇ 1849 ਵਿਚ ਈਸਟ ਇੰਡੀਆ ਕੰਪਨੀ ਨਾਲ ਸਮਝੌਤੇ ਉਤੇ ਸਹੀ ਪਾਈ ਸੀ, ਜਿਸ ਤਹਿਤ ਇਹ ਅਣਮੁੱਲਾ ਹੀਰਾ ਬਰਤਾਨੀਆ ਨੂੰ ਦੇ ਦਿੱਤਾ ਗਿਆ ਸੀ। ਇਸ ਲਈ ਕੋਹਿਨੂਰ ਨੂੰ ਵਾਪਸ ਲਿਆਉਣ ਲਈ ਇੰਗਲੈਂਡ ਤੱਕ ਪਹੁੰਚ ਨਹੀਂ ਕੀਤੀ ਜਾ ਸਕਦੀ।

# ਹਿੰਦ-ਪਾਕਿ ਜੰਗਾਂ ਦੇ 'ਸ਼ਹੀਦ' ਫੌਜੀਆਂ ਦੇ ਵਾਰਸਾਂ ਨੂੰ ਵਾਪਸੀ ਦੀ ਉਮੀਦ

**ਬਠਿੰਡਾ:** ਪਾਕਿਸਤਾਨੀ ਜੇਲ੍ਹਾਂ ਵਿਚ ਬੰਦ ਭਾਰਤੀ ਫੌਜੀਆਂ ਦੇ ਪਰਿਵਾਰਾਂ ਨੂੰ ਅੱਜ ਵੀ ਉਨ੍ਹਾਂ ਦੇ ਵਾਪਸ ਪਰਤਣ ਦੀ ਉਮੀਦ ਹੈ। ਇਹ ਫੌਜੀ ਦੋਵਾਂ ਦੇਸ਼ਾਂ ਵਿਚਾਲੇ ਹੋਈਆਂ ਜੰਗਾਂ ਮੌਕੇ ਪਾਕਿਸਤਾਨੀ ਫੌਜ ਦੇ ਹੱਥੇ ਚੜ੍ਹ ਗਏ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਭਾਰਤੀ ਫੌਜ ਸ਼ਹੀਦ ਦਾ ਦਰਜਾ ਦੇ ਚੁੱਕੀ ਹੈ, ਪਰ ਉਨ੍ਹਾਂ ਦੇ ਪਰਿਵਾਰ ਇਹ ਮੰਨਣ ਨੂੰ ਤਿਆਰ ਨਹੀਂ। ਅਜਿਹੇ ਹੀ ਇਕ ਫੌਜੀ ਦੀ ਮਿਸਾਲ ਭੁੱਚੋ ਮੰਡੀ ਵਿਖੇ ਸਾਹਮਣੇ ਆਈ ਹੈ, ਜਿਸ ਨੂੰ ਭਾਰਤ ਸਰਕਾਰ ਸ਼ਹੀਦ ਐਲਾਨ ਚੁੱਕੀ ਹੈ ਪਰ ਉਸ ਦਾ ਪਰਿਵਾਰ ਫੌਜੀ ਦੇ ਪਾਕਿਸਤਾਨ ਜੇਲ੍ਹ ਵਿਚ ਬੰਦ ਹੋਣ ਦੇ ਸਬੂਤ ਚੁੱਕ ਕੇ ਉਸ ਦੀ ਰਿਹਾਈ ਲਈ ਠੋਕਰਾਂ ਖਾ ਰਿਹਾ ਹੈ।

ਮੰਡੀ ਦੇ ਵਾਰਡ ਨੰਬਰ 6 ਗੁਰੂ ਅਰਜਨ ਦੇਵ ਨਗਰ ਦੀ ਵਾਸੀ ਪਰਮਜੀਤ ਕੌਰ ਪਤਨੀ ਰਿਟਾਇਰਡ ਸੂਬੇਦਾਰ ਲਖਵੀਰ ਸਿੰਘ ਦਾ ਕਹਿਣਾ ਹੈ ਕਿ ਉਸ ਦੇ ਪਿਤਾ ਜਗਰਾਜ ਸਿੰਘ 1971 ਵਿਚ 102 ਇੰਜੀਨੀਅਰ ਰੈਜਮੈਂਟ ਬਤੌਰ ਸਿਪਾਹੀ ਫਿਰੋਜ਼ਪੁਰ ਸੈਕਟਰ ਤਾਇਨਾਤ ਸਨ ਕਿ ਭਾਰਤ ਪਾਕਿ ਜੰਗ ਸ਼ੁਰੂ ਹੋ ਗਈ। ਉਸ ਸਮੇਂ 102 ਇੰਜੀਨੀਅਰ ਰੈਜਮੈਂਟ ਦੇ ਕਮਾਂਡਿੰਗ ਅਫਸਰ ਲੈਫਟੀਨੈਂਟ ਕਰਨਲ ਐਮ.ਐਸ. ਗੁਸਾਈ ਵੱਲੋਂ ਲਿਖਿਆ ਪੱਤਰ ਉਨ੍ਹਾਂ ਦੇ ਘਰ ਪਹੁੰਚਿਆ ਜਿਸ ਵਿਚ ਉਸ ਦੇ ਪਿਤਾ ਜਗਰਾਜ ਸਿੰਘ ਦੇ ਤਿੰਨ ਦਸੰਬਰ 1971 ਨੂੰ ਸ਼ਹੀਦ ਹੋਣ ਦੀ ਪੁਸ਼ਟੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸਾਡੇ ਪਰਿਵਾਰ ਨੂੰ ਉਨ੍ਹਾਂ ਦੀ ਲਾਸ਼ ਨਹੀਂ ਸੌਂਪੀ ਗਈ ਜਦੋਂ ਕਿ ਉਨ੍ਹਾਂ ਦੇ ਨਾਲ ਸ਼ਹੀਦ ਹੋਏ ਫੌਜੀਆਂ ਦੀਆਂ ਲਾਸ਼ਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪ ਦਿੱਤੀਆਂ ਗਈਆਂ।

ਉਨ੍ਹਾਂ ਨੂੰ ਪੂਰੀ ਉਮੀਦ ਸੀ ਕਿ ਉਨ੍ਹਾਂ ਦੇ ਪਿਤਾ ਸ਼ਹੀਦ ਨਹੀਂ ਹੋਏ। ਪਾਕਿ ਜੇਲ੍ਹ ਵਿਚ 12 ਸਾਲ ਉਨ੍ਹਾਂ ਦੇ ਨਾਲ ਕੈਦ ਕੱਟ ਕੇ ਭਾਰਤ ਵਾਪਸ ਪਹੁੰਚੇ ਫਿਰੋਜ਼ਪੁਰ ਦੇ ਸਤੀਸ਼ ਕੁਮਾਰ ਬਾਰੇ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਉਹ 12 ਜੁਲਾਈ 2012 ਨੂੰ ਉਨ੍ਹਾਂ ਕੋਲ ਗਏ ਤਾਂ ਉਸ ਨੇ ਜਗਰਾਜ ਸਿੰਘ ਦੀ ਫੋਟੋ ਸਾਨੂੰ ਦਿਖਾਈ। ਅਸੀਂ ਉਨ੍ਹਾਂ ਨੂੰ ਫੋਟੋ ਦੇਖ ਕੇ ਪਛਾਣ ਲਿਆ ਤਾਂ ਸਤੀਸ਼ ਕੁਮਾਰ ਨੇ ਦੱਸਿਆ ਕਿ 1974 ਵਿਚ ਸ਼ਾਹੀ ਕਿਲ੍ਹਾ ਜੇਲ੍ਹ ਲਾਹੌਰ ਵਿਚ ਉਸ ਨੂੰ ਇਕ ਪੰਜਾਬੀ ਮਿਲਿਆ ਸੀ। ਉਸ ਨੇ ਆਪਣਾ ਨਾਂ ਜਗਰਾਜ ਸਿੰਘ ਪਿੰਡ ਜੀਦਾ ਜ਼ਿਲ੍ਹਾ ਬਠਿੰਡਾ ਦੱਸਿਆ ਸੀ।

ਉਸ ਨੇ ਇਹ ਵੀ ਦੱਸਿਆ ਕਿ ਉਸ ਨੂੰ 1971 ਦੀ ਜੰਗ ਦੌਰਾਨ ਪਾਕਿ ਫੌਜ ਨੇ ਫੜ ਲਿਆ ਸੀ। ਸਿਪਾਹੀ ਜਗਰਾਜ ਸਿੰਘ ਦੀ ਬੇਟੀ ਪਰਮਜੀਤ ਕੌਰ ਨੇ ਦੱਸਿਆ ਕਿ ਇਸ ਤੋਂ ਇਲਾਵਾ ਪਿੰਡ ਹਰਰਾਏਪੁਰ ਜ਼ਿਲ੍ਹਾ ਬਠਿੰਡਾ ਦੇ ਹੌਲਦਾਰ ਚਰਨਜੀਤ ਸਿੰਘ ਜਿਹੜੇ ਉਨ੍ਹਾਂ ਦੇ ਪਿਤਾ ਨਾਲ ਫੌਜ ਵਿਚ ਸਨ, ਦੀ ਪਤਨੀ ਮਨਜੀਤ ਕੌਰ ਨੇ ਦੱਸਿਆ ਸੀ ਕਿ ਸਤੰਬਰ 2004 ਵਿਚ ਲਾਹੌਰ ਦੇ ਰੇਡੀਓ ਸਟੇਸ਼ਨ ਤੋਂ ਪ੍ਰਸਾਰਿਤ ਹੋਏ ਇਕ ਪ੍ਰੋਗਰਾਮ ਦੌਰਾਨ ਉਸ ਦੇ ਪਿਤਾ ਜਗਰਾਜ ਸਿੰਘ ਦੀ ਆਵਾਜ਼ ਸੁਣੀ ਸੀ ਜਿਸ ਵਿਚ ਉਸ ਨੇ ਦੱਸਿਆ ਸੀ ਕਿ ਉਹ ਇਕ ਜੰਗੀ ਕੈਦੀ ਹੈ।

ਉਸ ਦਾ ਨਾਂ ਜਗਰਾਜ ਸਿੰਘ ਹੈ ਤੇ ਉਸ ਦੇ ਪਿਤਾ ਦਾ ਨਾਂ ਪੂਰਨ ਸਿੰਘ ਹੈ ਅਤੇ ਉਹ ਪਿੰਡ ਜੀਦਾ ਜ਼ਿਲ੍ਹਾ ਬਠਿੰਡਾ ਦਾ ਰਹਿਣ ਵਾਲਾ ਹੈ। ਪਰਮਜੀਤ ਕੌਰ ਨੇ ਦੱਸਿਆ ਕਿ ਇਹ ਪਤਾ ਲੱਗਣ ਤੋਂ ਬਾਅਦ ਉਹ ਇਸ ਬਾਰੇ 102 ਇੰਜੀਨੀਅਰ ਰੈਜਮੈਂਟ ਦੇ ਕਮਾਂਡਰ ਨੂੰ ਸ੍ਰੀਨਗਰ ਵਿਖੇ ਜਾ ਕੇ ਮਿਲੇ ਸਨ ਅਤੇ ਉਨ੍ਹਾਂ ਨੂੰ ਆਪਣੇ ਪਿਤਾ ਦੇ ਜ਼ਿੰਦਾ ਹੋਣ ਦੀ ਖਬਰ ਦਿੱਤੀ ਸੀ ਜਿਸ 'ਤੇ ਕਾਰਵਾਈ ਕਰਦੇ ਹੋਏ ਉਨ੍ਹਾਂ ਨੇ ਬੰਬੇ ਇੰਜੀਨੀਅਰ ਗਰੁੱਪ ਦੇ ਕਮਾਂਡਰ ਨੂੰ ਅਗਲੀ ਕਾਰਵਾਈ ਕਰਨ ਲਈ ਪੱਤਰ ਲਿਖਿਆ ਸੀ ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ।

ਇਸ ਬਾਰੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜਾਣਕਾਰੀ ਦੇਣ ਲਈ ਇਕ ਲਿਖਤੀ ਪੱਤਰ ਹਲਕਾ ਇੰਚਾਰਜ ਦਰਸ਼ਨ ਸਿੰਘ ਕੋਟਫੱਤਾ ਨੂੰ ਦਿੱਤਾ ਹੈ ਅਤੇ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦੇ ਪਿਤਾ ਦੀ ਪਾਕਿ ਜੇਲ੍ਹ ਚੋਂ ਰਿਹਾਈ ਕਰਵਾਈ ਜਾਵੇ। ਉਹ ਪਰਨੀਤ ਕੌਰ, ਬਲਵੰਤ ਸਿੰਘ ਰਾਮੂਵਾਲੀਆ ਤੇ ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਇਸ ਬਾਰੇ ਮਿਲ ਚੁੱਕੀ ਹੈ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਸਾਬਕਾ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ, ਸਾਬਕਾ ਰੱਖਿਆ ਮੰਤਰੀ ਏ.ਕੇ. ਐਂਟਨੀ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਭਾਰਤੀ ਫੌਜ ਨੂੰ ਲਿਖਤੀ ਬੇਨਤੀਆਂ ਕਰ ਚੁੱਕੀ ਹੈ ਪਰ ਹਾਲੇ ਤੱਕ ਉਸ ਦੇ ਹੱਥ ਨਿਰਾਸ਼ਾ ਹੀ ਲੱਗੀ ਹੈ।


ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤਜ਼ਰਬੇਕਾਰ ਸ਼ੈਫ, ਕਿਚਨ ਹੈਲਪਰ ਅਤੇ ਵੇਟਰ ਦੀ ਫੌਰੀ ਲੋੜ ਹੈ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

18-20



Punjab Times
Our New E-mail
Punjabtimes1@gmail.com



WEBSITE - DHOLRADIO.CO

DHOL RADIO

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

ਹੁਣ ਸ਼ਿਕਾਗੋ ਤੋਂ

REQUEST SONG
MUSIC 24/7
LISTEN ON PHONE



Application For Android and iPhone - Dhol Radio

LIVE CALLS → USA 951-824-6365

skype - DHOLRADIO.ORG

LISTEN BY CALL → USA 702-489-0211

Sukhpal Gill 10 pm to 12 am (IST)

Puran singh waraich 2:30 pm to 4 pm (IST)



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay *Mountainhouse

ਮਾਊਂਟਨਹਾਊਸ, ਟਰੇਸੀ, ਮਨਟੀਕਾ, ਲੈਥਰੂਪ ਵਿਚ ਨਵਾਂ/ਪੁਰਾਣਾ ਘਰ ਲੈਣਾ ਜਾਂ ਵੇਚਣਾ ਹੋਵੇ ਤਾਂ ਜ਼ਰੂਰ ਸੰਪਰਕ ਕਰੋ

ਲੋਨ ਦਾ ਪ੍ਰਬੰਧ ਕਰਨ ਵਿਚ ਵੀ ਤੁਹਾਡੀ ਮਦਦ ਕਰ ਸਕਦੇ ਹਾਂ

Rent 'ਤੇ ਘਰ ਲੈਣਾ ਹੋਵੇ ਜਾਂ ਦੇਣਾ ਹੋਵੇ



COLDWELL BANKER VALLEY CENTRAL

EQUAL HOUSING OPPORTUNITY

REALTOR®

Gurbans Singh Gill
Realtor
BRE#01227109

18 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill
Office 209-835-4545
Direct 209-815-1869

1486 W 11th Street, Tracy, CA 95376



Wanted Drivers

ਡਰਾਈਵਰਾਂ ਦੀ ਲੋੜ ਹੈ



ਸੰਪਰਕ ਕਰੋ

ਫੋਨ: 916-833-5022

408-373-4168

16-19

# ਡਰੱਗ ਮਾਮਲਿਆਂ 'ਚ ਘਿਰੇ ਸਿਆਸਤਦਾਨਾਂ ਦਾ ਭਵਿੱਖ ਦਾਅ 'ਤੇ

**ਚੰਡੀਗੜ੍ਹ:** ਪ੍ਰੀਵੈਂਨਸ਼ਨ ਆਫ ਮਨੀ ਲਾਂਡਰਿੰਗ ਐਕਟ ਤਹਿਤ ਈ.ਡੀ. (ਇਨਫੋਰਸਮੈਂਟ ਡਾਇਰੈਕਟੋਰੇਟ) ਵੱਲੋਂ ਕੀਤੀ ਜਾ ਰਹੀ ਜਾਂਚ ਕਰ ਕੇ ਕਈ ਸਿਆਸੀ ਆਗੂਆਂ ਦਾ ਭਵਿੱਖ ਦਾਅ ਉਤੇ ਲੱਗ ਗਿਆ ਹੈ। ਇਸ ਮਾਮਲੇ ਦੀ ਜਾਂਚ ਵਿਚ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਨੂੰ ਕਈ ਵਾਰ ਇਸ ਜਾਂਚ ਵਿਚ ਸ਼ਾਮਲ ਹੋਣ ਲਈ ਈ.ਡੀ. ਦੇ ਜਲੰਧਰ ਦਫਤਰ ਜਾਣਾ ਪਿਆ ਹੈ। ਕਾਰੋਬਾਰੀ ਗਾਬਾ ਤੋਂ ਮਿਲੀ ਡਾਇਰੀ ਵਿਚ ਅਵਿਨਾਸ਼ ਚੰਦਰ ਦੇ ਨਾਂ ਤੋਂ ਇਲਾਵਾ ਕਈ ਆਗੂਆਂ ਨੂੰ ਇਸ ਜਾਂਚ ਵਿਚ ਸ਼ਾਮਲ ਕੀਤਾ ਗਿਆ ਸੀ। ਲੰਬੀ ਹੁੰਦੀ ਜਾਂਚ ਤੇ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਤਾਂ ਹੁਣ ਇਸ ਦਾ ਅਸਰ ਵੀ ਦੇਖਣ ਨੂੰ ਮਿਲ ਰਿਹਾ ਹੈ।

ਜਾਂਚ ਵਿਚ ਸ਼ਾਮਲ ਹੋਣ ਕਰ ਕੇ ਕਈ ਸਿਆਸੀ ਆਗੂਆਂ ਨੂੰ ਤਾਂ ਹੁਣ ਤੋਂ ਹੀ ਆਪਣੀਆਂ ਟਿਕਟਾਂ ਕੱਟੇ ਜਾਣ ਦਾ ਡਰ ਸਤਾਉਣ ਲੱਗ ਪਿਆ ਹੈ। ਮੁੱਖ ਤੌਰ 'ਤੇ ਈ.ਡੀ. ਵੱਲੋਂ ਕੀਤੀ ਜਾ ਰਹੀ ਜਾਂਚ ਵਿਚ ਹੁਣ ਤੱਕ ਅਵਿਨਾਸ਼ ਚੰਦਰ, ਲੋਕ-ਸਭਾ ਵਿਚ ਕਾਂਗਰਸ ਦੇ ਮੈਂਬਰ ਚੌਧਰੀ ਸੰਤੋਖ ਸਿੰਘ, ਬਿਕਰਮ ਸਿੰਘ ਮਜੀਠੀਆ, ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਦੇ ਲੜਕੇ ਦਮਨਵੀਰ ਸਿੰਘ ਸਮੇਤ ਹੋਰ ਕਈ ਸਿਆਸੀ ਆਗੂ, ਅਫਸਰ ਵੀ ਪੇਸ਼ ਹੋ ਚੁੱਕੇ ਹਨ। ਸਾਬਕਾ ਕੈਬਨਿਟ ਮੰਤਰੀ ਸਰਵਣ ਸਿੰਘ ਫਿਲੌਰ ਨੂੰ ਜਾਂਚ ਲਈ ਸੱਦੇ ਜਾਣ ਤੋਂ ਬਾਅਦ ਤਾਂ ਉਨ੍ਹਾਂ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਵੀ ਦਿੱਤਾ ਸੀ। ਈ.ਡੀ. ਦਫਤਰ ਦੇ ਲੱਗ ਰਹੇ ਚੱਕਰਾਂ ਕਰ ਕੇ ਕਈ ਸਿਆਸੀ ਆਗੂ ਹੁਣ ਜਨਤਕ ਤੌਰ ਉਤੇ ਵੀ ਜ਼ਿਆਦਾ ਸਰਗਰਮ ਨਹੀਂ ਹੋ ਰਹੇ ਹਨ ਕਿਉਂਕਿ ਇਸ ਮਾਮਲੇ ਵਿਚ ਜਾਂਚ ਰਿਪੋਰਟ ਆਉਣੀ ਬਾਕੀ ਹੈ। ਲੰਬੀ ਹੁੰਦੀ ਜਾਂਚ ਨਾਲ ਤਾਂ ਕਈ ਸਿਆਸੀ ਆਗੂਆਂ ਨੂੰ ਗਲਤ ਪ੍ਰਚਾਰ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ ਜਦਕਿ ਇਸ ਤਰ੍ਹਾਂ ਦੇ ਆਗੂਆਂ ਨੂੰ ਹੁਣ ਤੱਕ ਕਿਸੇ ਨੇ ਦੋਸ਼ੀ ਨਹੀਂ ਠਹਿਰਾਇਆ ਹੈ। ਰਾਜ ਵਿਚ ਨਸ਼ੇ ਦੇ ਕਈ ਮਾਮਲੇ ਤਾਂ ਸਾਹਮਣੇ ਆ ਚੁੱਕੇ ਹਨ ਪਰ ਇਸ ਮਾਮਲੇ ਨੂੰ ਲੈ ਕੇ ਤਾਂ ਸਿਆਸੀ ਪਾਰਟੀਆਂ ਜ਼ਰੂਰ ਅਜਿਹੇ ਆਗੂਆਂ ਨੂੰ ਘੇਰ ਕੇ ਹਮਲੇ ਕਰਦੀਆਂ ਰਹੀਆਂ ਹਨ। ਕੁਝ ਸਿਆਸੀ ਆਗੂ ਵੀ ਚਾਹੁੰਦੇ ਹਨ ਕਿ ਇਸ ਮਾਮਲੇ ਵਿਚ ਜਾਂਚ ਦਾ ਕੰਮ ਜਲਦੀ ਪੂਰਾ ਕਰਨਾ ਚਾਹੀਦਾ ਹੈ। ਕੇਂਦਰੀ ਵਿੱਤ ਮੰਤਰਾਲੇ ਚਾਹੇ ਤਾਂ ਇਸ ਮਾਮਲੇ ਵਿਚ ਜਾਂਚ ਨੂੰ ਤੇਜ਼ ਕਰਨ ਲਈ ਹੋਰ ਕਦਮ ਵੀ ਉਠਾ ਸਕਦਾ ਹੈ।




### ਸ਼ਸ਼ੀਕਾਂਤ ਵੱਲੋਂ ਬਾਦਲ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦਾ ਸੇਵਾ ਮੁਕਤ ਡਾਇਰੈਕਟਰ ਜਨਰਲ ਪੁਲਿਸ (ਜੇਲ੍ਹਾਂ) ਸ਼ਸ਼ੀਕਾਂਤ ਹੁਣ ਪੰਜਾਬ ਸਰਕਾਰ ਵੱਲੋਂ ਡਰੱਗ ਮਾਫੀਆ ਵਿਚ ਸਿਆਸੀ ਨੇਤਾਵਾਂ ਦੀ ਮਿਲੀਭੁਗਤ ਵਾਲੀ ਰਿਪੋਰਟ ਉਪਰ ਪਰਦਾ ਪਾਉਣ ਦੇ ਮਾਮਲੇ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਧਿਰ ਬਣਾਉਣ ਦੀ ਤਿਆਰੀ ਵਿਚ ਹੈ। ਸ਼ਸ਼ੀਕਾਂਤ ਨੇ ਦਾਅਵਾ ਕੀਤਾ ਕਿ ਸਾਲ 2007 ਦੌਰਾਨ ਪੰਜਾਬ ਪੁਲਿਸ ਦੇ ਖੁਫੀਆ ਵਿੰਗ ਦੇ ਮੁਖੀ ਵਜੋਂ ਉਨ੍ਹਾਂ ਪੰਜਾਬ ਦੇ ਡਰੱਗ ਮਾਫੀਆ ਵਿਚ ਸ਼ਾਮਲ 10 ਸਿਆਸਤਦਾਨਾਂ ਬਾਰੇ ਰਿਪੋਰਟ ਤਿਆਰ ਕੀਤੀ ਸੀ। ਇਸ ਬਾਰੇ ਉਨ੍ਹਾਂ ਖੁਦ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੀਟਿੰਗ ਦੌਰਾਨ ਖੁੱਲ੍ਹੀ ਚਰਚਾ ਕੀਤੀ ਸੀ ਅਤੇ ਇਹ ਰਿਪੋਰਟ ਬਕਾਇਦਾ ਪੁਲਿਸ ਦੇ ਰਿਕਾਰਡ ਵਿਚ ਸੀ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਡਰੱਗ ਮਾਫੀਆ ਬਾਰੇ ਚੱਲ ਰਹੇ ਮਾਮਲੇ ਵਿਚ ਜਵਾਬ ਦਾਇਰ ਕਰਦਿਆਂ ਕਿਹਾ ਹੈ ਕਿ ਸਾਬਕਾ ਡੀ.ਜੀ.ਪੀ. ਸ਼ਸ਼ੀਕਾਂਤ ਵੱਲੋਂ ਸਾਲ 2007 ਵਿਚ ਡਰੱਗ ਮਾਫੀਆ ਦੀ ਸਰਪ੍ਰਸਤੀ ਕਰਨ ਵਾਲੇ 10 ਸਿਆਸਤਦਾਨਾਂ ਬਾਬਤ ਤਿਆਰ ਕੀਤੀ ਰਿਪੋਰਟ ਪੁਲਿਸ ਜਾਂ ਸਰਕਾਰ ਦੇ ਰਿਕਾਰਡ ਵਿਚ ਨਹੀਂ ਹੈ।

### ਈ.ਡੀ. ਨੇ ਅਵਿਨਾਸ਼ ਚੰਦਰ ਨੂੰ ਰਿੜਕਿਆ

**ਜਲੰਧਰ:** ਸਿੰਥੈਟਿਕ ਡਰੱਗ ਮਾਮਲੇ ਵਿਚ ਘਿਰੇ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੰਸਦੀ ਸਕੱਤਰ ਅਵਿਨਾਸ਼ ਚੰਦਰ ਨੂੰ ਇਕ ਵਾਰ ਫਿਰ ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਦਫ਼ਤਰ ਵਿਚ ਪੇਸ਼ ਹੋਏ। ਇਸ ਦੌਰਾਨ ਈ.ਡੀ. ਵੱਲੋਂ ਕਈ ਘੰਟੇ ਅਵਿਨਾਸ਼ ਚੰਦਰ ਤੋਂ ਪੁੱਛਗਿੱਛ ਕੀਤੀ ਗਈ। ਸ਼੍ਰੋਮਣੀ ਅਕਾਲੀ ਦਲ ਦੇ ਫਿਲੌਰ ਤੋਂ ਵਿਧਾਇਕ ਅਵਿਨਾਸ਼ ਚੰਦਰ ਦਾ ਨਾਂ ਡਰੱਗ ਮਾਮਲੇ ਵਿਚ ਫੜੇ ਗਏ ਗੁਰਾਇਆ ਦੇ ਅਕਾਲੀ ਆਗੂ ਚੂਨੀ ਲਾਲ ਗਾਬਾ ਦੀ ਡਾਇਰੀ ਵਿਚ ਦਰਜ ਸੀ। ਈ.ਡੀ. ਨੇ ਅਕਾਲੀ ਵਿਧਾਇਕ ਤੋਂ ਇਲਾਵਾ ਉਸ ਦੀ ਪਤਨੀ ਸੰਤੋਸ਼ ਕਲੇਰ ਤੇ ਭਰਾ ਸਟੀਫਨ ਕਲੇਰ ਨੂੰ ਵੀ ਸੰਮਨ ਜਾਰੀ ਕਰ ਕੇ ਤਲਬ ਕੀਤਾ ਸੀ। ਈ.ਡੀ. ਦੇ ਦਫ਼ਤਰ ਦੇ ਬਾਹਰ ਅਕਾਲੀ ਵਿਧਾਇਕ ਖਿਲਾਫ਼ ਕਾਂਗਰਸੀ ਵਰਕਰਾਂ ਵੱਲੋਂ ਨਾਅਰੇਬਾਜ਼ੀ ਵੀ ਕੀਤੀ ਗਈ। ਦੋ ਮਹੀਨੇ ਪਹਿਲਾਂ ਚੁੰਨੀ ਲਾਲਾ ਗਾਬਾ ਦੀ ਡਾਇਰੀ ਦੀ ਜਾਂਚ ਦੌਰਾਨ ਪਤਾ ਲੱਗਾ ਸੀ ਕਿ ਅੱਠ ਕਟਿੰਗ ਵਿਚ ਸਭ ਤੋਂ ਜ਼ਿਆਦਾ ਲੈਣ-ਦੇਣ ਅਵਿਨਾਸ਼ ਚੰਦਰ ਦੇ ਨਾਮ ਉਤੇ ਸੀ

### 2000 ਕਰੋੜੀ ਡਰੱਗ ਤਸਕਰੀ ਵਿਚ ਗੂੰਜਿਆ ਮਮਤਾ ਦਾ ਨਾਂ

**ਮੁੰਬਈ:** ਬਾਲੀਵੁੱਡ ਅਦਾਕਾਰਾ 2000 ਕਰੋੜ ਦੀ ਡਰੱਗ ਤਸਕਰੀ ਮਾਮਲੇ ਵਿਚ ਕਸੂਤੀ ਫਸ ਸਕਦੀ ਹੈ। ਪੁਲਿਸ ਨੇ ਇਸ ਵੱਡੀ ਖੇਪ ਬਰਾਮਦਗੀ ਨੂੰ ਲੈ ਕੇ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਅੰਤਰਰਾਸ਼ਟਰੀ ਗਰੋਹ ਦਾ ਸਰਗਨਾ ਬਾਲੀਵੁੱਡ ਅਦਾਕਾਰਾ ਮਮਤਾ ਕੁਲਕਰਨੀ ਦਾ ਪਤੀ ਵਿੱਕੀ ਗੋਸਵਾਮੀ ਹੈ। ਪੁਲਿਸ ਇਸ ਮਾਮਲੇ ਵਿਚ ਮਮਤਾ ਦੀ ਭੂਮਿਕਾ ਦੀ ਵੀ ਜਾਂਚ ਕਰ ਸਕਦੀ ਹੈ। ਪਿਛਲੇ ਮਹੀਨੇ ਠਾਣੇ ਪੁਲਿਸ ਨੇ ਮਹਾਰਾਸ਼ਟਰ ਦੇ ਸੋਲਾਪੁਰ ਵਿਚ ਇਕ ਫੈਕਟਰੀ ਵਿਚੋਂ 20 ਟਨ ਐਫਡ੍ਰੀਨ ਡਰਗ ਬਰਾਮਦ ਕੀਤੀ ਸੀ। ਇਸ ਡਰਗ ਦੀ ਖਰੀਦ ਤੇ ਵਿਕਰੀ ਭਾਰਤ ਵਿਚ ਬੈਨ ਹੈ। ਇਸੇ ਜਾਂਚ 'ਚ ਠਾਣੇ ਤੋਂ ਪੁਨੀਤ ਨੂੰ ਗ੍ਰਿਫਤਾਰ ਕੀਤਾ ਗਿਆ। ਪੁੱਛਗਿੱਛ ਦੌਰਾਨ ਪੁਨੀਤ ਨੇ ਦੱਸਿਆ ਕਿ ਇਕ ਫਿਲਮ ਡਾਇਰੈਕਟਰ ਵੀ ਵਿੱਕੀ ਦੇ ਇਸ ਰੈਕੇਟ 'ਚ ਸ਼ਾਮਲ ਹੈ। ਪੁਲਿਸ ਮੁਤਾਬਕ ਇਹ ਇਕ ਅੰਤਰਰਾਸ਼ਟਰੀ ਗਰੋਹ ਹੈ। ਡਰੱਗਜ਼, ਮੁੰਬਈ ਤੋਂ ਗੁਜਰਾਤ ਦੇ ਰਸਤੇ ਈਸਟਰਨ ਯੂਰਪ ਭੇਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਵਿੱਕੀ 'ਤੇ ਪਹਿਲਾਂ ਹੀ ਇੰਟਰਪੋਲ ਅਲਰਟ ਜਾਰੀ ਹੋਇਆ ਹੈ।

# ਬਰਾੜ ਦਾ ਹਮਖਿਆਲ ਪਾਰਟੀਆਂ ਵੱਲ ਝੁਕਾਅ

**ਚੰਡੀਗੜ੍ਹ:** ਕਾਂਗਰਸ ਪਾਰਟੀ ਤੋਂ ਬਰਖ਼ਾਸਤ ਸੀਨੀਅਰ ਆਗੂ ਜਗਮੀਤ ਸਿੰਘ ਬਰਾੜ ਨੇ ਸੂਬੇ ਵਿਚ ਵੱਖਰੀ ਸਿਆਸੀ ਪਾਰਟੀ ਬਣਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਹਮਖਿਆਲੀ ਪਾਰਟੀਆਂ ਨਾਲ ਮਿਲ ਸਕਦੇ ਹਨ।

ਅਗਲੇ ਮਹੀਨੇ ਪਿੰਡ ਚੱਪੜਚਿੜੀ ਵਿਚ ਵੱਡਾ ਤੇ ਇਤਿਹਾਸਕ ਇਕੱਠ ਕਰਨ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਇਕੱਠ ਸੰਪੂਰਨ ਇਨਕਲਾਬ ਨੂੰ ਸਮਰਪਤ ਰਜਵਾੜਾਸ਼ਾਹੀ ਅਤੇ ਪਰਿਵਾਰਵਾਦ ਦੀ ਰਾਜਨੀਤੀ ਤੋਂ ਮੁਕਤੀ ਦਿਵਾਉਣ ਲਈ ਹੋਵੇਗਾ।

ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖਿਲਾਫ਼ ਹਮਲਾ ਕਰਦਿਆ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖਡੂਰ ਸਾਹਿਬ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨਾ ਲੜ ਕੇ ਕਾਂਗਰਸ ਪਾਰਟੀ ਨੂੰ ਤੀਜੇ ਸਥਾਨ 'ਤੇ ਪਹੁੰਚਾ ਦਿੱਤਾ ਹੈ ਤੇ ਉਨ੍ਹਾਂ ਦਾ ਵਿਦੇਸ਼ ਦੌਰਾ ਅਸਫਲ ਰਿਹਾ ਹੈ ਤੇ ਇਸ ਦੌਰੇ ਤੋਂ ਬਾਅਦ ਕਾਂਗਰਸ ਪਾਰਟੀ ਚੌਥੇ ਸਥਾਨ ਉਤੇ ਚਲੀ ਜਾਵੇਗੀ।




ਉਨ੍ਹਾਂ ਕਿਹਾ ਕਿ ਉਹ 24 ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰ ਚੁੱਕੇ ਹਨ ਪਰ ਇਕੱਠ ਭਾਵੇਂ ਛੋਟੇ ਹੋਏ ਹਨ, ਪਰ ਉਤਸ਼ਾਹਪੂਰਨ ਸਨ। ਇਸ ਕਰ ਕੇ 21 ਮਈ ਦਾ ਇਕੱਠਾ ਵੱਡਾ ਹੋਵੇਗਾ। ਉਨ੍ਹਾਂ ਨੇ ਇਕ ਇਕੱਠ ਦਾ ਮੁੱਖ ਪ੍ਰਬੰਧਕ ਮਨਜੀਤ ਸਿੰਘ ਝਲਬੂਟੀ ਨੂੰ ਬਣਾਉਣ ਦਾ ਐਲਾਨ ਕਰਦਿਆ ਕਿਹਾ ਕਿ ਸਾਬਕਾ ਮੰਤਰੀ ਡਾ. ਹਰਬੰਸ ਲਾਲ ਨੂੰ ਵੀ ਨੂੰ ਮੁੱਖ ਪ੍ਰਬੰਧਕਾਂ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਮਖਿਆਲ ਪਾਰਟੀਆਂ ਵਿਚ ਆਮ ਆਦਮੀ ਪਾਰਟੀ, ਬਸਪਾ ਤੇ ਖੱਬੀਆਂ ਪਾਰਟੀਆਂ ਸ਼ਾਮਲ ਹਨ।

ਸੂਬੇ ਦੀ ਸਥਿਤੀ ਦਾ ਜ਼ਿਕਰ ਕਰਦਿਆ ਸ੍ਰੀ ਬਰਾੜ ਨੇ ਕਿਹਾ ਕਿ ਸੂਬੇ ਦੀ ਕਿਸਾਨੀ ਗੰਭੀਰ ਆਰਥਿਕ ਸੰਕਟ ਵਿਚ ਘਿਰੀ ਹੋਈ ਹੈ ਤੇ ਪੰਜਾਬ ਵਿਚ ਆਏ ਦਿਨ ਖ਼ੁਦਕੁਸ਼ੀਆਂ ਹੋ ਰਹੀਆਂ ਹਨ।

ਉਨ੍ਹਾਂ ਨਸ਼ਿਆਂ ਦੇ ਕਾਰੋਬਾਰ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ। ਉਨ੍ਹਾਂ ਮੰਨਿਆ ਕਿ ਕਾਂਗਰਸ ਦੇ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਨੇ ਉਨ੍ਹਾਂ ਨਾਲ ਚਾਰ ਮੀਟਿੰਗਾਂ ਕੀਤੀਆਂ ਸਨ ਪਰ ਉਹ ਉਨ੍ਹਾਂ ਨੂੰ ਆਪਣੀ ਗੱਲ ਸਮਝਾ ਨਹੀਂ ਸਕੇ।

# ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਮੋਮ ਦਾ ਬੁੱਤ ਲੰਡਨ ਵਿਚ ਸਥਾਪਤ


**ਲੰਡਨ:** ਇਥੇ ਸਥਿਤ ਮੈਡਮ ਤੁਸਾਦ ਅਜਾਇਬਘਰ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੁਨੀਆਂ ਦੇ ਹੋਰ ਨੇਤਾਵਾਂ ਨਾਲ ਆਪਣਾ ਸਥਾਨ ਲੈ ਲਿਆ ਹੈ। ਮੋਦੀ ਦਾ ਮੋਮ ਦਾ ਬਣਿਆ ਪੁਤਲਾ ਦਿੱਲੀ ਤੋਂ ਹਾਲ ਹੀ ਦੌਰਾਨ ਲੰਡਨ ਦੇ ਬਾਕਰ ਸਟਰੀਟ ਸਥਿਤ ਇਸ ਅਜਾਇਬਘਰ ਵਿਚ ਪੁੱਜਿਆ ਹੈ। ਇਥੇ ਬਰਾਕ ਓਬਾਮਾ, ਡੇਵਿਡ ਕੈਮਰੌਨ, ਐਂਜਲਾ ਮਾਰਕਲ ਅਤੇ ਫਰਾਂਸਵਾ ਔਲਾਂਦ ਦੇ ਪੁਤਲੇ ਮੌਜੂਦ ਹਨ।



ਇਨ੍ਹਾਂ ਤੋਂ ਇਲਾਵਾ ਕੁਝ ਮਰਹੂਮ ਨੇਤਾਵਾਂ ਜਿਵੇਂ ਮਹਾਤਮਾ ਗਾਂਧੀ ਤੇ ਵਿੰਸਟਨ ਚਰਚਿਲ ਵੀ ਇਸ ਗਲਿਆਰੇ ਵਿਚ ਸ਼ਾਮਲ ਹਨ। ਮੈਡਮ ਤੁਸਾਦ ਦੇ ਜਨਰਲ ਮੈਨੇਜਰ ਐਡਵਰਡ ਫੂਲਰ ਨੇ ਕਿਹਾ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਮੋਦੀ ਨੇ ਆਪਣਾ ਪੁਤਲਾ ਪਸੰਦ ਕੀਤਾ ਹੈ। ਇਹ ਪਿਛਲੇ ਹਫਤੇ ਹੀ ਲੰਡਨ ਪੁੱਜਿਆ ਹੈ। ਪ੍ਰਧਾਨ ਮੰਤਰੀ ਦੇ ਮੋਮ ਦੇ ਚਾਰ ਪੁਤਲੇ ਬਣਾਏ ਗਏ ਹਨ, ਜਿਨ੍ਹਾਂ ਵਿਚੋਂ ਇਕ ਲੰਡਨ ਤੇ ਬਾਕੀ ਤਿੰਨ ਸਿੰਗਾਪੁਰ, ਹਾਂਗਕਾਂਗ ਤੇ ਬੈਂਕਾਕ ਵਿਚ ਹਨ। ਹਰ ਪੁਤਲੇ ਨੂੰ ਬਣਾਉਣ ਵਿਚ ਚਾਰ ਹਫਤੇ ਲੱਗੇ ਤੇ ਇਨ੍ਹਾਂ ਉਤੇ ਡੇਢ ਲੱਖ ਪੌਂਡ ਦਾ ਖਰਚ ਆਇਆ।

# ਪੱਤਰਕਾਰ ਜਸਪਾਲ ਸਿੱਧੂ ਦੀ ਕਿਤਾਬ 'ਜੂਨ 84 ਦੀ ਪੱਤਰਕਾਰੀ' ਰਿਲੀਜ਼

**ਚੰਡੀਗੜ੍ਹ:** ਪੱਤਰਕਾਰ ਜਸਪਾਲ ਸਿੰਘ ਸਿੱਧੂ ਵੱਲੋਂ ਆਪਣੀਆਂ ਯਾਦਾਂ ਤੇ ਤਜਰਬਿਆਂ ਦੇ ਆਧਾਰ ਉਤੇ ਲਿਖੀ ਗਈ ਕਿਤਾਬ 'ਸੰਤ ਭਿੰਡਰਾਂਵਾਲਿਆਂ ਦੇ ਰੂ-ਬਰੂ-ਜੂਨ 84 ਦੀ ਪੱਤਰਕਾਰੀ' ਰਿਲੀਜ਼ ਕੀਤੀ ਹੈ। ਇਸ ਮੌਕੇ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਨੇ ਕਿਹਾ ਕਿ ਇਸ ਦੌਰ ਵਿਚ ਕਈ ਅਖਬਾਰਾਂ ਦੇ ਮਾਲਕਾਂ, ਸੰਪਾਦਕਾਂ ਤੇ ਪੱਤਰਕਾਰਾਂ ਨੇ ਸਿੱਖ ਭਾਈਚਾਰੇ ਨਾਲ ਰੱਜ ਕੇ ਦੁਸ਼ਮਣੀ ਕਮਾਈ। ਉਨ੍ਹਾਂ ਕਿਹਾ ਕਿ ਉਹ ਅਜਿਹੀਆਂ ਕਿੰਨੀਆਂ ਹੀ ਘਟਨਾਵਾਂ ਅਤੇ ਇਨ੍ਹਾਂ ਦੀ ਗਿਣ ਮਿੱਥ ਕੇ ਕੀਤੀ ਗਈ ਤੱਥਾਂ ਤੋਂ ਕੋਰੀ ਪੇਸ਼ਕਾਰੀ ਦੇ ਚਸ਼ਮਦੀਦ ਗਵਾਹ ਹਨ ਜਿਨ੍ਹਾਂ ਨੇ ਨਾ ਸਿਰਫ ਸਿੱਖਾਂ ਦਾ ਅਕਸ ਹੀ ਵਿਗਾੜਿਆ ਬਲਕਿ ਉਨ੍ਹਾਂ ਦਾ ਬਹੁਤ ਵੱਡਾ ਨੁਕਸਾਨ ਵੀ ਕੀਤਾ। ਲੇਖਕ ਜਸਪਾਲ ਸਿੰਘ ਸਿੱਧੂ ਨੇ ਕਿਤਾਬ ਲਿਖੇ ਜਾਣ ਦੀ ਭਾਵਨਾ ਅਤੇ ਪਿਛੋਕੜ ਦਾ ਜ਼ਿਕਰ ਕੀਤਾ।



# ਲਾਦਿਨ ਦੀ ਮੌਤ ਬਾਰੇ ਹੋਏ ਕੁਝ ਅਹਿਮ ਖੁਲਾਸੇ

**ਵਸ਼ਿੰਗਟਨ:** ਪੁਲਿਟਜ਼ਰ ਐਵਾਰਡ ਜੇਤੂ ਅਮਰੀਕਨ ਪੱਤਰਕਾਰ ਸੈਮੂਰ ਹਰਸ਼ ਨੇ ਉਸਾਮਾ ਬਿਨ ਲਾਦਿਨ ਦੀ ਮੌਤ ਬਾਰੇ ਵੱਡਾ ਖੁਲਾਸਾ ਕੀਤਾ ਹੈ। ਹਰਸ਼ ਨੇ ਦਾਅਵਾ ਕੀਤਾ ਹੈ ਕਿ ਉਸਾਮਾ ਬਿਨ ਲਾਦੇਨ ਪਾਕਿਸਤਾਨ ਤੇ ਅਮਰੀਕਾ ਵਿਚਾਲੇ ਹੋਈ ਡੀਲ ਤਹਿਤ ਮਾਰਿਆ ਗਿਆ ਸੀ। ਉਨ੍ਹਾਂ ਕਿਹਾ ਕਿ ਲਾਦੇਨ ਮੌਤ ਤੋਂ ਪਹਿਲਾਂ ਚਾਰ ਸਾਲਾਂ ਤੱਕ ਪਾਕਿਸਤਾਨ ਦੇ ਕਬਜ਼ੇ ਵਿਚ ਸੀ। ਹਰਸ਼ ਨੇ ਕਿਹਾ ਹੈ ਕਿ ਜੇ ਅਮਰੀਕੀ ਅਫਸਰਾਂ ਨੂੰ ਉਨ੍ਹਾਂ ਦੇ ਦਾਅਵਿਆਂ ਉਤੇ ਇਤਰਾਜ਼ ਹੈ ਤਾਂ ਉਹ ਉਨ੍ਹਾਂ ਦੀ ਗੱਲ ਨੂੰ ਗਲਤ ਸਾਬਤ ਕਰ ਕੇ ਦਿਖਾਉਣ।

ਦੱਸਣਯੋਗ ਹੈ ਕਿ ਹਰਸ਼ ਦੀ ਇਕ ਨਵੀਂ ਕਿਤਾਬ ਛਪਣ ਜਾ ਰਹੀ ਹੈ ਤੇ ਇਸ ਕਿਤਾਬ ਦਾ ਟਾਈਟਲ 'ਦ ਕਲਿੰਗ ਆਫ ਉਸਾਮਾ ਬਿਨ ਲਾਦਿਨ' ਹੈ। ਹਰਸ਼ ਨੇ ਇਕ ਪਾਕਿਸਤਾਨੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿਚ ਇਸ ਤਰ੍ਹਾਂ ਦੇ ਸਵਾਲ ਉਠਾਏ ਹਨ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਜਦੋਂ ਹਰਸ਼ ਨੇ ਲਾਦਿਨ ਨੂੰ ਲੈ ਕੇ ਪਾਕਿਸਤਾਨ ਦੇ ਅਮਰੀਕਾ ਵਿਚਲੀ ਡੀਲ ਦਾ ਦਾਅਵਾ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ 2006 ਵਿਚ ਲਾਦਿਨ ਨੂੰ ਹਿੰਦੂਕੁਸ਼ ਦੀਆਂ ਪਹਾੜੀਆਂ ਵਿਚੋਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਸ ਨੂੰ ਬਾਅਦ ਵਿਚ ਆਲੀਸ਼ਾਨ ਕੋਠੀ 'ਚ ਰੱਖਿਆ ਗਿਆ। ਪੱਤਰਕਾਰ ਨੇ ਕਿਹਾ ਕਿ ਸਾਊਦੀ ਅਰਬ ਨੇ ਲਾਦਿਨ ਨੂੰ ਪਾਕਿਸਤਾਨੀ ਹਿਰਾਸਤ ਵਿਚ ਰੱਖਣ ਦੀ ਮਦਦ ਕੀਤੀ ਸੀ। ਦਰਅਸਲ, ਸਾਊਦੀ ਅਰਬ ਇਹ ਨਹੀਂ ਚਾਹੁੰਦਾ ਸੀ ਕਿ ਅਮਰੀਕਾ ਲਾਦਿਨ ਤੋਂ ਪੁੱਛਗਿੱਛ ਕਰ ਸਕੇ।



ਹਕੀਕਤ ਤਾਂ ਇਹ ਹੈ ਕਿ ਸਾਊਦੀ ਅਰਬ ਦੇ ਕਹਿਣ ਉਤੇ ਹੀ ਪਾਕਿਸਤਾਨ ਨੇ ਲਾਦਿਨ ਨੂੰ ਫੜਿਆ ਸੀ। ਸੈਮੂਰ ਮੁਤਾਬਕ 2010 ਵਿਚ ਇਕ ਪਾਕਿਸਤਾਨੀ ਆਰਮੀ ਦਾ ਕਰਨਲ ਅਮਰੀਕੀ ਅੰਬੈਸੀ ਗਿਆ। ਉਸ ਨੇ ਉਥੇ ਸੀ.ਆਈ.ਏ. ਦੇ ਸਟੇਸ਼ਨ ਚੀਫ ਜੋਨਾਰਥ ਬੈਂਕ ਨਾਲ ਮੁਲਾਕਾਤ ਕਰ ਕੇ ਕਿਹਾ ਕਿ ਲਾਦਿਨ ਚਾਰ ਸਾਲਾਂ ਤੋਂ ਸਾਡੇ ਕੋਲ ਹੈ।

ਉਨ੍ਹਾਂ ਦੱਸਿਆ ਹੈ ਕਿ ਇਸੇ ਕਰਨਲ ਨੇ ਅਮਰੀਕਾ ਨੂੰ ਉਸਾਮਾ ਦਾ ਟਿਕਾਣਾ ਦੱਸਿਆ ਸੀ ਤੇ ਉਹ ਅੱਜ ਕੱਲ੍ਹ ਵਸ਼ਿੰਗਟਨ ਦੇ ਕੋਲ ਰਹਿੰਦਾ ਹੈ। ਹਰਸ਼ ਨੇ ਕਿਹਾ ਕਿ ਸੀ.ਆਈ.ਏ. ਅਫਸਰ ਜੋਨਾਰਥ ਬੈਂਕ ਮੇਰੇ ਦਾਅਵਿਆਂ ਨੂੰ ਗਲਤ ਸਾਬਤ ਨਹੀਂ ਕਰ ਸਕਦੇ ਤੇ ਅੱਜ ਤੱਕ ਉਨ੍ਹਾਂ ਅਜਿਹਾ ਕੀਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਕਰਨਲ ਨੇ ਵੀ ਉਨ੍ਹਾਂ ਦੀਆਂ ਗੱਲਾਂ ਦਾ ਖੰਡਨ ਨਹੀਂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਨਾਲ ਵਿਵਾਦਾਂ ਕਾਰਨ ਪਾਕਿਸਤਾਨ ਦੀ ਫੌਜ ਹਮੇਸ਼ਾਂ ਅਲਰਟ ਰਹਿੰਦੀ ਹੈ ਤੇ ਲਾਦਿਨ ਦੇ ਮਾਮਲੇ ਵਿਚ ਅਜਿਹਾ ਕਿਉਂ ਹੋਇਆ ਕਿ ਅਮਰੀਕਾ ਦਾ ਹੈਲੀਕਪਟਰ ਆ ਕੇ ਪਾਕਿਸਤਾਨ ਤੇ ਹਮਲਾ ਕਰ ਗਿਆ ਤੇ ਪਾਕਿਸਤਾਨ ਨੂੰ ਪਤਾ ਤੱਕ ਨਹੀਂ ਲੱਗਿਆ।

# ਪ੍ਰੋ. ਭੁੱਲਰ ਦੇ ਪਰਿਵਾਰ ਵਲੋਂ ਰਿਹਾਈ ਦਾ ਨਾਜਾਇਜ਼ ਲਾਭ ਲੈਣ ਵਾਲਿਆਂ ਪ੍ਰਤੀ ਚਿਤਾਵਨੀ

**ਯੂਬਾ ਸਿਟੀ (ਹਰਜਿੰਦਰ ਦੋਸਾਂਝ):** ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਖਾੜਕੂਵਾਦ ਦੀ ਭੇਟ ਚੜ੍ਹਨ ਜਾਂ ਪੀੜਤ ਹੋਣ ਵਾਲੇ ਸਭ ਤੋਂ ਵੱਧ ਪੜ੍ਹੇ-ਲਿਖੇ ਗੱਭਰੂਆਂ ਵਿਚੋਂ ਹੈ। ਫਾਂਸੀ ਦੀ ਸਜ਼ਾ ਤੋਂ ਉਮਰ ਕੈਦ 'ਚ ਤਬਦੀਲ ਹੋਣ ਪਿਛੋਂ ਲੰਮਾ ਸਮਾਂ ਜੇਲ੍ਹ 'ਚ ਬਿਤਾਉਣ ਬਾਅਦ ਇੱਕੀ ਦਿਨਾਂ ਲਈ ਪੈਰੋਲ 'ਤੇ ਰਿਹਾ ਹੋਇਆ। ਇਸ ਪਿਛੋਂ ਅਨੇਕਾਂ ਲੋਕਾਂ ਨੇ ਉਸ ਦੀ ਰਿਹਾਈ ਦੇ ਦਾਅਵੇ ਕਰਨੇ ਸ਼ੁਰੂ ਕਰ ਦਿੱਤੇ। ਇਥੋਂ ਤੱਕ ਕਿ ਯੂਬਾ ਸਿਟੀ ਰਹਿੰਦੀ ਉਨ੍ਹਾਂ ਦੀ ਮਾਤਾ ਉਪਕਾਰ ਕੌਰ (ਸਾਬਕਾ ਗਜ਼ਟਿਡ ਅਫਸਰ, ਪੰਜਾਬ ਸਰਕਾਰ) ਦੇ ਨਾਂ ਉਤੇ ਕਈ ਫਰਜ਼ੀ ਚਿੱਠੀਆਂ ਸੋਸ਼ਲ ਮੀਡੀਆ ਅਤੇ ਕਈ ਪੰਜਾਬੀ ਅਖਬਾਰਾਂ ਨੇ ਪ੍ਰਕਾਸ਼ਿਤ ਕੀਤੀਆਂ ਹਨ।



ਇਸ ਪਿਛੋਂ ਪ੍ਰੋ. ਭੁੱਲਰ ਦੇ ਮਾਤਾ ਅਤੇ ਛੋਟੇ ਭਰਾ ਤਜਿੰਦਰਪਾਲ ਸਿੰਘ ਭੁੱਲਰ ਨੇ ਦੱਸਿਆ ਅਤੇ ਸੋਸ਼ਲ ਮੀਡੀਆ ਉਤੇ ਜਾਣਕਾਰੀ ਦਿੱਤੀ ਕਿ ਉਪਕਾਰ ਕੌਰ ਭੁੱਲਰ ਦੇ ਨਾਂ 'ਤੇ ਛਪਣ ਵਾਲੀਆਂ ਚਿੱਠੀਆਂ ਤੇ ਹੋਰ ਜਾਣਕਾਰੀ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ। ਉਹ ਹਰ ਸੰਸਥਾ ਤੇ ਵਿਅਕਤੀ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਔਖੇ ਸਮੇਂ ਉਨ੍ਹਾਂ ਲਈ ਹਾਅ ਦਾ ਨਾਅਰਾ ਮਾਰਿਆ, ਭਾਵੇਂ ਕਿਸੇ ਵੀ ਧਾਰਮਿਕ ਜਾਂ ਰਾਜਨੀਤਕ ਵਿਚਾਰਧਾਰਾ ਦਾ ਹੋਵੇ। ਉਨ੍ਹਾਂ ਸਪਸ਼ਟ ਕੀਤਾ ਕਿ ਭੁੱਲਰ ਪਰਿਵਾਰ ਦੇ ਨਾਂ 'ਤੇ ਛਪਦੀਆਂ ਚਿੱਠੀਆਂ ਕਿਸੇ ਸਾਜਿਸ਼ ਦਾ ਹਿੱਸਾ ਹੋ ਸਕਦੀਆਂ ਹਨ। ਇਸੇ ਦੌਰਾਨ ਪ੍ਰੋਫੈਸਰ ਭੁੱਲਰ ਨੇ ਆਪਣੇ ਸਾਬਕਾ ਸੰਗੀ-ਸਾਥੀ ਅਤੇ ਅਮਰੀਕਾ ਤੇ ਭਾਰਤ ਵਿਚ ਲੰਮੀ ਕੈਦ ਕੱਟ ਚੁਕੇ ਸਾਬਕਾ ਸਿੱਖ ਖਾੜਕੂ ਰਣਜੀਤ ਸਿੰਘ ਗਿੱਲ ਉਰਫ ਕੁੱਕੀ ਗਿੱਲ (ਸਪੁੱਤਰ ਖੇਤੀ ਵਿਗਿਆਨੀ ਤੇ ਸਾਬਕਾ ਉਪ ਕੁਲਪਤੀ, ਖੇਤੀਬਾੜੀ ਯੂਨੀਵਰਸਿਟੀ ਸ. ਖੇਮ ਸਿੰਘ ਗਿੱਲ) ਨੂੰ ਇਕ ਟੀ.ਵੀ. ਇੰਟਰਵਿਊ ਦਿੰਦਿਆਂ ਦੱਸਿਆ ਕਿ ਖਾੜਕੂਵਾਦ ਦੌਰਾਨ ਉਨ੍ਹਾਂ ਦੇ ਪਿਤਾ, ਮਾਸੜ, ਚਚੇਰੇ ਭਰਾ ਸਮੇਤ ਅਨੇਕਾਂ ਦੋਸਤ ਸਰਕਾਰੀ ਹਿੰਸਾ ਦੀ ਭੇਟ ਚੜ੍ਹ ਗਏ। ਉਨ੍ਹਾਂ ਸਭ ਨੂੰ ਭੁਲਾਉਣਾ ਤਾਂ ਨਾਮੁਮਕਿਨ ਹੈ ਪਰ ਬਦਲੇ ਹੋਏ ਹਾਲਾਤ ਮੁਤਾਬਿਕ ਹੁਣ ਅੱਗੇ ਵਧਣ ਦੀ ਲੋੜ ਹੈ। ਉਨ੍ਹਾਂ ਇੰਟਰਵਿਊ 'ਚ ਪੰਜਾਬ ਸਰਕਾਰ, ਆਮ ਆਦਮੀ ਪਾਰਟੀ ਸਮੇਤ ਤਮਾਮ ਜਥੇਬੰਦੀਆਂ ਤੇ ਵਿਅਕਤੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਭਾਵੇਂ ਉਹ ਕਿਸੇ ਵੀ ਭਾਈਚਾਰੇ ਜਾਂ ਰਾਜਸੀ ਜਮਾਤ ਨਾਲ ਸਬੰਧਤ ਹਨ।

ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸੰਘਰਸ਼ ਨਾਲ ਸਬੰਧਤ ਖਾੜਕੂ ਜੋ 20-25 ਸਾਲ ਦੀ ਸਜ਼ਾ ਕੱਟ ਚੁਕੇ ਹਨ, ਉਨ੍ਹਾਂ ਦੀ ਪੱਕੀ ਰਿਹਾਈ ਕਰਵਾਈ ਜਾਵੇ ਤਾਂ ਕਿ ਉਹ ਰਹਿੰਦੀ ਜ਼ਿੰਦਗੀ ਇਨਸਾਨੀ ਬਿਹਤਰੀ ਲਈ ਯੋਗਦਾਨ ਪਾ ਸਕਣ। ਇਸ ਨਾਲ ਉਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਭੁੱਖ ਹੜਤਾਲ 'ਤੇ ਬੈਠੇ ਸੂਰਤ ਸਿੰਘ ਖਾਲਸਾ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਹੁਣ ਹੜਤਾਲ ਬੰਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਏਨੀ ਲੰਮੀ ਭੁੱਖ ਹੜਤਾਲ ਹਾਸੋਹੀਣਤਾ ਦਾ ਮੁੱਦਾ ਬਣ ਰਹੀ ਹੈ। ਜ਼ਿਕਰਯੋਗ ਹੈ ਕਿ ਪ੍ਰੋ. ਭੁੱਲਰ ਦੀ ਇੰਟਰਵਿਊ ਕਰਨ ਵਾਲਾ ਕੁੱਕੀ ਗਿੱਲ ਸਾਬਕਾ ਖਾੜਕੂ ਹੁਣ ਨਾਮਵਰ ਕਾਲਮਨਵੀਸ ਅਤੇ ਕੌਮਾਂਤਰੀ ਟੈਨਿਸ ਅਤੇ ਬਾਸਕਿਟਬਾਲ ਕੋਚ ਵਜੋਂ ਨਾਮਣਾ ਖੱਟ ਰਿਹਾ ਹੈ।

## ਲੰਬੀ ਜ਼ਿੰਦਗੀ ਭੋਗਣੀ ਹੈ ਤਾਂ ਕੰਮ ਕਰਦੇ ਰਹੋ

**ਵਾਸ਼ਿੰਗਟਨ:** ਅਮਰੀਕਾ ਵਿਚ ਕੀਤੇ ਗਏ ਤਾਜ਼ਾ ਅਧਿਐਨ ਮੁਤਾਬਕ 65 ਸਾਲ ਤੋਂ ਬਾਅਦ ਵੀ ਕੰਮ ਕਰਨਾ ਤੁਹਾਡੀ ਲੰਬੀ ਜ਼ਿੰਦਗੀ ਭੋਗਣ ਵਿਚ ਮਦਦ ਕਰ ਸਕਦਾ ਹੈ। ਜਿਹੜੇ ਲੋਕ ਕੰਮ ਤੋਂ ਛੇਤੀ ਸੇਵਾਮੁਕਤੀ ਲੈ ਲੈਂਦੇ ਹਨ, ਉਹ ਇਸ ਜਹਾਨ ਤੋਂ ਵੀ ਛੇਤੀ ਵਿਦਾ ਹੋ ਜਾਂਦੇ ਹਨ। ਓਰੇਗਨ ਸਟੇਟ ਯੂਨੀਵਰਸਿਟੀ ਦੇ ਅਧਿਐਨ ਮੁਤਾਬਕ 65 ਸਾਲ ਦੀ ਉਮਰ ਤੋਂ ਇਕ ਸਾਲ ਬਾਅਦ ਕੰਮਕਾਜ ਤੋਂ ਸੇਵਾਮੁਕਤੀ ਲੈਂਦੇ ਹਨ, ਉਨ੍ਹਾਂ ਵਿਚ ਛੇਤੀ ਮਰਨ ਦਾ ਖਤਰਾ 11 ਫੀਸਦੀ ਘੱਟ ਜਾਂਦਾ ਹੈ। ਇਥੋਂ ਤੱਕ ਜਿਹੜੇ ਲੋਕ ਆਪਣੇ ਆਪ ਨੂੰ ਬਿਮਾਰ ਤੇ ਮਾੜੀ ਸਿਹਤ ਵਾਲਾ ਮੰਨਦੇ ਹਨ ਜੇ ਉਹ ਕੰਮਕਾਜ ਨਾਲ ਦਿਲ ਲਗਾਈ ਰੱਖਣ, ਉਹ ਵੀ ਆਪਣੀ ਜ਼ਿੰਦਗੀ ਦੀ ਗੱਡੀ ਲੰਬੀ ਖਿੱਚ ਕੇ ਲੈ ਜਾਂਦੇ ਹਨ।

ਯੂਨੀਵਰਸਿਟੀ ਦੀ ਖੋਜੀ ਟੀਮ ਦੇ ਮੁੱਖੀ ਚੇਨਕਾਇ ਵੂ ਨੇ ਕਿਹਾ ਕਿ ਇਹ ਅਧਿਐਨ ਸਾਰਿਆਂ 'ਤੇ ਠੀਕ ਭਾਵੇਂ ਨਾ ਬੈਠੇ ਪਰ ਇਹ ਬਹੁਤਿਆਂ ਲਈ ਬਿਲਕੁਲ ਦਰੁਸਤ ਹੈ। ਇਸ ਅਧਿਐਨ ਲਈ 1992 ਤੋਂ 2010 ਤੱਕ ਦਾ ਡਾਟਾ ਇਕੱਤਰ ਕੀਤਾ ਗਿਆ ਸੀ। ਇਸ ਅਧਿਐਨ ਦਾ ਸਾਰ ਇਹ ਹੈ ਕਿ ਲੰਬਾ ਜਿਉਣਾ ਹੈ ਤਾਂ ਕੰਮ ਨਾਲ ਪਿਆਰ ਕਰਦੇ ਹੋ ਤੇ ਜ਼ਿੰਦਗੀ ਨੂੰ ਅੱਗੇ ਤੋਰਦੇ ਹੋ।


Golden State Realty
9912 Kapalua Ln., Elk Grove, CA 95624
Please Contact For
Commercial
or
Residential
Needs

Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply

Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)


# ਨਵੇਂ ਪਰਵਾਸੀ ਕਾਵਿ-ਸੰਗ੍ਰਿਹ ਲਈ ਅਣਛਪੀਆਂ ਰਚਨਾਵਾਂ ਦੀ ਮੰਗ

ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਨਾਮਵਰ ਕਹਾਣੀਕਾਰਾਂ ਦੀਆਂ ਚੋਣਵੀਆਂ ਕਹਾਣੀਆਂ ਦੇ ਪੰਜ ਸੰਗ੍ਰਿਹ ਛਪਣ ਤੇ ਮਕਬੂਲ ਹੋਣ ਬਾਅਦ ਹੁਣ ਨਵਾਂ ਕਾਵਿ-ਸੰਗ੍ਰਿਹ ਛਾਪਣ ਦੀ ਤਿਆਰੀ ਹੋ ਰਹੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਇਕ ਸੰਪਾਦਕੀ ਬੋਰਡ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਦਰਸ਼ਨ ਬੁਲੰਦਵੀ, ਅਜ਼ੀਮ ਸ਼ੇਖਰ ਅਤੇ ਕੁਲਵੰਤ ਢਿੱਲੋਂ ਸ਼ਾਮਲ ਹਨ। ਸੰਪਾਦਕੀ ਬੋਰਡ ਦੇ ਸਹਿਯੋਗ ਲਈ ਨਾਮਵਰ ਪ੍ਰਗਤੀਸ਼ੀਲ ਕਵੀਆਂ ਦੀ ਇਕ ਟੀਮ ਵੀ ਬਣਾਈ ਗਈ ਹੈ। ਇਸ ਕਾਵਿ-ਸੰਗ੍ਰਿਹ ਲਈ ਸ਼ਾਇਰ ਆਪਣੀਆਂ ਪੰਜ ਅਗਾਂਹਵਧੂ, ਪ੍ਰਗਤੀਸ਼ੀਲ ਤੇ ਕ੍ਰਾਂਤੀਕਾਰੀ ਰਚਨਾਵਾਂ ਕਿਸੇ ਵੀ ਕਾਵਿ ਰੂਪ-ਖੁੱਲ੍ਹੀ ਕਵਿਤਾ, ਛੰਦਬੰਦ ਕਵਿਤਾ, ਨਜ਼ਮ, ਗੀਤ, ਗਜ਼ਲ, ਰੁਬਾਈ ਆਦਿ ਇਸ ਸਾਲ ਦੇ ਅੰਤ ਤੱਕ ਭੇਜ ਸਕਦੇ ਹਨ। ਸ਼ਾਇਰਾਂ ਨੂੰ ਬੇਨਤੀ ਹੈ ਕਿ ਹੇਠ ਲਿਖੇ ਨੁਕਤਿਆਂ 'ਤੇ ਗੌਰ ਕੀਤਾ ਜਾਵੇ:

1. ਰਚਨਾਵਾਂ ਮੌਲਿਕ, ਨਵੀਆਂ ਤੇ ਅਣਛਪੀਆਂ ਹੋਣ ਅਰਥਾਤ ਇਹ ਕਿਸੇ ਵੀ ਕਿਤਾਬ, ਮੈਗਜ਼ੀਨ, ਅਖਬਾਰ, ਫੇਸ ਬੁੱਕ ਜਾਂ ਕਿਸੇ ਵੀ ਹੋਰ 'ਔਨ ਲਾਈਨ ਬਲਾਗ' 'ਤੇ ਛਪੀਆਂ ਹੋਈਆਂ ਨਾ ਹੋਣ।
2. ਸਿਰਫ ਪਰਵਾਸੀ ਸ਼ਾਇਰ ਹੀ ਆਪਣੀਆਂ ਰਚਨਾਵਾਂ ਭੇਜਣ ਅਰਥਾਤ ਹਿੰਦੋਸਤਾਨ, ਪਾਕਿਸਤਾਨ, ਬੰਗਲਾ ਦੇਸ਼ ਵਿਚ ਵਸਦੇ ਕਿਸੇ ਵੀ ਸ਼ਾਇਰ ਵੱਲੋਂ ਭੇਜੀ ਗਈ ਰਚਨਾ ਸਵੀਕਾਰ ਨਹੀਂ ਕੀਤੀ ਜਾਵੇਗੀ। ਰਚਨਾਵਾਂ ਦਾ ਪਰਵਾਸੀ ਅਤੇ ਅਗਾਂਹਵਧੂ ਲੋਕ-ਪੱਖੀ ਸਰੋਕਾਰਾਂ ਨਾਲ ਸਬੰਧਤ ਹੋਣਾ ਲਾਜ਼ਮੀ ਹੈ। ਨਿਰੋਲ ਦੇਸੀ ਸਰੋਕਾਰ ਅਤੇ ਦੇਸੀ ਲੋਕੇਲ ਵਾਲੀ ਰਚਨਾ ਨਾ ਭੇਜੀ ਜਾਵੇ।
3. ਰਚਨਾਵਾਂ ਦੀ ਚੋਣ ਬਾਰੇ ਸੰਪਾਦਕੀ ਬੋਰਡ ਦਾ ਫੈਸਲਾ ਅੰਤਮ ਹੋਵੇਗਾ। ਕਿਸੇ ਵੀ ਸ਼ਾਇਰ ਦੀਆਂ ਵੱਧ ਤੋਂ ਵੱਧ ਪੰਜ ਰਚਨਾਵਾਂ ਹੀ ਛਾਪੀਆਂ ਜਾਣਗੀਆਂ।
4. ਇਕੱਤੀ ਦਸੰਬਰ 2016 ਤੱਕ ਪਹੁੰਚਣ ਵਾਲੀਆਂ ਰਚਨਾਵਾਂ ਹੀ ਚੋਣ ਲਈ ਵਿਚਾਰੀਆਂ ਜਾਣਗੀਆਂ।

*ਰਚਨਾਵਾਂ ਸੰਪਾਦਕੀ ਬੋਰਡ ਅਤੇ ਸਹਿਯੋਗੀ ਟੀਮ ਦੇ ਕਿਸੇ ਵੀ ਮੈਂਬਰ ਨੂੰ ਈਮੇਲ ਜਾਂ ਪੋਸਟ ਮੇਲ ਰਾਹੀਂ ਭੇਜੀਆਂ ਜਾ ਸਕਦੀਆਂ ਹਨ।*
*ਕਿਸੇ ਵੀ ਮੈਂਬਰ ਨਾਲ ਰਾਬਤਾ ਚਿੱਠੀ ਪੱਤਰ, ਈਮੇਲ ਜਾਂ ਫੋਨ ਰਾਹੀਂ ਕੀਤਾ ਜਾ ਸਕਦਾ ਹੈ।*

### ਸੰਪਰਕ ਲਈ ਈਮੇਲ ਅਤੇ ਫੋਨ ਨੰਬਰ ਇਸ ਪ੍ਰਕਾਰ ਹਨ:

**ਸੰਪਾਦਕੀ ਬੋਰਡ ਮੈਂਬਰ:** ਦਰਸ਼ਨ ਬੁਲੰਦਵੀ (ਈਮੇਲ: darshanbulandavi@ymail.com; ਫੋਨ: 07748791804); ਅਜ਼ੀਮ ਸ਼ੇਖਰ (ਈਮੇਲ: mittarpiarenu@yahoo.co.uk; ਫੋਨ:07916 257981); ਕੁਲਵੰਤ ਢਿੱਲੋਂ (ਈਮੇਲ: kulwantdhillon@hotmail.co.uk; ਫੋਨ: 07870 358186)

**ਸਹਾਇਕ ਟੀਮ ਮੈਂਬਰ:** ਦਲਜੀਤ ਮੋਖਾ (ਈਮੇਲ: daljitmokha@yahoo.com; ਫੋਨ: 917-833-2231); ਤਾਰਾ ਸਿੰਘ ਸਾਗਰ (ਈਮੇਲ: tarasagar12@yahoo.com; ਫੋਨ: 510-453-5779); ਓਂਕਾਰਪ੍ਰੀਤ ਸਿੰਘ (ਈਮੇਲ: onkarpreet@hotmail.com; ਫੋਨ: 647-455-5629); ਸੁਰਜੀਤ ਕੌਰ (ਈਮੇਲ: surjitk33@mail.com; ਫੋਨ: 905-216-4981); ਮਹਿੰਦਰਪਾਲ ਸਿੰਘ ਪਾਲ (ਈਮੇਲ: mspal@telus.net; ਫੋਨ: 403-256-5713); ਅਮਰਜੀਤ ਚਾਹਲ (ਈਮੇਲ: amarbaba@msn.com; ਫੋਨ: 604-825-9240)

ਪੰਜਾਬ ਟਾਈਮਜ਼

ਸਨਿਚਰਵਾਰ, 7 ਮਈ 2016

## ਪੰਜ-ਆਬ, ਅਪਰਾਧ ਤੇ ਆਵਾਮ

ਕੋਈ ਵਕਤ ਸੀ ਜਦੋਂ ਅਪਰਾਧਾਂ ਲਈ ਬਿਹਾਰ ਬਹੁਤ ਬਦਨਾਮ ਸੀ। ਉਥੇ ਅਪਰਾਧੀਆਂ, ਪੁਲਿਸ ਅਤੇ ਸਿਆਸਤਦਾਨਾਂ ਦਾ ਜਿਹੜਾ ਜੋੜ ਬਣਿਆ ਹੋਇਆ ਸੀ, ਉਸ ਕਾਰਨ ਕਤਲ ਅਤੇ ਡਾਕੇ ਆਮ ਜਿਹੀ ਗੱਲ ਹੋ ਗਈ ਸੀ। ਉਦੋਂ ਜੇ ਕਿਸੇ ਨੇ ਮਾੜੀ ਕਾਨੂੰਨ-ਵਿਵਸਥਾ ਦੀ ਮਿਸਾਲ ਦੇਣੀ ਹੁੰਦੀ ਸੀ ਤਾਂ ਬਿਹਾਰ ਦਾ ਨਾਂ ਹੀ ਸਭ ਤੋਂ ਵੱਧ ਬੋਲਦਾ ਸੀ। ਪੰਜਾਬ ਵਿਚ ਜਦੋਂ ਕਦੀ ਅਜਿਹੀਆਂ ਤੱਦੀਆਂ ਸਾਹਮਣੇ ਆਉਂਦੀਆਂ ਤਾਂ ਵਿਰੋਧੀ ਧਿਰਾਂ ਦਾ ਇਹੀ ਬਿਆਨ ਸਾਹਮਣੇ ਆਉਂਦਾ ਸੀ ਕਿ ਪੰਜਾਬ ਨੂੰ ਬਿਹਾਰ ਬਣਾ ਦਿੱਤਾ ਗਿਆ ਹੈ। ਬਿਹਾਰ ਵਿਚ ਅੱਜ ਕੱਲ੍ਹ ਕੀ ਹਾਲ ਹੈ, ਇਹ ਤਾਂ ਵੱਖਰੀ ਬਹਿਸ ਦਾ ਵਿਸ਼ਾ ਹੈ, ਪਰ ਅੱਜ ਦੇ ਪੰਜਾਬ ਦਾ ਹਾਲ ਸ਼ਾਇਦ ਹੁਣ ਬਿਹਾਰ ਤੋਂ ਵੀ ਬਦਤਰ ਜਾਪਦਾ ਹੈ। ਅਪਰਾਧ ਦੀਆਂ ਆਮ ਤੇ ਖਾਸ ਘਟਨਾਵਾਂ ਤੋਂ ਬਾਅਦ ਹੁਣ ਗੈਂਗਵਾਰ ਦਾ ਜਿਹੜਾ ਸਿਲਸਿਲਾ ਸੂਬੇ ਵਿਚ ਨਮੂਦਾਰ ਹੋਇਆ ਹੈ, ਉਸ ਨੇ ਸਭ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਪੰਜਾਬ ਦੀ ਮੌਜੂਦਾ ਸਰਕਾਰ ਇਸ ਬਾਰੇ ਕਿੰਨੀ ਕੁ ਫਿਕਰਮੰਦ ਹੈ, ਇਸ ਦੀ ਸੂਹ ਇਸ ਤੱਥ ਤੋਂ ਹੋ ਜਾਂਦੀ ਹੈ ਕਿ ਪਿਛਲੇ ਸਾਲ ਜਦੋਂ ਜੇਲ੍ਹਾਂ ਅੰਦਰ ਵੱਖ-ਵੱਖ ਗਰੋਹਾਂ ਦੀਆਂ ਝੜਪਾਂ ਹੋਈਆਂ ਸਨ ਤਾਂ ਸਰਕਾਰ ਨੇ ਐਲਾਨ ਕੀਤਾ ਸੀ ਕਿ ਜੇਲ੍ਹਾਂ ਵਿਚ ਗੈਂਗਵਾਰ ਰੋਕਣ ਲਈ ਵਿਸ਼ੇਸ਼ ਨੀਤੀ ਤਿਆਰ ਹੋਵੇਗੀ। ਇਹ ਐਲਾਨ ਅਪਰੈਲ 2015 ਵਿਚ ਕੀਤਾ ਗਿਆ ਸੀ ਅਤੇ ਇਸ ਨੀਤੀ ਬਾਰੇ ਅਜੇ ਤਕ ਕੋਈ ਉਘ-ਸੁੱਘ ਨਹੀਂ ਹੈ। ਉਦੋਂ ਚੰਡੀਗੜ੍ਹ ਵਿਚ ਜੇਲ੍ਹ ਮੰਤਰੀ ਦੀ ਪ੍ਰਧਾਨਗੀ ਹੇਠ ਆਹਲਾ ਅਫਸਰਾਂ ਨਾਲ ਹੋਈ ਮੀਟਿੰਗ ਵਿਚ ਜੇਲ੍ਹਾਂ ਦੀ ਸੁਰੱਖਿਆ ਬਾਰੇ ਉਚੇਚੀ ਚਰਚਾ ਕੀਤੀ ਗਈ ਅਤੇ ਆਖਰਕਾਰ ਤੋੜਾ ਸਟਾਫ ਦੀ ਘਾਟ 'ਤੇ ਝਾੜ ਦਿੱਤਾ ਗਿਆ।

ਇਸ ਵਿਚ ਹੁਣ ਕੋਈ ਦੋ ਰਾਵਾਂ ਨਹੀਂ ਹਨ ਕਿ ਜੇਲ੍ਹਾਂ ਦੇ ਅੰਦਰ ਹੀ ਨਹੀਂ, ਬਹੁਤ ਥਾਂਈਂ ਵੱਖ-ਵੱਖ ਗਰੋਹਾਂ ਦਾ ਸਿੱਕਾ ਚੱਲਦਾ ਹੈ ਅਤੇ ਪਿਛਲੇ ਇਕ ਸਾਲ ਇਸ ਵਿਚ ਕੋਈ ਫਰਕ ਨਹੀਂ ਪਿਆ ਹੈ; ਸਗੋਂ ਅੰਕੜੇ ਦਰਸਾਉਂਦੇ ਹਨ ਕਿ ਗੈਂਗਵਾਰ ਵਾਲੀਆਂ ਘਟਨਾਵਾਂ ਦੀ ਗਿਣਤੀ ਹੀ ਨਹੀਂ ਵਧੀ, ਗਰੋਹਾਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ ਹੈ। ਇਨ੍ਹਾਂ ਗਰੋਹਾਂ ਨੂੰ ਸਿੱਧੇ-ਅਸਿੱਧੇ ਰੂਪ ਵਿਚ ਪੁਲਿਸ ਅਤੇ ਸਿਆਸਤਦਾਨਾਂ ਦੀ ਸ਼ਹਿ ਪ੍ਰਾਪਤ ਹੈ। ਇਸੇ ਕਰ ਕੇ ਜਦੋਂ ਕੋਈ ਘਟਨਾ ਵਾਪਰਦੀ ਹੈ ਤਾਂ ਚਾਰ ਦਿਨ ਦੀਆਂ ਖਬਰਾਂ ਤੋਂ ਬਾਅਦ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਹੁਣ ਇਸ ਮਸਲੇ 'ਤੇ ਇਕ ਵਾਰ ਫਿਰ ਸਰਕਾਰ ਦੀ ਨੀਂਦ ਟੁੱਟੀ ਹੈ। ਫਾਜ਼ਿਲਕਾ ਦੇ ਗੈਂਗਸਟਰ ਜਸਵਿੰਦਰ ਸਿੰਘ ਰੌਕੀ ਦੇ ਕਤਲ ਤੋਂ ਬਾਅਦ ਸਰਕਾਰ ਨੇ ਸਪੈਸ਼ਲ ਟਾਸਕ ਫੋਰਸ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਇਹ ਟਾਸਕ ਫੋਰਸ ਆਈ.ਜੀ. ਦੀ ਅਗਵਾਈ ਹੇਠ ਕੰਮ ਕਰੇਗੀ ਅਤੇ ਇਸ ਦਾ ਮੁੱਖ ਕਾਰਜ ਅਪਰਾਧੀ ਗਰੋਹਾਂ ਉਤੇ ਸ਼ਿਕੰਜਾ ਕੱਸਣਾ ਦੱਸਿਆ ਗਿਆ ਹੈ। ਇਸ ਸਿਲਸਿਲੇ ਵਿਚ ਕੁਝ ਕੁ ਤੱਥ ਨਿਤਾਰਨੇ ਜ਼ਰੂਰੀ ਹਨ। ਜਸਵਿੰਦਰ ਸਿੰਘ ਰੌਕੀ ਨੇ ਆਪਣੇ ਗਰੋਹ ਦੇ ਜ਼ੋਰ 'ਤੇ 2012 ਵਿਚ ਵਿਧਾਨ ਸਭਾ ਚੋਣ ਆਜ਼ਾਦ ਉਮੀਦਵਾਰ ਵਜੋਂ ਲੜੀ ਸੀ ਅਤੇ ਉਦੋਂ ਭਾਜਪਾ ਤੇ ਸ਼੍ਰੋਮਣੀ ਅਕਾਲੀ ਦਲ ਦਾ ਸਾਂਝਾ ਉਮੀਦਵਾਰ ਸੁਰਜੀਤ ਕੁਮਾਰ ਜਿਆਣੀ ਸਿਰਫ ਸੱਤ ਕੁ ਸੌ ਵੋਟਾਂ ਨਾਲ ਮਸਾਂ ਜਿੱਤ ਸਕਿਆ ਸੀ। ਉਸ ਨੂੰ 40901 ਅਤੇ ਜਸਵਿੰਦਰ ਸਿੰਘ ਰੌਕੀ ਨੂੰ 39209 ਵੋਟਾਂ ਪਈਆਂ ਸਨ।

ਇਹ ਇਕ ਹੀ ਤੱਥ ਸੂਹ ਦੇ ਰਿਹਾ ਹੈ ਕਿ ਮਰਜ਼ ਦੀ ਜੜ੍ਹ ਕਿੰਨੀ ਡੂੰਘੀ ਹੈ। ਉਂਜ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਅਜਿਹੇ ਮੁੱਦੇ ਕਿਤੇ ਏਜੰਡੇ ਉਤੇ ਨਹੀਂ ਹਨ। ਅਜਿਹੀਆਂ ਘਟਨਾਵਾਂ ਇਕੱਲੀਆਂ-ਇਕਹਿਰੀਆਂ ਨਹੀਂ। ਪੰਜਾਬ ਸੰਕਟ ਦੌਰਾਨ ਪੁਲਿਸ ਨੂੰ ਮਿਲੀਆਂ ਤਾਕਤਾਂ ਅਤੇ ਉਦੋਂ ਤੇ ਲੈ ਕੇ ਹੁਣ ਤੱਕ ਇਨ੍ਹਾਂ ਦੀ ਹੋ ਰਹੀ ਦੁਰਵਰਤੋਂ ਵੱਲ ਕਿਸੇ ਨੇ ਕੰਨ ਹੀ ਨਹੀਂ ਧਰਿਆ। ਸਿਆਸੀ ਪਾਰਟੀਆਂ ਦੇ ਮਸਲੇ ਹੁਣ ਸਿਰਫ ਸੱਤਾ ਤਕ ਪਹੁੰਚਣ ਦੇ ਹਨ। ਇਸ ਸੱਤਾਗੀਰੀ ਨੇ ਸਮੁਚੇ ਢਾਂਚੇ ਨੂੰ ਇੰਨਾ ਨਿੱਸਲ ਕਰ ਦਿੱਤਾ ਹੈ ਕਿ ਥੋੜ੍ਹੀ ਜਿਹੀ ਤਾਕਤ ਹੱਥ ਆਉਣ ਸਾਰ, ਹਰ ਸ਼ਖਸ ਮਨ-ਆਈਆਂ 'ਤੇ ਉਤਰ ਆਉਂਦਾ ਹੈ ਅਤੇ ਫਿਰ ਉਸ ਨੂੰ ਰੋਕਣ-ਟੋਕਣ ਵਾਲਾ ਕੋਈ ਨਹੀਂ ਹੈ। ਪੰਜਾਬ ਦੇ ਤਕਰੀਬਨ ਸਾਰੇ ਅਪਰਾਧੀ ਗਰੋਹਾਂ ਦਾ ਇਹੀ ਇਤਿਹਾਸ ਹੈ। ਸਾਹਮਣੇ ਆਏ ਤੱਥ ਇਹੀ ਬਿਆਨ ਕਰ ਰਹੇ ਹਨ ਕਿ ਕਿਸ ਤਰ੍ਹਾਂ ਇਹ ਨੌਜਵਾਨ ਸ਼ੌਂਕ-ਸ਼ੌਂਕ ਵਿਚ ਇਸ ਪਟੜੀ ਉਤੇ ਜਾ ਚੜ੍ਹੇ। ਸਿਤਮਜ਼ਰੀਫੀ ਇਹ ਰਹੀ ਕਿ ਇਨ੍ਹਾਂ ਨੌਜਵਾਨਾਂ ਨੇ ਇਹ ਸਫਰ ਸਿਆਸੀ ਸਰਪ੍ਰਸਤੀ ਹੇਠ ਕੀਤਾ। ਹੁਣ ਹਾਲ ਇਹ ਬਣ ਗਿਆ ਹੈ ਕਿ ਸਾਰੀ ਤੰਦ-ਤਾਣੀ ਹੀ ਉਲਝੀ ਨਜ਼ਰ ਆ ਰਹੀ ਹੈ।

ਪੰਜਾਬ ਦੇ ਲੋਕ ਇਸ ਵੇਲੇ ਇਕੋ ਵੇਲੇ ਅਨੇਕ ਸਮੱਸਿਆਵਾਂ ਨਾਲ ਜੂਝ ਰਹੇ ਹਨ। ਨਸ਼ਿਆਂ ਅਤੇ ਬੇਰੁਜ਼ਗਾਰੀ ਦੀ ਮਾਰ ਦਾ ਹੁਣ ਕੋਈ ਅੰਤ ਨਹੀਂ ਹੈ। ਖੇਤੀ ਸੰਕਟ ਅਤੇ ਸਰਕਾਰ ਦੀ ਨਾਲਾਇਕੀ ਨੇ ਇਨ੍ਹਾਂ ਸਮੱਸਿਆਵਾਂ ਨੂੰ ਨਾਸੂਰ ਬਣਾ ਦਿੱਤਾ ਹੈ। ਪ੍ਰਸ਼ਾਸਨ ਸਿਰਫ ਨਾਂ ਦਾ ਹੀ ਰਹਿ ਗਿਆ ਹੈ। 'ਸਕਤੇ ਦਾ ਸੱਤੀਂ ਵੀਹੀਂ ਸੌ' ਵਾਲੀ ਕਹਾਵਤ ਨਿੱਤ ਵਾਪਰਦੀ ਦਿਸਦੀ ਹੈ। ਹਰ ਫਰੰਟ 'ਤੇ ਨਿਘਾਰ ਵਾਲੀ ਇਹ ਹਾਲਤ ਸੂਬੇ ਨੇ ਸ਼ਾਇਦ ਹੀ ਪਹਿਲਾਂ ਹੰਢਾਈ ਹੋਵੇ। ਸੂਬੇ ਵਿਚ ਸਰਗਰਮ ਸਿਆਸੀ ਪਾਰਟੀਆਂ ਕੋਲ ਇਸ ਹਾਲਾਤ ਨਾਲ ਨਜਿੱਠਣ ਲਈ ਫਿਲਹਾਲ ਕੋਈ ਨੀਤੀ ਜਾਂ ਰਣਨੀਤੀ ਨਹੀਂ। ਅਸਲ ਵਿਚ ਇਨ੍ਹਾਂ ਸਿਆਸੀ ਧਿਰਾਂ ਦੀ ਹਰ ਸਰਗਰਮੀ ਸਿਰਫ ਤੇ ਸਿਰਫ ਚੋਣਾਂ ਤਕ ਮਹਿਦੂਦ ਹੋ ਕੇ ਰਹਿ ਗਈ ਹੈ। ਚੋਣਾਂ ਜਮਹੂਰੀ ਨਿਜ਼ਾਮ ਦਾ ਇਕ ਜ਼ਰੂਰੀ ਅਮਲ ਹੁੰਦਾ ਹੈ, ਪਰ ਜੇ ਜਮਹੂਰੀਅਤ ਨੂੰ ਸਿਰਫ ਚੋਣਾਂ ਤਕ ਹੀ ਘਟਾ ਲਿਆ ਜਾਵੇ ਅਤੇ ਆਮ ਜੀਵਨ ਵਿਚੋਂ ਜਮਹੂਰੀਅਤ ਖਾਰਜ ਹੀ ਕਰ ਦਿੱਤੀ ਜਾਵੇ ਤਾਂ ਕੁੱਲ ਮਿਲਾ ਕੇ ਹਾਲਾਤ ਹੁਣ ਵਾਲੇ ਪੰਜਾਬ ਵਰਗੇ ਹੀ ਬਣਨੇ ਹੁੰਦੇ ਹਨ। ਜਦੋਂ ਤਕ ਇਨ੍ਹਾਂ ਸਿਆਸੀ ਧਿਰਾਂ ਦੀ ਕਿਤੇ ਜਵਾਬਦੇਹੀ ਤੈਅ ਨਹੀਂ ਹੁੰਦੀ, ਅਜਿਹੇ ਸੰਕਟ ਵਿਚੋਂ ਨਿਕਲਣਾ ਬਹੁਤ ਔਖਾ ਹੈ। ਸਿਆਸੀ ਧਿਰਾਂ ਆਪੋ-ਆਪਣੇ ਹਿਤਾਂ ਮੁਤਾਬਕ, ਆਪਣੀ ਚਾਲੇ ਚੱਲ ਰਹੀਆਂ ਹਨ। ਹੁਣ ਵਾਰੀ ਆਮ ਲੋਕਾਂ ਦੀ ਹੈ ਕਿ ਇਨ੍ਹਾਂ ਨੇ ਇਸੇ ਚਾਲ ਵਿਚ ਰੁੜ੍ਹਦੇ ਜਾਣਾ ਹੈ ਜਾਂ ਸਵਾਲ ਬਣ ਕੇ ਸਿਆਸੀ ਧਿਰਾਂ ਦਾ ਰਾਹ ਡੱਕਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਰਵਾਸੀਆਂ ਦੀ ਦੇਸ਼ ਫੇਰੀ !

ਵਿਰਲੇ ਹੈਣ ਜੋ ਸਾਲ ਦੇ ਸਾਲ ਜਾਂਦੇ, ਵਰ੍ਹਿਆਂ ਬਾਅਦ ਕਈ 'ਪਿੱਛੇ' ਨੂੰ ਤੱਕਦੇ ਨੇ।
ਜੀਵਨ ਬੀਤਦਾ ਕੋਹਲੂ ਦੇ ਬੈਲ ਵਾਂਗੂੰ, ਵਿਚ ਪਰਦੇਸ ਦੇ ਰਹਿੰਦਿਆਂ ਅੱਕਦੇ ਨੇ।
ਦੇਸ਼ ਜਾਣ ਦਾ ਜਦੋਂ ਸਬੱਬ ਬਣਦਾ, 'ਏਅਰ ਟਿਕਟ' ਫਿਰ ਹੁੱਬ ਕੇ ਚੱਕਦੇ ਨੇ।
ਆ ਕੇ ਵਤਨ ਦਾ ਦੇਖ ਕੇ ਹਾਲ ਮੰਦਾ, ਸਭ ਕੁਝ ਜਾਣਦੇ ਬੋਲ ਨਾ ਸਕਦੇ ਨੇ।
ਮਿਲ ਹੁੰਦਾ ਨਹੀਂ ਸਾਰਿਆਂ ਮਿੱਤਰਾਂ ਨੂੰ, 'ਵੀਕ' ਮੁੱਕਦੇ ਫਿਰਦਿਆਂ-ਤੁਰਦਿਆਂ ਦੇ।
ਧਰਤੀ ਪੈਰ ਨਹੀਂ ਲੱਗਦੇ ਜਾਣ ਵੇਲੇ, ਹੰਝੂ ਅੱਖਾਂ ਵਿਚ ਛਲਕਦੇ ਮੁੜਦਿਆਂ ਦੇ !

# ਬੇਦਾਵਾ ਲਿਖ ਗਏ ਇਨਕਲਾਬੀ ਨਾਲ ਸੁਆਲ-ਜੁਆਬ

*ਸਤਨਾਮ (ਜੰਗਲਨਾਮਾ) ਤਕਰੀਬਨ ਚਾਲੀ ਸਾਲ ਕੁਲਵਕਤੀ ਇਨਕਲਾਬੀ ਵਜੋਂ ਯੁੱਗ ਪਲਟਾਉਣ ਵਿਚ ਮਸਰੂਫ਼ ਰਿਹਾ। ਉਸ ਨੇ ਯੁੱਗ ਪਲਟਾਉਣ ਲਈ ਲਾਮਬੰਦੀ ਕਰਨ ਵਿਚ ਹਿੱਸਾ ਪਾਇਆ ਅਤੇ ਬਹੁਤ ਸਾਰੇ ਨੌਜਵਾਨਾਂ ਨੂੰ ਇਨਕਲਾਬ ਦੀ ਰਾਹ ਉਤੇ ਤੋਰਿਆ। ਇਨਕਲਾਬ ਦੀ ਰਾਹ ਤੁਰਿਆ ਦੀ ਹੌਸਲਾਅਫ਼ਜਾਈ ਕੀਤੀ। ਇਨਕਲਾਬ ਦੀ ਰਾਹ ਤੋਂ ਪਰਤ ਗਏ ਸਾਥੀਆਂ ਨਾਲ ਸੁਹਿਰਦ ਰਿਸ਼ਤਾ ਕਾਇਮ ਰੱਖਿਆ। ਉਸ ਦੀ ਮਿਲਣਸਾਰਤਾ ਅਤੇ ਨਿੱਘੇ ਸੁਭਾਅ ਦੀਆਂ ਬਾਤਾਂ ਉਸ ਦੇ ਸਾਥੀ ਪਾਉਂਦੇ ਹਨ। ਉਸ ਦੇ ਸਾਥੀ ਦੱਸਦੇ ਹਨ ਕਿ ਉਹ ਆਪਣੀ ਦਲੀਲ ਨੂੰ ਸਾਫ਼ ਸ਼ਬਦਾਂ ਵਿਚ ਪੇਸ਼ ਕਰਦਾ ਸੀ ਅਤੇ ਸੰਜੀਦਗੀ ਨਾਲ ਟਕਰਾਵੀਂ ਦਲੀਲ ਸੁਣ ਸਕਦਾ ਸੀ। ਉਸ ਦੀ ਜਗਿਆਸਾ ਅਤੇ ਜਾਗਰੂਕਤਾ ਦਾ ਸਬੂਤ ਉਸ ਦੀਆਂ ਲਿਖਤਾਂ ਹਨ। ਇਸ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਕਿ ਇਨਕਲਾਬੀ ਸਿਆਸਤ ਵਿਚ ਚਾਰ ਦਹਾਕੇ ਤੱਕ ਸਰਗਰਮ ਰਹਿਣਾ ਦ੍ਰਿੜਤਾ ਅਤੇ ਸਿਦਕਦਿਲੀ ਦੀ ਮੰਗ ਕਰਦਾ ਹੈ।*

ਸਤਨਾਮ ਦਾ ਤੁਰ ਜਾਣ ਦਾ ਫ਼ੈਸਲਾ ਸੋਗ਼ਵਾਰ ਹੈ। 'ਜੰਗਲਨਾਮਾ' ਵਰਗੀ ਕਿਤਾਬ ਲਿਖਣ ਵਾਲਾ ਅਤੇ 'ਸਪਾਰਟਕਸ' ਵਰਗੇ ਨਾਵਲ ਦਾ ਤਰਜਮਾ ਕਰਨ ਵਾਲਾ ਸਤਨਾਮ ਜ਼ਿੰਦਗੀ ਨੂੰ ਬੇਦਾਵਾ ਦੇ ਗਿਆ। ਸੰਜੇ ਕਾਕ ਦੀ ਦਸਤਾਵੇਜ਼ੀ ਫ਼ਿਲਮ 'ਮਾਟੀ ਕੇ ਲਾਲ' ਵਿਚ ਪਾਸ਼ ਦੀ ਕਵਿਤਾ ਸੁਣਾ ਕੇ ਉਹ ਕੈਮਰੇ ਵਿਚ ਝਾਕਦਾ ਹੈ ਅਤੇ ਆਪਣੀ ਸਹਿਮਤੀ ਜਤਾਉਂਦਾ ਹੈ। ਉਸ ਦੇ ਮੂੰਹ ਉਤੇ ਮੁਸਕਰਾਹਟ ਫ਼ੈਲਦੀ ਹੈ। ਦੇਸ਼ ਧਰੋਹ ਦੀ ਧਾਰਨਾ ਦੀ ਗੱਲ ਕਰਦਿਆਂ ਉਹ ਕੈਮਰੇ ਵਿਚ ਝਾਕਦਾ ਹੈ ਅਤੇ ਉਸ ਦਾ ਸਮੁੱਚਾ ਬੁੱਤ ਨਾਬਰੀ ਦਾ ਨੁਮਾਇੰਦਾ ਬਣ ਜਾਂਦਾ ਹੈ। ਨਿਜ਼ਾਮ ਦੇ ਖ਼ਿਲਾਫ਼ ਨਾਬਰੀ ਕਰਨ ਵਾਲਾ ਸਤਨਾਮ ਆਪਣੇ



ਦਲਜੀਤ ਅਮੀ
ਫੋਨ: +91-97811-21873

ਇਸੇ ਖ਼ਾਸੇ ਤਹਿਤ ਜ਼ਿੰਦਗੀ ਨੂੰ ਮੁਖ਼ਾਤਬ ਹੁੰਦਾ ਹੈ। ਜਦੋਂ ਹਰ ਤਰ੍ਹਾਂ ਦੀ ਨਾਬਰੀ ਦੇ ਨਾਲ ਹਰ ਤਰ੍ਹਾਂ ਦੇ ਸੁਆਲਾਂ ਨੂੰ ਦੇਸ਼ ਧਰੋਹ ਕਰਾਰ ਦਿੱਤਾ ਜਾ ਰਿਹਾ ਹੈ ਤਾਂ ਸਤਨਾਮ ਦਾ ਤੁਰ ਜਾਣਾ ਮੌਜੂਦਾ ਦੌਰ ਦੀ ਬੇਕਿਰਕ ਹਿੰਸਾ ਨੂੰ ਬੇਪਰਦ ਕਰਦਾ ਜਾਪਦਾ ਹੈ। ਇਹ ਸੁਆਲ ਪੁੱਛਿਆ ਜਾਣਾ ਲਾਜ਼ਮੀ ਹੈ ਕਿ ਸਤਨਾਮ ਵਰਗਾ ਬੰਦਾ ਖ਼ੁਦਕੁਸ਼ੀ ਕਿਉਂ ਕਰਦਾ ਹੈ? ਇਸ ਖ਼ੁਦਕੁਸ਼ੀ ਲਈ ਜੁਆਬਦੇਹੀ ਕਿਸ ਦੀ ਬਣਦੀ ਹੈ ਅਤੇ ਪੜਚੋਲ ਦੀ ਜ਼ਿੰਮੇਵਾਰੀ ਕਿਨ੍ਹਾਂ ਸਿਰ ਪੈਂਦੀ ਹੈ?

ਸਤਨਾਮ ਤਕਰੀਬਨ ਚਾਲੀ ਸਾਲ ਕੁਲਵਕਤੀ ਇਨਕਲਾਬੀ ਵਜੋਂ ਯੁੱਗ ਪਲਟਾਉਣ ਵਿਚ ਮਸਰੂਫ਼ ਰਿਹਾ। ਉਸ ਨੇ ਯੁੱਗ ਪਲਟਾਉਣ ਲਈ ਲਾਮਬੰਦੀ ਕਰਨ ਵਿਚ ਹਿੱਸਾ ਪਾਇਆ ਅਤੇ ਬਹੁਤ ਸਾਰੇ ਨੌਜਵਾਨਾਂ ਨੂੰ ਇਨਕਲਾਬ ਦੀ ਰਾਹ ਉਤੇ ਤੋਰਿਆ। ਇਨਕਲਾਬ ਦੀ ਰਾਹ ਤੁਰਿਆ ਦੀ ਹੌਸਲਾਅਫ਼ਜਾਈ ਕੀਤੀ। ਇਨਕਲਾਬ ਦੀ ਰਾਹ ਤੋਂ ਪਰਤ ਗਏ ਸਾਥੀਆਂ ਨਾਲ ਸੁਹਿਰਦ ਰਿਸ਼ਤਾ ਕਾਇਮ ਰੱਖਿਆ। ਉਸ ਦੀ ਮਿਲਣਸਾਰਤਾ ਅਤੇ ਨਿੱਘੇ ਸੁਭਾਅ ਦੀਆਂ ਬਾਤਾਂ ਉਸ ਦੇ ਸਾਥੀ ਪਾਉਂਦੇ ਹਨ। ਉਸ ਦੇ ਸਾਥੀ ਦੱਸਦੇ ਹਨ ਕਿ ਉਹ ਆਪਣੀ ਦਲੀਲ ਨੂੰ ਸਾਫ਼ ਸ਼ਬਦਾਂ ਵਿਚ ਪੇਸ਼ ਕਰਦਾ ਸੀ ਅਤੇ ਸੰਜੀਦਗੀ ਨਾਲ ਟਕਰਾਵੀਂ ਦਲੀਲ ਸੁਣ ਸਕਦਾ ਸੀ। ਉਸ ਦੀ ਜਗਿਆਸਾ ਅਤੇ ਜਾਗਰੂਕਤਾ ਦਾ ਸਬੂਤ ਉਸ ਦੀਆਂ ਲਿਖਤਾਂ ਹਨ। ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਇਨਕਲਾਬੀ ਸਿਆਸਤ ਵਿਚ ਚਾਰ ਦਹਾਕੇ ਤੱਕ ਸਰਗਰਮ ਰਹਿਣਾ ਦ੍ਰਿੜਤਾ ਅਤੇ ਸਿਦਕਦਿਲੀ ਦੀ ਮੰਗ ਕਰਦਾ ਹੈ। ਇਸ ਦੌਰਾਨ ਨਿਜ਼ਾਮ ਦੇ ਹਰ ਪੱਖ ਦੀ ਪੜਚੋਲ ਹੋਣੀ ਲਾਜ਼ਮੀ ਹੈ। ਜੇ ਨਿਜ਼ਾਮ ਦੇ ਸਿਆਸੀ, ਜਮਾਤੀ ਅਤੇ ਜਾਤੀ ਢਾਂਚੇ ਦੀ ਪੜਚੋਲ ਲਾਜ਼ਮੀ ਹੈ ਤਾਂ ਸਮਾਜ ਅਤੇ ਭਾਵੁਕ ਨਿਜ਼ਾਮ ਦੀਆਂ ਪਰਤਾਂ ਫਰੋਲਣੀਆਂ ਵੀ ਜ਼ਰੂਰੀ ਹਨ।

ਇਸੇ ਪੜਚੋਲ ਦੇ ਨਤੀਜੇ ਵਜੋਂ ਇਨਕਲਾਬੀ ਸਮਾਜ ਦਾ ਸੁਫ਼ਨਾ ਸਿਰਜਿਆ ਜਾਂਦਾ ਹੈ। ਬੇਬਾਕੀ ਨਾਲ ਨਿਜ਼ਾਮ ਦੀ ਪੜਚੋਲ ਵਿਚ ਲੱਗਿਆ ਕਾਰਕੁਨ ਆਪਣੇ ਆਪ ਨੂੰ ਆਪਣੇ ਸਿਧਾਂਤ ਮੁਤਾਬਕ ਤਬਦੀਲ ਕਰਦਾ ਹੈ। ਇਸੇ ਦੌਰਾਨ ਸਭ ਤੋਂ ਇਨਕਲਾਬੀ ਕਾਰਕੁਨ ਨੇ ਸਭ ਤੋਂ ਮੁਸ਼ਕਲ ਤਵਾਜ਼ਨ ਕਾਇਮ ਰੱਖਣਾ ਹੁੰਦਾ ਹੈ। ਇੱਕ ਪਾਸੇ ਇਨਕਲਾਬੀ ਸਮਾਜ ਦਾ ਸੁਫ਼ਨਾ ਹੁੰਦਾ ਹੈ ਅਤੇ ਦੂਜੇ ਪਾਸੇ ਮੌਜੂਦਾ ਸਮਾਜ ਵਿਚ ਵਿਚਰਨਾ ਹੁੰਦਾ ਹੈ। ਇਹੋ ਤਵਾਜ਼ਨ ਬਹੁਤ ਸਾਰੇ ਕਾਰਕੁਨਾਂ ਅਤੇ ਜਥੇਬੰਦੀਆਂ ਵਿਚਕਾਰ ਤਣਾਅ ਤੋਂ ਟਕਰਾਅ ਦਾ ਸਬੱਬ ਬਣਦਾ ਹੈ। ਇਨਕਲਾਬੀ ਦੇ ਰਾਹ ਵਿਚ ਅਜਿਹੇ ਬਹੁਤ ਮੌਕੇ ਆਉਂਦੇ ਹਨ ਜਦੋਂ ਉਹ ਆਪਣੀ ਹੀ ਜਥੇਬੰਦੀ ਨਾਲ ਆਹਮੋ-ਸਾਹਮਣੇ ਹੁੰਦਾ ਹੈ। ਇਨ੍ਹਾਂ ਕਾਰਨਾਂ ਨਾਲ ਹੀ ਜਥੇਬੰਦੀਆਂ ਵਿਚ ਫੁੱਟਾਂ ਪੈਂਦੀਆਂ ਹਨ ਅਤੇ ਕਾਰਕੁਨਾਂ ਦਾ ਮੋਹਭੰਗ ਹੁੰਦਾ ਹੈ।


ਇਹ ਇਨਕਲਾਬੀ ਲਹਿਰਾਂ ਦਾ ਸਭ ਤੋਂ ਪੇਚੀਦਾ ਅਤੇ ਤਕਲੀਫ਼ਦੇਹ ਪੱਖ ਹੈ। ਜਦੋਂ ਕੋਈ ਯੁੱਗ ਪਲਟਾਉਣ ਦੇ ਰਾਹ ਤੁਰਦਾ ਹੈ ਤਾਂ ਉਸ ਦੇ ਅੰਦਰ ਤਾਂ ਯੁੱਗ ਪਲਟਣਾ ਸ਼ੁਰੂ ਹੋ ਜਾਂਦਾ ਹੈ। ਯੁੱਗ ਪਲਟਾਉਣ ਲਈ ਜੁੜੇ ਮੇਲ ਵਿਚ ਯੁੱਗ ਪਲਟਣਾ ਸ਼ੁਰੂ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਦੀ ਤਰਜ਼ਿ-ਜ਼ਿੰਦਗੀ ਬਦਲਦੀ ਹੈ। ਉਸ ਦਾ ਸਮਾਜਿਕ ਵਿਹਾਰ ਅਤੇ ਭਾਵੁਕ ਸੰਸਾਰ ਬਦਲਦਾ ਹੈ। ਇਸ ਤੋਂ ਬਾਅਦ ਜੇ ਕੋਈ ਕਾਰਕੁਨ ਆਪਣੇ ਸਾਥੀਆਂ ਦੀ ਡਾਰ ਵਿਚੋਂ ਕਿਸੇ ਵੀ ਕਾਰਨ ਵਿਛੜ ਜਾਂਦਾ ਹੈ ਤਾਂ ਉਸੇ ਥਾਂ ਵਸਣ ਦਾ ਔਖਾ ਸੁਆਲ ਸਾਹਮਣੇ ਆਉਂਦਾ ਹੈ ਜਿਸ ਥਾਂ ਤੋਂ ਉਜੜਨ ਦਾ ਸੁਚੇਤ ਫ਼ੈਸਲਾ ਕੀਤਾ ਹੁੰਦਾ ਹੈ। ਇਨਕਲਾਬ ਤੋਂ ਪਹਿਲਾਂ ਘਰਾਂ ਨੂੰ ਪਰਤਦਾ ਰਾਹ ਕਿਸੇ ਵਿਰਲੇ ਲਈ ਹੀ ਸਾਜ਼ਗਾਰ ਰਹਿੰਦਾ ਹੈ। ਜਦੋਂ ਕੋਈ ਇਨਕਲਾਬੀ ਜੇਲ੍ਹ ਵਿਚੋਂ ਪਰਤਦਾ ਹੈ ਤਾਂ ਉਸ ਦੀ ਬਹਾਲੀ ਅਹਿਮ ਸੁਆਲ ਬਣਦੀ ਹੈ। ਜੇਲ੍ਹ ਯਾਤਰਾ ਤੋਂ ਬਾਅਦ ਜਥੇਬੰਦੀ ਨਾਲ ਨਵੇਂ ਸਿਰੇ ਤੋਂ ਪੁਰਾਣਾ ਰਿਸ਼ਤਾ ਬਣਨਾ ਮੁਸ਼ਕਲ ਹੁੰਦਾ ਹੈ। ਬਦਲੇ ਮਾਹੌਲ ਅਤੇ ਪੁਰਾਣੀ ਤਰਜ਼ਿ-ਜ਼ਿੰਦਗੀ ਵਿਚ ਪੈਦਾ ਹੋਇਆ ਤਣਾਅ ਕਿੰਨੇ ਬੰਦਿਆਂ ਨੂੰ ਡੋਬੂ ਪਾਉਂਦਾ ਹੈ। ਜਥੇਬੰਦੀਆਂ ਨਾਲ ਕਲੇਸ਼ ਵਿਚ ਆਏ ਕਾਰਕੁਨਾਂ ਦਾ ਤਜਰਬਾ ਇਸ ਤੋਂ ਵੱਖਰਾ ਨਹੀਂ ਹੈ। ਜਦੋਂ ਬਿਮਾਰ ਕਾਰਕੁਨ ਨੂੰ ਘਰਦਿਆਂ ਦੇ ਆਸਰੇ ਛੱਡ ਦਿੱਤਾ ਜਾਂਦਾ ਹੈ ਤਾਂ ਹਾਲਾਤ ਇਸੇ ਤਰ੍ਹਾਂ ਦੇ ਹੁੰਦੇ ਹਨ। ਜਦੋਂ ਆਪਣੇ ਪਰਿਵਾਰ ਦੇ ਬਿਮਾਰ ਜੀਅ ਦਾ ਧਿਆਨ ਰੱਖਣ ਲਈ ਕਾਰਕੁਨਾਂ ਨੂੰ ਜਥੇਬੰਦੀਆਂ ਦੇ ਕੰਮਾਂ ਤੋਂ ਸੁਰਖ਼ਰੂ ਕੀਤਾ ਜਾਂਦਾ ਹੈ ਤਾਂ ਰਿਸ਼ਤਿਆਂ ਦੀ ਪੇਚੀਦਗੀ ਸਾਹਮਣੇ ਆਉਂਦੀ ਹੈ। ਕਦੇ ਰੱਦ ਜਾਂ ਨਜ਼ਰਅੰਦਾਜ਼ ਕੀਤੇ ਰਿਸ਼ਤੇ ਨਵੇਂ ਮਾਹੌਲ ਵਿਚ ਆਪਣੀਆਂ ਸ਼ਰਤਾਂ ਤੈਅ ਕਰਦੇ ਹਨ। ਇਸ ਤਰ੍ਹਾਂ ਉਜੜਨ-ਵਸਣ ਦਾ ਤਜਰਬਾ ਕਦੇ ਵੀ ਖ਼ੁਸ਼ਗਵਾਰ ਨਹੀਂ ਹੁੰਦਾ।

ਜਦੋਂ ਇਨਕਲਾਬੀ ਸਿਆਸਤ ਵਿਚ ਇਹ ਸਭ ਕੁਝ ਹੋਣਾ ਹੈ ਤਾਂ ਇਸ ਖ਼ਿਲਾਫ਼ ਪੇਸ਼ਬੰਦੀਆਂ ਕਰਨੀਆਂ ਕਿਸ ਦੀ ਜ਼ਿੰਮੇਵਾਰੀ ਹੈ? ਜਦੋਂ ਯੁੱਗ ਪਲਟਾਉਣ ਵਿਚ ਮਸਰੂਫ਼ ਕਾਰਕੁਨ ਇਨਕਲਾਬ ਤੋਂ ਪਹਿਲਾਂ ਘਰਾਂ ਨੂੰ ਪਰਤਦੇ ਹਨ ਤਾਂ ਵਿਰਲੇ ਹੀ ਇਸ ਜ਼ਿੰਦਗੀ ਨਾਲ ਸਿੱਝਣ ਦਾ ਹੁਨਰ ਸਿੱਖ ਪਾਉਂਦੇ ਹਨ। ਕੁਝ ਨਿਘਾਰ ਦਾ ਸ਼ਿਕਾਰ ਹੁੰਦੇ ਹਨ, ਪਰ ਜ਼ਿਆਦਾਤਰ ਸਿਹਤਮੰਦ ਰੁਝੇਵਾਂ ਅਤੇ ਨਿੱਘਾ ਮਾਹੌਲ ਸਿਰਜਣ ਲਈ ਸੰਘਰਸ਼ ਕਰਦੇ ਹਨ। ਇਨ੍ਹਾਂ ਹਾਲਾਤ ਵਿਚ ਜਥੇਬੰਦੀਆਂ ਉਤੇ ਦਾਅਵੇਦਾਰੀਆਂ ਖ਼ਤਮ ਹੋ ਜਾਂਦੀਆਂ ਹਨ ਅਤੇ ਨਵੀਆਂ ਮੁਲਾਹਜ਼ੇਦਾਰੀਆਂ ਵਿਚ ਭਰੋਸਾ ਕਾਇਮ ਕਰਨਾ ਸੁਖਾਲਾ ਨਹੀਂ ਹੁੰਦਾ। ਇਸੇ ਦੌਰਾਨ ਕਾਰਕੁਨ ਆਪਣੇ ਅੰਦਰਲੀ ਟੁੱਟ-ਭੱਜ ਨੂੰ ਮੁਖ਼ਾਤਬ ਹੁੰਦੇ ਹਨ। ਇਸੇ ਦੌਰਾਨ ਉਨ੍ਹਾਂ ਨੂੰ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦਾ ਬੌਧਿਕ, ਭਾਵੁਕ ਅਤੇ ਮਨੁੱਖੀ ਵਿਕਾਸ ਕਿਸ ਤਰ੍ਹਾਂ ਦਾ ਹੋਇਆ ਹੈ। ਕਈ ਵਾਰ ਭਾਵੁਕ ਵਿਕਾਸ ਬੌਧਿਕ ਵਿਕਾਸ ਦੇ ਹਾਣ ਦਾ ਨਹੀਂ ਹੁੰਦਾ ਅਤੇ ਕਈ ਵਾਰ ਮਨੁੱਖੀ ਵਿਕਾਸ ਬੌਧਿਕ ਵਿਕਾਸ ਦੇ ਸਾਹਮਣੇ ਊਣਾ ਰਹਿ ਜਾਂਦਾ ਹੈ। ਇਸ ਹਾਲਤ ਨੂੰ ਸਮਝਣ ਲਈ ਮੌਜੂਦਾ ਨਿਜ਼ਾਮ ਦਾ ਸਮਾਜਿਕ ਢਾਂਚਾ ਅਤੇ ਡਾਕਟਰੀ ਹੁਨਰ ਨਾਕਾਫ਼ੀ ਸਾਬਤ ਹੁੰਦਾ ਹੈ। ਇਨ੍ਹਾਂ ਹਾਲਾਤ ਵਿਚ ਕਿਸੇ ਤਰ੍ਹਾਂ ਦਾ ਮਸ਼ਵਰਾ ਜਾਂ ਧਰਵਾਸਾ ਡੋਬੂ ਦਾ ਸ਼ਿਕਾਰ ਹੋਏ ਬੰਦੇ ਦੇ ਕੰਮ ਨਹੀਂ ਆਉਂਦਾ। ਉਸ ਦਾ ਮਾਹੌਲ ਬਦਲਣ ਜਿੰਨੇ ਸਾਧਨ ਨਹੀਂ ਜੁਟਦੇ ਅਤੇ ਧਿਆਨ ਵਟਾਉਣ ਜਿੰਨਾ ਰੁਝੇਵਾਂ ਨਹੀਂ ਬਣਦਾ।

ਇਸ ਤੋਂ ਬਾਅਦ ਇਹ ਲੱਗ ਸਕਦਾ ਹੈ ਕਿ ਅਜਿਹੇ ਬੰਦੇ ਨੂੰ ਬਚਾਇਆ ਨਹੀਂ ਜਾ ਸਕਦਾ। ਦਰਅਸਲ ਇਸ ਬੰਦੇ ਨੂੰ ਬਚਾਉਣਾ ਮੌਜੂਦਾ ਨਿਜ਼ਾਮ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਇਸ ਬੰਦੇ ਦੀ ਮੌਤ ਵਿਚੋਂ ਆਪਣੀ ਅਹਿਮੀਅਤ ਲੱਭਦਾ ਹੈ। ਇਸੇ ਲਈ ਸਤਨਾਮ ਦੀ ਖ਼ੁਦਕੁਸ਼ੀ ਵਿਚੋਂ ਅਧਿਆਤਮ ਅਤੇ ਧਰਮ ਦੀ ਬਿਹਤਰੀ ਦੀ ਦਾਅਵੇਦਾਰੀ ਕੀਤੀ ਜਾ ਰਹੀ ਹੈ। ਇਹ ਦਾਅਵੇਦਾਰੀ ਮੌਜੂਦਾ ਸਿਆਸੀ ਨਿਜ਼ਾਮ ਦੀ ਉਸੇ ਦਲੀਲ ਨਾਲ ਮੇਲ ਖਾਂਦੀਆਂ ਹਨ ਕਿ ਹਰ ਸੁਆਲ ਨੂੰ ਦੇਸ਼ ਧਰੋਹ ਕਰਾਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਯੁੱਗ ਪਲਟਾਉਣ ਵਿਚ ਮਸਰੂਫ਼ ਬੰਦੇ ਦੀ ਹਰ ਨਾਕਾਮਯਾਬੀ ਉਤੇ ਸ਼ਰਧਾ ਦੀ ਜਿੱਤ ਦਾ ਪਰਚਮ ਲਹਿਰਾਇਆ ਜਾਂਦਾ ਹੈ। ਮਨੁੱਖਤਾ ਦੇ ਭਲੇ ਦਾ ਦਾਅਵਾ ਕਰਨ ਵਾਲੇ ਅਧਿਆਤਮਵਾਦੀ ਦੂਜਿਆਂ ਦੇ ਮਾਤਮ ਵਿਚੋਂ ਆਪਣੀ ਖ਼ੁਸ਼ੀ ਦਾ ਦਾਅਵਾ ਕਰਦੇ ਹਨ। ਸਤਨਾਮ ਦਾ ਫ਼ੈਸਲਾ ਇਨਕਲਾਬੀ ਸਿਆਸਤ ਅਤੇ ਇਨਕਲਾਬੀ ਤਬਕਿਆਂ ਦੀ ਨਾਕਾਮਯਾਬੀ ਤਾਂ ਹੈ, ਇਸ ਨਾਕਾਮਯਾਬੀ ਦੇ ਸੋਗ ਵਿਚ ਇਹ ਸੋਚਣਾ ਬਣਦਾ ਹੈ ਕਿ ਯੁੱਗ ਪਲਟਾਉਣ ਵਿਚ ਮਸਰੂਫ਼ ਲੋਕਾਂ ਦੇ ਦਿਲਾਂ ਦੀ ਥਾਹ ਪਾਉਣ ਦਾ ਕੰਮ ਮੌਜੂਦਾ ਸਿਆਸੀ-ਸਮਾਜਿਕ ਨਿਜ਼ਾਮ ਉਤੇ ਨਹੀਂ ਛੱਡਿਆ ਜਾ ਸਕਦਾ। ਸਤਨਾਮ ਦੇ ਹਵਾਲੇ ਨਾਲ ਪੁੱਛੇ ਜਾ ਰਹੇ ਸੁਆਲ ਭਾਵੇਂ ਕਿਸੇ ਵੀ ਮਕਸਦ ਨਾਲ ਪੁੱਛੇ ਜਾ ਰਹੇ ਹੋਣ, ਪਰ ਇਨ੍ਹਾਂ ਨੂੰ ਮੁਖ਼ਾਤਬ ਹੋਣਾ ਲਾਜ਼ਮੀ ਹੈ। ਪੰਜਾਬੀ ਪਾਠਕ ਨੂੰ 'ਸਪਾਰਟਕਸ' ਦੇਣ ਵਾਲੇ ਸਤਨਾਮ ਨੇ ਜ਼ਿੰਦਗੀ ਨੂੰ ਬੇਦਾਵਾ ਦਿੱਤਾ ਹੈ ਤਾਂ ਇਸ ਨਾਕਾਮਯਾਬੀ ਦੀ ਪੜਚੋਲ ਮੁਆਫ਼ੀ ਮੰਗ ਕੇ ਸ਼ੁਰੂ ਹੋਣੀ ਚਾਹੀਦੀ ਹੈ। ਰੋਹਿਤ ਵੇਮੁਲਾ ਤੋਂ ਬਾਅਦ ਨਵਕਰਨ ਅਤੇ ਹੁਣ ਸਤਨਾਮ ਕਿਸੇ ਇੱਕੋ ਲੜੀ ਦੀਆਂ ਕੜੀਆਂ ਜਾਪਦੇ ਹਨ ਅਤੇ ਇਸ ਲੜੀ ਨੂੰ ਰੋਕਣਾ ਯੁੱਗ ਪਲਟਾਉਣ ਤੋਂ ਛੋਟਾ ਕਾਰਜ ਨਹੀਂ ਹੈ। ਸਤਨਾਮ ਨੂੰ ਸੁਆਲ ਪੁੱਛੇ ਜਾਣੇ ਚਾਹੀਦੇ ਹਨ ਅਤੇ ਉਸ ਦੇ ਸੁਆਲਾਂ ਨੂੰ ਮੁਖ਼ਾਤਬ ਹੋਣਾ ਬਣਦਾ ਹੈ। ਉਹ ਪਾਸ਼ ਦੀ ਕਵਿਤਾ ਪੜ੍ਹ ਕੇ ਸਾਡੀਆਂ ਅੱਖਾਂ ਵਿਚ ਅੱਖਾਂ ਪਾ ਕੇ ਆਪਣਾ ਖ਼ਾਸਾ ਬਿਆਨ ਕਰ ਰਿਹਾ ਹੈ...।

*ਇਹ ਲੱਗ ਸਕਦਾ ਹੈ ਕਿ ਅਜਿਹੇ ਬੰਦੇ ਨੂੰ ਬਚਾਇਆ ਨਹੀਂ ਜਾ ਸਕਦਾ। ਦਰਅਸਲ ਇਸ ਬੰਦੇ ਨੂੰ ਬਚਾਉਣਾ ਮੌਜੂਦਾ ਨਿਜ਼ਾਮ ਦੀ ਜ਼ਿੰਮੇਵਾਰੀ ਨਹੀਂ ਹੈ, ਸਗੋਂ ਇਸ ਬੰਦੇ ਦੀ ਮੌਤ ਵਿਚੋਂ ਆਪਣੀ ਅਹਿਮੀਅਤ ਲੱਭਦਾ ਹੈ। ਇਸੇ ਲਈ ਸਤਨਾਮ ਦੀ ਖ਼ੁਦਕੁਸ਼ੀ ਵਿਚੋਂ ਅਧਿਆਤਮ ਅਤੇ ਧਰਮ ਦੀ ਬਿਹਤਰੀ ਦੀ ਦਾਅਵੇਦਾਰੀ ਕੀਤੀ ਜਾ ਰਹੀ ਹੈ। ਇਹ ਦਾਅਵੇਦਾਰੀ ਮੌਜੂਦਾ ਸਿਆਸੀ ਨਿਜ਼ਾਮ ਦੀ ਉਸੇ ਦਲੀਲ ਨਾਲ ਮੇਲ ਖਾਂਦੀਆਂ ਹਨ ਕਿ ਹਰ ਸੁਆਲ ਨੂੰ ਦੇਸ਼ ਧਰੋਹ ਕਰਾਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਯੁੱਗ ਪਲਟਾਉਣ ਵਿਚ ਮਸਰੂਫ਼ ਬੰਦੇ ਦੀ ਹਰ ਨਾਕਾਮਯਾਬੀ ਉਤੇ ਸ਼ਰਧਾ ਦੀ ਜਿੱਤ ਦਾ ਪਰਚਮ ਲਹਿਰਾਇਆ ਜਾਂਦਾ ਹੈ।*

# ਸਤਨਾਮ ਦੀ ਖ਼ੁਦਕੁਸ਼ੀ 'ਚੋਂ ਉਪਜੇ ਸਵਾਲਾਂ ਦਾ ਸਾਹਮਣਾ ਕਰਦਿਆਂ



ਸਤਨਾਮ 28 ਅਪਰੈਲ ਨੂੰ ਸਦੀਵੀ ਵਿਛੋੜਾ ਦੇ ਗਿਆ। ਵਕਤ ਦੇ ਬੇਰਹਿਮ ਯਥਾਰਥ ਨਾਲ ਪਲ-ਪਲ ਜੂਝਦਿਆਂ ਉਸ ਨੇ ਆਪਣੀ ਜ਼ਿੰਦਗੀ ਦੇ ਅੰਤ ਦੀ ਜੋ ਚੋਣ ਕੀਤੀ, ਉਹ ਸਾਡੇ ਸਾਰਿਆਂ ਲਈ ਅਸਹਿ ਹੱਦ ਤਕ ਦਰਦਨਾਕ ਹੈ। ਸਤਨਾਮ ਦੀ ਖ਼ੁਦਕੁਸ਼ੀ ਨਾਲ ਪੰਜਾਬ ਦੀ ਇਨਕਲਾਬੀ ਤੇ ਜਮਹੂਰੀ ਲਹਿਰ ਵਿਚ ਪਿਛਲੇ ਬਹੁਤ ਹੀ ਥੋੜ੍ਹੇ ਸਮੇਂ ਵਿਚ ਕੀਤੀਆਂ ਗਈਆਂ ਦੋ ਖ਼ੁਦਕੁਸ਼ੀਆਂ ਵਿਚ ਇਕ ਨਾਂ ਹੋਰ ਜੁੜ ਗਿਆ ਹੈ। ਉਸ ਤੋਂ ਪਹਿਲਾਂ ਦੋ ਹੋਣਹਾਰ ਨੌਜਵਾਨ- ਅਫ਼ਰੋਜ਼ ਅੰਮ੍ਰਿਤ ਤੇ ਨਵਕਰਨ, ਪਿਛਲੇ ਸਮੇਂ ਵਿਚ ਖ਼ੁਦਕੁਸ਼ੀ ਕਰ ਚੁੱਕੇ ਹਨ। ਇਨ੍ਹਾਂ ਤਿੰਨਾਂ ਖ਼ੁਦਕੁਸ਼ੀਆਂ ਦੇ ਬੇਸ਼ੱਕ

**ਬੂਟਾ ਸਿੰਘ**
**ਫੋਨ: +91-94634-74342**

ਆਪੋ-ਆਪਣੇ ਵਿਸ਼ੇਸ਼ ਹਾਲਾਤ ਹਨ, ਇਸ ਦੇ ਬਾਵਜੂਦ ਰੁਝਾਨ ਦੇ ਤੌਰ 'ਤੇ ਇਹ ਫ਼ਿਕਰਮੰਦੀ ਦੀ ਜ਼ੋਰਦਾਰ ਮੰਗ ਕਰਦੇ ਹਨ।

ਅਸੀਂ ਸਾਰੇ ਇਸ ਸਵਾਲ ਨਾਲ ਖੌਝਲ ਰਹੇ ਹਾਂ ਕਿ ਆਖ਼ਿਰਕਾਰ ਸਾਥੀ ਸਤਨਾਮ ਵਰਗੇ ਪ੍ਰਪੱਕ ਸਾਥੀ ਨੇ ਇਉਂ ਕਿਉਂ ਕੀਤਾ? ਕੀ ਉਸ ਕੋਲ ਹੋਰ ਕੋਈ ਚੋਣ ਨਹੀਂ ਸੀ? ਕੀ ਸਤਨਾਮ ਦਾ ਆਪਣੇ ਹੀ ਉਨ੍ਹਾਂ ਸੁਪਨਿਆਂ ਤੋਂ ਮੋਹ ਐਨਾ ਭੰਗ ਹੋ ਗਿਆ ਸੀ ਜਿਨ੍ਹਾਂ ਦੀ ਖ਼ਾਤਰ ਉਸ ਨੇ ਆਪਣਾ ਨਿੱਜੀ ਭਵਿੱਖ ਸੰਵਾਰਨ ਤੋਂ ਪਾਰ ਜਾ ਕੇ ਸਮੁੱਚੇ ਸਮਾਜ ਦੇ ਭਵਿੱਖ ਨੂੰ ਰੋਸ਼ਨ ਕਰਨ ਦਾ ਬੀੜਾ ਚੁੱਕਿਆ ਸੀ ਅਤੇ ਆਪਣੀ ਨਿੱਜੀ ਜ਼ਿੰਦਗੀ ਤੇ ਪਰਿਵਾਰ, ਸਭ ਕੁਝ ਦਾਅ 'ਤੇ ਲਾ ਦਿੱਤਾ ਸੀ?

ਜਿਸ ਤਰ੍ਹਾਂ ਦੇ ਸਮਾਜ ਅਤੇ ਰਾਜ ਪ੍ਰਬੰਧ ਵਿਚ ਅਸੀਂ ਰਹਿ ਰਹੇ ਹਾਂ, ਉਸ ਵਿਚ ਖ਼ੁਦਕੁਸ਼ੀਆਂ ਹੈਰਾਨੀਜਨਕ ਗੱਲ ਨਹੀਂ। ਜਮਾਤਾਂ ਵਿਚ ਵੰਡੇ ਇਸ ਸਮਾਜ ਦੀ ਹਰ ਜਮਾਤ, ਹਰ ਤਬਕੇ ਦੇ ਆਪੋ-ਆਪਣੇ ਖ਼ਾਸ ਤਣਾਅ, ਦਬਾਅ ਅਤੇ ਕਾਰਨ ਹਨ ਜੋ ਇਨ੍ਹਾਂ ਸਮਾਜੀ ਹਿੱਸਿਆਂ ਦੇ ਕਈ ਮੈਂਬਰਾਂ ਨੂੰ ਕਈ ਵਾਰ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਖ਼ਤਮ ਕਰ ਲੈਣ ਦੇ ਰਾਹ ਧੱਕ ਦਿੰਦੇ ਹਨ; ਤੇ ਉਹ ਆਪਣੀ ਜ਼ਿੰਦਗੀ ਦਾ ਅੰਤ ਕਰ ਲੈਂਦੇ ਹਨ। ਨਿਸ਼ਚੇ ਹੀ ਉਨ੍ਹਾਂ ਦੇ ਇਉਂ ਕਰਨ ਦੇ ਹਾਲਾਤ ਅਤੇ ਕਾਰਨ ਵੱਖੋ-ਵੱਖਰੇ ਹੁੰਦੇ ਹਨ।

ਜ਼ਿੰਦਗੀ ਨੂੰ ਭਰਪੂਰ ਜਿਉਣਾ ਲੋਚਦੇ ਇਨਸਾਨ ਉਪਰ ਜਦੋਂ ਇਹ ਸੋਚ ਹਾਵੀ ਹੋ ਜਾਂਦੀ ਹੈ ਕਿ ਉਸ ਦੀ ਜ਼ਿੰਦਗੀ ਨੂੰ ਦਰਪੇਸ਼ ਸਮੱਸਿਆਵਾਂ ਨੂੰ ਹੱਲ ਕਰਨਾ ਜਾਂ ਹੱਲ ਕਰਨ ਲਈ ਯਤਨ ਜਾਰੀ ਰੱਖਣਾ ਹੁਣ ਉਸ ਦੇ ਵੱਸ ਦੀ ਗੱਲ ਨਹੀਂ; ਜਦੋਂ ਮਾਯੂਸੀ ਅਤੇ ਨਿਰਾਸ਼ਤਾ ਉਸ ਉਪਰ ਇਸ ਕਦਰ ਹਾਵੀ ਹੋ ਜਾਂਦੀ ਹੈ ਕਿ ਉਸ ਨੂੰ ਉਨ੍ਹਾਂ ਮੁਸ਼ਕਲਾਂ ਵਿਚੋਂ ਬਾਹਰ ਨਿਕਲਣ ਲਈ ਉਮੀਦ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ ਤੇ ਉਹ ਇਸ ਨਤੀਜੇ 'ਤੇ ਪਹੁੰਚ ਜਾਂਦਾ ਹੈ ਕਿ ਉਸ ਦਾ ਜਿਉਣਾ ਹੁਣ ਬੇਕਾਰ ਹੈ, ਉਦੋਂ ਹੀ ਉਹ ਖ਼ੁਦਕੁਸ਼ੀ ਦਾ ਰਾਹ ਅਖ਼ਤਿਆਰ ਕਰਦਾ ਹੈ।

ਪਰ ਇਨਕਲਾਬੀ ਸਮਾਜੀ ਤਬਦੀਲੀ ਲਈ ਸੰਗਰਾਮਾਂ ਦੇ ਪਾਂਧੀ, ਇਨਕਲਾਬੀ ਆਸ਼ਾਵਾਦੀ ਇਨਸਾਨਾਂ ਦਾ ਖ਼ੁਦਕੁਸ਼ੀ ਦੇ ਰਾਹ ਦੀ ਚੋਣ ਕਰਨਾ ਗੰਭੀਰ ਫ਼ਿਕਰਮੰਦੀ ਦਾ ਮਾਮਲਾ ਹੈ। ਇਸ ਤਰ੍ਹਾਂ ਦੇ ਇਨਸਾਨਾਂ ਕੋਲ ਸਮਾਜ ਦੇ ਵਿਕਾਸ ਦੇ ਨਿਯਮਾਂ ਨੂੰ ਸਮਝਣ ਦਾ ਵਿਗਿਆਨਕ ਨਜ਼ਰੀਆ ਅਤੇ ਇਸ ਤਰ੍ਹਾਂ ਦੀ ਤਬਦੀਲੀ ਲਈ ਜ਼ਰੂਰੀ ਸਪਸ਼ਟ ਸਿਧਾਂਤਕ ਤੇ ਸਿਆਸੀ ਸੂਝ ਹੁੰਦੀ ਹੈ। ਉਹ ਇਸ ਸਵਾਲ ਬਾਰੇ ਸਪਸ਼ਟ ਹੁੰਦੇ ਹਨ ਕਿ ਆਲੇ-ਦੁਆਲੇ ਦੀ ਹਕੀਕਤ ਤੋਂ ਪਲਾਇਨ ਕਰਨ ਨਾਲ ਕੁਝ ਵੀ ਬਦਲਣ ਵਾਲਾ ਨਹੀਂ। ਹਕੀਕਤ ਦਾ ਸਾਹਮਣਾ ਕਰਦੇ ਹੋਏ ਸਿਰਫ਼ ਇਨਕਲਾਬੀ ਸੰਘਰਸ਼ਾਂ ਰਾਹੀਂ ਇਨਕਲਾਬੀ ਤਬਦੀਲੀ ਲਿਆ ਕੇ ਹੀ ਸਮਾਜ ਨੂੰ ਮਨੁੱਖ ਦੇ ਜਿਉਣਯੋਗ, ਬਿਹਤਰ ਅਤੇ ਉਨ੍ਹਾਂ ਮੁਸ਼ਕਲਾਂ ਤੇ ਬੁਰਾਈਆਂ ਤੋਂ ਮੁਕਤ ਬਣਾਇਆ ਜਾ ਸਕਦਾ ਹੈ ਜੋ ਜ਼ਿੰਦਗੀ ਨੂੰ ਅਣਮਨੁੱਖੀ ਬਣਾਉਣ ਲਈ ਜ਼ਿੰਮੇਵਾਰ ਹਨ।

ਸਤਨਾਮ ਕੋਲ ਮਾਰਕਸਵਾਦ ਤੇ ਹੋਰ ਵਿਚਾਰਧਾਰਾਵਾਂ ਦਾ ਭਰਪੂਰ ਗਿਆਨ ਸੀ। ਉਸ ਨੇ ਦੁਨੀਆ ਭਰ ਦਾ ਸਾਹਿਤ ਨਿੱਠ ਕੇ ਪੜ੍ਹਿਆ ਹੋਇਆ ਸੀ। ਉਸ ਕੋਲ ਸਿਆਸੀ ਜ਼ਿੰਦਗੀ ਦਾ ਲੰਬਾ ਤਜਰਬਾ ਸੀ। ਉਸ ਨੇ ਪੇਂਡੂ ਕਿਰਤੀਆਂ, ਸਨਅਤੀ ਮਜ਼ਦੂਰਾਂ, ਖ਼ਾਸ ਕਰ ਕੇ ਲੁਧਿਆਣੇ ਦੇ ਪਰਵਾਸੀ ਮਜ਼ਦੂਰਾਂ ਅਤੇ ਜੰਗਲ ਦੇ ਆਦਿਵਾਸੀਆਂ ਦੀ ਮੁੱਢਲੀਆਂ ਮਨੁੱਖੀ ਜ਼ਰੂਰਤਾਂ ਤੋਂ ਵਾਂਝੀ, ਅਕਹਿ ਮੁਸ਼ਕਲਾਂ ਨਾਲ ਪਲ-ਪਲ ਸੰਘਰਸ਼ ਕਰਦੀ ਜ਼ਿੰਦਗੀ ਨੂੰ ਉਨ੍ਹਾਂ ਦੇ ਦਰਮਿਆਨ ਰਹਿ ਕੇ ਨੇੜਿਓਂ ਦੇਖਿਆ, ਜਾਣਿਆ ਤੇ ਸਮਝਿਆ ਸੀ। ਮਿਹਨਤਕਸ਼ਾਂ ਨੂੰ ਇਸ ਤਰ੍ਹਾਂ ਦੀ ਅਣਮਨੁੱਖੀ ਜ਼ਿੰਦਗੀ ਜਿਉਣ ਲਈ ਬੇਵੱਸ ਤੇ ਮਜਬੂਰ ਕਰਨ ਵਾਲੇ ਸਮਾਜੀ ਤੇ ਰਾਜਸੀ ਹਾਲਾਤ ਨੂੰ ਬਦਲਣ ਲਈ ਇਨਕਲਾਬੀ ਸੰਘਰਸ਼ਾਂ ਦੀ ਜ਼ਰੂਰਤ ਨੂੰ ਉਹ ਬਾਖ਼ੂਬੀ ਸਮਝਦਾ ਸੀ। 'ਜੰਗਲਨਾਮਾ' ਸਿਰਜਦਿਆਂ ਅਤੇ 'ਸਪਾਰਟਕਸ' ਦਾ ਅਨੁਵਾਦ ਕਰਦਿਆਂ ਉਸ ਨੇ ਯੁਗ ਬਦਲਣ ਦੇ ਸੰਗਰਾਮ ਵਿਚ ਮਸਰੂਫ਼ ਸ਼ਾਨਦਾਰ ਕਿਰਦਾਰਾਂ ਨੂੰ ਆਪਣੇ ਅੰਦਰ ਕਿੰਨੀ ਡੂੰਘੀ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ। ਜੇ ਫਿਰ ਵੀ ਉਸ ਨੇ ਆਪਣੇ ਹੱਥੀਂ ਆਪਣੀ ਜ਼ਿੰਦਗੀ ਨੂੰ ਖ਼ਤਮ ਕਰਨ ਦੇ ਰਾਹ ਨੂੰ ਆਪਣਾ ਅੰਤ ਚੁਣਿਆ ਤਾਂ ਇਹ ਚੋਣ ਉਸ ਅੰਦਰ ਪਿਛਲੇ ਸਮੇਂ ਤੋਂ ਘਰ ਕਰ ਗਈ ਇਸ ਨਾਂਹਪੱਖੀ ਸੋਚ ਕਾਰਨ ਸੀ ਕਿ ਹੁਣ ਉਸ ਦੇ ਆਪਣੇ ਅੰਦਰ ਇਨ੍ਹਾਂ ਨਾਮੁਆਫ਼ਕ ਹਾਲਾਤ ਦਾ ਸਾਹਮਣਾ ਕਰਨ ਦੀ ਹਿੰਮਤ ਅਤੇ ਇਸ ਨੂੰ ਬਦਲਣ ਲਈ ਜ਼ੋਰ-ਅਜ਼ਮਾਈ ਕਰਨ ਦੀ ਤਾਕਤ ਨਹੀਂ ਰਹੀ। ਮੁੱਖ ਤੌਰ 'ਤੇ ਇਹ ਸਮਾਜੀ-ਪਰਿਵਾਰਕ ਰਿਸ਼ਤਿਆਂ ਦੀਆਂ ਉਲਝਣਾਂ ਸਨ ਜਿਨ੍ਹਾਂ ਨੇ ਉਸ ਦੇ ਮਨੋਬਲ ਨੂੰ ਖੋਰਾ ਲਾਉਣ ਵਿਚ ਆਪਣੀ ਭੂਮਿਕਾ ਨਿਭਾਈ ਜਿਸ ਦਾ ਪੜਚੋਲਵਾਂ ਖ਼ੁਲਾਸਾ ਉਨ੍ਹਾਂ ਦੀ ਬੇਟੀ ਰੀਵਾ ਨੇ ਆਪਣੇ ਪਿਆਰੇ ਪਾਪਾ ਨੂੰ ਸਮਰਪਿਤ ਚੰਦ ਸਤਰਾਂ ਵਿਚ ਕੀਤਾ ਹੈ। ਨਾਲ ਹੀ ਇਨਕਲਾਬੀ ਲਹਿਰ ਦੀ ਕਮਜ਼ੋਰੀ ਦੀ ਵੀ ਇਸ ਵਿਚ ਆਪਣੀ ਇਕ ਭੂਮਿਕਾ ਹੈ।

ਉਸ ਅੰਦਰ ਉਭਰ ਰਹੇ ਨਿਰਾਸ਼ਾਜਨਕ ਵਿਚਾਰਾਂ ਨੂੰ ਦੂਰ ਕਰਨ ਲਈ ਬੇਸ਼ੱਕ ਉਸ ਦੇ ਬਹੁਤ ਸਾਰੇ ਨੇੜਲੇ ਸਾਥੀ, ਦੋਸਤ ਤੇ ਹਿਤੈਸ਼ੀ ਲਗਾਤਾਰ ਯਤਨ ਕਰਦੇ ਰਹੇ, ਪਰ ਆਖ਼ਿਰਕਾਰ ਸਾਡਾ ਇਹ ਜ਼ਿੰਦਾਦਿਲ ਸਾਥੀ ਨਾਮੁਆਫ਼ਕ ਹਾਲਾਤ ਨਾਲ ਜੂਝਦਿਆਂ ਜ਼ਿੰਦਗੀ ਦੀ ਲੜਾਈ ਹਾਰ ਗਿਆ। ਉਸ ਨੇ ਉਹ ਦਰਦਨਾਕ ਅੰਤ ਖ਼ੁਦ ਲਈ ਚੁਣ ਲਿਆ ਜਿਸ ਨੂੰ ਉਸ ਨੇ ਅਫ਼ਰੋਜ਼ ਅੰਮ੍ਰਿਤ ਵਲੋਂ ਖ਼ੁਦਕੁਸ਼ੀ ਕਰਨ ਸਮੇਂ ਖ਼ੁਦ ਹੀ ਜ਼ੋਰਦਾਰ ਤਰੀਕੇ ਨਾਲ ਰੱਦ ਕੀਤਾ ਸੀ।

ਘੋਰ ਆਰਥਿਕ ਸੰਕਟ ਮੂੰਹ ਆਏ ਕਿਸਾਨਾਂ ਤੇ ਮਜ਼ਦੂਰਾਂ ਨੂੰ 'ਖ਼ੁਦਕੁਸ਼ੀਆਂ ਨਹੀਂ ਸੰਗਰਾਮ' ਦਾ ਰਾਹ ਦਿਖਾਉਣ ਵਾਲੇ ਇਨਕਲਾਬੀ ਕਾਫ਼ਲਿਆਂ ਦੇ ਕੁਝ ਜੁਝਾਰੂ ਜਦੋਂ ਖ਼ੁਦ ਹੀ ਉਸ ਰਾਹ ਪੈਣ ਲੱਗ ਜਾਣ ਤਾਂ ਇਹ ਸਮੁੱਚੀ ਇਨਕਲਾਬੀ-ਜਮਹੂਰੀ ਲਹਿਰ ਦੇ ਗੰਭੀਰਤਾ ਨਾਲ ਸੋਚ-ਵਿਚਾਰ ਤੇ ਸਵੈ-ਚਿੰਤਨ ਕਰ ਕੇ ਉਨ੍ਹਾਂ ਹਾਲਾਤ ਨੂੰ ਬਦਲਣ ਲਈ ਸੰਜੀਦਾ ਉਪਰਾਲੇ ਕਰਨ ਦਾ ਵੇਲਾ ਹੈ ਜਿਨ੍ਹਾਂ ਨੂੰ ਆਪਣੇ ਲਈ ਨਾਮੁਆਫ਼ਕ ਸਮਝ ਕੇ ਸੰਗਰਾਮਾਂ ਦੇ ਪਾਂਧੀ ਕਾਂਟਾ ਬਦਲ ਕੇ ਆਤਮਘਾਤ ਦੇ ਰਾਹ ਪੈਣ ਲਈ ਮਜਬੂਰ ਹੋ ਜਾਂਦੇ ਹਨ।

ਸਤਨਾਮ ਇਨਕਲਾਬੀ ਲਹਿਰ ਦੀਆਂ ਸਿਧਾਂਤਕ ਤੇ ਸਿਆਸੀ ਕਮਜ਼ੋਰੀਆਂ ਨੂੰ ਪੂਰੀ ਬੇਬਾਕੀ ਅਤੇ ਗੰਭੀਰਤਾ ਨਾਲ ਲਗਾਤਾਰ ਉਠਾਉਂਦਾ ਰਿਹਾ ਸੀ। ਉਸ ਦਾ ਮੰਨਣਾ ਸੀ ਕਿ ਇਨਕਲਾਬੀ ਲਹਿਰ ਵਿਚ ਦੁਨੀਆ ਅਤੇ ਸਾਡੇ ਮੁਲਕ ਦੇ ਬਦਲ ਚੁੱਕੇ ਹਾਲਾਤ ਨੂੰ ਸਮਝਣ ਲਈ ਲੋੜੀਂਦੀ ਰਚਨਾਤਮਕਤਾ ਨਹੀਂ ਹੈ। ਉਹ ਕਹਿੰਦਾ ਹੁੰਦਾ ਸੀ ਕਿ ਲਹਿਰ ਦੇ ਕਾਫ਼ਲੇ ਪੁਰਾਣੀਆਂ ਧਾਰਨਾਵਾਂ ਦੇ ਰਟਣ-ਮੰਤਰ ਅਤੇ ਖੋਖਲੀ ਲਫ਼ਾਜ਼ੀ ਵਿਚ ਗ੍ਰਸ ਕੇ ਐਸੀਆਂ ਮਸ਼ੀਨਾਂ ਬਣ ਚੁੱਕੇ ਹਨ ਜਿਨ੍ਹਾਂ ਨੇ ਖ਼ੁਦ ਨੂੰ ਰੁਟੀਨਵਾਦ ਦੇ ਸੰਵੇਦਨਹੀਣ ਖੋਲ ਵਿਚ ਬੰਦ ਕਰ ਲਿਆ ਹੈ। ਉਹ ਕਮਿਊਨਿਸਟ ਜਥੇਬੰਦੀ ਅੰਦਰ ਜਮਹੂਰੀਅਤ ਦੀ ਅਮਲਦਾਰੀ ਉਪਰ ਵੀ ਗੰਭੀਰ ਸਵਾਲ ਉਠਾਉਂਦੇ ਸੀ। ਉਸ ਨੂੰ ਇਹ ਕਮੀ ਬਹੁਤ ਚੁਭਦੀ ਸੀ ਕਿ ਲਹਿਰ ਅੰਦਰ ਵਿਚਾਰਧਾਰਕ ਅਤੇ ਸਿਆਸੀ-ਸਿਧਾਂਤਕ ਸਵਾਲਾਂ ਉਪਰ ਨਿੱਠ ਕੇ ਬਹਿਸ-ਮੁਬਾਹਸਾ ਨਹੀਂ ਹੋ ਰਿਹਾ ਤੇ ਦਰਪੇਸ਼ ਵੱਡੇ ਸਵਾਲਾਂ ਨੂੰ ਮੁਖ਼ਾਤਬ ਹੀ ਨਹੀਂ ਹੋਇਆ ਜਾ ਰਿਹਾ ਜਿਸ ਕਾਰਨ ਇਨਕਲਾਬੀ ਲਹਿਰ ਠੋਸ ਹਾਲਾਤ ਦਾ ਠੋਸ ਨਿਰਣਾ ਕਰ ਕੇ ਸਿਆਸੀ ਲਾਂਘੇ ਭੰਨਣ ਅਤੇ ਵਿਸ਼ਾਲ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈ ਕੇ ਇਨਕਲਾਬੀ ਭਵਿੱਖ-ਨਕਸ਼ੇ ਵਾਲੀ ਯੁਗ-ਪਲਟਾਊ ਸਿਆਸੀ ਤਾਕਤ ਵਿਚ ਬਦਲਣ ਤੋਂ ਅਸਮਰੱਥ ਹੈ। ਉਸ ਦੇ ਸਵਾਲ ਕਿੱਥੋਂ ਤਕ ਵਾਜਬ ਹਨ, ਇਹ ਬਹਿਸ ਦਾ ਮੁੱਦਾ ਹੋ ਸਕਦੇ ਹਨ, ਤੇ ਲਾਜ਼ਮੀ ਹੋਣੇ ਚਾਹੀਦੇ ਹਨ; ਪਰ ਇਕ ਚੀਜ਼ ਤੈਅ ਹੈ ਕਿ ਇਨਕਲਾਬੀ ਲਹਿਰ ਨੂੰ ਅਜੋਕੀਆਂ ਚੁਣੌਤੀਆਂ ਦੇ ਹਾਣ ਦੀ ਹੋਣ ਲਈ ਆਪਣੀਆਂ ਕਮਜ਼ੋਰੀਆਂ ਤੇ ਅਸਫ਼ਲਤਾਵਾਂ ਉਪਰ ਖੁੱਲ੍ਹੇ ਮਨ ਨਾਲ ਨਜ਼ਰਸਾਨੀ ਤੇ ਚਰਚਾ ਕਰਨ ਦੀ ਡਾਢੀ ਜ਼ਰੂਰਤ ਹੈ। ਸਮੇਂ ਦੇ ਹਾਣੀ ਇਨਕਲਾਬੀ ਸੰਘਰਸ਼ਾਂ ਦੀ ਨਵੀਂ ਉਠਾਣ ਹੀ ਹਾਲਾਤ ਦੇ ਥਪੇੜਿਆਂ ਨਾਲ ਡਗਮਗਾ ਰਹੇ ਇਨਕਲਾਬੀ ਆਸ਼ਾਵਾਦ ਨੂੰ ਮਜ਼ਬੂਤੀ ਦੇ ਸਕੇਗੀ, ਤੇ ਐਸੀਆਂ ਦਰਦਨਾਕ ਤਰਾਸਦੀਆਂ ਨੂੰ ਠੱਲ੍ਹ ਪਾ ਸਕੇਗੀ ਜਿਸ ਨੂੰ ਅੰਜਾਮ ਦੇਣ ਦੀ ਚੋਣ ਕਰ ਕੇ ਸਾਥੀ ਸਤਨਾਮ ਨੇ ਇਉਂ ਆਪਣੀ ਜ਼ਿੰਦਗੀ ਦਾ ਅੰਤ ਕੀਤਾ।

ਸਤਨਾਮ ਨੇ ਮਾਓਵਾਦੀ ਲਹਿਰ ਦੇ ਗੜ੍ਹ ਬਸਤਰ ਦੇ ਅਬੂਝਮਾੜ ਇਲਾਕੇ ਵਿਚ ਚੋਟੀ ਦੇ ਮਾਓਵਾਦੀ ਆਗੂਆਂ ਤੇ ਹਥਿਆਰਬੰਦ ਗੁਰੀਲਿਆਂ ਨਾਲ ਕਈ ਮਹੀਨੇ ਗੁਜ਼ਾਰ ਕੇ ਇਸ ਲਹਿਰ ਬਾਰੇ 'ਜੰਗਲਨਾਮਾ' ਨਾਂ ਦੀ ਮੌਲਿਕ ਰਚਨਾ ਪੰਜਾਬੀ ਜ਼ੁਬਾਨ ਦੀ ਝੋਲੀ ਪਾਈ ਜੋ ਅੰਗਰੇਜ਼ੀ ਅਤੇ ਦਰਜਨ ਦੇ ਕਰੀਬ ਹਿੰਦੁਸਤਾਨੀ ਜ਼ੁਬਾਨਾਂ ਵਿਚ ਅਨੁਵਾਦ ਹੋ ਕੇ ਉਸ ਨੂੰ 'ਜੰਗਲਨਾਮਾ' ਤਖ਼ੱਲਸ ਦੇ ਰੂਪ ਵਿਚ ਨਿਆਰੀ ਪਛਾਣ ਦੇ ਗਈ। ਬੁੱਕਰ ਇਨਾਮ ਜੇਤੂ ਲੇਖਕਾ ਅਰੁੰਧਤੀ ਰਾਏ ਦੱਸਦੀ ਹੈ ਕਿ ਉਸ ਨੂੰ ਬਸਤਰ ਦੇ ਜੰਗਲਾਂ ਵਿਚ ਜਾ ਕੇ ਮਾਓਵਾਦੀ ਲਹਿਰ ਨੂੰ ਸਮਝਣ ਲਈ 'ਜੰਗਲਨਾਮਾ' ਨੇ ਪ੍ਰੇਰਿਆ ਸੀ। ਇਨਕਲਾਬੀ ਸ਼ਾਇਰ ਜਗਮੋਹਣ ਜੋਸ਼ੀ ਦੀ ਮੁਕੰਮਲ ਉਰਦੂ ਸ਼ਾਇਰੀ 'ਪੈਮਾਨੇ-ਇਨਕਲਾਬ' ਦਾ ਲਿਪੀਅੰਤਰ ਤੋਂ ਇਲਾਵਾ ਸਤਨਾਮ ਨੇ ਸੰਸਾਰ ਪ੍ਰਸਿੱਧ ਨਾਵਲ 'ਸਪਾਰਟਕਸ', ਮਾਰਕਸ ਦੀ 'ਇਕਨਾਮਿਕ ਐਂਡ ਫ਼ਿਲਾਸਫ਼ਿਕ ਮੈਨੂਸਕ੍ਰਿਪਟ' ਵਰਗੀਆਂ ਬਹੁਤ ਸਾਰੀਆਂ ਚਰਚਿਤ ਕਿਤਾਬਾਂ ਦੇ ਅਨੁਵਾਦ ਕਰ ਕੇ ਪੰਜਾਬੀ ਜ਼ੁਬਾਨ ਦੀ ਚੋਖੀ ਸੇਵਾ ਕੀਤੀ। ਉਹ ਪੰਜਾਬੀ ਅਤੇ ਅੰਗਰੇਜ਼ੀ ਵਿਚ ਇਕੋ ਜਿੰਨੀ ਮੁਹਾਰਤ ਵਾਲਾ ਕਲਮ ਦਾ ਧਨੀ ਸੀ। ਵਿਸ਼ਵ ਸਾਹਿਤ ਦਾ ਡੂੰਘਾ ਗਿਆਤਾ ਸਤਨਾਮ ਠੇਠ ਪੰਜਾਬੀ ਲਫ਼ਜ਼ਾਂ ਦਾ ਚਲਦਾ-ਫਿਰਦਾ ਸ਼ਬਦਕੋਸ਼ ਸੀ। 1970ਵਿਆਂ ਵਿਚ ਨਕਸਲਬਾੜੀ ਲਹਿਰ ਦੀ ਬੁਲੰਦੀ ਦੇ ਦੌਰ ਵਿਚ ਕੁਲਵਕਤੀ ਕਮਿਊਨਿਸਟ ਬਣੇ ਗੁਰਮੀਤ ਉਰਫ਼ ਸਤਨਾਮ ਨੇ ਸਾਢੇ ਚਾਰ ਦਹਾਕੇ ਕਮਿਊਨਿਸਟ ਲਹਿਰ ਵਿਚ ਨਿੱਠ ਕੇ ਕੰਮ ਕੀਤਾ। ਮਾਓਵਾਦੀ ਪੱਖੀ ਮਸ਼ਹੂਰ ਅੰਗਰੇਜ਼ੀ ਰਸਾਲੇ ਪੀਪਲਜ਼ ਮਾਰਚ, ਪੀਪਲਜ਼ ਰਜਿਸਟੈਂਸ, ਜਨ ਪ੍ਰਤੀਰੋਧ, ਜੈਕਾਰਾ, ਸੁਲਗਦੇ ਪਿੰਡ, ਲੋਕ ਕਾਫ਼ਲਾ ਵਰਗੇ ਮੁਤਬਾਦਲ ਇਨਕਲਾਬੀ ਸਿਆਸਤ ਦੇ ਤਰਜਮਾਨ ਪੌਣੀ ਦਰਜਨ ਰਸਾਲਿਆਂ ਦਾ ਸੰਪਾਦਨ ਕਰਦਿਆਂ ਉਨ੍ਹਾਂ ਨੇ ਆਦਿਵਾਸੀਆਂ, ਦਲਿਤਾਂ, ਔਰਤਾਂ, ਕੌਮੀਅਤਾਂ, ਧਾਰਮਿਕ ਘੱਟਗਿਣਤੀਆਂ ਦੇ ਹੱਕ ਵਿਚ ਅਤੇ ਹਿੰਦੁਸਤਾਨੀ ਸਟੇਟ ਵਲੋਂ ਢਾਹੇ ਜਾ ਰਹੇ ਜਬਰ ਵਿਰੁੱਧ ਵਿਚ ਡਟ ਕੇ ਕਲਮ ਚਲਾਈ ਅਤੇ ਇਨ੍ਹਾਂ ਸਵਾਲਾਂ, ਖ਼ਾਸ ਕਰ ਕੇ ਗੁਜਰਾਤ ਕਤਲੇਆਮ ਅਤੇ ਅਪਰੇਸ਼ਨ ਗ੍ਰੀਨ ਹੰਟ ਨੂੰ ਲੈ ਕੇ ਕੁਲ ਹਿੰਦ ਪੱਧਰ 'ਤੇ ਕਈ ਚਰਚਿਤ ਮੁਹਿੰਮਾਂ ਵਿਚ ਆਗੂ ਭੂਮਿਕਾ ਨਿਭਾਈ। ਕੌਮਾਂਤਰੀ ਮਾਮਲਿਆਂ ਉਪਰ ਉਸ ਦੀ ਖ਼ਾਸ ਮੁਹਾਰਤ ਸੀ। ਮਾਰਕਸਵਾਦੀ ਵਿਚਾਰਧਾਰਾ ਦਾ ਗਹਿ-ਗੱਡਵਾਂ ਧਾਰਨੀ ਸਤਨਾਮ ਅਕਸਰ ਹੀ ਸਿਆਸੀ ਤੇ ਸਿਧਾਂਤਕ ਕੰਮਜ਼ੋਰੀਆਂ 'ਚ ਗ੍ਰਸੀ ਕਮਿਊਨਿਸਟ ਲਹਿਰ ਦੀ ਬੇਬਾਕੀ ਨਾਲ ਆਲੋਚਨਾ ਕਰਦਾ ਸੀ ਅਤੇ ਇਸ ਦੀ ਖੜੋਤ ਤੋਂ ਕਾਫ਼ੀ ਮਾਯੂਸ ਸੀ।

# ਇੱਕ ਮਹਾਂਮਾਨਵ ਦੀ ਖ਼ੁਦਕੁਸ਼ੀ

ਸੱਤਰਵਿਆਂ 'ਚ ਸਮਾਜ ਅੰਦਰ ਵੱਡੀ ਤਬਦੀਲੀ ਲਿਆਉਣ ਲਈ ਚੱਲੀ ਨਕਸਲੀ ਲਹਿਰ ਦੌਰਾਨ ਸੈਂਕੜੇ ਨੌਜਵਾਨਾਂ ਨੇ ਆਪਣੇ ਘਰ ਪਰਿਵਾਰ ਛੱਡੇ ਸਨ ਜਿਨ੍ਹਾਂ ਵਿਚੋਂ ਬਹੁਤੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਸਨ ਅਤੇ ਜਿਹੜੇ ਬਚ ਗਏ ਸਨ, ਉਹ ਵੀ ਕੋਈ ਜਿਉਂਦਿਆਂ ਵਿਚ ਨਹੀਂ ਸਨ ਰਹੇ। ਉਨ੍ਹਾਂ ਨੂੰ ਆਪਣੀ ਬਚਦੀ ਜ਼ਿੰਦਗੀ ਜਾਂ ਤਾਂ ਰੂਪੋਸ਼ੀ ਦੀ ਹਾਲਤ ਵਿਚ ਜਾਂ ਫਿਰ ਕਿਸੇ ਜਾਅਲੀ ਪਛਾਣ ਥੱਲੇ ਗੁਜ਼ਾਰਨੀ ਪਈ। ਉਹ ਅਜਿਹੇ ਮਹਾਂਮਾਨਵ ਹਨ ਜਿਨ੍ਹਾਂ ਨੇ ਲੋਕਾਂ ਦੀ ਜ਼ਿੰਦਗੀ ਨੂੰ


**ਸੁਰਿੰਦਰਪਾਲ ਸਰਾਓ**

ਸੁਖਾਲੀ ਅਤੇ ਖ਼ੂਬਸੂਰਤ ਬਣਾਉਣ ਲਈ ਆਪਣੇ ਆਪ ਨੂੰ ਤਬਾਹ ਕਰ ਲਿਆ ਸੀ, ਪਰ ਉਨ੍ਹਾਂ ਦੀ ਇਸ ਕੁਰਬਾਨੀ ਦਾ ਧੇਲਾ ਮੁੱਲ ਵੀ ਨਹੀਂ ਪਿਆ। ਜਿਹੜੇ ਸ਼ਹੀਦ ਹੋ ਗਏ ਸਨ, ਉਨ੍ਹਾਂ ਦੇ ਨਾ ਕਿਤੇ ਬੁੱਤ ਲੱਗੇ ਅਤੇ ਨਾ ਹੀ ਉਨ੍ਹਾਂ ਦੇ ਨਾਂ ਉਤੇ ਕਿਤੇ ਮੇਲੇ ਲੱਗੇ। ਜਿਹੜੇ ਜਿਉਂਦੇ ਬਚੇ ਸਨ, ਉਹ ਵੀ ਸਾਰੇ ਵਕਤ ਦੀ ਧੂੜ ਦੇ ਇੰਨਾ ਥੱਲੇ ਦਬ ਗਏ ਕਿ ਅੱਜ ਚਾਰ ਦਹਾਕਿਆਂ ਮਗਰੋਂ ਉਨ੍ਹਾਂ ਦਾ ਸਨਮਾਨ ਕਰਨਾ ਤਾਂ ਦੂਰ, ਲੋਕਾਂ ਨੇ ਉਨ੍ਹਾਂ ਨੂੰ ਪਛਾਣਨਾ ਵੀ ਬੰਦ ਕਰ ਦਿੱਤਾ ਹੈ। ਪੰਜਾਬੀ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਹੋਰਾਂ ਨੇ ਅਜਿਹੇ ਮਹਾਂਮਾਨਵਾਂ ਦੀ ਹਾਲਤ ਆਪਣੀ ਇਕ ਨਜ਼ਮ ਵਿਚ ਇਸ ਤਰ੍ਹਾਂ ਬਿਆਨੀ ਹੈ:

> ਹੁਣ ਘਰਾਂ ਨੂੰ ਪਰਤਣਾ ਮੁਸ਼ਕਲ ਬੜਾ ਹੈ
> ਕੌਣ ਪਹਿਚਾਣੇਗਾ ਸਾਨੂੰ
> ਮੱਥੇ ਉਤੇ ਮੌਤ ਦਸਤਖਤ ਕਰ ਗਈ ਹੈ
> ਚਿਹਰੇ ਉਤੇ ਯਾਰ ਪੈੜਾਂ ਛੱਡ ਗਏ ਨੇ।
> ਸ਼ਾਮ ਨੂੰ ਜਦ ਮੜ੍ਹੀ 'ਤੇ ਦੀਵਾ ਬਲੇਗਾ
> ਗੁਰਦੁਆਰੇ ਸੰਖ ਵੱਜੇਗਾ
> ਉਹ ਬਹੁਤ ਆਵੇਗਾ ਯਾਦ
> ਉਹ ਕਿ ਜਿਹੜਾ ਮਰ ਗਿਆ ਹੈ
> ਉਹ ਕਿ ਜਿਸ ਦੀ ਮੌਤ ਦਾ
> ਇਸ ਭਰੀ ਨਗਰੀ 'ਚ ਬਸ ਮੈਨੂੰ ਪਤਾ ਹੈ।
> ਜੇ ਕਿਸੇ ਨੇ ਹੁਣ
> ਮੇਰੇ ਮਨ ਦੀ ਤਲਾਸ਼ੀ ਲੈ ਲਈ
> ਬਹੁਤ ਰਹਿ ਜਾਵਾਂਗਾ 'ਕੱਲਾ
> ਕਿਸੇ ਦੁਸ਼ਮਣ ਦੇਸ਼ ਦੇ ਜਾਸੂਸ ਵਾਂਗ
> ਹੁਣ ਘਰਾਂ 'ਚ ਵੱਸਣਾ ਸੌਖਾ ਨਹੀਂ ਹੈ।

64 ਸਾਲ ਦੀ ਉਮਰ ਵਿਚ ਪਟਿਆਲਾ ਵਿਖੇ ਖ਼ੁਦਕੁਸ਼ੀ ਕਰਨ ਵਾਲਾ ਸਤਨਾਮ ਵੀ ਅਜਿਹੇ ਮਹਾਂਮਾਨਵਾਂ ਵਿਚੋਂ ਇਕ ਸੀ। ਉਹ ਆਪਣੇ ਆਖਰੀ ਸਾਹ ਤੀਕ ਗਰੀਬਾਂ, ਨਿਆਸਰਿਆਂ ਦੇ ਹੱਕਾਂ ਲਈ ਲੜਦਾ ਰਿਹਾ, ਉਨ੍ਹਾਂ ਲਈ ਲਿਖਦਾ ਰਿਹਾ, ਉਨ੍ਹਾਂ ਦੀ ਆਵਾਜ਼ ਬਣਦਾ ਰਿਹਾ।

2002 ਵਿਚ ਸਤਨਾਮ ਨੇ ਕਈ ਮਹੀਨੇ ਛੱਤੀਸਗੜ੍ਹ ਦੇ ਜੰਗਲਾਂ ਵਿਚ ਮਾਓਵਾਦੀਆਂ ਅਤੇ ਆਦਿਵਾਸੀ ਲੋਕਾਂ ਵਿਚ ਗੁਜ਼ਾਰੇ ਅਤੇ ਜਿਉਣ ਲਈ ਉਨ੍ਹਾਂ ਦੇ ਸੰਘਰਸ਼ ਨੂੰ ਬਹੁਤ ਨੇੜਿਓਂ ਵੇਖਿਆ। ਇਨ੍ਹਾਂ ਸਾਰੇ ਤਜਰਬਿਆਂ ਨੂੰ ਸਤਨਾਮ ਨੇ ਆਪਣੀ ਪੁਸਤਕ 'ਜੰਗਲਨਾਮਾ' ਵਿਚ ਪੇਸ਼ ਕੀਤਾ। ਇਨ੍ਹਾਂ ਜੰਗਲਾਂ ਵਿਚ ਮਾਓਵਾਦੀਆਂ ਦੀ ਹਕੂਮਤ ਚੱਲਦੀ ਹੈ। ਸਤਨਾਮ ਇਨ੍ਹਾਂ ਮਾਓਵਾਦੀਆਂ ਦੇ ਜ਼ਰੀਏ ਆਦਿਵਾਸੀਆਂ ਨੂੰ ਮਿਲਿਆ। ਉਹ ਨੌਜਵਾਨ ਮਾਓਵਾਦੀਆਂ ਨਾਲ ਕਈ ਕਈ ਦਿਨ ਘੁੰਮਦਾ ਰਿਹਾ ਜੋ ਹਮੇਸ਼ਾਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਸੁਨੇਹੇ ਜਾਂ ਸਮਾਨ ਪਹੁੰਚਾਉਣ ਲਈ ਤੁਰੇ ਰਹਿੰਦੇ ਸਨ। ਕੁਝ ਆਦਿਵਾਸੀ ਗੁਰੀਲੇ




ਵੀ ਸਨ, ਪਰ ਸਾਰੇ ਨਹੀਂ। ਇਸ ਕਿਤਾਬ ਵਿਚ ਸਤਨਾਮ ਨੇ ਗੌਂਡਜ਼ ਕਬੀਲੇ ਦੀ ਰੋਜ਼ਮੱਰਾ ਦੀ ਜ਼ਿੰਦਗੀ ਨੂੰ ਬਿਆਨ ਕੀਤਾ ਹੈ। ਉਹ ਦੱਸਦਾ ਹੈ ਕਿ ਇਸ ਕਬੀਲੇ ਦੇ ਬਹੁਤੇ ਲੋਕ 20 ਤੋਂ ਵੱਧ ਗਿਣਤੀ ਨਹੀਂ ਜਾਣਦੇ। ਇਸ ਲਈ ਉਹ ਕਿੱਦਾਂ ਜਾਣ ਸਕਦੇ ਹਨ ਕਿ ਉਨ੍ਹਾਂ ਦੇ ਆਲੇ ਦੁਆਲੇ ਹਜ਼ਾਰਾਂ ਕਰੋੜ ਦੇ ਖਣਿਜ ਪਦਾਰਥ ਪਏ ਹਨ। ਉਨ੍ਹਾਂ ਦੀ ਔਸਤ ਉਮਰ 50 ਸਾਲ ਨਹੀਂ ਟੱਪਦੀ। ਉਹ ਸਮੇਂ ਨੂੰ ਮਿੰਟਾਂ ਜਾਂ ਘੰਟਿਆਂ ਨਾਲ ਨਹੀਂ ਸਗੋਂ ਦਿਨ-ਰਾਤ ਅਤੇ ਮੌਸਮ ਤਬਦੀਲੀ ਦੇ ਹਿਸਾਬ ਨਾਲ ਮਾਪਦੇ ਹਨ। ਉਨ੍ਹਾਂ ਵਿਚੋਂ ਬਹੁਤਿਆਂ ਨੇ ਅਜੇ ਤੀਕ ਰੇਲ ਗੱਡੀ ਜਾਂ ਬੱਸ ਨਹੀਂ ਵੇਖੀ।

ਸਤਨਾਮ ਦੀ ਇਹ ਕਿਤਾਬ ਅਜਿਹਾ ਦਸਤਾਵੇਜ਼ ਹੈ ਜਿਹੜਾ ਭਾਰਤ ਅੰਦਰ ਵਸਦੇ ਉਨ੍ਹਾਂ ਲੋਕਾਂ ਦੀ ਜ਼ਿੰਦਗੀ ਉਤੇ ਰੌਸ਼ਨੀ ਪਾਉਂਦਾ ਹੈ ਜਿਨ੍ਹਾਂ ਨੂੰ ਬਤੌਰ ਨਾਗਰਿਕ ਅਜੇ ਤੀਕ ਨਾ ਕੋਈ ਪਛਾਣ ਮਿਲੀ ਹੈ, ਨਾ ਕੋਈ ਸਹੂਲਤ ਮਿਲੀ ਹੈ ਅਤੇ ਨਾ ਹੀ ਅਧਿਕਾਰ। ਇਹ ਤਾਂ ਰਹੀ ਇਕ ਆਦਿਵਾਸੀ ਕਬੀਲੇ ਦੀ ਕਹਾਣੀ, ਜਿਹੜੇ ਇਸ ਕਰ ਕੇ ਸਹੂਲਤਾਂ ਅਤੇ ਅਧਿਕਾਰਾਂ ਤੋਂ ਵਾਂਝੇ ਹਨ, ਕਿਉਂਕਿ ਉਹ ਜੰਗਲਾਂ ਵਿਚ ਰਹਿੰਦੇ ਹਨ; ਪਰ ਸਤਨਾਮ ਵਰਗੇ ਸੰਵੇਦਨਸ਼ੀਲ ਬੰਦਿਆਂ ਨੂੰ ਇਸ ਦੇਸ਼ ਦੇ ਉਨ੍ਹਾਂ ਕਰੋੜਾਂ ਲੋਕਾਂ ਦਾ ਦੁੱਖ ਵੀ ਦਿਨ ਰਾਤ ਪਰੇਸ਼ਾਨ ਕਰਦਾ ਰਿਹਾ, ਜਿਹੜੇ ਆਪਣੇ ਵੋਟ ਰਾਹੀਂ ਇਸ ਦੇਸ਼ ਦੀ ਸਰਕਾਰ ਬਣਾਉਂਦੇ ਹਨ, ਪਰ ਇਸ ਦੇ ਬਾਵਜੂਦ ਉਹ ਖ਼ੁਦ ਗਰੀਬੀ, ਨਾਬਰਾਬਰੀ, ਅਨਪੜ੍ਹਤਾ, ਫਿਰਕੂਪੁਣੇ ਅਤੇ ਚੋਰ-ਬਾਜ਼ਾਰੀ ਦੇ ਜੰਜਾਲ ਵਿਚੋਂ ਬਾਹਰ ਨਹੀਂ ਨਿਕਲ ਪਾਉਂਦੇ।

ਸਤਨਾਮ ਵਰਗੇ ਬੰਦਿਆਂ ਦਾ ਖ਼ੁਦਕੁਸ਼ੀ ਕਰਨਾ ਕਿਸ ਧਿਰ ਦੀ ਅਸਫਲਤਾ ਵੱਲ ਸੰਕੇਤ ਕਰਦਾ ਹੈ? ਸਮਾਜ ਦੀ ਜਾਂ ਇਨਸਾਨ ਦੀ? ਯੁੱਗ ਬਦਲਣ ਲਈ ਕਦੇ ਸਿਰ ਉਤੇ ਕਫਨ ਬੰਨ੍ਹ ਕੇ ਘਰੋਂ ਨਿਕਲੇ ਬੰਦੇ ਨੂੰ ਅਸੀਂ 'ਕਾਇਰ' ਕਹਿਣ ਦੀ ਗੁਸਤਾਖੀ ਨਹੀਂ ਕਰ ਸਕਦੇ। ਨਾ ਹੀ ਦਹਾਕਿਆਂ ਤੋਂ ਮਹਾਂਮਾਨਵ ਬਣ ਕੇ ਮਜ਼ਲੂਮਾਂ ਦੇ ਹੱਕਾਂ ਲਈ ਲੜਨ ਵਾਲੇ ਇਨਸਾਨ ਨੂੰ ਅਸੀਂ 'ਨਿਰਾਸ਼ਾ ਦਾ ਸ਼ਿਕਾਰ' ਕਹਿ ਕੇ ਪੱਲਾ ਝਾੜ ਸਕਦੇ। ਸਤਨਾਮ ਨੇ ਸਾਰੀ ਜ਼ਿੰਦਗੀ ਕੋਈ ਵੀ ਛੋਟਾ ਕੰਮ ਨਹੀਂ ਕੀਤਾ, ਉਸ ਨੇ ਹਮੇਸ਼ਾਂ ਵੱਡੇ ਟਾਹਣਾਂ ਨੂੰ ਹੀ ਹੱਥ ਪਾਇਆ। ਬਤੌਰ ਮਨੁੱਖ ਸਤਨਾਮ ਵਰਗੇ ਬੰਦਿਆਂ ਦੀ ਇਸ ਸਮਾਜ ਨੂੰ ਜੋ ਦੇਣ ਹੈ, ਉਸ ਨੂੰ ਪੈਸਿਆਂ ਜਾਂ ਕਾਮਯਾਬੀ ਦੇ ਪੈਮਾਨਿਆਂ ਨਾਲ ਨਹੀਂ ਮਿਣਿਆ ਜਾ ਸਕਦਾ। ਅੱਜ ਉਨ੍ਹਾਂ ਦੇ ਚੁਣੇ ਰਾਹਾਂ ਉਤੇ ਕੋਈ ਨਹੀਂ ਤੁਰਦਾ। ਉਹ ਪੈਂਡੇ ਹੀ ਅਜਿਹੇ ਹਨ, ਜਿਹੜੇ ਸਿਰਫ ਮਹਾਂਮਾਨਵਾਂ ਲਈ ਹੀ ਬਣੇ ਹਨ। ਅੱਜ ਕੱਲ੍ਹ ਅਜਿਹੇ ਬੰਦੇ ਪੈਦਾ ਨਹੀਂ ਹੁੰਦੇ। ਹੁਣ ਤਾਂ ਨਿੱਕੇ ਨਿੱਕੇ ਲੋਕਾਂ ਦਾ ਜ਼ਮਾਨਾ ਹੈ ਜਿਨ੍ਹਾਂ ਦੇ ਸੁਫਨੇ, ਹੌਸਲੇ, ਗਮ, ਖੁਸ਼ੀਆਂ ਅਤੇ ਮੰਜ਼ਿਲਾਂ ਨਿੱਕੀਆਂ ਨਿੱਕੀਆਂ ਹਨ। ਇਹ ਨਿੱਕੇ ਲੋਕਾਂ ਦਾ ਸੰਸਾਰ ਹੈ, ਸਤਨਾਮ ਵਰਗੇ ਮਹਾਂਮਾਨਵ ਹੁਣ ਇੱਥੇ ਹੋਰ ਦੇਰ ਲਈ ਨਹੀਂ ਠਹਿਰ ਸਕਦੇ।

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਜੋਸ਼ 'ਆਪ' ਦਾ, ਡਰ 'ਪੁੱਤ-ਬਾਪ' ਦਾ

ਜਿਸ ਪਰਿਵਾਰਕ ਕਾਰਜ ਵਿਚ ਸ਼ਾਮਲ ਹੋਣ ਮੈਂ ਡੇਢ ਕੁ ਮਹੀਨੇ ਦੀ ਛੁੱਟੀ ਲੈ ਕੇ ਪੰਜਾਬ ਗਿਆ ਸਾਂ, ਉਹ ਤਾਂ ਭਾਵੇਂ 26-27 ਮਾਰਚ ਦਾ ਸੀ, ਪਰ ਇਸੇ ਬਹਾਨੇ ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੀਆਂ ਰੌਣਕਾਂ ਦੇਖਣ ਦੀ ਰੀਝ ਪੂਰੀ ਕਰਨ ਹਿੱਤ ਮੈਂ ਦਸ ਦਿਨ ਪਹਿਲਾਂ ਹੀ 17 ਮਾਰਚ ਨੂੰ ਆਪਣੇ ਪਿੰਡ ਪਹੁੰਚ ਗਿਆ। ਪਹਿਲੇ ਦੋ-ਚਾਰ ਦਿਨ ਤਾਂ ਮੈਂ ਸ਼ੂਗਰ ਦੇ ਇਲਾਜ ਦੇ ਬਹਾਨੇ ਪੈਦਲ ਅਤੇ ਸਾਈਕਲ 'ਤੇ ਹੀ ਪਿੰਡ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਖੂਬ ਫੇਰਾ-ਤੋਰੀ ਕੀਤੀ। ਇਸ ਦੇ ਦੋ ਫਾਇਦੇ ਸਨ-ਪਹਿਲਾ ਸਿਹਤ ਤੰਦਰੁਸਤ ਅਤੇ ਦੂਜਾ ਸਾਰੇ ਜਾਣੂਆਂ-ਪਛਾਣੂਆਂ ਨੂੰ ਮੇਰੇ 'ਬਾਹਰੋਂ ਆਇਆ' ਹੋਣ ਦੀ ਖਬਰ ਮਿਲ ਜਾਂਦੀ।

ਲੋਕ-ਭਾਖਿਆ ਸੁਣਨ-ਜਾਣਨ ਵਾਸਤੇ ਬੇਸ਼ੱਕ ਮੈਂ ਅੱਗੇ ਪਿੱਛੇ ਵੀ ਸਾਈਕਲ-ਸਕੂਟਰ ਚਲਾ ਲੈਂਦਾ, ਪਰ ਪਿੰਡ ਪਹੁੰਚਦਿਆਂ ਹੀ ਪਹਿਲੇ ਦੋ-ਤਿੰਨ ਦਿਨ ਆਪਣਿਆਂ ਗਲੀਆਂ ਵਿਚ ਤੁਰਨ-ਫਿਰਨ ਦਾ ਵੱਖਰਾ ਹੀ ਮਜ਼ਾ ਹੁੰਦਾ ਹੈ। ਇਕ ਕਿਸਮ ਦੀ ਪਦ-ਯਾਤਰਾ ਵਰਗੇ ਇਸ ਸੈਰ-ਸਪਾਟੇ ਤੋਂ ਮੈਂ ਆਪਣੇ ਪਿੰਡ ਅਤੇ ਲਾਗੇ-ਚਾਗੇ ਦੇ ਪਿੰਡਾਂ ਦੀ ਸਿਆਸੀ ਆਬੋ-ਹਵਾ ਦਾ ਸਰਵੇ ਕਰ ਲਿਆ; ਕਿਉਂਕਿ ਬਹੁਤਿਆਂ ਘਰਾਂ ਦੇ ਗੇਟਾਂ-ਦਰਵਾਜ਼ਿਆਂ ਉਤੇ ਆਮ ਆਦਮੀ ਪਾਰਟੀ (ਆਪ) ਦੇ 'ਪੰਜਾਬ ਜੋੜੋ' ਵਾਲੇ ਪੋਸਟਰ ਤੇ ਇਸ਼ਤਿਹਾਰ ਲੱਗੇ ਹੋਏ ਸਨ। ਕਿਸੇ ਵੱਖਰੀ ਸੋਚ ਵਾਲੇ ਵਿਰਲੇ-ਟਾਵੇਂ ਘਰ ਅੱਗੇ ਕੇਜਰੀਵਾਲ ਦੀ ਫੋਟੋ ਵਾਲੇ ਪੋਸਟਰ ਪਾਟੇ ਹੋਏ ਵੀ ਸਨ, ਪਰ ਬਹੁਤੀ ਥਾਈਂ ਅਜਿਹੇ ਇਸ਼ਤਿਹਾਰ ਐਨੇ ਬਾ-ਹਿਫ਼ਾਜ਼ਤ 'ਸਾਂਭੇ ਹੋਏ' ਜਾਪੇ, ਜਿਵੇਂ ਕਿਤੇ ਇਹ ਤਾਜ਼ੇ ਹੀ ਚਿਪਕਾਏ ਗਏ ਹੋਣ। ਇਕ ਸੱਜਣ ਨੇ 'ਆਪ' ਸਮਰਥਕ ਗੁਆਂਢੀਆਂ ਨੂੰ ਚਿੜਾਉਣ ਲਈ ਆਪਣੀ ਛੱਤ 'ਤੇ ਰੱਖੀ ਹੋਈ ਪਾਣੀ ਦੀ ਟੈਂਕੀ ਕੈਪਟਨ ਅਮਰਿੰਦਰ ਸਿੰਘ ਦੀਆਂ ਤਸਵੀਰਾਂ ਨਾਲ ਸ਼ਿੰਗਾਰੀ ਹੋਈ ਸੀ।

ਲੋਕਲ ਏਰੀਏ ਵਿਚੋਂ ਬਾਹਰ ਨਿਕਲਣ ਵਾਲੀ ਮੇਰੀ ਪਹਿਲੀ ਯਾਤਰਾ ਸ੍ਰੀ ਅਨੰਦਪੁਰ ਸਾਹਿਬ ਜਾਣ ਵਾਲੀ ਸੀ। ਕਦੀ ਸਮਾਂ ਸੀ, ਜਦ ਅਸੀਂ ਟੱਬਰ ਸਮੇਤ ਤਿੰਨ-ਤਿੰਨ ਦਿਨ ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਹੋਲੇ ਮਹੱਲੇ ਦਾ ਅਨੰਦ ਮਾਣਦੇ ਸਾਂ, ਪਰ ਇਸ ਵਾਰ ਆਪਣੇ ਅੱਧ-ਅਧੂਰੇ ਪਰਿਵਾਰ ਨਾਲ ਸਿਰਫ ਇਕ ਦਿਨ ਦੀ ਆਵਾਜਾਈ ਕੀਤੀ। ਅਸੀਂ ਗੜ੍ਹਸ਼ੰਕਰ ਤੋਂ ਸੰਗਤਾਂ ਦੇ ਕਾਫ਼ਲਿਆਂ ਵਿਚ ਸ਼ਾਮਲ ਹੋਏ। ਨਦੀਆਂ ਦਰਿਆਵਾਂ ਦੇ ਸਮੁੰਦਰ ਵਿਚ ਡਿਗਦਿਆਂ ਵਿਸ਼ਾਲ ਸਾਗਰ 'ਚ ਅਭੇਦ ਹੋ ਜਾਣ ਵਾਂਗ, ਇਧਰੋਂ-ਉਧਰੋਂ ਆ ਰਹੇ ਸਿੱਖ ਸ਼ਰਧਾਲੂ, ਖਾਲਸਾ ਪੰਥ ਦਾ ਅਲੌਕਿਕ ਤੇ ਸਜੀਲਾ ਸਰੂਪ ਸਿਰਜ ਰਹੇ ਸਨ।

ਥਾਂ-ਥਾਂ ਚੱਲਦੇ ਵੰਨ-ਸਵੰਨੇ ਲੰਗਰ ਛਕਦਿਆਂ-ਛਕਾਉਂਦਿਆਂ ਮੈਂ ਇਸ਼ਤਿਹਾਰਬਾਜ਼ੀ 'ਤੇ ਵੀ ਨਜ਼ਰ ਰੱਖ ਰਿਹਾ ਸਾਂ। ਸੜਕ ਦੇ ਦੋਹੀਂ ਪਾਸੀਂ ਗੱਡੇ ਹੋਏ 'ਹੋਰਡਿੰਗਜ਼' ਉਤੇ ਸਿਆਸਤਦਾਨਾਂ ਵੱਲੋਂ ਹੋਲੇ ਮਹੱਲੇ ਦੀਆਂ ਵਧਾਈਆਂ ਲਿਖੀਆਂ ਹੋਈਆਂ ਸਨ। ਨਾਲ-ਨਾਲ ਚੋਣਵੇਂ ਆਗੂਆਂ ਦੀਆਂ ਤਸਵੀਰਾਂ ਵੀ ਸਨ। ਗੜ੍ਹਸ਼ੰਕਰ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਭ ਤੋਂ ਵੱਧ ਹੋਰਡਿੰਗ ਸਰਕਾਰੀ, ਭਾਵ ਬਾਦਲ ਦਲ-ਭਾਜਪਾ ਦੇ ਸਨ। ਅਟੇ-ਸਟੇ ਇਸ਼ਤਿਹਾਰਬਾਜ਼ੀ ਵਿਚ ਦੂਜਾ ਨੰਬਰ ਸੀ ਕੇਜਰੀਵਾਲ ਦੀ ਪਾਰਟੀ ਦਾ ਅਤੇ ਤੀਸਰਾ ਕਾਂਗਰਸ ਦਾ, ਪਰ ਇਸ਼ਤਿਹਾਰਾਂ ਦਾ ਹੁਲੀਆ ਦੇਖਦਿਆਂ ਅਜੀਬ ਗੱਲ ਸਾਹਮਣੇ ਆ ਰਹੀ ਸੀ; ਉਹ ਇਹ ਕਿ ਬਾਦਲ ਦਲ-ਭਾਜਪਾ ਦੇ ਸਿਰਫ ਦੋ ਹੋਰਡਿੰਗ ਹੀ ਸਾਬਤ ਸਬੂਤੇ ਸਨ। ਇਕ ਗੜ੍ਹਸ਼ੰਕਰ ਸ਼੍ਰੋਮਣੀ ਕਮੇਟੀ ਦੇ ਕਾਲਜ ਮੂਹਰੇ ਅਤੇ ਦੂਜਾ ਭੱਜ ਚੌਕ ਉਤੇ ਪੁਲਿਸ ਨਾਕੇ ਦੇ ਸਾਹਮਣੇ। ਬਾਕੀ ਸਾਰੇ ਥਾਈਂ ਲੋਕਾਂ ਨੇ ਫਲੈਕਸਾਂ ਦੀਆਂ ਲੀਰਾਂ-ਲੀਰਾਂ ਕੀਤੀਆਂ ਹੋਈਆਂ ਸਨ। ਦਿਲਚਸਪ ਗੱਲ ਇਹ ਵੀ ਸੀ ਕਿ ਲੋਕਾਂ ਨੇ ਸਿਰਫ਼ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਜਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀਆਂ ਤਸਵੀਰਾਂ ਹੀ ਮਿਥ ਕੇ ਪਾੜੀਆਂ ਹੋਈਆਂ ਸਨ; ਜਿਵੇਂ ਕਿਤੇ ਪੰਜਾਬੀਆਂ ਦੇ ਗੁੱਸੇ ਦਾ ਨਿਸ਼ਾਨਾ ਕੇਵਲ ਬਾਦਲ ਪਰਿਵਾਰ ਹੀ ਹੋਵੇ!

ਇਸ ਦੇ ਉਲਟ 'ਆਪ' ਦਾ ਸਿਰਫ ਇਕ ਫਲੈਕਸ, ਕਾਨਪੁਰ ਖੂਹੀ ਮੋੜ ਕੋਲ ਇਕ ਮੰਦਰ ਸਾਹਮਣੇ ਫਟਿਆ ਹੋਇਆ ਦੇਖਿਆ। ਹੋਰ ਸਭ ਸਹੀ ਸਲਾਮਤ ਸਨ। ਉਭਰ ਰਿਹਾ ਨਵਾਂ ਗਾਇਕ ਪੰਮਾ ਡੂੰਮੇਵਾਲੀਆ ਆਪਣੇ ਪਿੰਡ ਡੂੰਮੇਵਾਲ ਵੱਲੋਂ ਲਗਾਏ ਲੰਗਰ ਵਾਲੀ ਥਾਂ ਸਟੇਜ ਉਤੇ ਗੀਤ ਗਾ ਰਿਹਾ ਸੀ। ਉਸ ਨੂੰ ਸੁਣਨ ਲਈ ਅਸੀਂ ਰੁਕੇ, ਤਾਂ ਸਾਹਮਣੇ ਪਾਟੇ ਹੋਏ ਸਰਕਾਰੀ ਫਲੈਕਸ ਕੋਲ ਖੜ੍ਹੇ ਕੁਝ ਤਮਾਸ਼ਬੀਨ ਮੁੰਡਿਆਂ ਨੂੰ ਮੈਂ 'ਸੁਣਾ ਕੇ' ਕਿਹਾ, "ਆਹ ਤਾਂ ਬਾਈ ਸਾਰਾ ਗੁੱਸਾ ਬਾਦਲ ਪਰਿਵਾਰ 'ਤੇ ਹੀ ਲਾਹ'ਤਾ ਲੋਕਾਂ ਨੇ?"

"ਅੰਕਲ, ਅਸਲੀ ਗੁੱਸਾ ਤਾਂ 2017 ਵਿਚ ਦਿਖਾਵਾਂਗੇ ਇਨ੍ਹਾਂ ਨੂੰ!" ਗਹਿਰੀਆਂ ਅੱਖਾਂ ਕਰ ਕੇ ਦੁਮਾਲੇ ਵਾਲੇ ਇਕ ਗੱਭਰੂ ਨੇ ਜਵਾਬ ਦਿੱਤਾ, ਪਰ ਲਾਗੇ ਹੀ ਖਲੋਤਾ ਇਕ ਬਜ਼ੁਰਗ ਚਿਤਾਵਨੀ ਭਰੇ ਲਹਿਜ਼ੇ ਵਿਚ ਉਸ ਮੁੰਡੇ ਨੂੰ ਘੂਰਦਾ ਬੋਲਿਆ, "ਕਾਕਾ, ਐਵੇਂ ਮੌਤ ਨੂੰ ਮਾਸੀ ਨਹੀਂ ਕਹੀਦਾ, ਅਗਲੇ ਚੱਕ ਕੇ ਅੰਦਰ ਸੁੱਟ ਦਿੰਦੇ ਐ...ਸੋਚ ਸਮਝ ਕੇ ਬੋਲਿਆ ਕਰੋ!"




ਆਪਣੇ ਇਲਾਕੇ ਵਿਚ ਹੋਣ ਵਾਲੇ ਨਾਟਕ ਦੇ ਇਸ਼ਤਿਹਾਰ ਪੜ੍ਹ ਕੇ ਮੈਂ ਹੈਰਾਨ ਰਹਿ ਗਿਆ। ਸਾਡੇ ਪਿੰਡ ਦੀ ਲਹਿੰਦੀ ਗੁੱਠ ਵਿਚ ਪਿੰਡ ਹੈ ਜਲਵਾਹਾ, ਕੱਟੜ ਕਾਂਗਰਸ ਪੱਖੀ ਪਿੰਡ ਜਿਸ ਨੂੰ ਪੂਰੇ ਇਲਾਕੇ ਵਿਚ ਗਿਆ-ਗੁਜ਼ਰਿਆ ਸਮਝਿਆ ਜਾਂਦਾ ਰਿਹਾ ਹੈ, ਪਰ ਹੁਣ ਇਸ ਜਲਵਾਹੇ ਨੇ ਵੀ ਤਬਦੀਲੀ ਦੀ ਕਰਵਟ ਲੈ ਲਈ। ਇਸ ਪਿੰਡ ਦਾ ਇਕ ਹਿੰਮਤੀ ਨੌਜਵਾਨ 'ਆਪ' ਦਾ ਝੰਡਾਬਰਦਾਰ ਬਣ ਕੇ ਪਿੰਡ ਵਿਚ 'ਅਸੀਂ ਬੋਲਾਂਗੇ ਸੱਚ' ਨਾਟਕ ਕਰਵਾ ਰਿਹਾ ਸੀ।

ਸਤਨਾਮ ਸਿੰਘ ਜਲਵਾਹੇ ਦੇ ਪਿੰਡ ਵਿਚ 'ਆਪ' ਦਾ ਪ੍ਰਚਾਰਕ ਗੁਰਚੇਤ ਸਿੰਘ ਚਿੱਤਰਕਾਰ ਆਪਣੀ ਸਾਰੀ ਟੀਮ ਨਾਲ ਪੁੱਜਾ। ਪੰਜਾਬ ਦੇ ਸਿਆਸੀ, ਧਾਰਮਿਕ ਤੇ ਸਮਾਜਿਕ ਹਾਲਾਤ ਬਿਆਨ ਕਰਦੇ ਇਸ ਨਾਟਕ ਦਾ ਉਦਘਾਟਨ ਕਰਨ ਲਈ ਪਹੁੰਚਿਆ 'ਆਪ' ਦਾ ਸਟਾਰ ਪ੍ਰਚਾਰਕ ਗੁਰਪ੍ਰੀਤ ਸਿੰਘ ਘੁੱਗੀ। ਪਛੜ ਕੇ ਜਿਹੇ ਇਸ ਪਿੰਡ ਵਿਚ ਅੱਧੀ ਰਾਤ ਤੱਕ ਸੈਂਕੜੇ ਲੋਕਾਂ ਨੇ ਨਾਟਕ ਦਾ ਅਨੰਦ ਮਾਣਿਆ। ਵਿਅੰਗਮਈ ਸੁਰ ਵਿਚ, ਭਵਿੱਖ ਸੁਧਾਰਨ ਵਾਲਾ ਸੰਦੇਸ਼ ਦਿੰਦਾ ਇਹ ਨਾਟਕ ਹਰ ਕਾਂਡ ਉਪਰੰਤ ਦਰਸ਼ਕਾਂ ਦੀਆਂ ਭਰਪੂਰ ਤਾੜੀਆਂ ਬਟੋਰਦਾ ਰਿਹਾ। ਨਾਟਕ ਦਾ ਇਕ ਡਾਇਲਾਗ ਦੇਖੋ- ਸਦਾ ਨਸ਼ੇੜੀ ਰਹਿਣ ਵਾਲੇ ਪਤੀ ਨੂੰ 'ਚਾਹਟਾ ਛਕਾਉਣ' ਲਈ ਉਸ ਦੀ ਦੁਖੀ ਪਤਨੀ ਲਾਗੇ ਪਿਆ ਝਾੜੂ ਚੁੱਕ ਲੈਂਦੀ ਹੈ। ਨਸ਼ੇੜੀ ਅੱਗੇ ਅੱਗੇ ਭੱਜਦਾ ਹੱਥ ਜੋੜਦਾ ਕਹਿੰਦੈ, "ਭਾਗਵਾਨੇ, ਮੈਨੂੰ ਕੁੱਟਣ ਲਈ ਹੋਰ ਜੋ ਮਰਜ਼ੀ ਡੰਡਾ-ਸੋਟਾ ਚੁੱਕ ਲੈ, ਰੱਬ ਦਾ ਵਾਸਤਾ ਝਾੜੂ ਰੱਖ ਦੇ। ਇਸ ਨੇ ਦਿੱਲੀ 'ਚ ਮੋਦੀ ਵਰਗਿਆਂ ਦੀਆਂ ਗੋਡਣੀਆਂ ਲਵਾ'ਤੀਆਂ, ਮੈਂ ਕੀਹਦੇ ਪਾਣੀ ਹਾਰ ਆਂ।"

ਜਲਵਾਹੇ ਦੇ ਇਕੱਠ ਵਿਚ ਘੁੱਗੀ ਤੋਂ ਪਹਿਲਾਂ ਮੈਨੂੰ ਵੀ ਬੋਲਣ ਦਾ ਮੌਕਾ ਮਿਲਿਆ। ਇਥੇ ਆਪਣੇ ਪਿੰਡ ਦੇ ਕਹਿੰਦੇ-ਕਹਾਉਂਦੇ ਅਕਾਲੀ-ਕਾਂਗਰਸੀ ਪਰਿਵਾਰਾਂ ਦੇ ਨੌਜਵਾਨਾਂ ਮੂੰਹੋਂ 'ਕੇਜਰੀਵਾਲ ਜ਼ਿੰਦਾਬਾਦ' ਅਤੇ 'ਆਮ ਆਦਮੀ ਜ਼ਿੰਦਾਬਾਦ' ਦੇ ਜੋਸ਼ੀਲੇ ਨਾਅਰੇ ਸੁਣ ਕੇ ਮੈਂ ਦੰਗ ਹੀ ਰਹਿ ਗਿਆ।

ਡੇਢ ਮਹੀਨੇ ਵਿਚ ਮੈਂ ਸਾਈਕਲ, ਸਕੂਟਰ, ਕਾਰ ਜਾਂ ਬੱਸ ਰਾਹੀਂ ਪੰਜਾਬ ਦੇ ਕਈ ਇਲਾਕਿਆਂ ਦਾ ਸਫਰ ਕੀਤਾ। ਆਪਣੇ ਜ਼ਿਲ੍ਹੇ ਤੋਂ ਇਲਾਵਾ ਲੁਧਿਆਣਾ, ਪਟਿਆਲਾ, ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਅਤੇ ਚੰਡੀਗੜ੍ਹ ਘੁੰਮਿਆ-ਫਿਰਿਆ; ਪਰਿਵਾਰਕ ਮੇਲ-ਮਿਲਾਪ ਦੇ ਨਾਲ-ਨਾਲ ਕਈ ਛੋਟੇ-ਵੱਡੇ ਸਿਆਸੀ ਆਗੂਆਂ ਨਾਲ ਵੀ ਵਿਚਾਰ-ਵਟਾਂਦਰੇ ਕੀਤੇ ਜਿਨ੍ਹਾਂ 'ਚ ਭਗਵੰਤ ਮਾਨ, ਗੁਰਪ੍ਰੀਤ ਘੁੱਗੀ, ਸੁਖਪਾਲ ਸਿੰਘ ਖਹਿਰਾ, ਪ੍ਰੋਫੈਸਰ ਬਲਜਿੰਦਰ ਕੌਰ ਅਤੇ 'ਆਪ' ਦੇ ਬੁੱਧੀਜੀਵੀ ਵਿੰਗ ਦੇ ਕਨਵੀਨਰ ਕੈਪਟਨ ਆਰ.ਆਰ. ਭਾਰਦਵਾਜ ਸ਼ਾਮਲ ਸਨ। ਵੱਖ-ਵੱਖ ਥਾਈਂ 'ਆਮ ਆਦਮੀ ਪਾਰਟੀ' ਦੀਆਂ ਮੀਟਿੰਗਾਂ ਅਤੇ ਜਨ ਸਭਾਵਾਂ ਵਿਚ ਵੀ ਸ਼ਿਰਕਤ ਕੀਤੀ। ਸਿੱਖ ਮਿਸ਼ਨਰੀ ਕਾਲਜ ਅਤੇ 'ਆਪ' ਲਈ ਨਿਸ਼ਕਾਮ ਸੇਵਾ ਕਰ ਰਹੇ ਮਾਸਟਰ ਗੁਰਚਰਨ ਸਿੰਘ ਬਸਿਆਲਾ ਨੇ 'ਆਪ' ਦੀਆਂ ਕਈ ਸ਼ਖ਼ਸੀਅਤਾਂ ਨਾਲ ਮੈਨੂੰ ਮਿਲਾਇਆ।

ਮੇਲ-ਮੁਲਾਕਾਤਾਂ ਦੇ ਇਸ ਸਿਲਸਿਲੇ ਵਿਚੋਂ ਤੁੱਛ ਬੁੱਧੀ ਮੁਤਾਬਕ ਮੈਂ ਦੋ ਸਿੱਟੇ ਕੱਢੇ, ਪਹਿਲਾ 'ਆਪ' ਦੇ ਸਾਰੇ ਆਗੂ ਜਿੱਤ ਪ੍ਰਤੀ ਹੱਦੋਂ ਵੱਧ ਆਸਵੰਦ ਹਨ। ਵਰਕਰਾਂ-ਸਮਰਥਕਾਂ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਅਜਿਹਾ ਜ਼ਰੂਰੀ ਹੁੰਦਾ ਹੈ ਕਿ ਪ੍ਰਸ਼ੰਸਕਾਂ ਨੂੰ ਜਿੱਤ ਦਾ ਸ਼ੀਸ਼ਾ ਦਿਸਦਾ ਰਹੇ, ਪਰ ਅਕਸਰ ਇਹ 'ਆਸ' ਨੁਕਸਾਨਦੇਹ ਵੀ ਹੋ ਨਿਬੜਦੀ ਹੈ, ਕਿਉਂਕਿ ਸੰਘਰਸ਼ ਕਰਨ ਦੀ ਸਰਗਰਮ ਭਾਵਨਾ ਨੂੰ ਇਹ ਨਿਸਲ ਬਣਾ ਦਿੰਦੀ ਹੈ। ਦੂਜਾ ਸਿੱਟਾ ਇਹ ਕਿ 'ਆਪ' ਦੇ ਹਿਤੈਸ਼ੀਆਂ ਵਿਚ ਜਿੰਨਾ ਉਤਸ਼ਾਹ ਤੇ ਜੋਸ਼ ਹੈ, ਉਨਾ ਹੀ ਪੁੱਤ ਅਤੇ ਬਾਪ (ਪੰਜਾਬ ਦੇ ਮੌਜੂਦਾ ਹੁਕਮਰਾਨ) ਦਾ ਡਰ ਵੀ ਉਨ੍ਹਾਂ ਨੂੰ ਸਤਾ ਰਿਹਾ ਹੈ। 'ਜਿੱਤ ਤਾਂ 'ਆਪ' ਵਾਲਿਆਂ ਦੀ ਪੱਕੀ ਐ, ਜੇ...!' ਲੋਕਾਂ ਦੇ ਮੂੰਹੋਂ ਆਮ ਹੀ ਸੁਣੇ ਜਾਂਦੇ ਇਸ ਵਾਕ ਵਿਚਲੀ 'ਜੇ' ਦੇ ਮੂਹਰਲੇ ਵਾਕ ਵਿਚ ਹਾਕਮਾਂ ਵੱਲੋਂ 'ਅੰਦਰ ਦੇਣ' ਜਾਂ ਧਨ, ਹੇਰਾਫੇਰੀ ਤੇ ਬੇਈਮਾਨੀ ਦੀ ਅੰਨ੍ਹੀ ਵਰਤੋਂ ਦੀ ਚਰਚਾ ਹੁੰਦੀ ਹੈ।

ਅੰਮ੍ਰਿਤਸਰ ਵਿਖੇ ਇਕ ਧਾਰਮਿਕ ਸਮਾਗਮ ਵਿਚ ਮੈਨੂੰ ਸ਼੍ਰੋਮਣੀ ਕਮੇਟੀ ਜਾਂ ਸਿੱਖ ਸਿਆਸਤ ਵਿਚਲੇ ਨਵੇਂ ਪੁਰਾਣੇ ਜਥੇਦਾਰ ਮਿੱਤਰ ਮਿਲੇ। ਮੌਜੂਦਾ ਪੰਥਕ ਹਾਲਾਤ ਬਾਰੇ ਗੱਲ ਕਰਦਿਆਂ ਉਹ ਅੰਦਰੋਂ ਰੋ ਹੀ ਰਹੇ ਸਨ। ਇਧਰ ਉਧਰ ਚੋਰ ਅੱਖ ਝਾਕਦਿਆਂ ਜਦੋਂ ਉਨ੍ਹਾਂ ਫੁਸਰ-ਫੁਸਰ ਕਰਦਿਆਂ ਆਮ ਆਦਮੀ ਪਾਰਟੀ ਨੂੰ ਦਿਲੋਂ ਹਮਾਇਤ ਦੇਣ ਦੀ ਗੱਲ ਕੀਤੀ, ਤਾਂ ਮੈਂ ਉਨ੍ਹਾਂ ਨੂੰ ਮਖੌਲ ਕੀਤਾ ਕਿ ਐਥੇ ਕੋਈ ਗੁਪਤ ਕੈਮਰੇ ਲੱਗੇ ਹੋਏ ਨੇ ਕਿ ਤੁਸੀਂ ਐਨੇ ਡਰ-ਡਰ ਕੇ ਬੋਲਦੇ ਹੋ? ਜਵਾਬ ਸੀ, "ਭਰਾਵਾ! ਕੰਧਾਂ ਦੇ ਵੀ ਕੰਨ ਹੁੰਦੇ ਐ, ਅਹਿ ਪਿਓ-ਪੁੱਤ ਦੀ ਕਰੋਪੀ ਬੜੀ ਮਾੜੀ ਐ।"

# ਅੰਮ੍ਰਿਤਧਾਰੀ ਸਿੱਖ ਬਨਾਮ ਸਹਿਜਧਾਰੀ ਸਿੱਖ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੇਂਦਰ ਨੇ ਸੰਵਿਧਾਨ ਵਿਚ ਗੁਰਦੁਆਰਾ ਸੋਧ ਬਿਲ ਲਿਆ ਕੇ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) ਦੀਆਂ ਚੋਣਾਂ ਵਿਚ ਵੋਟ ਪਾਉਣ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਹੈ। ਐਸ. ਜੀ. ਪੀ. ਸੀ. ਸਿੱਖਾਂ ਦੇ ਧਾਰਮਕ ਮਸਲਿਆਂ ਦੀ ਰਖਵਾਲੀ ਹੋਣ ਤੋਂ ਬਿਨਾਂ ਸਿੱਖਾਂ ਦੀ ਗੋਲਕ ਵੀ ਹੈ। ਸਿੱਖ ਸ਼ਰਧਾਵਾਨਾਂ ਵਲੋਂ ਚੜ੍ਹਾਇਆ ਪੈਸਾ ਇਸ ਗੋਲਕ ਵਿਚ ਪੈਂਦਾ ਹੈ ਜਿਸ ਨੂੰ ਸਿੱਖ ਪੰਥ ਤੇ ਸਿੱਖ ਭਾਈਚਾਰੇ ਦੇ ਭਲੇ ਲਈ ਵਰਤਿਆ ਜਾਣਾ ਚਾਹੀਦਾ ਹੈ।

ਸਿੱਖ ਵਿੱਦਿਆ ਪ੍ਰਣਾਲੀ ਨੂੰ ਮਜ਼ਬੂਤ ਕਰਨਾ, ਭਾਈਚਾਰੇ ਨੂੰ ਮਾੜੀ ਰਹੁਰੀਤਾਂ ਤੇ ਨਸ਼ਿਆਂ ਤੋਂ ਮੁਕਤ ਕਰਨਾ ਇਸ ਦਾ ਉਦੇਸ਼ ਹੈ ਤੇ ਹੋਣਾ ਵੀ ਚਾਹੀਦਾ ਹੈ। ਇਸ ਗੋਲਕ ਵਿਚ ਕੇਵਲ ਅੰਮ੍ਰਿਤਧਾਰੀ ਸਿੱਖਾਂ ਦਾ ਚੜ੍ਹਾਵਾ ਨਹੀਂ ਹੁੰਦਾ, ਸਹਿਜਧਾਰੀ ਸਿੱਖਾਂ ਦਾ ਵੀ ਭਰਪੂਰ ਯੋਗਦਾਨ ਹੁੰਦਾ ਹੈ। ਇਹੋ ਕਾਰਨ ਹੈ ਕਿ ਐਸ. ਜੀ. ਪੀ. ਸੀ. ਦੀ ਚੋਣ ਸਮੇਂ ਸਹਿਜਧਾਰੀ ਸਿੱਖਾਂ ਨੂੰ ਵੋਟ ਪਾਉਣ ਦਾ ਓਨਾ ਹੀ ਹੱਕ ਚਲਿਆ ਆ ਰਿਹਾ ਹੈ ਜਿੰਨਾ ਅੰਮ੍ਰਿਤਧਾਰੀ ਸਿੱਖਾਂ ਦਾ। ਸਿੱਖ ਭਾਈਚਾਰੇ ਅਤੇ ਸਿੱਖ ਸਮਾਜ ਉਤੇ ਭਵਿੱਖ ਵਿਚ ਪੈਣ ਵਾਲੇ ਪ੍ਰਭਾਵ ਸੋਚਣ ਤੋਂ ਪਹਿਲਾਂ ਸਹਿਜਧਾਰੀ ਸਿੱਖਾਂ ਦੀ ਪਰਿਭਾਸ਼ਾ ਜਾਣਨੀ ਜ਼ਰੂਰੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਦਾ 'ਮਹਾਨ ਕੋਸ਼' (ਗੁਰਸ਼ਬਦ ਰਤਨਾਕਰ) ਸਾਫ਼ ਤੇ ਸਪਸ਼ਟ ਸ਼ਬਦਾਂ ਵਿਚ ਦਸਦਾ ਹੈ ਕਿ ਸਹਿਜਧਾਰੀ ਸਹਿਜ (ਗਿਆਨ) ਧਾਰਨ ਵਾਲੇ ਵਿਚਾਰਵਾਨ ਨੂੰ ਕਹਿੰਦੇ ਹਨ ਭਾਵ ਸੁਖਾਲੀ ਧਾਰਨਾ ਵਾਲਾ, ਸੌਖੀ ਰੀਤ ਅੰਗੀਕਾਰ ਕਰਨ ਵਾਲਾ ਸਿੱਖਾਂ ਦਾ ਇੱਕ ਅੰਗ ਜਿਸ ਵਿਚ ਸਿੰਧੀ ਭਾਈਚਾਰਾ ਪ੍ਰਮੁੱਖ ਹੈ, ਖੰਡੇ ਦਾ ਅੰਮ੍ਰਿਤਪਾਨ ਨਹੀਂ ਕਰਦਾ ਅਤੇ ਕੱਛ ਕਿਰਪਾਨ ਦੀ ਰਹਿਤ ਨਹੀਂ ਰਖਦਾ, ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਆਪਣੀ ਹੋਰ ਕੋਈ ਧਰਮ ਪੁਸਤਕ ਨਹੀਂ ਮੰਨਦਾ ਸਹਜਧਾਰੀ ਹੈ। ਮੈਂ ਨਿਜੀ ਅਨੁਭਵ ਤੋਂ ਦੱਸ ਸਕਦਾ ਹਾਂ ਕਿ ਜਦੋਂ ਮੈਂ ਤੇ ਮੇਰਾ ਦੋਸਤ ਲਾਲ ਕਰਮਚੰਦਾਨੀ ਕਿਸੇ ਵੱਡੇ ਇਮਤਿਹਾਨ ਲਈ ਤੁਰਦੇ ਤਾਂ ਲਾਲ ਦਾ ਪਿਤਾ ਸਾਨੂੰ ਦੋਨਾਂ ਨੂੰ ਬਾਬੇ ਨਾਨਕ ਅੱਗੇ ਨਤਮਸਤਕ ਹੋਏ ਬਿਨਾਂ ਨਾ ਤੁਰਨ ਦਿੰਦਾ।

ਭਾਈ ਕਾਨ੍ਹ ਸਿੰਘ ਨਾਭਾ ਫੁਟ ਨੋਟ ਵਿਚ ਵਿਆਖਿਆ ਕਰਦੇ ਹਨ ਕਿ ਪੰਜਾਬ ਅਤੇ ਸਿੰਧ ਵਿਚ ਸਹਿਜਧਾਰੀ ਬਹੁਤ ਗਿਣਤੀ ਵਿਚ ਹਨ, ਖਾਸ ਕਰਕੇ ਸਿੰਧ ਦੇ ਸਹਿਜਧਾਰੀ ਵੱਡੇ ਪ੍ਰੇਮੀ ਤੇ ਬੁਧੀਵਾਨ ਹਨ। ਜੋ ਸਿੰਘ, ਸਹਿਜਧਾਰੀਆਂ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਦੇ ਹਨ, ਉਹ ਸਿੱਖ ਧਰਮ ਤੋਂ ਅੰਞਾਣ ਹਨ।

ਇਸ ਪ੍ਰਸੰਗ ਵਿਚ ਬਿੱਲ ਦੀ ਸੋਧ ਉਤੇ ਕੱਛਾਂ ਵਜਾਉਣ ਵਾਲੇ ਆਪਣੇ ਆਪ ਨੂੰ ਕਿਹੜੀ ਸ਼੍ਰੇਣੀ ਵਿਚ ਗਿਣਦੇ ਹਨ, ਉਹੀਓ ਦੱਸ ਸਕਦੇ ਹਨ! ਸਹਜਧਾਰੀ ਸਿੱਖਾਂ ਨੂੰ ਅੰਮ੍ਰਿਤਧਾਰੀ ਸਿੱਖਾਂ ਤੋਂ ਨੀਵੇਂ ਰੱਖਣ ਵਾਲੇ ਸਿੱਖ ਧਰਮ ਦੀ ਉਤਮਤਾਈਆਂ ਤੋਂ ਅਨਜਾਣ ਹਨ।

ਗੁਰਦੁਆਰਾ ਸੋਧ ਬਿਲ ਦੇ ਕਰਤਾ-ਧਰਤਾ ਦਲੀਪ ਸਿੰਘ ਸੌਂਧ, ਐਮ. ਐਸ. ਰੰਧਾਵਾ ਤੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਵਿਗਿਆਨੀ ਡਾ. ਪੀ. ਐਸ. ਗਿੱਲ ਤੇ ਉਜਲ ਦੁਸਾਂਝ ਵਰਗੇ ਅਨੇਕਾਂ ਸਿੱਖਾਂ ਦੀ ਦੇਣ ਨੂੰ ਨਕਾਰਨ ਦਾ ਯਤਨ ਕਰ ਰਹੇ ਹਨ। ਨਿਸ਼ਚੇ ਹੀ ਇਸ ਸੋਧ ਬਿੱਲ ਦੀ ਸਿੱਖੀ ਮਾਨ ਮਰਿਆਦਾ ਦੇ ਰਾਖਿਆਂ ਨੂੰ ਚਿੰਤਾ ਹੈ। ਉਨ੍ਹਾਂ ਨੂੰ ਪੰਜਾਬੀ ਸੂਬੇ ਦੀਆਂ ਪੈਦਾ ਕੀਤੀਆਂ ਤਰੁਟੀਆਂ ਹਾਲੀਂ ਭੁੱਲੀਆਂ ਨਹੀਂ। ਅਕਾਲੀਆਂ ਨੂੰ ਇਸ ਦੀ ਕੀ ਖੱਟੀ ਹੁੰਦੀ ਹੈ, ਸਮਾਂ ਦੱਸੇਗਾ।

**ਡਾ. ਬਰਜਿੰਦਰ ਸਿੰਘ ਹਮਦਰਦ ਦੀ ਮਾਸ਼ੂਕਾ-ਗਾਇਕੀ:** ਡਾ. ਬਰਜਿੰਦਰ ਸਿੰਘ ਹਮਦਰਦ ਇੱਕੋ ਸਮੇਂ ਦੋ ਬੇੜੀਆਂ ਦੀ ਸਵਾਰੀ ਕਰ ਸਕਦਾ ਹੈ। ਪੱਤਰਕਾਰੀ ਉਸ ਦੀ ਪਤਨੀ ਹੈ ਤੇ ਗਾਇਕੀ ਮਾਸ਼ੂਕਾ। ਜੇ ਸੱਚ ਪੁੱਛੋ ਤਾਂ ਪੱਤਰਕਾਰੀ ਉਸ ਦੇ ਗਲ ਪਿਆ ਢੋਲ ਹੈ ਪਰ ਉਸ ਨੇ ਇਸ ਨੂੰ ਡਗੇ ਦੀਆਂ ਤਾਨਾਂ ਤੇ ਸੁਰਾਂ ਨਾਲ ਸੁਧਾਰਿਆ ਤੇ ਨਿਖਾਰਿਆ। ਉਸ ਦੇ ਇਸ ਨਿਖਾਰ ਨੂੰ ਪਹਿਚਾਣਦਿਆਂ ਦੇਸ਼ ਦੇ ਰਾਸ਼ਟਰਪਤੀ ਨੇ ਉਸ ਨੂੰ ਪਦਮ ਭੂਸ਼ਣ ਦਾ ਸਨਮਾਨ ਦਿੱਤਾ।

ਮੈਂ ਬਰਜਿੰਦਰ ਸਿੰਘ ਨੂੰ ਉਦੋਂ ਤੋਂ ਜਾਣਦਾ ਹਾਂ ਜਦ ਪੰਜਾਹ ਸਾਲ ਪਹਿਲਾਂ ਉਸ ਦੇ ਮਾਣਯੋਗ ਪਿਤਾ ਸਾਧੂ ਸਿੰਘ ਹਮਦਰਦ ਮੇਰੀ ਜੰਜ ਗਏ ਸਨ ਤੇ ਉਸ ਤੋਂ ਪਹਿਲਾਂ ਬਰਜਿੰਦਰ ਸਿੰਘ ਮੇਰੀ ਦਿੱਲੀ ਵਾਲੀ ਰਿਹਾਇਸ਼ ਉਤੇ ਉਰਦੂ ਦੀ ਇੱਕ ਗ਼ਜ਼ਲ ਦੇ ਕੁਝ ਸ਼ਿਅਰ ਗਾ ਕੇ ਮੇਰੇ ਮਿੱਤਰਾਂ ਨੂੰ ਨਿਹਾਲ ਕਰ ਕੇ ਗਿਆ ਸੀ। ਗੀਤ-ਸੰਗੀਤ ਨਾਲ ਉਸ ਨੇ ਆਪਣੀ ਆਸ਼ਕੀ ਨੂੰ ਸਦਾ ਆਪਣੇ ਸੀਨੇ ਨਾਲ ਲਾਈ ਰੱਖਿਆ। ਅਜੀਤ ਸਮਾਚਾਰ ਸਮੂਹ ਦੀ ਸਾਂਭ-ਸੰਭਾਲ ਕਰਦਿਆਂ, ਰਾਜ ਸਭਾ ਦੀ ਮੈਂਬਰੀ ਨਿਭਾਉਂਦਿਆਂ, ਅਨੰਦਪੁਰ ਸਾਹਿਬ ਦੀ ਵਿਰਾਸਤ-ਏ-ਖਾਲਸਾ ਤੇ ਕਰਤਾਰਪੁਰ ਵਿਚ ਉਸਾਰੀ ਜਾ ਰਹੀ ਜੰਗ-ਏ-ਆਜ਼ਾਦੀ ਲਈ ਸਲਾਹ ਮਸ਼ਵਰਾ ਦਿੰਦਿਆਂ 25 ਅਪਰੈਲ 2016 ਨੂੰ ਲਵਲੀ ਯੂਨੀਵਰਸਟੀ ਵਿਚ ਆਪਣੀ ਗਾਇਕੀ ਦੀ ਨਵੀਂ ਐਲਬਮ ਲੋਕ ਅਰਪਣ ਕਰਾਉਣਾ ਇਸ ਦੀ ਪ੍ਰੋੜਤਾ ਕਰਦਾ ਹੈ।

30 ਮਾਰਚ 2016 ਨੂੰ ਹੋਈ ਮੇਰੀ ਬਾਈ ਪਾਸ ਸਰਜਰੀ ਨੇ ਮੈਨੂੰ ਉਸ ਸਮਾਗਮ 'ਤੇ ਹਾਜ਼ਰੀ ਨਹੀਂ ਭਰਨ ਦਿੱਤੀ ਪਰ ਪੜ੍ਹੀਆਂ-ਸੁਣੀਆਂ ਖ਼ਬਰਾਂ ਤੋਂ ਪਤਾ ਲਗਾ ਕਿ ਇਸ ਐਲਬਮ ਵਿਚ ਕੇਵਲ ਤੇ ਕੇਵਲ ਲੋਕ ਗੀਤ ਹਨ। ਉਨ੍ਹਾਂ ਲੋਕ ਗੀਤਾਂ ਦੀ ਸੰਗੀਤਮਈ ਕੋਰੀਓਗ੍ਰਾਫੀ ਜਿਹੜੇ ਕਦੀ ਦਵਿੰਦਰ ਸਤਿਆਰਥੀ ਤੇ ਐਮ. ਐਸ. ਰੰਧਾਵਾ ਨੇ ਇਕੱਠੇ ਕੀਤੇ ਅਤੇ ਕਰਵਾਏ ਸਨ। ਤੇਰੇ ਬਾਜਰੇ ਦੀ ਰਾਖੀ ਦਿਉਰਾ ਮੈਂ ਨਾ ਬਹਿੰਦੀ, ਉਡਦਾ ਵੇ ਜਾਵੀਂ ਕਾਂਵਾਂ, ਵੀਰ ਮੇਰੇ ਨੇ ਬਾਗ ਲਵਾਇਆ ਵਿਚ ਲਵਾਈਆਂ ਕਲੀਆਂ, ਲੜੀ ਵੇ ਪ੍ਰੀਤ ਵਾਲੀ ਟੁਟਦੀ ਵੀ ਨਾ, ਰਾਤ ਵੇ ਵਿਛੋੜੇ ਵਾਲੀ ਮੁਕਦੀ ਵੀ ਨਾ ਆਦਿ ਲੋਕ ਗੀਤ ਮੁਖੜਿਆਂ ਤੋਂ ਇਲਾਵਾ ਇਨ੍ਹਾਂ ਵਿਚ ਸਤਿਆਰਥੀ ਤੇ ਰੰਧਾਵਾ ਦੀ ਚੋਣ ਨਾਲੋਂ ਵੱਖਰੇ ਤੇ ਨਵੇਂ ਗੀਤ ਵੀ ਹਨ। ਵੱਡੀ ਗੱਲ ਇਹ ਕਿ ਬਰਜਿੰਦਰ ਸਿੰਘ ਉਨ੍ਹਾਂ ਨੂੰ ਸੰਗੀਤ ਪ੍ਰਦਾਨ ਕਰਕੇ ਤੇ ਲਵਲੀ ਯੂਨੀਵਰਸਟੀ ਦੇ ਵਿਦਿਆਰਥੀਆਂ ਤੋਂ ਗੰਵਾ ਕੇ ਅਮਰ ਕੀਤਾ ਹੈ।

ਇਸ ਵਾਰੀ ਮੈਂ ਆਪਣੇ ਦਰਜਨਾਂ ਮਿੱਤਰਾਂ ਨੂੰ ਮਿਲਣੋਂ ਰਹਿ ਗਿਆ ਪਰ ਡਾਕਟਰ ਕਹਿੰਦੇ ਹਨ ਕਿ ਅੱਠਵੀਂ ਐਲਬਮ ਤੱਕ ਮੈਂ ਨੌ-ਬਰ-ਨੌ ਹੋ ਕੇ ਹਾਜ਼ਰੀ ਭਰ ਸਕਾਂਗਾ। ਮੈਨੂੰ ਅਗਲੀ ਐਲਬਮ ਦੀ ਉਡੀਕ ਰਹੇਗੀ।

**ਅੰਤਿਕਾ:**
*(ਕਵੀਸ਼ਰ ਕਰਨੈਲ ਸਿੰਘ ਪਾਰਸ)*

ਰੰਗ ਸਾਰੀ ਦੁਨੀਆਂ ਦੇ
ਮੇਰਾ ਮਾਨਣ ਨੂੰ ਜੀਅ ਕਰਦਾ।
ਨੰਨ੍ਹਾ ਦਿਲ ਸਹਿਮਿਆ ਵਾ,
ਤੇਰੀ ਸੋਚ ਛੁਰੀ ਤੋਂ ਡਰਦਾ।
ਕਾਤਲ ਅਜਨਮੀ ਦੀ,
ਬਣ ਕੇ ਡੈਣ ਰੂਪ ਨਾ ਧਾਰੀਂ।
ਹਾੜ੍ਹੇ ਹੱਥ ਬੰਨ੍ਹਦੀ ਹਾਂ,
ਅੰਮੀਏਂ ਕੁਖ ਵਿਚ ਨਾ ਮਾਰੀਂ।
ਪੁੱਤਾਂ ਦੇ ਵਾਂਗ ਹਾਂ
ਮੈਂ ਵੀ ਖੂਨ ਤੁਹਾਡਾ ਸੁੱਚਾ।
ਪੜ੍ਹ ਹਾਸਲ ਕਰ'ਲਾਂਗੀ,
ਰੁਤਬਾ ਸੂਰਜ ਨਾਲੋਂ ਉਚਾ।
ਧੁੰਮਾਂ ਪਾ ਦਿਆਂਗੀ,
ਥੋੜੇ ਨਾ ਦੀਆਂ ਕੂੰਟਾਂ ਚਾਰੀਂ।
ਹਾੜ੍ਹੇ ਹੱਥ ਬੰਨ੍ਹਦੀ ਹਾਂ,
ਅੰਮੜੀਏ ਕੁੱਖ ਵਿਚ ਨਾ ਮਾਰੀਂ।

-0-

# 'ਆਦਰਸ਼' ਮਿਸਾਲ ਬਣ ਗਿਆ ਹੈ ਆਦਰਸ਼ ਸੁਸਾਇਟੀ ਕਾਂਡ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਮੁੰਬਈ ਦੇ ਬਹੁਤ ਮਹਿੰਗੇ ਮੰਨੇ ਜਾਂਦੇ ਇਲਾਕੇ ਕੋਲਾਬਾ ਵਿਚ ਬਣੀ ਆਦਰਸ਼ ਸੁਸਾਇਟੀ ਦੀ ਇਕੱਤੀ ਮੰਜ਼ਿਲਾ ਬਿਲਡਿੰਗ ਨੂੰ ਬਾਂਬੇ ਹਾਈ ਕੋਰਟ ਨੇ ਢਾਹ ਦੇਣ ਦਾ ਹੁਕਮ ਜਾਰੀ ਕੀਤਾ ਹੈ। ਸ਼ਹਿਰ ਦਾ ਨਾਂ ਮੁੰਬਈ ਕੀਤੇ ਜਾਣ ਦੇ ਬਾਅਦ ਵੀ ਹਾਈ ਕੋਰਟ ਅਜੇ ਤੱਕ ਪੁਰਾਣੇ ਨਾਂ ਨਾਲ 'ਬਾਂਬੇ ਹਾਈ ਕੋਰਟ' ਹੀ ਕਹੀ ਜਾਂਦੀ ਹੈ। ਨਾਂ ਕੋਈ ਨਵਾਂ ਰੱਖ ਲਿਆ ਜਾਵੇ ਜਾਂ ਪੁਰਾਣਾ ਰਹਿਣ ਦਿੱਤਾ ਜਾਵੇ, ਇਹ ਵੱਡੀ ਗੱਲ ਨਹੀਂ, ਵੱਡੀ ਗੱਲ ਇਹ ਹੋਈ ਕਿ ਇਸ ਨੇ ਉਹ ਬਿਲਡਿੰਗ ਢਾਹੁਣ ਦਾ ਹੁਕਮ ਜਾਰੀ ਕੀਤਾ ਹੈ, ਜੋ ਭਾਰਤੀ ਲੋਕਤੰਤਰ ਦੇ 'ਆਦਰਸ਼' ਰਾਜ ਪ੍ਰਬੰਧ ਦੀ ਇਦਾਂ ਦੀ 'ਆਦਰਸ਼' ਮਿਸਾਲ ਬਣ ਗਈ, ਜਿਸ ਦਾ ਜ਼ਿਕਰ ਕਰਦਿਆਂ ਕਚਿਆਣ ਆਉਂਦੀ ਸੀ। ਕਾਨੂੰਨੀ ਪ੍ਰਕਿਰਿਆ ਪਿੱਛੋਂ ਇਹ ਪੜਾਅ ਆਇਆ ਹੈ, ਪਰ ਅਜੇ ਵੀ ਉਲਝਣਾਂ ਮੁੱਕ ਨਹੀਂ ਗਈਆਂ। ਸੁਪਰੀਮ ਕੋਰਟ ਨੂੰ ਅਪੀਲ ਕਰਨ ਅਤੇ ਮਹਿੰਗੀ ਫੀਸ ਵਾਲੇ ਵਕੀਲਾਂ ਦੀਆਂ ਦਲੀਲਾਂ ਦੇ ਭੇੜ ਵੇਖਣ ਦਾ ਦੌਰ ਅਜੇ ਬਾਕੀ ਹੈ।

ਮਾਮਲਾ ਇਹ ਉਸ ਕਾਰਗਿਲ ਦੀ ਜੰਗ ਨਾਲ ਜੁੜਦਾ ਹੈ, ਜਿਹੜੀ ਸਾਡੇ ਦੇਸ਼ ਦੀ ਸਿਆਸੀ ਲੀਡਰਸ਼ਿਪ ਵੱਲੋਂ ਵਿਖਾਈ ਲਾਪਰਵਾਹੀ ਦਾ ਨਤੀਜਾ ਸੀ ਤੇ ਜਿਸ ਵਿਚ ਸਾਡੇ ਸਵਾ ਪੰਜ ਸੌ ਜਵਾਨ ਸ਼ਹੀਦ ਹੋ ਗਏ ਸਨ। ਬਾਅਦ ਵਿਚ ਉਸ ਦਾ ਨਾਂ ਵਰਤ ਕੇ ਮੁੰਬਈ ਵਿਚ ਇੱਕ ਅਣਗੌਲੀ ਪਈ ਫੌਜੀ ਮਾਲਕੀ ਵਾਲੀ ਜ਼ਮੀਨ ਉਤੇ ਇਕੱਤੀ ਮੰਜ਼ਿਲਾ ਬਿਲਡਿੰਗ ਬਣਾਈ ਗਈ, ਜਿਸ ਬਾਰੇ ਇਹ ਕਿਹਾ ਗਿਆ ਕਿ ਇਸ ਵਿਚ ਕਾਰਗਿਲ ਦੀ ਜੰਗ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਫਲੈਟ ਦੇਣੇ ਹਨ। ਜਦੋਂ ਤੱਕ ਬਿਲਡਿੰਗ ਮੁਕੰਮਲ ਹੋਈ, ਇਸ ਦੇ ਫਲੈਟਾਂ ਦਾ ਮੁੱਲ ਕਰੀਬ ਅੱਠ-ਅੱਠ ਕਰੋੜ ਰੁਪਏ ਨੂੰ ਛੂਹ ਗਿਆ ਤੇ ਇਹ ਸਿਰਫ ਅੱਸੀ-ਅੱਸੀ ਲੱਖ ਵਿਚ ਉਨ੍ਹਾਂ ਬੇਈਮਾਨਾਂ ਨੂੰ ਦੇ ਦਿੱਤੇ ਗਏ, ਜਿਹੜੇ ਸਰਕਾਰੇ-ਦਰਬਾਰੇ ਪਹੁੰਚ ਵਾਲੇ ਸਨ, ਕਾਰਗਿਲ ਨਾਲ ਕੋਈ ਵਾਸਤਾ ਨਹੀਂ ਸੀ। ਰੌਲਾ ਭਾਵੇਂ ਮੁੱਢ ਵਿਚ ਹੀ ਪੈ ਗਿਆ ਸੀ, ਪਰ ਇਸ ਨੂੰ ਸਿਆਸੀ ਦਬਾਅ ਨਾਲ ਅਣਗੌਲਿਆ ਕਰ ਦਿੱਤਾ ਜਾਂਦਾ ਰਿਹਾ। ਜਦੋਂ ਸੱਤ ਕੁ ਸਾਲ ਲੰਘਣ ਪਿਛੋਂ ਵਡਾ ਖਿਲਾਰਾ ਪੈ ਗਿਆ ਤਾਂ ਕੇਸ ਹਾਈ ਕੋਰਟ ਵਿਚ ਪਹੁੰਚ ਜਾਣ 'ਤੇ ਇਸ ਦੀ ਸੀ ਬੀ ਆਈ ਜਾਂਚ, ਅਤੇ ਉਹ ਵੀ ਹਾਈ ਕੋਰਟ ਦੀ ਨਿਗਰਾਨੀ ਹੇਠ ਕਰਨ ਦਾ ਹੁਕਮ ਜਾਰੀ ਹੋ ਗਿਆ।

ਫਿਰ ਗੰਢੇ ਦੀਆਂ ਛਿੱਲਾਂ ਏਦਾਂ ਲੱਥਣ ਲੱਗੀਆਂ ਕਿ ਨਾ ਸਿਆਸੀ ਆਗੂ ਚੌਰਾਹੇ ਵਿਚ ਨੰਗੇ ਹੋ ਜਾਣ ਤੋਂ ਬਚੇ, ਨਾ ਵੱਡੇ ਵੱਡੇ ਸਿਵਲ ਅਫਸਰ, ਨਾ ਫੌਜੀ ਜਰਨੈਲ ਤੇ ਸਮੁੰਦਰੀ ਫੌਜ ਦੇ ਐਡਮਿਰਲ। ਹੋਰ ਤਾਂ ਹੋਰ, ਸੀ ਬੀ ਆਈ ਲਈ ਕੰਮ ਕਰਦੇ ਦੋ ਵਕੀਲ ਵੀ ਲਪੇਟੇ ਗਏ। ਭਾਰਤ ਦੀ ਜਿਸ ਡਿਪਲੋਮੇਟ ਦੇਵੀਆਨੀ ਖੋਬਰਾਗੜੇ ਨਾਲ ਅਮਰੀਕਾ ਵਿਚ ਇੱਕ ਮੌਕੇ ਕੀਤੀ ਗਈ ਬਦ-ਸਲੂਕੀ ਨਾਲ ਸਾਰਾ ਦੇਸ਼ ਗੁੱਸੇ ਵਿਚ ਉਬਲ ਪਿਆ ਸੀ, ਆਦਰਸ਼ ਕਾਂਡ ਦੀ ਜਾਂਚ ਵਿਚ ਇੱਕ ਨਾਂ ਉਸ ਦਾ ਵੀ ਆ ਗਿਆ। ਜਿਹੜੇ ਲੋਕਾਂ ਨੇ ਆਪਣੇ ਆਪ ਨੂੰ ਕਿਸੇ ਵੀ ਹੱਕ ਤੋਂ ਬਿਨਾਂ ਹੱਕਦਾਰ ਬਣ ਕੇ ਉਥੇ ਫਲੈਟ ਹਾਸਲ ਕੀਤੇ, ਦੇਵੀਆਨੀ ਵੀ ਉਨ੍ਹਾਂ ਵਿਚ ਸ਼ਾਮਲ ਸੀ। ਇਸ ਤੋਂ ਸਾਨੂੰ ਬਹੁਤੀ ਹੈਰਾਨੀ ਇਸ ਲਈ ਨਹੀਂ ਹੋਈ ਕਿ ਅਮਰੀਕਾ ਵਾਲੇ ਮਾਮਲੇ ਵਿਚ ਵੀ ਉਹ ਆਪਣੇ ਬੱਚਿਆਂ ਦੇ ਦੋਹਰੇ ਪਾਸਪੋਰਟ ਬਣਵਾਉਣ ਤੇ ਅਪਣੇ ਦੇਸ਼ ਦੀ ਸਰਕਾਰ ਤੋਂ ਇਸ ਦਾ ਓਹਲਾ ਰੱਖਣ ਕਾਰਨ ਪਹਿਲਾਂ ਹੀ ਗੁਨਾਹਗਾਰ ਜਾਪਣ ਲੱਗ ਪਈ ਸੀ। ਮੌਜੂਦਾ ਰੇਲ ਮੰਤਰੀ ਸੁਰੇਸ਼ ਪ੍ਰਭੂ ਨੂੰ ਭਾਜਪਾ ਬੜੇ ਇਮਾਨਦਾਰ ਆਗੂ ਵਜੋਂ ਪੇਸ਼ ਕਰਦੀ ਹੈ, ਉਸ ਦਾ ਨਾਂ ਵੀ ਉਸ ਸਕੀਮ ਦਾ ਲਾਭ ਲੈਣ ਵਾਲਿਆਂ ਵਿਚ ਬੋਲਿਆ ਜਾਂਦਾ ਰਿਹਾ ਸੀ।




ਜਦੋਂ ਇਸ ਘੋਟਾਲੇ ਦਾ ਪਰਦਾ ਉਠਿਆ ਤਾਂ ਮਹਾਰਾਸ਼ਟਰ ਦੇ ਤਤਕਾਲੀ ਮੁੱਖ ਮੰਤਰੀ ਅਸ਼ੋਕ ਚਵਾਨ ਸਣੇ ਉਥੋਂ ਦੇ ਚਾਰ ਮੁੱਖ ਮੰਤਰੀ ਦੋਸ਼ੀ ਨਿਕਲੇ। ਇਨ੍ਹਾਂ ਵਿਚੋਂ ਇੱਕ ਵਿਲਾਸ ਰਾਓ ਦੇਸ਼ਮੁਖ ਸੀ, ਜੋ ਮੁੰਬਈ ਦੇ ਦਹਿਸ਼ਤਗਰਦ ਹਮਲੇ ਵੇਲੇ ਮੁੱਖ ਮੰਤਰੀ ਸੀ ਤੇ ਲੜਾਈ ਮੁੱਕਣ ਪਿੱਛੋਂ ਜਦੋਂ ਮੌਕਾ ਵੇਖਣ ਗਿਆ ਤਾਂ ਆਪਣੇ ਫਿਲਮ ਸਟਾਰ ਪੁੱਤਰ ਤੇ ਇੱਕ ਫਿਲਮ ਡਾਇਰੈਕਟਰ ਨੂੰ ਇਸ ਲਈ ਆਪਣੇ ਨਾਲ ਲੈ ਗਿਆ ਕਿ ਉਹ ਉਸ ਹਮਲੇ ਦਾ ਦ੍ਰਿਸ਼ ਅਗਲੀ ਫਿਲਮ ਵਿਚ ਵੀ ਵਿਖਾ ਸਕਣ। ਇਸ ਦੀ ਬਹੁਤ ਭੰਡੀ ਹੋਈ ਸੀ। ਸਾਬਕਾ ਮੁੱਖ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਬੜਾ ਇਮਾਨਦਾਰ ਮੰਨਿਆ ਜਾਂਦਾ ਸੀ ਅਤੇ ਇਸੇ ਲਈ ਅਨੁਸੂਚਿਤ ਜਾਤੀਆਂ ਵਿਚੋਂ ਹੁੰਦੇ ਹੋਏ ਵੀ ਉਹ ਕਈ ਵਾਰ ਜਨਰਲ ਸੀਟ ਤੋਂ ਜਿੱਤਦਾ ਰਿਹਾ, ਪਰ ਆਦਰਸ਼ ਕੇਸ ਵਿਚ ਉਸ ਦਾ ਨਾਂ ਵੀ ਆ ਗਿਆ ਸੀ। ਉਸੇ ਰਾਜ ਵਿਚਲੇ ਦੋ ਮੰਤਰੀਆਂ ਦੇ ਨਾਂ ਵੀ ਇਸ ਵਿਚ ਸ਼ਾਮਲ ਸਨ, ਜਿਨ੍ਹਾਂ ਦੇ ਹੱਥਾਂ ਵਿਚੋਂ ਦੀ ਇਹ ਫਾਈਲ ਲੰਘੀ ਸੀ।

ਅਸ਼ੋਕ ਚਵਾਨ ਉਦੋਂ ਕਿਉਂਕਿ ਮੁੱਖ ਮੰਤਰੀ ਸੀ, ਉਸ ਦੇ ਖਿਲਾਫ ਕੇਸ ਦੀ ਮਨਜ਼ੂਰੀ ਗਵਰਨਰ ਨੇ ਦੇਣੀ ਸੀ, ਪਰ ਉਦੋਂ ਦਾ ਗਵਰਨਰ ਕਿਸੇ ਮੌਕੇ ਅਸ਼ੋਕ ਚਵਾਨ ਦੇ ਬਾਪ ਦੇ ਨਾਲ ਕੇਂਦਰੀ ਮੰਤਰੀ ਰਹਿ ਚੁੱਕਾ ਸੀ। ਉਸ ਨੇ ਕੇਸ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ। ਨਰਿੰਦਰ ਮੋਦੀ ਸਰਕਾਰ ਆਈ ਤੋਂ ਵੀ ਬੜੀ ਦੇਰ ਪਿੱਛੋਂ ਇਸ ਕੇਸ ਦੀ ਮਨਜ਼ੂਰੀ ਮਿਲੀ ਅਤੇ ਏਨੀ ਦੇਰ ਲੱਗਣ ਦਾ ਕਾਰਨ ਇਹ ਸੀ ਕਿ ਭਾਜਪਾ ਦੇ ਇੱਕ ਸਾਬਕਾ ਪ੍ਰਧਾਨ ਦਾ ਨਾਂ ਵੀ ਕੇਸ ਵਿਚ ਆਉਂਦਾ ਸੀ। ਜਿਹੜੀਆਂ ਬਾਈ ਅਲਾਟਮੈਂਟਾਂ ਬੇਨਾਮੀ ਨਿਕਲੀਆਂ ਸਨ, ਉਨ੍ਹਾਂ ਵਿਚੋਂ ਇੱਕ ਬਾਰੇ ਕਿਹਾ ਜਾਂਦਾ ਸੀ ਕਿ ਉਹ ਭਾਜਪਾ ਦੇ ਉਦੋਂ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਆਪਣੇ ਇੱਕ ਰਿਸ਼ਤੇਦਾਰ ਦੇ ਨਾਂ ਉਤੇ ਕਰਵਾਈ ਹੋਈ ਸੀ। ਭਾਜਪਾ ਦੇ ਇੱਕ ਪਾਰਲੀਮੈਂਟ ਮੈਂਬਰ ਅਜੈ ਸੰਚੇਤੀ ਦਾ ਨਾਂ ਵੀ ਦੋਸ਼ੀਆਂ ਵਿਚ ਸ਼ਾਮਲ ਸੀ। ਜਦੋਂ ਏਦਾਂ ਦੇ ਨਾਂ ਚਰਚਾ ਵਿਚ ਸਨ ਤਾਂ ਕੇਸ ਚਲਾਉਣ ਜਾਂ ਨਾ ਚਲਾਉਣ ਦਾ ਫੈਸਲਾ ਕਰਨ ਵਿਚ ਦੇਰੀ ਹੋਣੀ ਹੀ ਸੀ।

ਆਦਰਸ਼ ਸੁਸਾਇਟੀ ਦਾ ਇਹ ਘੋਟਾਲਾ ਇਸ ਤਰ੍ਹਾਂ ਦਾ ਸੀ ਕਿ ਜਿਸ ਦੇ ਕੋਲੋਂ ਵੀ ਫਾਈਲ ਨਿਕਲਦੀ, ਅਗਲੇ ਦਿਨ ਉਸ ਦੇ ਨਾਂ ਅੱਠ ਕਰੋੜ ਰੁਪਏ ਦਾ ਇੱਕ ਫਲੈਟ ਅੱਸੀ ਲੱਖ ਰੁਪਏ ਕੀਮਤ ਉਤੇ ਲਿਖਿਆ ਜਾਂਦਾ ਸੀ। ਇਸ ਦੀ ਜਾਂਚ ਵਿਚ ਮਹਾਰਾਸ਼ਟਰ ਦੇ ਬਾਰਾਂ ਵੱਡੇ ਅਫਸਰ ਫਸ ਗਏ, ਜਿਨ੍ਹਾਂ ਵਿਚ ਮੁੰਬਈ ਦਾ ਉਦੋਂ ਦਾ ਕੁਲੈਕਟਰ ਪ੍ਰਦੀਪ ਵਿਆਸ ਤੇ ਮੁੰਬਈ ਨਗਰ ਨਿਗਮ ਦਾ ਕਮਿਸ਼ਨਰ ਜੈਰਾਜ ਪਾਠਕ ਵੀ ਸਨ ਅਤੇ ਸ਼ਹਿਰੀ ਵਿਕਾਸ ਦਾ ਉਦੋਂ ਦਾ ਪ੍ਰਿੰਸੀਪਲ ਸੈਕਟਰੀ ਰਾਮਾਨੰਦ ਤਿਵਾੜੀ ਵੀ ਸ਼ਾਮਲ ਸੀ। ਮੁੱਖ ਮੰਤਰੀ ਦਾ ਉਦੋਂ ਵਾਲਾ ਸੈਕਟਰੀ ਸੀ ਐਸ ਸੰਗੀਤ ਰਾਓ, ਉਦੋਂ ਦਾ ਉਸ ਰਾਜ ਦਾ ਚੀਫ ਸੈਕਟਰੀ ਡੀ ਕੇ ਸ਼ੰਕਰਨ, ਉਸ ਵੇਲੇ ਦਾ ਪ੍ਰਿੰਸੀਪਲ ਸੈਕਟਰੀ ਆਈ ਏ ਕੁੰਦਨ, ਸ਼ਹਿਰੀ ਵਿਕਾਸ ਦਾ ਇੱਕ ਪ੍ਰਿੰਸੀਪਲ ਸੈਕਟਰੀ ਥਾਮਸ ਬੈਂਜਾਮਿਨ ਅਤੇ ਡਿਪਟੀ ਸੈਕਟਰੀ ਪੀ ਵੀ ਦੇਸ਼ਮੁਖ ਵੀ ਦੋਸ਼ੀ ਮੰਨੇ ਗਏ ਸਨ। ਕਮਾਲ ਦੀ ਗੱਲ ਇਹ ਕਿ ਜਿਹੜੇ ਅਫਸਰਾਂ ਨੂੰ ਭਾਜਪਾ ਨੇ ਉਦੋਂ ਬੜੇ ਬੇਈਮਾਨ ਆਖਿਆ ਸੀ, ਉਹ ਬਾਅਦ ਵਿਚ ਭਾਜਪਾ ਰਾਜ ਵਿਚ ਮਲਾਈਦਾਰ ਕੁਰਸੀਆਂ ਉਤੇ ਜਾ ਬੈਠੇ। ਮਿਸਾਲ ਵਜੋਂ ਸਭ ਤੋਂ ਵੱਡਾ ਦੋਸ਼ੀ ਕਿਹਾ ਜਾਂਦਾ ਪ੍ਰਦੀਪ ਵਿਆਸ ਉਦੋਂ ਸਸਪੈਂਡ ਕੀਤਾ ਗਿਆ ਸੀ, ਹੁਣ ਭਾਜਪਾ ਸਰਕਾਰ ਨਾਲ ਫਿਰ ਖ਼ਜ਼ਾਨੇ ਦਾ ਸੈਕਟਰੀ ਹੈ। ਸਾਫ ਹੈ ਕਿ ਕਮਾਊ ਪੁੱਤਾਂ ਦਾ ਲਾਭ ਭਾਜਪਾ ਵੀ ਲੈਂਦੀ ਹੈ ਅਤੇ ਉਨ੍ਹਾਂ ਦੀਆਂ ਜੜ੍ਹਾਂ ਕੇਂਦਰ ਸਰਕਾਰ ਤੱਕ ਹੋਣ ਕਾਰਨ ਉਨ੍ਹਾਂ ਨੂੰ ਕੋਈ ਹਿਲਾਉਣ ਵਾਲਾ ਵੀ ਹਾਲ ਦੀ ਘੜੀ ਦਿਖਾਈ ਨਹੀਂ ਦੇ ਰਿਹਾ।

ਹੁਣ ਆਈਏ ਉਨ੍ਹਾਂ ਫੌਜੀ ਅਫਸਰਾਂ ਵੱਲ, ਜਿਨ੍ਹਾਂ ਨੂੰ ਕਾਰਗਿਲ ਜੰਗ ਵਿਚ ਸ਼ਹੀਦ ਹੋਏ ਜਵਾਨਾਂ ਦੀ ਸ਼ਰਮ ਰੱਖਣੀ ਤੇ ਘੋਟਾਲੇ ਨੂੰ ਰੋਕਣਾ ਚਾਹੀਦਾ ਸੀ, ਪਰ ਉਹ ਆਪ ਇਸ ਵਿਚ ਸ਼ਾਮਲ ਹੋ ਗਏ ਸਨ। ਸੀ ਬੀ ਆਈ ਜਾਂਚ ਦੌਰਾਨ ਦੋ ਸਾਬਕਾ ਮੇਜਰ ਜਨਰਲ ਟੀ ਕੇ ਕੌਲ ਅਤੇ ਏ ਆਰ ਕੁਮਾਰ, ਇੱਕ ਸਾਬਕਾ ਬ੍ਰਿਗੇਡੀਅਰ ਐਮ ਐਮ ਵਾਂਚੂ ਅਤੇ ਕਈ ਹੋਰ ਅਫਸਰ ਦੋਸ਼ੀ ਮੰਨੇ ਗਏ। ਫੌਜੀ ਕਮਾਂਡ ਨੇ ਰੱਖਿਆ ਮੰਤਰੀ ਦੇ ਹੁਕਮ ਉਤੇ ਇੱਕ ਅਦਾਲਤੀ ਜਾਂਚ ਕਾਇਮ ਕੀਤੀ ਤਾਂ ਉਸ ਨੇ ਭਾਰਤੀ ਫੌਜ ਦੇ ਦੋ ਸਾਬਕਾ ਮੁਖੀਆਂ ਜਨਰਲ ਦੀਪਕ ਕਪੂਰ ਅਤੇ ਜਨਰਲ ਐਨ ਸੀ ਵਿਜ ਦੇ ਨਾਲ ਚਾਰ ਲੈਫਟੀਨੈਂਟ ਜਨਰਲਾਂ ਅਤੇ ਤਿੰਨ ਮੇਜਰ ਜਨਰਲਾਂ ਨੂੰ ਦੋਸ਼ੀ ਮੰਨਿਆ। ਆਦਰਸ਼ ਸੁਸਾਇਟੀ ਦੀ ਇਸ ਫਰਾਡੀ ਖੇਡ ਵਾਲੀ ਬਿਲਡਿੰਗ ਦੇ ਫਲੈਟ ਲੈਣ ਵਾਲੇ ਵਿਅਕਤੀ ਦਾ ਉਸ ਰਾਜ ਦਾ ਵਾਸੀ ਹੋਣਾ ਜ਼ਰੂਰੀ ਬਣਦਾ ਸੀ ਤੇ ਇਨ੍ਹਾਂ ਸਾਰਿਆਂ ਨੇ ਉਥੇ ਵਸੇਬਾ ਨਾ ਹੋਣ ਦੇ ਬਾਵਜੂਦ ਉਥੋਂ ਦੇ ਵਸਨੀਕ ਹੋਣ ਦਾ ਸਰਟੀਫਿਕੇਟ ਹੇਰਾ-ਫੇਰੀ ਨਾਲ ਬਣਾ ਕੇ ਪੇਸ਼ ਕੀਤਾ ਹੋਇਆ ਸੀ। ਸਮੁੰਦਰੀ ਫੌਜ ਦੇ ਇੱਕ ਐਡਮਿਰਲ ਨੇ ਖੁਦ ਨੂੰ ਕਾਰਗਿਲ ਜੰਗ ਦਾ ਪ੍ਰਭਾਵਤ ਇਹ ਕਹਿ ਕੇ ਬਣਾਇਆ ਕਿ ਜਦੋਂ ਕਾਰਗਿਲ ਦੀ ਜੰਗ ਲੱਗੀ, ਉਦੋਂ ਉਹ ਮੁੰਬਈ ਵਿਚ ਕਾਰਗਿਲ ਜੰਗ ਨਾਲ ਸਬੰਧਤ ਸਮੁੰਦਰੀ ਚੌਕਸੀ ਮੋਰਚੇ ਦਾ ਮੁਖੀ ਹੁੰਦਾ ਸੀ। ਇਸੇ ਤਰ੍ਹਾਂ ਸਮੁੰਦਰੀ ਫੌਜ ਦੇ ਇੱਕ ਸੇਵਾ-ਮੁਕਤ ਕੈਪਟਨ ਨੇ ਬਾਅਦ ਵਿਚ ਨਿਊਜ਼ੀਲੈਂਡ ਦੀ ਨਾਗਰਿਕਤਾ ਲੈ ਲਈ, ਉਸ ਨੇ ਉਥੋਂ ਦਾ ਨਾਗਰਿਕ ਬਣਨ ਤੋਂ ਦੋ ਸਾਲ ਪਿੱਛੋਂ ਮੁੰਬਈ ਦਾ ਵਸਨੀਕ ਸਾਬਤ ਕਰਨ ਦਾ ਸਰਟੀਫਿਕੇਟ ਬਣਾ ਕੇ ਫਲੈਟ ਲੈ ਲਿਆ। ਜੰਗੀ ਬਹਾਦਰੀ ਦਾ ਵੀਰ ਚੱਕਰ ਲੈਣ ਵਾਲਾ ਇੱਕ ਫੌਜੀ ਅਫਸਰ ਇੱਕ ਵਾਰੀ ਰੇਲਵੇ ਵਾਲਿਆਂ ਨੇ ਇਸ ਗੱਲੋਂ ਫੜ ਲਿਆ ਕਿ ਉਸ ਨੂੰ ਦਿੱਤਾ ਹੋਇਆ ਰੇਲਵੇ ਦਾ ਫਸਟ ਕਲਾਸ ਦਾ ਪਾਸ ਰਾਜਧਾਨੀ ਤੇ ਸ਼ਤਾਬਦੀ ਨੂੰ ਛੱਡ ਕੇ ਬਾਕੀ ਸਭ ਗੱਡੀਆਂ ਲਈ ਸੀ, ਪਰ ਉਸ ਨੇ ਕੱਟ-ਵੱਢ ਕੇ ਸਾਰੀਆਂ ਰੇਲ ਗੱਡੀਆਂ ਵਾਸਤੇ ਬਣਾ ਲਿਆ ਸੀ। ਫੜੇ ਜਾਣ ਉਤੇ ਉਸ ਦੀ ਪੈਨਸ਼ਨ ਰੋਕਣ ਦਾ ਹੁਕਮ ਹੋ ਗਿਆ। ਉਸ ਨਾਲ ਜਿਹੜਾ ਵਿਹਾਰ ਕੀਤਾ ਗਿਆ ਸੀ, ਮੁੰਬਈ ਵਿਚ ਵੱਸੇ ਬਗੈਰ ਉਥੋਂ ਦੇ ਵਸਨੀਕ ਸਰਟੀਫੀਕੇਟ ਬਣਵਾ ਕੇ ਫਲੈਟ ਲੈਣ ਵਾਲੇ ਸਾਬਕਾ ਜਰਨੈਲਾਂ ਦੇ ਨਾਲ ਵੀ ਉਹ ਹੀ ਕੀਤਾ ਜਾਣਾ ਚਾਹੀਦਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਸਾਡੇ ਲੋਕਤੰਤਰ ਵਿਚ ਭ੍ਰਿਸ਼ਟਾਚਾਰ ਦੀ ਜਾਂਚ ਵੀ ਭ੍ਰਿਸ਼ਟ ਹੋ ਜਾਂਦੀ ਹੈ। ਹਿੰਦੀ ਦੇ ਪ੍ਰਸਿੱਧ ਵਿਅੰਗ ਕਵੀ ਸੁਰਿੰਦਰ ਸ਼ਰਮਾ ਨੇ ਕਿਹਾ ਸੀ: 'ਕਿਆ ਕਰੇਂ ਅਬ ਹਮ, ਕੁਰੱਪਸ਼ਨ ਭੀ ਕੁਰੱਪਟ ਹੋ ਗਈ'। ਉਸ ਨੂੰ ਇਸ ਦਾ ਮਤਲਬ ਪੁੱਛਿਆ ਗਿਆ। ਸੁਰਿੰਦਰ ਸ਼ਰਮਾ ਨੇ ਕਿਹਾ, "ਇਕ ਦਿਨ ਅਸੀਂ ਕੀੜੇ ਮਾਰਨ ਦੀ ਦਵਾਈ ਲਿਆਂਦੀ ਸੀ, ਅਗਲੇ ਦਿਨ ਉਸ ਵਿਚ ਕੀੜੇ ਪੈ ਗਏ।" ਭਾਰਤੀ ਲੋਕਤੰਤਰ ਦੇ 'ਆਦਰਸ਼' ਪ੍ਰਬੰਧ ਵਿਚ ਆਦਰਸ਼ ਸੁਸਾਇਟੀ ਦੇ ਭ੍ਰਿਸ਼ਟਾਚਾਰੀ ਕੇਸ ਦੀ ਜਾਂਚ ਵੀ ਭ੍ਰਿਸ਼ਟ ਹੋ ਗਈ। ਜਾਂਚ ਏਜੰਸੀ ਸੀ ਬੀ ਆਈ ਨੇ ਇਸ ਜਾਂਚ ਦੇ ਲਈ ਜਿਹੜੇ ਲੋਕ ਲਾਏ ਹੋਏ ਸਨ, ਉਨ੍ਹਾਂ ਵਿਚੋਂ ਦੋ ਸੀਨੀਅਰ ਵਕੀਲ ਇੱਕ ਦੋਸ਼ੀ ਨੂੰ ਛੱਡਣ ਲਈ 50 ਲੱਖ ਰੁਪਏ ਦਾ ਸੌਦਾ ਮਾਰਦੇ ਫੜੇ ਗਏ। ਇਸ ਵਿਚੋਂ 25 ਲੱਖ ਰੁਪਏ ਉਨ੍ਹਾਂ ਨੇ ਲੈ ਲਏ ਸਨ ਤੇ ਬਾਕੀ ਬਾਅਦ ਵਿਚ ਲੈਣੇ ਤੈਅ ਕੀਤੇ ਸਨ, ਪਰ ਉਦੋਂ ਨੂੰ ਸੀ ਬੀ ਆਈ ਨੇ ਫੜ ਲਏ ਤੇ ਫਿਰ ਦੋਸ਼ੀਆਂ ਵਿਚ ਸ਼ਾਮਲ ਹੋ ਗਏ ਸਨ।

ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਇਹ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਪਰ ਇਹ ਦੇਸ਼ ਹਾਲੇ ਏਨਾ ਮਾਣ ਕਰਨ ਜੋਗਾ ਨਹੀਂ ਹੋ ਸਕਿਆ ਕਿ ਲੋਕ ਰਾਜ ਦਾ ਆਦਰਸ਼ ਪੇਸ਼ ਕਰ ਸਕੇ। ਦੇਸ਼ ਵਿਚ ਪ੍ਰਬੰਧ ਜਿਸ ਤਰ੍ਹਾਂ ਚੱਲਦਾ ਹੈ, ਉਸ ਦੇ 'ਆਦਰਸ਼' ਪ੍ਰਬੰਧ ਦੀ ਹੀ ਇੱਕ 'ਆਦਰਸ਼' ਮਿਸਾਲ ਪੇਸ਼ ਕਰਨ ਵਾਲਾ ਕੇਸ ਹੈ ਮੁੰਬਈ ਦਾ ਆਦਰਸ਼ ਸੁਸਾਇਟੀ ਘੋਟਾਲਾ, ਜਿਹੜਾ ਕੰਨਾਂ ਨੂੰ ਹੱਥ ਲਾਉਣ ਨੂੰ ਮਜਬੂਰ ਕਰ ਦੇਂਦਾ ਹੈ।

## ਆਦਰਸ਼ ਸੁਸਾਇਟੀ ਢਾਹੁਣ ਦੇ ਹੁਕਮ

**ਮੁੰਬਈ:** ਬੰਬੇ ਹਾਈ ਕੋਰਟ ਨੇ ਮੁੰਬਈ ਦੀ ਵਿਵਾਦਿਤ ਆਦਰਸ਼ ਸੁਸਾਇਟੀ ਨੂੰ ਢਾਹੁਣ ਦਾ ਫੈਸਲਾ ਸੁਣਾਇਆ ਹੈ। ਇਹੀ ਨਹੀਂ, ਅਦਾਲਤ ਨੇ ਕੇਂਦਰ ਸਰਕਾਰ ਤੇ ਵਾਤਾਵਰਨ ਮੰਤਰਾਲੇ ਨੂੰ ਹੁਕਮ ਦਿੱਤੇ ਹਨ ਕਿ ਮਾਮਲੇ ਵਿਚ ਜ਼ਿੰਮੇਵਾਰ ਅਧਿਕਾਰੀਆਂ ਤੇ ਨੇਤਾਵਾਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਹਾਈ ਕੋਰਟ ਨੇ ਮਾਮਲੇ ਵਿਚ ਸੁਪਰੀਮ ਕੋਰਟ 'ਚ ਅਪੀਲ ਲਈ 12 ਹਫਤਿਆਂ ਦਾ ਸਮਾਂ ਦਿੱਤਾ ਹੈ ਉਦੋਂ ਤੱਕ ਇਮਾਰਤ ਢਾਉਣ ਦੇ ਹੁਕਮ ਉਤੇ ਰੋਕ ਰਹੇਗੀ। ਆਦਰਸ਼ ਹਾਊਸਿੰਗ ਸੁਸਾਇਟੀ ਮੁੰਬਈ ਦੇ ਕੋਲਾਬਾ ਖੇਤਰ ਵਿਚ ਸਥਿਤ ਹੈ। ਇਹ ਇਮਾਰਤ ਤਟਵਰਤੀ ਨਿਯਮਾਂ ਦੀ ਉਲੰਘਣਾ ਕਰ ਕੇ ਬਣਾਈ ਗਈ।

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖ਼ਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਗੁੜਗਾਓਂ ਤੇ ਪਟੌਦੀ ਵਿਚ ਹੋਇਆ ਸੀ 47 ਸਿੱਖਾਂ ਦਾ ਕਤਲੇਆਮ

## ਗਰਗ ਕਮਿਸ਼ਨ ਨੇ ਰਿਪੋਰਟ ਹਰਿਆਣਾ ਸਰਕਾਰ ਨੂੰ ਸੌਂਪੀ



**ਚੰਡੀਗੜ੍ਹ:** ਹੋਦ ਚਿੱਲੜ ਕਤਲੇਆਮ ਬਾਰੇ ਜਾਂਚ ਲਈ ਬਣੇ ਜਸਟਿਸ ਟੀ.ਪੀ. ਗਰਗ ਕਮਿਸ਼ਨ ਨੇ 1984 ਵਿਚ ਹਰਿਆਣਾ ਦੇ ਦੋ ਸ਼ਹਿਰਾਂ ਗੁੜਗਾਓਂ ਤੇ ਪਟੌਦੀ ਵਿਚ 47 ਸਿੱਖਾਂ ਨੂੰ ਮਾਰੇ ਜਾਣ ਅਤੇ ਹੋਰ ਨੁਕਸਾਨ ਦੀ ਰਿਪੋਰਟ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸੌਂਪ ਦਿੱਤੀ ਹੈ। ਰਿਪੋਰਟ ਸੌਂਪਣ ਨਾਲ ਕਮਿਸ਼ਨ ਦਾ ਕੰਮ ਵੀ ਖਤਮ ਹੋ ਗਿਆ ਹੈ। ਕਮਿਸ਼ਨ ਪਿੰਡ ਹੋਦ ਚਿੱਲੜ ਵਿਚ ਮਾਰੇ ਗਏ 32 ਸਿੱਖਾਂ ਸਬੰਧੀ ਪਹਿਲਾਂ ਹੀ ਸਰਕਾਰ ਨੂੰ ਰਿਪੋਰਟ ਸੌਂਪ ਚੁੱਕਾ ਹੈ ਤੇ ਸਰਕਾਰ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇ ਚੁੱਕੀ ਹੈ।

ਕਮਿਸ਼ਨ ਨੇ ਗੁੜਗਾਓਂ ਅਤੇ ਪਟੌਦੀ ਵਿਚ ਕਤਲ ਕੀਤੇ ਗਏ ਸਿੱਖਾਂ ਦੇ ਵਾਰਸਾਂ ਨੂੰ ਹੋਦ ਚਿੱਲੜ ਦੀ ਤਰਜ਼ ਉਤੇ ਹੀ ਮੁਆਵਜ਼ਾ ਦੇਣ ਦੀ ਸਿਫ਼ਾਰਸ਼ ਕੀਤੀ ਹੈ। ਕਮਿਸ਼ਨ ਨੇ ਹੋਦ ਚਿੱਲੜ ਵਿਚ ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਵੀਹ ਲੱਖ ਪ੍ਰਤੀ ਵਿਅਕਤੀ, ਇਕ ਮਾਮਲੇ ਵਿੱਚ ਪੱਚੀ ਲੱਖ ਰੁਪਏ ਅਤੇ ਮਾਨਸਿਕ ਰੋਗੀ ਦੇ ਮਾਮਲੇ ਵਿਚ 50 ਲੱਖ ਰੁਪਏ ਦੇਣ ਦੀ ਸਿਫ਼ਾਰਸ਼ ਕੀਤੀ ਸੀ। ਇਸ ਤੋਂ ਇਲਾਵਾ ਹਰੇਕ ਪਟੀਸ਼ਨਰ ਨੂੰ ਪੰਜ ਪੰਜ ਲੱਖ ਰੁਪਏ ਦੇਣ ਲਈ ਕਿਹਾ ਗਿਆ ਸੀ। ਇਸ ਆਧਾਰ ਉਤੇ ਗੁੜਗਾਓਂ ਤੇ ਪਟੌਦੀ ਦੇ ਪੀੜਤ ਪਰਿਵਾਰਾਂ ਨੂੰ ਸਹਾਇਤਾ ਦਿੱਤੀ ਜਾਵੇਗੀ। ਹਰਿਆਣਾ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਕੁਝ ਹੋਰ ਥਾਵਾਂ ਉਤੇ ਵੀ 1984 ਵੇਲੇ ਕਤਲੇਆਮ ਹੋਇਆ ਸੀ ਤੇ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਪੈ ਸਕਦਾ ਹੈ। ਮੁਆਵਜ਼ਾ ਦੇਣ ਲਈ ਇਕ ਹੀ ਆਧਾਰ ਰੱਖਣਾ ਪਵੇਗਾ। ਵਰਨਣਯੋਗ ਹੈ ਕਿ ਸਾਲ 2011 ਦੇ ਫਰਵਰੀ ਮਹੀਨੇ ਵਿਚ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੂੰ ਹੋਦ ਚਿੱਲੜ ਵਿਚ ਸਿੱਖਾਂ ਦੇ ਕਤਲੇਆਮ ਦੀ ਜਾਣਕਾਰੀ ਮਿਲੀ ਸੀ ਤੇ ਉਸ ਤੋਂ ਬਾਅਦ ਉਹ ਇਸ ਪਿੰਡ ਗਿਆ ਤੇ ਉਸ ਨੇ ਕੁਝ ਹੋਰਾਂ ਦੀ ਮਦਦ ਨਾਲ ਇਸ ਮਾਮਲੇ ਨੂੰ ਮੀਡੀਆ ਵਿੱਚ ਉਭਾਰਿਆ। ਇਹ ਮਾਮਲਾ ਭਖਣ ਤੋਂ ਬਾਅਦ ਤਤਕਾਲੀ ਭੁਪਿੰਦਰ ਸਿੰਘ ਹੁੱਡਾ ਸਰਕਾਰ ਨੇ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਟੀ.ਪੀ. ਗਰਗ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਕਾਇਮ ਕੀਤਾ ਸੀ। ਜਾਂਚ ਦੌਰਾਨ ਕਮਿਸ਼ਨ ਨੂੰ ਉਸ ਵੇਲੇ ਗੁੜਗਾਓਂ ਵਿਚ ਸਿੱਖਾਂ ਦੇ 297 ਘਰ ਸਾੜੇ ਜਾਣ ਦਾ ਪਤਾ ਲੱਗਿਆ ਹੈ। ਪਟੌਦੀ ਵਿਚ ਘਰਾਂ ਤੋਂ ਇਲਾਵਾ ਸਿੱਖਾਂ ਦੀਆਂ ਫੈਕਟਰੀਆਂ ਸਾੜੀਆਂ ਗਈਆਂ ਸਨ।

ਸ੍ਰੀ ਗਿਆਸਪੁਰਾ ਨੇ ਇਨ੍ਹਾਂ ਮਾਮਲਿਆਂ ਨੂੰ ਵੀ ਜਾਂਚ ਕਮਿਸ਼ਨ ਦੇ ਘੇਰੇ ਵਿਚ ਲਿਆਉਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰ ਦਿੱਤੀ। ਅਦਾਲਤ ਨੇ ਜੁਲਾਈ 2012 ਵਿਚ ਕਮਿਸ਼ਨ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਦੋਵਾਂ ਥਾਵਾਂ ਉਤੇ ਜਾਨ-ਮਾਲ ਦੇ ਹੋਏ ਨੁਕਸਾਨ ਦੀ ਰਿਪੋਰਟ ਦਿੱਤੀ ਜਾਵੇ। ਛੇ ਮਹੀਨਿਆਂ ਲਈ ਗਠਿਤ ਕੀਤੇ ਕਮਿਸ਼ਨ ਦੀ ਮਿਆਦ ਵਿਚ ਦਸ ਵਾਰ ਵਾਧਾ ਕੀਤਾ ਗਿਆ। ਹੁਣ ਆਖਰੀ ਵਾਰ ਕਮਿਸ਼ਨ ਦੀ ਮਿਆਦ 31 ਮਾਰਚ ਤੱਕ ਵਧਾਈ ਗਈ ਸੀ ਅਤੇ ਕਮਿਸ਼ਨ ਨੇ ਮਿਆਦ ਖਤਮ ਹੋਣ ਤੋਂ ਲਗਪਗ ਇਕ ਮਹੀਨੇ ਬਾਅਦ ਆਪਣੀ ਰਿਪੋਰਟ ਸਰਕਾਰ ਨੂੰ ਸੌਂਪੀ ਹੈ।

## ਹੋਦ ਚਿੱਲੜ ਵਿਚ ਯਾਦਗਾਰ ਦਾ ਮਾਮਲਾ ਲਟਕਿਆ

**ਚੰਡੀਗੜ੍ਹ:** ਹਰਿਆਣਾ ਦੇ ਹੋਦ ਚਿੱਲੜ ਵਿਚ 1984 ਦੇ ਸਮੇਂ ਸਿੱਖਾਂ ਦੇ ਕਤਲ ਦਾ ਪਤਾ ਲੱਗਣ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਥੇ ਕਤਲ ਕੀਤੇ ਗਏ ਵਿਅਕਤੀਆਂ ਦੀ ਯਾਦਗਾਰ ਬਣਾਉਣ ਦਾ ਐਲਾਨ ਕੀਤਾ ਸੀ। ਇੰਨਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਸ਼੍ਰੋਮਣੀ ਕਮੇਟੀ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਪਿੰਡ ਹੋਦ ਚਿੱਲੜ ਦੇ ਪੀੜਤ ਪਰਿਵਾਰਾਂ ਨੂੰ ਭਾਵੇਂ ਸਰਕਾਰੀ ਮੁਆਵਜ਼ਾ ਮਿਲ ਚੁੱਕਿਆ ਹੈ, ਪਰ ਪਿੰਡ ਵਿਚ ਮਾਰੇ ਗਏ ਸਿੱਖਾਂ ਦੀ ਯਾਦਗਾਰ ਬਣਾਉਣ ਦਾ ਮਾਮਲਾ ਲਟਕਿਆ ਹੋਇਆ ਹੈ। ਐਲਾਨ ਤੋਂ ਪੰਜ ਸਾਲ ਬੀਤਣ ਬਾਅਦ ਵੀ ਯਾਦਗਾਰ ਨੂੰ ਅਮਲੀਜਾਮਾ ਨਾ ਪਹਿਨਾਏ ਜਾਣ ਕਾਰਨ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਵਿਚ ਰੋਸ ਦੀ ਲਹਿਰ ਹੈ।

# ਅੰਮ੍ਰਿਤਸਰ-ਨਾਂਦੇੜ ਹਵਾਈ ਸੇਵਾ ਸ਼ੁਰੂ ਕਰਨ ਦਾ ਭਰੋਸਾ



**ਅੰਮ੍ਰਿਤਸਰ:** ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਅਸ਼ੋਕ ਗਜਪਤੀ ਰਾਜੂ ਨੇ ਆਖਿਆ ਕਿ ਅੰਮ੍ਰਿਤਸਰ ਤੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਲਈ ਹਵਾਈ ਸੇਵਾ ਸ਼ੁਰੂ ਕਰਨ ਵਾਸਤੇ ਉਹ ਨਿੱਜੀ ਹਵਾਈ ਕੰਪਨੀਆਂ ਨੂੰ ਉਤਸ਼ਾਹਿਤ ਕਰਨਗੇ। ਉਹ ਸ੍ਰੀ ਹਰਿਮੰਦਰ ਸਾਹਿਬ ਵਿਚ ਨਤਮਸਤਕ ਹੋਣ ਆਏ ਸਨ।

ਮੱਥਾ ਟੇਕਣ ਮਗਰੋਂ ਕੇਂਦਰੀ ਮੰਤਰੀ ਨੇ ਆਖਿਆ ਕਿ ਉਨ੍ਹਾਂ ਪਹਿਲਾਂ ਹੀ ਅੰਮ੍ਰਿਤਸਰ-ਨਾਂਦੇੜ ਰੂਟ 'ਤੇ ਆਵਾਜਾਈ ਬਾਰੇ ਜਾਇਜ਼ਾ ਲਿਆ ਹੈ। ਇਸ ਰੂਟ ਉਤੇ ਹਵਾਈ ਸੇਵਾ ਚੱਲ ਸਕਦੀ ਹੈ। ਉਹ ਇਸ ਬਾਰੇ ਕੁਝ ਪ੍ਰਾਈਵੇਟ ਹਵਾਈ ਕੰਪਨੀਆਂ ਨਾਲ ਗੱਲਬਾਤ ਕਰ ਕੇ ਹਵਾਈ ਸੇਵਾ ਸ਼ੁਰੂ ਕਰਨ ਲਈ ਪ੍ਰੇਰਿਤ ਕਰਨਗੇ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਨੇ ਹਵਾਬਾਜ਼ੀ ਮੰਤਰੀ ਨੂੰ ਕੁਝ ਸਮੱਸਿਆਵਾਂ ਤੋਂ ਜਾਣੂ ਕਰਾਇਆ ਹੈ, ਜਿਨ੍ਹਾਂ ਵਿਚ ਸਿੱਖ ਭਾਈਚਾਰੇ, ਖਾਸ ਕਰ ਕੇ ਅੰਮ੍ਰਿਤਧਾਰੀ ਵਿਅਕਤੀਆਂ ਨੂੰ ਏਅਰ ਇੰਡੀਆ ਦੀਆਂ ਉਡਾਣਾਂ ਵਿਚ ਸਿਰੀ ਸਾਹਿਬ ਸਮੇਤ ਸਫਰ ਕਰਨ ਉਤੇ ਪੇਸ਼ ਆਉਂਦੀ ਮੁਸ਼ਕਲ ਸ਼ਾਮਲ ਹੈ। ਉਨ੍ਹਾਂ ਅੰਮ੍ਰਿਤਸਰ ਤੇ ਚੰਡੀਗੜ੍ਹ ਵਿਚਾਲੇ ਉਡਾਣਾਂ ਸ਼ੁਰੂ ਕਰਨ ਦੀ ਵੀ ਅਪੀਲ ਕੀਤੀ।

ਪੰਜਾਬ ਵਿਚ ਨਵੇਂ ਬਣੇ ਹਵਾਈ ਅੱਡੇ ਬਠਿੰਡਾ ਅਤੇ ਚੰਡੀਗੜ੍ਹ ਤੋਂ ਹਵਾਈ ਉਡਾਣਾਂ ਸ਼ੁਰੂ ਨਾ ਹੋਣ ਬਾਰੇ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨੇ ਆਖਿਆ ਕਿ ਇਸ ਬਾਰੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਮੁੱਦਾ ਉਠਾ ਚੁੱਕੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਬਠਿੰਡਾ ਤੋਂ ਹਵਾਈ ਉਡਾਣ ਸ਼ੁਰੂ ਕਰਨ ਲਈ ਕਿਸੇ ਨਿੱਜੀ ਕੰਪਨੀ ਨੇ ਰੁਚੀ ਨਹੀਂ ਦਿਖਾਈ, ਜਦੋਂ ਕਿ ਚੰਡੀਗੜ੍ਹ ਹਵਾਈ ਅੱਡਾ ਕੁਝ ਸਮਾਂ ਪਹਿਲਾਂ ਹੀ ਤਿਆਰ ਹੋਇਆ ਹੈ।

# ਰਾਮੂਵਾਲੀਆ ਯੂ.ਪੀ. ਵਿਧਾਨ ਪ੍ਰੀਸ਼ਦ ਲਈ ਮੈਂਬਰ ਨਾਮਜ਼ਦ



**ਲਖਨਊ:** ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਯੂ.ਪੀ. ਦੇ ਉਚ ਸਦਨ (ਵਿਧਾਨ ਪ੍ਰੀਸ਼ਦ) ਦੇ 29 ਅਪ੍ਰੈਲ 2022 ਤੱਕ ਮੈਂਬਰ ਨਾਮਜ਼ਦ ਕਰ ਦਿੱਤੇ ਗਏ ਹਨ। ਮੁੱਖ ਮੰਤਰੀ ਅਖਲੇਸ਼ ਯਾਦਵ ਨੇ ਹੀ ਰਾਮੂਵਾਲੀਆ ਦੀ ਫਾਈਲ ਗਵਰਨਰ ਰਾਮ ਨਾਇਕ ਨੂੰ ਭੇਜੀ ਤਾਂ ਉਨ੍ਹਾਂ ਤੁਰਤ ਸਹੀ ਪਾ ਦਿੱਤੀ।

ਸ. ਰਾਮੂਵਾਲੀਆ ਪਹਿਲਾਂ ਦੋ ਵਾਰ ਲੋਕ ਸਭਾ, ਇਕ ਵਾਰ ਰਾਜ ਸਭਾ ਦੇ ਮੈਂਬਰ, ਦੋ ਵਾਰ ਕੇਂਦਰੀ ਮੰਤਰੀ, ਭਾਰਤ ਸਰਕਾਰ ਦੇ ਘੱਟ ਗਿਣਤੀ ਕਮਿਸ਼ਨ ਦੇ ਵਾਈਸ ਚੇਅਰਮੈਨ ਅਤੇ ਹੋਰ ਕਮਿਸ਼ਨਾਂ ਵਿਚ ਉੱਚ ਅਹੁਦਿਆਂ ਉਤੇ ਰਹਿ ਚੁੱਕੇ ਹਨ। ਸ. ਰਾਮੂਵਾਲੀਆ ਦੇ ਓ.ਐਸ.ਡੀ. ਨਵਦੀਪ ਸਿੰਘ ਮੰਡੀ ਕਲਾਂ ਨੇ ਜਾਰੀ ਬਿਆਨ ਵਿਚ ਦੱਸਿਆ ਕਿ ਉਨ੍ਹਾਂ 31 ਅਕਤੂਬਰ, 2015 ਨੂੰ ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਵਜੋਂ ਸਹੁੰ ਚੁੱਕੀ ਸੀ। ਸਹੁੰ ਚੁੱਕਣ ਸਮੇਂ ਉਹ ਕਿਸੇ ਸਦਨ ਦੇ ਮੈਂਬਰ ਨਹੀਂ ਸਨ। ਇਸ ਲਈ ਉਨ੍ਹਾਂ ਦਾ ਛੇ ਮਹੀਨਿਆਂ ਤੋਂ ਪਹਿਲਾਂ ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਦੇ ਮੈਂਬਰ ਬਣਨਾ ਜ਼ਰੂਰੀ ਸੀ। ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਰਾਮੂਵਾਲੀਆ ਦੇ ਛੇ ਮਹੀਨੇ ਪੂਰੇ ਹੋਣ ਤੋਂ ਇਕ ਦਿਨ ਪਹਿਲਾਂ ਸਮਾਜ ਸੇਵਾ ਕੋਟੇ ਵਿਚੋਂ ਉਨ੍ਹਾਂ ਨੂੰ ਵਿਧਾਨ ਪ੍ਰੀਸ਼ਦ ਦੇ ਮੈਂਬਰ ਨਿਯੁਕਤ ਕਰਨ ਲਈ ਗਵਰਨਰ ਨੂੰ ਤੁਰਤ ਫਾਈਲ ਭੇਜ ਦਿੱਤੀ ਸੀ।

# ਸ੍ਰੀ ਹਰਿਮੰਦਰ ਸਾਹਿਬ ਵਿਚ ਮੁਫਤ ਵਾਈ-ਫਾਈ ਸਹੂਲਤ

**ਅੰਮ੍ਰਿਤਸਰ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਅਤੇ ਵੀਡੀਓਕਾਨ ਕੰਪਨੀ ਵੱਲੋਂ ਮੁਫਤ ਵਾਈ-ਫਾਈ ਦੀ ਸਹੂਲਤ ਦਿੱਤੀ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦੱਸਿਆ ਕਿ ਸ਼ਰਧਾਲੂਆਂ ਨੂੰ ਵਾਈ-ਫਾਈ ਦੀ ਸੇਵਾ ਮੁਹੱਈਆ ਕਰਵਾਉਣ ਲਈ ਕਨੈਕਟ, ਵੀਡੀਓਕਾਨ ਤੇ ਸ਼੍ਰੋਮਣੀ ਕਮੇਟੀ ਦੇ ਇੰਟਰਨੈਟ ਵਿਭਾਗ ਤੇ ਬਿਜਲੀ ਵਿਭਾਗ ਵੱਲੋਂ ਸਾਂਝੇ ਤੌਰ ਉਤੇ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵੀਡੀਓਕਾਨ ਕੰਪਨੀ ਵੱਲੋਂ ਇਹ ਸੇਵਾ ਮੁਫ਼ਤ ਮੁਹੱਈਆ ਕਰਵਾਈ ਜਾ ਰਹੀ ਹੈ ਜਿਸ ਦਾ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਥਿਤ ਗੁਰੂ ਅਰਜਨ ਦੇਵ ਸਰਾਂ, ਮਾਤਾ ਗੰਗਾ ਜੀ ਨਿਵਾਸ, ਗੁਰੂ ਹਰਗੋਬਿੰਦ ਨਿਵਾਸ ਸਰਾਵਾਂ ਵਿਚ ਕੰਮ ਮੁਕੰਮਲ ਹੋਣ ਕਰ ਕੇ ਇਥੇ ਇਹ ਸੇਵਾ ਸ਼ੁਰੂ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਮਰਿਯਾਦਾ ਨੂੰ ਮੁੱਖ ਰੱਖਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਪਰਕਰਮਾ ਵਿਚ ਇਹ ਸੇਵਾ ਨਹੀਂ ਦਿੱਤੀ ਜਾ ਰਹੀ, ਜਦਕਿ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਗਲਿਆਰਾ ਅਤੇ ਪਲਾਜਾ ਵਿਖੇ ਵੀ ਸ਼ਰਧਾਲੂ ਇਸ ਸੇਵਾ ਦਾ ਲਾਭ ਲੈ ਸਕਣਗੇ।

# ਦਿੱਲੀ ਨੂੰ ਪੂਰਨ ਰਾਜ ਦੇ ਦਰਜੇ ਲਈ ਘੜੀ ਰਣਨੀਤੀ

**ਨਵੀਂ ਦਿੱਲੀ:** ਕੇਜਰੀਵਾਲ ਸਰਕਾਰ ਵੱਲੋਂ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਲਈ ਬਿੱਲ ਤਿਆਰ ਕਰ ਲਿਆ ਗਿਆ ਹੈ ਤੇ ਇਸ ਬਿੱਲ ਨੂੰ ਲੈ ਕੇ ਦਿੱਲੀ ਵਾਸੀਆਂ ਵਿਚੋਂ ਰਾਇਸ਼ੁਮਾਰੀ ਕਰਵਾਈ ਜਾਵੇਗੀ। ਇਸ ਬਿੱਲ ਨੂੰ ਛੇਤੀ ਹੀ ਸਰਕਾਰ ਦੀ ਵੈੱਬਸਾਈਟ ਉਪਰ ਚਾੜ੍ਹ ਦਿੱਤਾ ਜਾਵੇਗਾ। ਕੇਜਰੀਵਾਲ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਬਿੱਲ ਨੂੰ ਅਗਲੇ ਵਿਧਾਨ ਸਭਾ ਸੈਸ਼ਨ ਦੌਰਾਨ ਸਦਨ ਵਿਚ ਪੇਸ਼ ਕੀਤਾ ਜਾਵੇ। ਇਸ ਤੋਂ ਪਹਿਲਾਂ ਦਿੱਲੀ ਵਿਧਾਨ ਸਭਾ ਵੱਲੋਂ 14 ਬਿੱਲ ਪਾਸ ਕਰ ਕੇ ਕੇਂਦਰ ਸਰਕਾਰ ਕੋਲ ਭੇਜੇ ਗਏ ਹਨ, ਜਿਨ੍ਹਾਂ ਦੀ ਫਾਈਲ ਹਾਲੇ ਅੱਗੇ ਨਹੀਂ ਤੁਰੀ ਹੈ।

ਸੂਤਰਾਂ ਮੁਤਾਬਕ ਕੇਜਰੀਵਾਲ ਸਰਕਾਰ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਵਾਲਾ ਬਿੱਲ ਤਿਆਰ ਕੀਤਾ ਹੈ ਤੇ 'ਆਪ' ਦੇ ਸਾਰੇ ਵਿਧਾਇਕ ਇਸ ਬਿੱਲ ਉਪਰ ਰਾਇਸ਼ੁਮਾਰੀ ਕਰਵਾਉਣਗੇ। 'ਦਿੱਲੀ ਰਾਜ ਬਿਲ-2016' ਨਾਮ ਦੇ ਇਸ ਬਿੱਲ ਨੂੰ ਵਿਧਾਇਕ ਲੋਕਾਂ ਵਿਚ ਲੈ ਕੇ ਜਾਣਗੇ ਤੇ ਉਨ੍ਹਾਂ ਦੀ ਰਾਇ ਲੈਣ ਦੇ ਨਾਲ-ਨਾਲ ਇਸ ਦੇ ਫਾਇਦੇ ਵੀ ਲੋਕਾਂ ਨੂੰ ਦੱਸਣਗੇ।

ਵੈੱਬਸਾਈਟ ਅਤੇ ਦਿੱਲੀ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਸਭਾਵਾਂ ਕਰ ਕੇ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਜਾਵੇਗਾ। ਭਾਜਪਾ ਵੱਲੋਂ ਵੀ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਵਾਅਦਾ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਕੀਤਾ ਜਾਂਦਾ ਰਿਹਾ ਹੈ, ਪਰ ਹੁਣ ਸਿਆਸੀ ਹਾਲਤ ਬਦਲੇ ਹੋਏ ਹਨ। ਦਿੱਲੀ ਸਰਕਾਰ ਤੇ ਕੇਂਦਰ ਸਰਕਾਰ ਦਰਮਿਆਨ ਅਧਿਕਾਰਾਂ ਨੂੰ ਲੈ ਕੇ ਪਹਿਲਾਂ ਹੀ 'ਖਿੱਚਧੂਹ' ਚੱਲ ਰਹੀ ਹੈ।

ਆਮ ਆਦਮੀ ਪਾਰਟੀ ਵੱਲੋਂ ਪਿਛਲੀਆਂ 2013 ਤੇ 2015 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦਾ ਵਾਅਦਾ ਕੀਤਾ ਗਿਆ ਸੀ ਤੇ 'ਆਪ' ਦੀਆਂ ਮੰਗਾਂ ਵਿਚ ਇਹ ਮੁੱਦਾ ਵੀ ਪ੍ਰਮੁੱਖ ਰਿਹਾ ਹੈ। ਸੂਤਰਾਂ ਮੁਤਾਬਕ ਕੇਜਰੀਵਾਲ ਸਰਕਾਰ ਵੱਲੋਂ ਇਸ ਬਿੱਲ ਬਾਰੇ ਵਿਰੋਧੀ ਧਿਰ ਭਾਜਪਾ ਅਤੇ ਕਾਂਗਰਸ ਤੋਂ ਵੀ ਰਾਇ ਲਈ ਜਾ ਸਕਦੀ ਹੈ। ਅਧਿਕਾਰਾਂ ਦੇ ਮੁੱਦੇ 'ਤੇ ਪਹਿਲਾਂ ਹੀ ਕੇਂਦਰ ਸਰਕਾਰ ਅਤੇ ਦਿੱਲੀ ਸਰਕਾਰ ਦਰਮਿਆਨ ਖੜਕਦੀ ਆਈ ਹੈ। ਹੁਣ ਮੁੜ ਦੋਵਾਂ ਸਰਕਾਰ ਦਰਮਿਆਨ ਸਿਆਸੀ ਰੱਸਾਕਸ਼ੀ ਹੋ ਸਕਦੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਕੇਜਰੀਵਾਲ ਸਰਕਾਰ ਮੁੜ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉਪਰ ਦਬਾਅ ਪਾਉਣਾ ਚਾਹੁੰਦੀ ਹੈ।

ਪਿਛਲੀ ਵਾਰ ਜਨ ਲੋਕਪਾਲ ਬਿਲ ਨੂੰ ਦਿੱਲੀ ਵਿਧਾਨ ਸਭਾ ਵਿਚ ਪੇਸ਼ ਕਰਨ ਮੌਕੇ ਕਾਂਗਰਸ ਤੇ ਭਾਜਪਾ ਦੇ ਇਕ ਹੋ ਜਾਣ ਕਰ ਕੇ ਕੇਜਰੀਵਾਲ ਸਰਕਾਰ 49ਵੇਂ ਦਿਨ ਹੀ ਡਿੱਗ ਪਈ ਸੀ, ਜਿਸ ਤੋਂ ਸਬਕ ਲੈਂਦਿਆਂ ਕੇਜਰੀਵਾਲ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਲਈ ਲੋਕਾਂ ਨਾਲ ਵਾਅਦਾ ਕੀਤਾ ਤੇ 67 ਸੀਟਾਂ ਜਿੱਤ ਕੇ ਮੁੜ ਦਿੱਲੀ ਦੇ ਮੁੱਖ ਮੰਤਰੀ ਬਣੇ।

## ਔਡ-ਈਵਨ ਨੇ ਦਿੱਲੀ ਪੁਲਿਸ ਕੀਤੀ ਮਾਲੋ-ਮਾਲ

**ਨਵੀਂ ਦਿੱਲੀ :** ਦਿੱਲੀ ਸਰਕਾਰ ਵੱਲੋਂ ਰਾਜਧਾਨੀ ਵਿਚ ਲਾਗੂ ਕੀਤੇ ਗਏ ਔਡ-ਈਵਨ ਫਾਰਮੂਲੇ ਨੇ ਪੁਲਿਸ ਨੂੰ ਮਾਲੋ-ਮਾਲ ਕਰ ਦਿੱਤਾ ਹੈ। ਔਡ-ਈਵਨ ਦੇ ਦੂਜੇ ਗੇੜ ਦੇ 15 ਦਿਨਾਂ ਵਿਚ 9,576 ਲੋਕਾਂ ਦੇ ਚਲਾਨ ਕੱਟੇ ਗਏ ਜਿਸ ਤੋਂ ਪੁਲਿਸ ਨੇ 1.91 ਕਰੋੜ ਦੀ ਵਸੂਲੀ ਕੀਤੀ ਹੈ। ਪਿਛਲੀ ਵਾਰ ਚਲਾਨ ਦਾ ਅੰਕੜਾ 10 ਹਜ਼ਾਰ 58 ਸੀ। ਚਲਾਨ ਦੇ ਇਹ ਅੰਕੜੇ ਦਿੱਲੀ ਪੁਲਿਸ ਵੱਲੋਂ ਜਾਰੀ ਕੀਤੇ ਗਏ ਹਨ। ਦਿੱਲੀ ਸਰਕਾਰ ਨੇ 15 ਤੋਂ 30 ਅਪਰੈਲ ਦੇ ਵਿਚਕਾਰ ਔਡ-ਈਵਨ ਫਾਰਮੂਲਾ ਲਾਗੂ ਕੀਤਾ ਸੀ। ਦੂਜੇ ਪਾਸੇ ਦਿੱਲੀ ਦੇ ਸਕੂਲ ਆਫ਼ ਪਲੈਨਿੰਗ ਐਂਡ ਆਰਕੀਟੈਕਚਰ (ਐਸ.ਪੀ.ਏ.) ਦੇ ਅੰਕੜਿਆਂ ਨੇ ਔਡ-ਈਵਨ ਨੂੰ ਪੂਰੀ ਤਰ੍ਹਾਂ ਫੇਲ੍ਹ ਦੱਸਿਆ ਹੈ।ਸੰਸਥਾ ਅਨੁਸਾਰ ਦਿੱਲੀ ਵਿਚ ਨਾ ਤਾਂ ਪ੍ਰਦੂਸ਼ਣ ਘੱਟ ਹੋਇਆ ਹੈ ਤੇ ਨਾ ਹੀ ਗੱਡੀਆਂ ਦੀ ਗਿਣਤੀ ਵਿਚ ਕਮੀ ਆਈ ਹੈ।




ਸੰਸਥਾ ਦੀ ਰਿਪੋਰਟ ਅਨੁਸਾਰ ਨਿੱਜੀ ਕਾਰਾਂ ਉਤੇ ਨਿਯਮ ਲਾਗੂ ਹੋਣ ਨਾਲ ਟੈਕਸੀਆਂ ਦੀ ਗਿਣਤੀਆਂ ਵਿਚ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਲੋਕਾਂ ਨੇ ਨਕਲੀ ਸੀ.ਐਨ.ਜੀ. ਸਟਿੱਕਰ ਲਾ ਕੇ ਵੀ ਸਰਕਾਰ ਦੀ ਇਸ ਸਕੀਮ ਦੀ ਫੂਕ ਕੱਢੀ। ਸੰਸਥਾ ਅਨੁਸਾਰ ਪੁਰਾਣੀਆਂ ਕਾਰਾਂ ਦਾ ਇਸਤੇਮਾਲ ਜ਼ਿਆਦਾ ਹੋਣ ਨਾਲ ਰਾਜਧਾਨੀ ਵਿਚ ਪ੍ਰਦੂਸ਼ਣ ਦੀ ਮਾਤਰਾ ਲਗਾਤਾਰ ਵਧੀ ਹੈ।

## ਸਿਆਸੀ ਖਹਿਬਾਜ਼ੀ ਨੇ ਲਈ ਸੀ ਪਾਕਿ ਵਿਚ ਸਿੱਖ ਆਗੂ ਦੀ ਜਾਨ

**ਪੇਸ਼ਾਵਰ:** ਪਾਕਿਸਤਾਨ 'ਚ ਪਿਛਲੇ ਦਿਨੀਂ ਕਤਲ ਕੀਤੇ ਗਏ ਸਿੱਖ ਆਗੂ ਸਵਰਨ ਸਿੰਘ ਦੇ ਕਤਲ ਦੇ ਮਾਮਲੇ ਵਿਚ ਹੁਣ ਪਾਕਿਸਤਾਨੀ ਅਵਾਮੀ ਨੈਸ਼ਨਲ ਲੀਗ ਪਾਰਟੀ ਦੇ ਸਾਬਕਾ ਸੈਨੇਟਰ ਦਾ ਨਾਮ ਵੀ ਉੱਛਲਨ ਲੱਗਾ ਹੈ।

ਸਵਰਨ ਦੇ ਕਤਲ ਦੀ ਜਾਂਚ ਕਰ ਰਹੀ ਪੁਲਿਸ ਟੀਮ ਦਾ ਕਹਿਣਾ ਹੈ ਕਿ ਇਸ ਮਾਮਲੇ ਵਿਚ ਜਿਨ੍ਹਾਂ ਵਿਅਕਤੀਆਂ ਉਤੇ ਸ਼ੱਕ ਹੈ, ਉਨ੍ਹਾਂ ਵਿਚ ਸਾਬਕਾ ਸੈਨੇਟਰ ਅਮਰਜੀਤ ਮਲਹੋਤਰਾ ਦਾ ਨਾਮ ਵੀ ਸ਼ਾਮਲ ਹੈ। ਸਵਰਨ ਸਿੰਘ ਦੇ ਕਤਲ ਮਾਮਲੇ ਵਿਚ ਪੁਲਿਸ ਪਹਿਲਾਂ ਹੀ ਤਹਿਰੀਕ-ਏ-ਇਨਸਾਫ ਪਾਰਟੀ ਦੇ ਆਗੂ ਬਲਦੇਵ ਕੁਮਾਰ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਪੁਲਿਸ ਅਨੁਸਾਰ ਬਲਦੇਵ ਕੁਮਾਰ ਨੇ 10 ਲੱਖ ਦੀ ਸੁਪਾਰੀ ਦੇ ਕੇ ਸਵਰਨ ਸਿੰਘ ਦੀ ਹੱਤਿਆ ਕਰਵਾਈ ਸੀ। ਬਲਦੇਵ ਕੁਮਾਰ ਪਾਰਟੀ ਦੀ ਟਿਕਟ ਸਵਰਨ ਸਿੰਘ ਨੂੰ ਦਿੱਤੇ ਜਾਣ ਕਾਰਨ ਨਾਰਾਜ਼ ਸੀ। ਸਵਰਨ ਸਿੰਘ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਖ਼ੈਬਰ ਪਖਤੂਨਖਵਾ ਦੇ ਮੁੱਖ ਮੰਤਰੀ ਦੇ ਵਿਸ਼ੇਸ਼ ਸਹਾਇਕ ਦੇ ਅਹੁਦੇ ਉਤੇ ਸਨ। ਸਵਰਨ ਸਿੰਘ ਦੀ ਹੱਤਿਆ 22 ਅਪਰੈਲ ਨੂੰ ਕਰ ਦਿੱਤੀ ਗਈ ਸੀ।

# ਹਜਕਾਂ ਦੇ ਰਲੇਵੇਂ ਨਾਲ ਕਾਂਗਰਸ ਨੂੰ ਹੁਲਾਰਾ ਮਿਲਣ ਦੇ ਆਸਾਰ



**ਚੰਡੀਗੜ੍ਹ (ਬਿਊਰੋ):** ਮੁੱਖ ਮੰਤਰੀ ਭਜਨ ਲਾਲ ਦੇ ਲੜਕੇ ਕੁਲਦੀਪ ਬਿਸ਼ਨੋਈ ਦੀ ਅਗਵਾਈ ਵਾਲੀ ਹਰਿਆਣਾ ਜਨਹਿੱਤ ਕਾਂਗਰਸ (ਹਜਕਾਂ) ਦਾ ਕਾਂਗਰਸ ਪਾਰਟੀ ਵਿਚ ਰਲੇਵਾਂ ਹੋਣ ਨਾਲ ਹਰਿਆਣਾ 'ਚ ਕਾਂਗਰਸ ਪਾਰਟੀ ਨੂੰ ਹੁਲਾਰਾ ਮਿਲਣ ਦੇ ਆਸਾਰ ਬਣ ਗਏ ਹਨ, ਪਰ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀ ਰਲੇਵੇਂ ਮੌਕੇ ਗੈਰ ਹਾਜ਼ਰੀ ਖਟਕਦੀ ਰਹੀ ਤੇ ਇਸ ਕਰਕੇ ਕਈ ਤਰ੍ਹਾਂ ਦੀ ਚਰਚਾ ਛਿੜ ਗਈ ਹੈ। ਇਸ ਰਲੇਵੇਂ ਨਾਲ ਕਾਂਗਰਸ ਪਾਰਟੀ ਨੂੰ ਸੂਬੇ ਦੇ ਗੈਰ ਜਾਟਾਂ ਵਿਚ ਹੁਲਾਰਾ ਮਿਲਣ ਦੀ ਆਸ ਬੱਝ ਗਈ ਹੈ।

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਮੀਤ ਪ੍ਰਧਾਨ ਰਾਹੁਲ ਗਾਂਧੀ, ਹਰਿਆਣਾ ਕਾਂਗਰਸ ਮਾਮਲਿਆਂ ਦੇ ਇੰਚਾਰਜ ਤੇ ਕਾਂਗਰਸ ਦੇ ਜਨਰਲ ਸਕੱਤਰ ਸ਼ਕੀਲ ਅਹਿਮਦ ਦੀ ਮੌਜੂਦਗੀ ਵਿਚ ਕਾਂਗਰਸ ਪਾਰਟੀ ਦੇ ਦਿੱਲੀ ਵਿਚਲੇ ਹੈਡਕੁਆਟਰ ਵਿਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਦੀਪ ਬਿਸ਼ਨੋਈ ਨੇ ਕਿਹਾ ਕਿ ਉਹ ਕਦੇ ਵੀ ਕਾਂਗਰਸ ਪਾਰਟੀ ਨਾਲੋਂ ਵੱਖ ਨਹੀਂ ਹੋਏ, ਕਾਂਗਰਸ ਪਾਰਟੀ ਉਨ੍ਹਾਂ ਦੇ ਖੂਨ 'ਚ ਵਸੀ ਹੋਈ ਹੈ। ਉਨ੍ਹਾਂ ਨੇ ਜਿਹੜੀ ਪਾਰਟੀ ਬਣਾਈ ਸੀ, ਉਸ ਦਾ ਨਾਂ ਵੀ ਹਰਿਆਣਾ ਜਨਹਿੱਤ ਕਾਂਗਰਸ ਸੀ। ਇਸ ਦਾ ਭਾਵ ਉਹ ਕਾਂਗਰਸ ਨਾਲ ਜੁੜੇ ਰਹੇ ਹਨ। ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਸਾਡੇ ਨੇਤਾ ਹਨ ਤੇ ਅਸੀਂ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਕੰਮ ਕਰਾਂਗੇ।

ਕਾਂਗਰਸ ਦੇ ਜਨਰਲ ਸਕੱਤਰ ਸ਼ਕੀਲ ਅਹਿਮਦ ਨੇ ਸਾਬਕਾ ਮੁੱਖ ਮੰਤਰੀ ਹੁੱਡਾ ਦੀ ਗੈਰਹਾਜ਼ਰੀ ਦਾ ਜੁਆਬ ਦਿੰਦਿਆਂ ਕਿਹਾ ਕਿ ਹਜਕਾਂ ਦਾ ਕਾਂਗਰਸ ਵਿਚ ਰਲੇਵਾਂ ਹੁੱਡਾ ਦੀ ਸਹਿਮਤੀ ਨਾਲ ਹੋਇਆ ਹੈ। ਉਨ੍ਹਾਂ ਕਿਹਾ ਕਿ ਬਿਸ਼ਨੋਈ ਤੇ ਉਨ੍ਹਾਂ ਦੇ ਸਾਥੀਆਂ ਦੇ ਕਾਂਗਰਸ ਵਿਚ ਸ਼ਾਮਲ ਹੋਣ ਨਾਲ ਪਾਰਟੀ ਮਜ਼ਬੂਤ ਹੋਵੇਗੀ ਤੇ ਉਨ੍ਹਾਂ ਨੂੰ ਪਾਰਟੀ ਅੰਦਰ ਅਹਿਮ ਜ਼ਿੰਮੇਵਾਰੀ ਦਿੱਤੀ ਜਾਵੇਗੀ।

# ਪਤੰਜਲੀ ਨੇ ਰਾਮਦੇਵ ਨੂੰ ਕੀਤਾ ਮਾਲੋਮਾਲ

**ਨਵੀਂ ਦਿੱਲੀ:** ਪਤੰਜਲੀ ਦੀਆਂ ਵਸਤਾਂ ਨੇ ਬਾਬਾ ਰਾਮਦੇਵ ਨੂੰ ਮਾਲੋਮਾਲ ਕਰ ਦਿੱਤਾ ਹੈ। ਬਾਬਾ ਰਾਮਦੇਵ ਦਾ ਕਾਰੋਬਾਰ ਪੰਜ ਹਜ਼ਾਰ ਕਰੋੜ ਤੋਂ ਉੱਪਰ ਆ ਚੁੱਕਾ ਹੈ ਤੇ 2016-17 ਲਈ ਬਾਬਾ ਰਾਮਦੇਵ ਨੇ 10,000 ਕਰੋੜ ਦਾ ਟੀਚਾ ਰੱਖਿਆ ਹੈ। ਗਾਂ ਦੇ ਘਿਉ ਤੋਂ ਬਾਬਾ ਰਾਮਦੇਵ ਨੇ 1308 ਕਰੋੜ ਦੀ ਕਮਾਈ ਕੀਤੀ ਹੈ। ਰਾਮਦੇਵ ਦੀ ਕੰਪਨੀ ਪਤੰਜਲੀ ਦੇ ਇਸ ਸਮੇਂ ਦੇਸ਼ ਵਿਚ 40000 ਡਿਸਟ੍ਰੀਬਿਊਟਰ, 10000 ਸਟੋਰ ਤੇ 100 ਮੈਗਾ ਤੇ ਰਿਟੇਲ ਸਟੋਰ ਹਨ।

ਰਾਮਦੇਵ ਦੇ ਨਿਸ਼ਾਨੇ ਉਤੇ ਵਿਦੇਸ਼ੀ ਕੰਪਨੀਆਂ ਵੀ ਆ ਗਈਆਂ ਹਨ। ਰਾਮਦੇਵ ਨੇ ਦਾਅਵਾ ਕੀਤਾ ਕਿ ਉਹ ਤਿੰਨ ਵਿਦੇਸ਼ੀ ਕੰਪਨੀਆਂ ਨੂੰ ਭਾਰਤੀ ਬਾਜ਼ਾਰ ਵਿਚੋਂ ਪੂਰੀ ਤਰ੍ਹਾਂ ਖਤਮ ਕਰ ਦੇਣਗੇ। ਰਾਮਦੇਵ ਨੇ ਆਖਿਆ ਕਿ ਉਨ੍ਹਾਂ ਦਾ ਦੰਤ ਕ੍ਰਾਂਤੀ ਵਿਦੇਸ਼ੀ ਕੰਪਨੀ ਕੋਲਗੇਟ ਨੂੰ, ਕੇਸ਼ ਕ੍ਰਾਂਤੀ ਪੈਂਟੀਨ ਨੂੰ ਤੇ ਫੂਡ ਪ੍ਰੋਡੈਕਟ ਨੈਸਲੇ ਨੂੰ ਪੂਰੀ ਤਰ੍ਹਾਂ ਭਾਰਤੀ ਮਾਰਕੀਟ ਤੋਂ ਬਾਹਰ ਕਰ ਦੇਣਗੇ। ਯੋਗ ਗੁਰੂ ਨੇ ਇਹ ਵੀ ਦਾਅਵਾ ਕੀਤਾ ਕਿ ਪਿਛਲੇ ਚਾਰ ਸਾਲ ਵਿਚ ਉਨ੍ਹਾਂ ਦੇ ਕਾਰੋਬਾਰ ਵਿਚ 1100 ਫੀ ਸਦੀ ਦਾ ਵਾਧਾ ਹੋਇਆ ਹੈ। ਉਨ੍ਹਾਂ ਆਖਿਆ ਕਿ ਅਜੇ ਤਾਂ ਉਨ੍ਹਾਂ ਦੀ ਸ਼ੁਰੂਆਤ ਹੋਈ ਹੈ ਪਰ ਉਨ੍ਹਾਂ ਦੀ ਚਰਚਾ ਕਾਰਪੋਰੇਟ ਤੋਂ ਲੈ ਕੇ ਬਾਲੀਵੁੱਡ ਜਗਤ ਵਿਚ ਹੋ ਰਹੀ ਹੈ। ਰਾਮਦੇਵ ਨੇ ਆਖਿਆ ਕਿ ਉਨ੍ਹਾਂ ਨੇ ਆਪਣੇ ਪ੍ਰੋਡੈਕਟ ਨੂੰ ਵੇਚਣ ਲਈ ਕਦੇ ਵੀ ਝੂਠ ਦਾ ਸਹਾਰਾ ਨਹੀਂ ਲਿਆ ਤੇ ਨਾ ਹੀ ਉਨ੍ਹਾਂ ਨੇ ਕਿਸੇ ਦਾ ਬਾਜ਼ਾਰ ਖੋਹਿਆ ਹੈ।

# ਉਘੇ ਗੀਤਕਾਰ ਮੰਗਲ ਹਠੂਰ ਦਾ ਫਰਿਜ਼ਨੋ ਵਿਖੇ ਸੁਆਗਤ



**ਫਰਿਜ਼ਨੋ (ਬਿਊਰੋ):** ਉਘੇ ਗੀਤਕਾਰ ਮੰਗਲ ਹਠੂਰ ਅੱਜ ਕੱਲ ਆਪਣੀ ਅਮਰੀਕਾ ਫੇਰੀ 'ਤੇ ਹਨ, ਇਸੇ ਕੜੀ ਤਹਿਤ ਉਹ ਲੰਘੇ ਮੰਗਲਵਾਰ ਉਘੇ ਟਰਾਂਸਪੋਰਟਰ ਨਾਜ਼ਰ ਸਿੰਘ ਸਹੋਤਾ ਦੇ ਸੱਦੇ 'ਤੇ ਫਰਿਜ਼ਨੋ ਪਹੁੰਚੇ ਜਿਥੇ ਉਨ੍ਹਾਂ ਦੇ ਸੁਆਗਤ ਲਈ ਜਪਾਨੀ ਰੈਸਟੋਰੈਂਟ ਟਕੂਮੀਂ ਵਿਖੇ ਇੱਕ ਵਿਸ਼ੇਸ਼ ਦੁਪਿਹਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ।

ਇਸ ਮੌਕੇ ਉਨ੍ਹਾਂ ਆਪਣੀ ਸ਼ਾਇਰੀ ਰਾਹੀਂ ਖੂਬ ਰੰਗ ਬੰਨਿਆ ਅਤੇ ਪੱਤਰਕਾਰ ਨੀਟਾ ਮਾਛੀਕੇ ਦੀਆਂ ਦੋ ਕਿਤਾਬਾਂ- 'ਜਾਗਦੇ ਰਹੋ ਦਾ ਹੋਕਾ' ਅਤੇ 'ਸ਼ਹੀਦ-ਏ-ਆਜ਼ਮ ਭਗਤ ਸਿੰਘ' ਉਨ੍ਹਾਂ ਨੂੰ ਭੇਟ ਕੀਤੀਆਂ ਗਈਆਂ। ਮੰਗਲ ਹਠੂਰ ਦੀ ਨਵੀਂ ਪੁਸਤਕ 'ਜਿਗਰ' ਬਾਰੇ ਵੀ ਵਿਚਾਰ ਚਰਚਾ ਹੋਈ। ਜ਼ਿਕਰਯੋਗ ਹੈ ਕਿ ਮੰਗਲ ਨੇ ਜਿਥੇ ਹੁਣ ਤੱਕ ਹਜ਼ਾਰਾਂ ਸਾਫ਼ ਸੁਥਰੇ ਗੀਤ ਲਿਖੇ ਹਨ ਉਥੇ ਉਨ੍ਹਾਂ ਦੀਆਂ ਦਸ ਪੁਸਤਕਾਂ ਵੀ ਪੰਜਾਬੀ ਮਾਂ ਬੋਲੀ ਦੇ ਸਹਿਤਕ ਵਿਹੜੇ ਦਾ ਸ਼ਿੰਗਾਰ ਬਣੀਆਂ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੰਤੋਖ ਸਿੰਘ ਜੱਜ, ਸੁਖਦੇਵ ਸਿੰਘ ਢਿੱਲੋਂ, ਹਾਕਮ ਸਿੰਘ ਢਿੱਲੋਂ, ਸੁਖਦੇਵ ਸਿੰਘ ਗਰੇਵਾਲ ਅਤੇ ਪੰਮਾ ਗਿੱਲ ਮੌਜੂਦ ਸਨ।

# ਭਾਰਤ ਖਿਲਾਫ ਐਫ-16 ਜਹਾਜ਼ ਦੀ ਵਰਤੋਂ ਕਰ ਸਕਦਾ ਹੈ ਪਾਕਿ

**ਵਾਸ਼ਿੰਗਟਨ:** ਅਮਰੀਕਾ ਨੇ ਅਤਿਵਾਦ ਨਾਲ ਲੜਨ ਲਈ ਪਾਕਿਸਤਾਨ ਨੂੰ 8 ਐਫ-16 ਜਹਾਜ਼ ਵੇਚੇ ਹਨ। ਸੀਨੀਅਰ ਅਮਰੀਕੀ ਸੰਸਦ ਮੈਂਬਰਾਂ ਨੇ ਓਬਾਮਾ ਪ੍ਰਸ਼ਾਸਨ ਦੇ ਇਸ ਫੈਸਲੇ 'ਤੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਹੈ ਕਿ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਅਤਿਵਾਦ ਖਿਲਾਫ਼ ਲੜਾਈ ਵਿਚ ਨਹੀਂ ਬਲਕਿ ਭਾਰਤ ਖਿਲਾਫ਼ ਕੀਤੀ ਜਾ ਸਕਦੀ ਹੈ। ਸੰਸਦ ਮੈਂਬਰ ਮੈਟ ਸੈਲਮਨ ਨੇ ਕਾਂਗਰਸ ਵਿਚ ਸੁਣਵਾਈ ਦੌਰਾਨ ਕਿਹਾ, ਮੇਰੇ ਨਾਲ ਕਾਂਗਰਸ ਦੇ ਕਈ ਹੋਰ ਮੈਂਬਰਾਂ ਨੇ ਇਸ ਫੈਸਲੇ 'ਤੇ ਗੰਭੀਰ ਸਵਾਲ ਉਠਾਏ ਹਨ। ਪਾਕਿਸਤਾਨ ਨੇ ਕਿਹਾ,ਉਹ ਇਨ੍ਹਾਂ ਜਹਾਜ਼ਾਂ ਦੀ ਵਰਤੋਂ ਅਤਿਵਾਦੀਆਂ ਖਿਲਾਫ਼ ਕਰੇਗਾ, ਪਰ ਕੁਝ ਲੋਕ ਸਵਾਲ ਉਠਾ ਰਹੇ ਹਨ ਕਿ ਐਫ-16 ਜਹਾਜ਼ਾਂ ਦੀ ਵਰਤੋਂ ਅਤਿਵਾਦੀਆਂ ਦੀ ਬਜਾਏ ਭਾਰਤ ਜਾਂ ਹੋਰ ਖੇਤਰੀ ਸ਼ਕਤੀਆਂ ਦੇ ਖਿਲਾਫ਼ ਕੀਤੀ ਜਾ ਸਕਦੀ ਹੈ।

ਅਮਰੀਕੀ ਸੰਸਦ ਮੈਂਬਰ ਬ੍ਰੈਡ ਸਰਮਨ ਨੇ ਕਿਹਾ ਕਿ ਸਾਨੂੰ ਪਾਕਿ ਨੂੰ ਇਸ ਤਰ੍ਹਾਂ ਦੇ ਆਧੁਨਿਕ ਹਥਿਆਰ ਅਤਿਵਾਦੀਆਂ ਦੀ ਤਲਾਸ਼ ਲਈ ਦੇਣ ਦੀ ਜ਼ਰੂਰਤ ਹੈ ਨਾ ਕਿ ਭਾਰਤ ਦੇ ਖਿਲਾਫ਼ ਜੰਗ ਲਈ।

# ਵੱਧ ਤਨਖਾਹਾਂ ਲੈਣ ਵਾਲੇ ਸੌ ਮੁੱਖ ਕਾਰਜਕਾਰੀ ਅਧਿਕਾਰੀਆਂ 'ਚ 3 ਭਾਰਤੀ

**ਨਵੀਂ ਦਿੱਲੀ:** ਆਲਮੀ ਪੱਧਰ ਉਤੇ ਸਭ ਤੋਂ ਵੱਧ ਤਨਖਾਹਾਂ ਲੈਣ ਵਾਲੇ 100 ਮੁੱਖ ਕਾਰਜਕਾਰੀ ਅਧਿਕਾਰੀਆਂ (ਸੀ.ਈ.ਓਜ਼) ਦੀ ਜਾਰੀ ਸੂਚੀ ਵਿਚ ਭਾਰਤੀ ਮੂਲ ਦੀਆਂ ਤਿੰਨ ਸ਼ਖ਼ਸੀਅਤਾਂ ਆਪਣਾ ਨਾਂ ਦਰਜ ਕਰਾਉਣ ਵਿਚ ਸਫਲ ਰਹੀਆਂ ਹਨ।

ਇਕੁਇਲਰ ਵੱਲੋਂ ਤਿਆਰ ਇਸ ਸੂਚੀ ਵਿਚ ਪੈਪਸੀਕੋ ਦੀ ਸੀ.ਈ.ਓ ਇੰਦਰਾ ਨੂਈ 22.2 ਮਿਲੀਅਨ ਦੇ ਮਿਹਨਤਾਨੇ ਨਾਲ ਅੱਠਵੇਂ, ਲਿਓਨਡੈੱਲ ਬੈਸਲਜ਼ ਦਾ ਭਾਵੇਸ਼ ਪਟੇਲ 24.5 ਮਿਲੀਅਨ ਡਾਲਰ ਨਾਲ ਛੇਵੇਂ ਤੇ ਮਾਈਕਰੋਸਾਫਟ ਦਾ ਸੀ.ਈ.ਓ. ਸਤਿਆ ਨਾਦੇਲਾ 18.3 ਮਿਲੀਅਨ ਦੇ ਅੰਕੜੇ ਨਾਲ 26ਵੇਂ ਸਥਾਨ ਉਤੇ ਹਨ।


# ਗੁਰਦੁਆਰਾ ਸਾਹਿਬ ਐਲ ਸਬਰਾਂਟੇ (ਕੈਲੀਫੋਰਨੀਆ)

**3550 Hillcrest Rd, El Sobrante, CA 94803**



ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ 'ਭਾਈ ਸਾਹਿਬ' ਭਾਈ ਪਿੰਦਰਪਾਲ ਸਿੰਘ ਜੀ ਗੁਰਦੁਆਰਾ ਐਲ ਸਬਰਾਂਟੇ ਵਿਖੇ ਐਤਵਾਰ 8 ਮਈ 2016 ਨੂੰ ਪਹੁੰਚ ਰਹੇ ਹਨ। ਭਾਈ ਪਿੰਦਰਪਾਲ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ 8 ਮਈ ਤੋਂ 11 ਮਈ 2016 (ਐਤਵਾਰ, ਸੋਮਵਾਰ, ਮੰਗਲਵਾਰ ਤੇ ਬੁੱਧਵਾਰ) ਤੱਕ ਕਥਾ ਵਿਆਖਿਆ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ। ਉਹ ਐਤਵਾਰ 8 ਮਈ ਨੂੰ 12:30 ਤੋਂ 2 ਵਜੇ ਤੱਕ ਅਤੇ ਸੋਮਵਾਰ ਤੋਂ ਬੁੱਧਵਾਰ ਤੱਕ ਸ਼ਾਮ 7 ਤੋਂ ਰਾਤ 9 ਵਜੇ ਤੱਕ ਕਥਾ ਵਿਆਖਿਆ ਕਰਨਗੇ।



*ਭਾਈ ਪਿੰਦਰਪਾਲ ਸਿੰਘ ਜੀ*

ਗੁਰਦੁਆਰਾ ਸਾਹਿਬ ਵਿਖੇ 6 ਮਈ ਨੂੰ ਅਖੰਡ ਪਾਠ ਅਰੰਭ ਹੋਵੇਗਾ ਅਤੇ 8 ਮਈ ਨੂੰ ਸਵੇਰੇ 10 ਵਜੇ ਭੋਗ ਪਵੇਗਾ।
*(ਅਖੰਡ ਪਾਠ ਦੀ ਸੇਵਾ ਭਾਈ ਜਗਜੀਤ ਸਿੰਘ ਅਤੇ ਪਰਿਵਾਰ ਵਲੋਂ ਹੋਵੇਗੀ)*

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਵਿਚ ਪੰਥ ਦੇ ਪ੍ਰਸਿਧ ਰਾਗੀ ਭਾਈ ਬਹਾਦਰ ਸਿੰਘ ਜੀ ਰੌਕਟ ਯੂ ਕੇ ਵਾਲੇ 12 ਮਈ ਤੋਂ 14 ਮਈ (ਵੀਰਵਾਰ, ਸ਼ੁੱਕਰਵਾਰ ਅਤੇ ਸਨਿਚਰਵਾਰ) ਨੂੰ ਸ਼ਾਮ 7 ਤੋਂ 8 ਵਜੇ ਤੱਕ ਅਤੇ 15 ਮਈ, ਐਤਵਾਰ ਨੂੰ ਦੁਪਹਿਰ 12 ਤੋਂ ਇਕ ਵਜੇ ਤੱਕ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰਨਗੇ।

ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਸਾਰੇ ਗੁਰਦੁਆਰਾ ਐਲ ਸਬਰਾਂਟੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਅਤੇ ਗੁਰੂ ਘਰ ਦੀਆਂ ਰੌਣਕਾਂ ਵਧਾਓ ਜੀ।



*ਨੋਟ: ਜੇ ਕੋਈ ਸੱਜਣ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਨਾ ਚਾਹੁੰਦਾ ਹੈ ਤਾਂ ਉਹ ਇਸ ਸਬੰਧੀ ਫਾਰਮ ਦਿਨ ਐਤਵਾਰ, 8 ਮਈ ਨੂੰ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕਰ ਸਕਦਾ ਹੈ।*


*ਹੋਰ ਜਾਣਕਾਰੀ ਲਈ ਸੰਪਰਕ ਕਰੋ*
ਇੰਦਰਜੀਤ ਸਿੰਘ (ਪ੍ਰਧਾਨ) 510-774-4118, ਵਰਿੰਦਰ ਸਿੰਘ (ਸਕੱਤਰ) 510-928-4625 ਤੇ ਕੁਲਵਿੰਦਰ ਸਿੰਘ (ਵਾਈਸ ਸਕੱਤਰ) 510-472-2749

# 'ਅਖੌਤੀ ਅਕਾਲੀਆਂ' ਨੇ ਲੋਕ-ਮੁੱਦਿਆਂ ਨੂੰ ਤਿਲਾਂਜਲੀ ਦਿੱਤੀ: ਖਹਿਰਾ

**ਸ਼ਿਕਾਗੋ (ਬਿਊਰੋ):** ਪੰਜਾਬ ਦੇ 'ਅਖੌਤੀ ਲੀਡਰ' ਲੋਕਾਂ ਦੇ ਅਸਲ ਮੁੱਦਿਆਂ ਨੂੰ ਤਿਲਾਂਜਲੀ ਦੇ ਚੁਕੇ ਹਨ ਤੇ ਸਿਰਫ ਨਿਜੀ ਮੁਫਾਦ ਲਈ ਸੱਤਾ ਦੀ ਵਰਤੋਂ ਕਰ ਰਹੇ ਹਨ। ਇਸ ਮਾਮਲੇ 'ਚ ਕਾਂਗਰਸੀ ਵੀ ਅੰਦਰਖਾਤੇ ਉਨ੍ਹਾਂ ਨਾਲ ਰਲੇ ਹੋਏ ਹਨ। ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਇਕ ਤਰ੍ਹਾਂ ਨਾਲ ਰਲ ਕੇ ਸਿਆਸੀ ਖੇਡ ਖੇਡ ਰਹੇ ਹਨ। ਪੰਜਾਬ ਨੂੰ ਖੁਸ਼ਹਾਲ ਬਣਾਉਣ ਲਈ ਵਸੀਲਿਆਂ ਦੀ ਕਮੀ ਨਹੀਂ ਪਰ ਸਿਸਟਮ ਦੀ ਵਾਗਡੋਰ ਸਹੀ ਹੱਥਾਂ ਵਿਚ ਨਾ ਹੋਣ ਕਾਰਨ ਪੰਜਾਬ ਵਿਚ ਅਰਾਜਕਤਾ ਵਾਲਾ ਮਾਹੌਲ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਇਥੇ ਬੈਨਸਨਵਿਲ ਦੇ ਕੈਸਕੇਡ ਬੈਂਕੁਇਟ ਹਾਲ ਵਿਚ ਲੰਘੇ ਵੀਰਵਾਰ ਨੂੰ 'ਆਪ' ਹਮਾਇਤੀਆਂ ਦੇ ਇਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਸ. ਖਹਿਰਾ ਨੇ ਕਿਹਾ ਕਿ 1985 ਤੱਕ ਪੰਜਾਬ ਆਮਦਨ ਪੱਖੋਂ ਸਰਪਲੱਸ









ਸਟੇਟ ਸੀ ਪਰ ਤਿੰਨ ਦਹਾਕਿਆਂ ਦੌਰਾਨ ਉਤੋੜਿਤੀ ਸਰਕਾਰਾਂ ਦੀ ਨਾਅਹਿਲੀਅਤ ਕਾਰਨ ਅੱਜ ਪੰਜਾਬ ਸਿਰ ਕਰੀਬ ਸਵਾ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਸੂਬੇ ਦੀ ਮਾਲੀ ਹਾਲਤ ਇਸ ਕਦਰ ਗਰਕ ਚੁਕੀ ਹੈ ਕਿ ਕਰਜ਼ੇ ਦਾ ਵਿਆਜ ਦੇਣ ਲਈ ਬੈਂਕਾਂ ਤੋਂ ਕਰਜ਼ੇ ਚੁੱਕੇ ਜਾ ਰਹੇ ਹਨ ਜਾਂ ਸਰਕਾਰੀ ਜਾਇਦਾਦਾਂ ਗਹਿਣੇ ਧਰੀਆਂ ਜਾ ਰਹੀਆਂ ਹਨ।

ਟੀ.ਵੀ. ਚੈਨਲਾਂ ਅਤੇ ਕੇਬਲ ਨੈਟਵਰਕ ਉਤੇ ਬਾਦਲਾਂ ਦੇ ਕਬਜ਼ੇ ਦਾ ਜ਼ਿਕਰ ਕਰਦਿਆਂ 'ਆਪ' ਆਗੂ ਨੇ ਕਿਹਾ ਕਿ ਮੀਡੀਏ 'ਤੇ ਬਾਦਲਾਂ ਦਾ ਕਬਜ਼ਾ ਹੋਣ ਕਰਕੇ ਲੋਕਾਂ ਤੱਕ ਪੰਜਾਬ ਦੀ ਅਸਲ ਤਸਵੀਰ ਨਹੀਂ ਜਾਂਦੀ ਪਰ ਸੋਸ਼ਲ ਮੀਡੀਆ ਤੇ ਫੋਨ ਐਪਸ ਰਾਹੀਂ ਆਪਸ ਵਿਚ ਜੁੜਨ ਕਰ ਕੇ ਲੋਕ ਪੰਜਾਬ ਦੀ ਜ਼ਮੀਨੀ ਹਕੀਕਤ ਤੋਂ ਜਾਣੂ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਣ ਦੇ ਸਾਰੇ ਅਧਿਕਾਰ ਪੀ ਟੀ ਸੀ ਚੈਨਲ ਨੂੰ ਦਿੱਤੇ ਜਾਣ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੁਕਸਾਨ ਹੋ ਰਿਹਾ ਹੈ। ਜੇ ਹੋਰ ਚੈਨਲਾਂ ਨੂੰ ਵੀ ਗੁਰਬਾਣੀ ਪ੍ਰਸਾਰਣ ਦਾ ਮੌਕਾ ਦਿੱਤਾ ਜਾਵੇ ਤਾਂ ਸ਼੍ਰੋਮਣੀ ਕਮੇਟੀ ਨੂੰ ਸਾਲ ਵਿਚ ਕਰੀਬ ਸੌ ਕਰੋੜ ਰੁਪਏ ਦੀ ਆਮਦਨ ਹੋ ਸਕਦੀ ਹੈ।

ਉਨ੍ਹਾਂ ਉਦਾਹਰਣਾਂ ਸਹਿਤ ਦਸਿਆ ਕਿ ਵਿਕਾਸ ਕਾਰਜਾਂ ਲਈ ਪ੍ਰਵਾਨ ਹੋਈ ਰਕਮ ਵਿਚੋਂ 40% ਹਿੱਸਾ ਕਿਵੇਂ ਖੁਰਦ-ਬੁਰਦ ਹੋ ਜਾਂਦਾ ਹੈ। ਇਸ ਦਾ ਕਾਰਨ ਹੇਠਲੇ ਤੋਂ ਉਪਰਲੇ ਪੱਧਰ ਤੱਕ ਫੈਲਿਆ ਭ੍ਰਿਸ਼ਟਾਚਾਰ ਹੈ। ਸ. ਖਹਿਰਾ ਨੇ ਨਾਲ ਹੀ 'ਆਪ' ਮੁਖੀ ਅਰਵਿੰਦ ਕੇਜਰੀਵਾਲ ਦੀ ਸਿਫਤ ਕਰਦਿਆਂ ਕਿਹਾ ਕਿ ਉਹ ਭ੍ਰਿਸ਼ਟ ਸਿਸਟਮ ਦੇ



*ਸੁਖਪਾਲ ਸਿੰਘ ਖਹਿਰਾ*

ਸਖਤ ਖਿਲਾਫ ਹਨ। ਉਨ੍ਹਾਂ ਭ੍ਰਿਸ਼ਟਾਚਾਰ ਵਿਰੁਧ ਕਦਮ ਚੁੱਕੇ ਵੀ ਹਨ ਜਿਸ ਦੀ ਸਭ ਤੋਂ ਵੱਡੀ ਮਿਸਾਲ ਖੁਦ ਆਪਣੇ ਇਕ ਮੰਤਰੀ ਦੀ ਛਾਂਟੀ ਕਰਨਾ ਹੈ।

2017 ਵਿਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਵੱਡੀ ਸੰਭਾਵੀ ਜਿੱਤ



ਦਾ ਦਾਅਵਾ ਕਰਦਿਆਂ ਸ. ਖਹਿਰਾ ਨੇ ਭਰੋਸਾ ਜਾਹਰ ਕੀਤਾ ਕਿ 'ਆਪ' ਸਰਕਾਰ ਭ੍ਰਿਸ਼ਟਾਚਾਰ ਖਿਲਾਫ ਸਖਤ ਕਾਰਵਾਈ ਕਰ ਕੇ ਸਾਫ-ਸੁਥਰਾ ਪ੍ਰਸਾਸ਼ਕੀ ਢਾਂਚਾ ਖੜ੍ਹਾ ਕਰੇਗੀ।

ਸ. ਖਹਿਰਾ ਨੇ ਕਿਹਾ ਕਿ ਪੰਜਾਬ ਪੁਲਿਸ ਵਿਚ ਨੇਕ ਤੇ ਇਨਸਾਫਪਸੰਦ ਅਫਸਰ ਵੀ ਹਨ ਪਰ ਅਕਾਲੀਆਂ ਨੇ ਉਨ੍ਹਾਂ ਨੂੰ ਨੁੱਕਰੇ ਲਾਇਆ ਹੋਇਆ ਹੈ ਅਤੇ ਖੁਸ਼ਾਮਦੀ ਪੁਲਿਸ ਅਫਸਰ ਆਪਣੀ ਅਸਲ ਜ਼ਿੰਮੇਵਾਰੀ ਤੋਂ ਭੱਜ ਕੇ 'ਸਿਆਸੀ ਸੇਵਾ' ਨਿਭਾ ਰਹੇ ਹਨ। ਜੇ ਪੰਜਾਬ ਪੁਲਿਸ ਆਪਣਾ ਕੰਮ ਸਹੀ ਤਰੀਕੇ ਨਾਲ ਕਰੇ ਤਾਂ ਪੰਜਾਬ ਵਿਚ ਨਸ਼ਿਆਂ, ਭ੍ਰਿਸ਼ਟਾਚਾਰ, ਸੜਕ ਹਾਦਸਿਆਂ ਅਤੇ ਜੁਰਮਾਂ ਨੂੰ ਨੱਥ ਆਪੇ ਪੈ ਜਾਊ। ਵਿਜੀਲੈਂਸ ਵਿਭਾਗ ਜੇ ਭ੍ਰਿਸ਼ਟ ਸਿਆਸਤਦਾਨਾਂ ਨੂੰ ਹੱਥ ਪਾਵੇ ਤਾਂ ਛੋਟੇ-ਮੋਟੇ ਭ੍ਰਿਸ਼ਟ ਮੁਲਾਜ਼ਮਾਂ ਨੂੰ ਆਪੇ ਕੰਨ ਹੋ ਜਾਣਗੇ।

'ਆਪ' ਆਗੂ ਨੇ ਦੋਸ਼ ਲਾਇਆ ਕਿ ਅਕਾਲੀ ਸਰਕਾਰ ਨੇ ਆਪਣੇ ਜ਼ਾਤੀ ਮੁਫਾਦ ਲਈ ਪੰਜਾਬ ਦੇ ਹਾਲਾਤ ਬਦਤਰ ਬਣਾ ਦਿੱਤੇ ਹਨ। ਨਸ਼ਾ ਸਮਗਲਰਾਂ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੋਣ ਕਾਰਨ ਨੌਜਵਾਨ ਨਸ਼ਿਆਂ 'ਚ ਗਰਕ ਰਹੇ ਹਨ, ਕੁੜੀਆਂ ਸੁਰੱਖਿਅਤ ਨਹੀਂ ਹਨ ਤੇ ਗੁੰਡਾਗਰਦੀ ਦਾ ਬੋਲਬਾਲਾ ਹੈ, ਪਰਵਾਸੀ ਪੰਜਾਬੀ ਪੰਜਾਬ ਜਾਣ ਤੋਂ ਘਬਰਾਉਣ ਲਗੇ ਹਨ। ਸਮੁੱਚੇ ਤੌਰ 'ਤੇ ਪੰਜਾਬ ਦੇ ਹਾਲਾਤ ਸਾਜ਼ਗਾਰ ਨਹੀਂ ਹਨ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਪੰਜਾਬ ਸਰਕਾਰ ਨੇ ਵੱਡੇ ਵਪਾਰੀਆਂ ਦੇ ਕਰਜ਼ੇ ਉਤੇ ਤਾਂ ਲੀਕ ਮਾਰ ਦਿੱਤੀ ਹੈ ਪਰ ਮਾਯੂਸ ਹੋ ਕੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ ਬਾਰੇ ਸਰਕਾਰ ਗੰਭੀਰ ਨਹੀਂ ਹੈ।

ਪੰਜਾਬ ਵਿਚ ਸਿਹਤ ਸਹੂਲਤਾਂ ਦੀ ਵਿਗੜੀ ਹਾਲਤ ਦੀ ਗੱਲ ਕਰਦਿਆਂ ਸ. ਖਹਿਰਾ ਨੇ ਆਖਿਆ ਕਿ ਸਰਕਾਰੀ ਹਸਪਤਾਲਾਂ ਦੀ ਮਾੜੀ ਕਾਰਗੁਜ਼ਾਰੀ ਕਾਰਨ ਪ੍ਰਾਈਵੇਟ ਹਸਪਤਾਲਾਂ ਦੀ ਗਿਣਤੀ ਵਧ ਗਈ ਹੈ ਤੇ ਉਹ ਲੋਕਾਂ ਨੂੰ ਦੋਵੇਂ ਹੱਥੀਂ ਲੁੱਟ ਰਹੇ ਹਨ। ਉਨ੍ਹਾਂ ਕਿਹਾ ਕਿ ਕੈਂਸਰ ਨੇ ਬਹੁਤ ਵਡੀ ਗਿਣਤੀ ਵਿਚ ਲੋਕਾਂ ਨੂੰ ਆਪਣੀ ਗ੍ਰਿਫਤ ਵਿਚ ਲਿਆ ਹੋਇਆ ਹੈ ਪਰ ਇਸ ਦੇ ਇਲਾਜ ਲਈ ਪੰਜਾਬ 'ਚ ਕੋਈ ਹਸਪਤਾਲ ਨਹੀਂ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਨੇ ਮਰਹੂਮ ਸੁਰਿੰਦਰ ਕੌਰ ਬਾਦਲ ਦੇ ਇਲਾਜ ਲਈ ਸਰਕਾਰੀ ਖਜ਼ਾਨੇ 'ਚੋਂ 9 ਕਰੋੜ ਰੁਪਿਆ ਖਰਚ ਦਿੱਤਾ ਪਰ ਲੋਕਾਂ ਦੀ ਸਿਹਤਯਾਬੀ ਲਈ ਸਰਕਾਰ ਚਿੰਤਤ ਨਹੀਂ।

ਇਸ ਮੌਕੇ ਅਕਾਲੀਆਂ ਅਤੇ ਕਾਂਗਰਸੀਆਂ ਦੀ ਅੰਦਰੂਨੀ ਸਾਂਝ ਉਤੇ ਵਿਅੰਗ ਕਰਦਿਆਂ ਉਨ੍ਹਾਂ ਰੋਸ ਵੀ ਪ੍ਰਗਟ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਦੋਹਤੇ ਦੇ ਵਿਆਹ 'ਤੇ ਮੈਨੂੰ (ਖਹਿਰਾ) ਤਾਂ ਸੱਦਿਆ ਨਹੀਂ, ਪਰ ਬਿਕਰਮ ਸਿੰਘ ਮਜੀਠੀਆ ਪਹੁੰਚਿਆ ਹੋਇਆ ਸੀ ਅਤੇ ਨੰਨ੍ਹੀ ਛਾਂ (ਹਰਸਿਮਰਤ ਕੌਰ ਬਾਦਲ) ਵੀ ਆਪਣੇ ਜਵਾਕਾਂ ਨਾਲ ਪਹੁੰਚੀ ਹੋਈ ਸੀ।

ਸ. ਖਹਿਰਾ ਨੇ ਆਪਣੀ ਇਹ ਟਿਪਣੀ ਦੋਹਰਾਈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਇਕੋ ਸਿੱਕੇ ਦੇ ਦੋ ਪਹਿਲੂ ਹਨ। ਲੋਕ ਰਵਾਇਤੀ ਸਿਆਸੀ ਪਾਰਟੀਆਂ-ਕਾਂਗਰਸ, ਅਕਾਲੀ ਦਲ ਤੇ ਭਾਜਪਾ ਤੋਂ ਅਕ-ਥੱਕ ਚੁਕੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਵਿਚ ਵਿਗੜੇ ਹਾਲਾਤ ਸੁਧਰ ਸਕਦੇ ਹਨ ਅਤੇ ਆਮ ਆਦਮੀ ਪਾਰਟੀ ਪੰਜਾਬ ਨੂੰ ਮੁੜ ਖੁਸ਼ਹਾਲ ਬਣਾਉਣ ਦਾ ਦ੍ਰਿੜ ਇਰਾਦਾ ਲੈ ਕੇ ਤੁਰੀ ਹੈ। ਇਸੇ ਮਕਸਦ ਨਾਲ ਪਾਰਟੀ ਨੇ 'ਡਾਇਲਾਗ ਪੰਜਾਬ' (ਰਾਬਤਾ ਪੰਜਾਬ) ਨਾਂ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਲੋੜਾਂ ਸਮਝੀਆਂ ਜਾ ਸਕਣ ਅਤੇ ਉਨ੍ਹਾਂ ਦੀ ਨਬਜ਼ ਪਛਾਣੀ ਜਾ ਸਕੇ। ਸੁਖਪਾਲ ਖਹਿਰਾ ਨੇ ਪਰਵਾਸੀ ਪੰਜਾਬੀਆਂ ਤੋਂ ਹਰ ਤਰ੍ਹਾਂ ਦੇ ਸਹਿਯੋਗ ਦੀ ਮੰਗ ਕਰਦਿਆਂ ਅਪੀਲ ਕੀਤੀ ਕਿ ਉਹ ਪੰਜਾਬ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ-ਮਿੱਤਰਾਂ ਨੂੰ ਆਮ ਆਦਮੀ ਪਾਰਟੀ ਨਾਲ ਜੁੜਨ ਲਈ ਕਹਿਣ। ਪਰਵਾਸੀ ਪੰਜਾਬੀਆਂ ਨੇ ਹਮੇਸ਼ਾ ਪੰਜਾਬ ਦੀ ਤਰੱਕੀ ਦਾ ਸੁਪਨਾ ਲਿਆ ਹੈ ਅਤੇ ਇਸ ਸੁਪਨੇ ਨੂੰ ਆਮ ਆਦਮੀ ਪਾਰਟੀ ਪੂਰਾ ਕਰ ਸਕਦੀ ਹੈ।

ਦਿਲਚਸਪ ਗੱਲ ਇਹ ਸੀ ਕਿ ਪਿਛਲੇ ਦਿਨੀਂ ਇਥੋਂ ਦੀ ਸਬਰਬ ਸ਼ਾਮਬਰਗ ਵਿਚ ਹੋਏ ਕਾਂਗਰਸ ਪਾਰਟੀ ਦੇ ਜਲਸੇ ਵਿਚ ਸ਼ਾਮਲ ਕੁਝ ਸੱਜਣ 'ਆਪ' ਦੇ ਇਸ ਇਕੱਠ ਵਿਚ ਵੀ ਹਾਜ਼ਰ ਸਨ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਮਰਥਕਾਂ ਵਿਚੋਂ ਕੁਝ ਉਹ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਮੁਜ਼ਾਹਰਾ ਕੀਤਾ ਸੀ।




ਸਮਾਗਮ ਦੇ ਅਖੀਰ ਵਿਚ ਸਵਾਲ-ਜਵਾਬ ਦੌਰਾਨ ਸ. ਖਹਿਰਾ ਨੇ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਲਿਆਉਣ, ਕਿਸਾਨਾਂ ਦੇ ਮਸਲੇ ਹੱਲ ਕਰਨ, ਨਸ਼ਿਆਂ ਨੂੰ ਠੱਲ੍ਹ ਪਾਉਣ, ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਅਤੇ ਕੁਰੱਪਸ਼ਨ ਦਾ ਖਾਤਮਾ ਕਰਨ ਜਿਹੇ ਕਈ ਮੁੱਦਿਆਂ ਉਤੇ ਸਵਾਲਾਂ ਦੇ ਜਵਾਬ ਬੜੇ ਤਹੱਮਲ ਨਾਲ ਦਿਤੇ। ਸਜ਼ਾਵਾਂ ਪੂਰੀਆਂ ਕਰ ਚੁਕੇ ਸਿੱਖ ਕੈਦੀਆਂ ਦੀ ਰਿਹਾਈ ਦੇ ਹੱਕ ਵਿਚ ਸ. ਖਹਿਰਾ ਨੇ 'ਆਪ' ਵਲੋਂ ਹਾਮੀ ਭਰੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਬਾਰੇ ਪਾਰਟੀ ਦੇ ਨਜ਼ਰੀਏ ਸਬੰਧੀ ਪੁੱਛੇ ਗਏ ਸਵਾਲ ਉਤੇ ਉਨ੍ਹਾਂ ਕੋਈ ਟਿਪਣੀ ਕਰਨ ਤੋਂ ਨਾਂਹ ਕਰ ਦਿੱਤੀ।

ਸਮਾਗਮ ਨੂੰ 'ਆਪ' ਅਮਰੀਕਾ ਦੇ ਸਕੱਤਰ ਸ੍ਰੀਕਾਂਥ ਤੇ ਕਨਵੀਨਰ ਪ੍ਰਦੀਪ ਸੁੰਦਰਿਆਲ, ਮੇਜਰ ਗੁਰਚਰਨ ਸਿੰਘ ਝੱਜ, ਸਿਆਟਲ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪਹਿਲਵਾਨ ਕਰਤਾਰ ਸਿੰਘ, ਸ਼ਿਕਾਗੋ ਤੋਂ ਡੈਮੋਕਰੈਟ ਆਗੂ ਰਾਜਾ ਕ੍ਰਿਸ਼ਨਾਮੂਰਥੀ, ਜਸਬੀਰ ਪਾਲੀਆ, ਮੱਤ ਸਿੰਘ ਢਿੱਲੋਂ, ਅੰਮ੍ਰਿਤਪਾਲ ਸਿੰਘ ਤੇ ਗੁਰਚਰਨ ਸਿੰਘ ਢਿੱਲੋਂ ਨੇ ਵੀ ਸੰਬੋਧਨ ਕੀਤਾ ਅਤੇ ਲੋਕਾਂ ਨੂੰ 'ਆਪ' ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ। ਇਸ ਮੌਕੇ ਆਮ ਆਦਮੀ ਪਾਰਟੀ ਲਈ ਫੰਡ ਵੀ ਇਕੱਤਰ ਕੀਤਾ ਗਿਆ।

ਸਮਾਗਮ ਦੇ ਸ਼ੁਰੂ ਵਿਚ ਹਾਜ਼ਰੀਨ ਨੂੰ ਆਮ ਆਦਮੀ ਪਾਰਟੀ ਦੀ ਸ਼ੁਰੂਆਤ ਬਾਰੇ ਇਕ ਵੀਡੀਓ ਵਿਖਾਈ ਗਈ। ਮੰਚ ਸੰਚਾਲਨ ਗੁਰਮੁਖ ਸਿੰਘ ਭੁੱਲਰ ਨੇ ਕੀਤਾ।

ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੀ ਸ਼ਿਕਾਗੋ ਇਕਾਈ ਦਾ ਗਠਨ ਪਿਛਲੀਆਂ ਲੋਕ ਸਭਾ ਚੋਣਾਂ ਮੌਕੇ ਇਕ ਛੋਟੇ ਜਿਹੇ ਗਰੁਪ, ਜਿਸ ਵਿਚ ਹੋਰਨਾਂ ਤੋਂ ਇਲਾਵਾ ਅਜੀਤ ਸਿੰਘ, ਮੱਤ ਸਿੰਘ ਢਿੱਲੋਂ, ਲਾਲ ਸਿੰਘ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਠਾਕਰ ਸਿੰਘ ਬਸਾਤੀ, ਅਮੋਲਕ ਸਿੰਘ ਗਿੱਧਾ, ਬਲਦੇਵ ਸਿੰਘ ਰਾਜੂ, ਸੁਰਿੰਦਰ ਸਿੰਘ ਕਾਲੜਾ, ਸਰਵਣ ਸਿੰਘ ਰਾਜੂ ਤੇ ਲਖਬੀਰ ਸਿੰਘ ਸੰਧੂ ਦੇ ਯਤਨਾਂ ਨਾਲ ਕੀਤਾ ਗਿਆ ਸੀ।

ਇਸ ਇਕੱਤਰਤਾ ਵਿਚ ਸ਼ਾਮਲ ਹੋਣ ਲਈ ਲੋਕ ਸ਼ਿਕਾਗੋ ਤੋਂ ਇਲਾਵਾ ਇੰਡੀਆਨਾ, ਵਿਸਕਾਨਸਿਨ, ਮਿਜ਼ੌਰੀ ਅਤੇ ਮਿਸ਼ੀਗਨ ਸਟੇਟ ਤੋਂ ਵੀ ਆਏ ਹੋਏ ਸਨ। ਮਿਲਵਾਕੀ ਤੋਂ ਪਾਖਰ ਸਿੰਘ ਸਿੱਧੂ, ਦਲਬੀਰ ਸਿੰਘ ਸੈਣੀ, ਹਰਵਿੰਦਰ ਸਿੰਘ ਲਾਲੀ, ਅਮਰਜੀਤ ਸਿੰਘ ਸੰਧਰ ਆਪਣੇ ਸਾਥੀਆਂ ਸਮੇਤ ਪਹੁੰਚੇ।

ਰੇਡੀਓ ਚੰਨ ਪ੍ਰਦੇਸੀ ਵਲੋਂ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ।







# ਦੱਖਣੀ ਚੀਨ ਸਾਗਰ 'ਤੇ ਦਬਦਬੇ ਲਈ ਕੋਸ਼ਿਸ਼ਾਂ ਤੇਜ਼

**ਵਾਸ਼ਿੰਗਟਨ:** ਦੱਖਣੀ ਚੀਨੀ ਸਾਗਰ ਵਿਚ ਚੀਨ ਵੱਲੋਂ ਆਪਣਾ ਪ੍ਰਭਾਵ ਵਧਾਉਣ ਦੀਆਂ ਕੋਸ਼ਿਸ਼ਾਂ ਨੂੰ ਬਰੇਕ ਲਗਾਉਣ ਲਈ ਅਮਰੀਕਾ ਦੇ ਚਾਰ ਪ੍ਰਮੁੱਖ ਸੈਨੇਟਰਾਂ ਨੇ ਏਸ਼ੀਆ ਪ੍ਰਸ਼ਾਂਤ ਖੇਤਰ ਵਿਚ ਦੇਸ਼ ਦੀ ਜਲ ਸੈਨਾ ਤਾਕਤ ਵਧਾਉਣ ਲਈ ਇਕ ਬਿੱਲ ਪੇਸ਼ ਕੀਤਾ ਹੈ। ਇਸ ਨਾਲ ਅਮਰੀਕਾ ਆਪਣੇ ਸਹਿਯੋਗੀਆਂ ਨੂੰ ਹੋਰ ਫੌਜੀ ਮਦਦ ਦੇ ਸਕੇਗਾ। ਸੈਨੇਟਰ ਬੈਨ ਕਾਰਡਿਨ, ਕੋਰੀ ਗਾਰਡਨਰ, ਰੋਬਰਟ ਮੇਨੇਦਜ਼ ਅਤੇ ਬਰਾਇਨ ਸ਼ਹੈਟਜ਼ ਨੇ ਏਸ਼ੀਆ ਪ੍ਰਸ਼ਾਂਤ ਜਲ ਸੁਰੱਖਿਆ ਐਕਟ-2016 ਬਿੱਲ ਪੇਸ਼ ਕੀਤਾ। ਇਸ ਦਾ ਮਕਸਦ ਵਿਦੇਸ਼ ਤੇ ਰੱਖਿਆ ਮੰਤਰਾਲੇ ਇਸ ਖੇਤਰ ਵਿਚ ਆਪਣੇ ਸਹਿਯੋਗੀਆਂ ਨੂੰ ਫੌਜੀ ਤੇ ਹੋਰ ਤਕਨੀਕੀ ਮਦਦ ਦੇਣ ਦੇ ਹੱਕਦਾਰ ਹੋ ਜਾਣਗੇ। ਚੀਨ ਦੱਖਣੀ ਚੀਨ ਸਾਗਰ 'ਤੇ ਆਪਣਾ ਦਾਅਵਾ ਜਤਾ ਰਿਹਾ ਹੈ ਜਿਸ ਕਾਰਨ ਖਿੱਤੇ ਵਿਚ ਹੋਰ ਮੁਲਕ ਇਸ ਦਾ ਵਿਰੋਧ ਕਰ ਰਹੇ ਹਨ।

ਇਸ ਦੌਰਾਨ ਪੇਇਚਿੰਗ ਵਿਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਨ ਨੇ ਕਿਹਾ ਹੈ ਕਿ ਦੱਖਣੀ ਚੀਨੀ ਸਾਗਰ ਉਨ੍ਹਾਂ ਦਾ ਹੈ ਤੇ ਉਹ ਆਪਣੀ ਪ੍ਰਭੂਸੱਤਾ ਦੀ ਹਰ ਹਾਲਤ ਵਿਚ ਰੱਖਿਆ ਕਰਨਗੇ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਕਿਹਾ ਕਿ ਇਸ ਮਾਮਲੇ ਵਿਚ ਜੇ ਕੋਈ ਸਮੱਸਿਆ ਹੈ ਤਾਂ ਉਸ ਦਾ ਸ਼ਾਂਤਮਈ



ਢੰਗ ਨਾਲ ਹੱਲ ਕੱਢਿਆ ਜਾਵੇਗਾ। ਰਾਸ਼ਟਰਪਤੀ ਨੇ ਇਥੇ ਪੰਜਵੀਂ ਵਿਦੇਸ਼ ਮੰਤਰੀਆਂ ਦੀ ਕਾਨਫਰੰਸ ਵਿਚ ਕਿਹਾ ਉਨ੍ਹਾਂ ਦਾ ਮੁਲਕ ਹਮੇਸ਼ਾ ਦੱਖਣੀ ਚੀਨੀ ਸਾਗਰ ਵਿਚ ਸ਼ਾਂਤੀ ਤੇ ਸਥਿਰਤਾ ਚਾਹੁੰਦਾ ਹੈ। ਇਸ ਕਾਨਫਰੰਸ ਵਿਚ ਭਾਰਤ ਸਣੇ 26 ਮੁਲਕ ਹਿੱਸਾ ਲੈ ਰਹੇ ਹਨ। ਭਾਰਤ ਦੀ ਪ੍ਰਤੀਨਿਧਤਾ ਉਸ ਦੇ ਚੀਨ ਵਿਚਲੇ ਸਫੀਰ ਵਿਜੈ ਕੇਸ਼ਵ ਗੋਖਲੇ ਕਰ ਰਹੇ ਹਨ।

## *ਟ੍ਰੰਪ ਵੱਲੋਂ ਪਾਕਿ ਤੇ ਉੱਤਰੀ ਕੋਰੀਆ ਨਾਲ ਨਜਿੱਠਣ ਲਈ ਸਲਾਹ*

**ਵਾਸ਼ਿੰਗਟਨ:** ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰਾਂ ਵਿਚ ਮੋਹਰੀ ਡੋਨਲਡ ਟ੍ਰੰਪ ਨੇ ਇਸ਼ਾਰਾ ਕੀਤਾ ਕਿ ਉਹ ਪਰਮਾਣੂ ਹਥਿਆਰਾਂ ਨਾਲ ਲੈਸ 'ਅਰਧ



ਅਸਥਿਰ' ਮੁਲਕ ਪਾਕਿਸਤਾਨ ਤੇ ਉੱਤਰੀ ਕੋਰੀਆ ਦੀਆਂ ਪਰਮਾਣੂ ਲਾਲਸਾਵਾਂ ਨੂੰ ਨੱਥ ਪਾਉਣ ਲਈ ਭਾਰਤ ਤੇ ਚੀਨ ਤੋਂ ਮਦਦ ਮੰਗੇਗਾ। ਟ੍ਰੰਪ ਨੇ ਚਿਤਾਵਨੀ ਦਿੱਤੀ ਕਿ ਵਿਸ਼ਵ ਦੇ ਦੂਜੇ ਸਭ ਤੋਂ ਵੱਡੇ ਅਰਥਚਾਰੇ ਚੀਨ ਨਾਲ ਵਪਾਰਕ ਸਬੰਧਾਂ 'ਚ ਫੇਰਬਦਲ ਹੋਵੇਗਾ ਤੇ ਚੀਨ ਦਾ ਅਮਰੀਕਾ ਤੋਂ ਬਿਨਾਂ ਗੁਜ਼ਾਰਾ ਸੰਭਵ ਨਹੀਂ। ਟ੍ਰੰਪ ਨੇ ਇਹ ਟਿੱਪਣੀਆਂ ਇੰਡਿਆਨਾਪੋਲਿਸ ਵਿਚ ਟਾਊਨ ਹਾਲ ਵਿਚ ਚੋਣ ਪ੍ਰਚਾਰ ਦੌਰਾਨ ਕੀਤੀਆਂ।

ਰਿਪਬਲੀਕਨ ਉਮੀਦਵਾਰ ਦੀਆਂ ਪਾਕਿ ਬਾਬਤ ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਅਮਰੀਕੀ ਸਾਂਸਦਾਂ ਨੇ ਓਬਾਮਾ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਨੂੰ ਦਿੱਤੀ ਅਰਬਾਂ ਡਾਲਰ ਦੀ ਵਿੱਤੀ ਮਦਦ 'ਤੇ ਸਵਾਲ ਉਠਾਇਆ ਹੈ।

ਪਾਕਿਸਤਾਨ ਜਿਹੇ ਮੁਲਕਾਂ ਦੀ ਵਿੱਤੀ ਮਦਦ ਕਰਨ ਦੇ ਬਾਵਜੂਦ ਉਸ ਵੱਲੋਂ ਅਮਰੀਕਾ ਨਾਲ ਦੋਹਰੀ ਖੇਡ ਖੇਡਣ ਬਾਰੇ ਪੁੱਛੇ ਜਾਣ 'ਤੇ ਟ੍ਰੰਪ ਨੇ ਕਿਹਾ ਕਿ ਪਾਕਿਸਤਾਨ ਨਾਲ ਅਸਲ ਸਮੱਸਿਆ ਇਹ ਹੈ ਕਿ ਉਸ ਸਮੇਤ ਨੌਂ ਹੋਰ ਮੁਲਕਾਂ ਕੋਲ ਪਰਮਾਣੂ ਹਥਿਆਰ ਹਨ। ਭਾਰਤ ਦੀ ਗੱਲ ਕਰਦਿਆਂ ਟ੍ਰੰਪ ਨੇ ਕਿਹਾ ਕਿ ਜਦੋਂ ਉਹ ਇਸ ਏਸ਼ਿਆਈ ਮੁਲਕ ਤੇ ਕੁਝ ਹੋਰਨਾਂ ਮੁਲਕਾਂ ਵੱਲ ਵੇਖਦਾ ਹੈ ਤਾਂ ਉਸ ਨੂੰ ਲਗਦਾ ਹੈ ਕਿ ਉਹ ਸਾਡੀ ਮਦਦ ਕਰਨਗੇ।







# ਸਿਦਕ ਨੂੰ ਸਲਾਮ

## ਤਬੱਸੁਮ ਅਦਨਾਨ ਨੂੰ ਮੰਡੇਲਾ ਇਨਾਮ





### ਜ਼ਿੰਦਗੀ ਦੀ ਦਸਤਕ

**ਜਗਜੀਤ ਸਿੰਘ ਸੇਖੋਂ**

ਪਾਕਿਸਤਾਨ ਵਿਚ ਮਨੁੱਖੀ ਹੱਕਾਂ ਲਈ ਜੂਝਣ ਵਾਲੀ ਤਬੱਸੁਮ ਅਦਨਾਨ ਨੂੰ ਵੱਕਾਰੀ ਨੈਲਸਨ ਮੰਡੇਲਾ ਪੁਰਸਕਾਰ ਨਾਲ ਨਵਾਜਿਆ ਗਿਆ ਹੈ। ਤਬੱਸੁਮ ਸੱਚਮੁੱਚ ਕੋਈ ਸਾਧਾਰਨ ਔਰਤ ਨਹੀਂ। ਉਹ ਦਹਿਸ਼ਤਪਸੰਦਾਂ ਦੀ ਮਾਰ ਹੇਠ ਆਈ ਸਵਾਤ ਘਾਟੀ ਦੀ ਵਸਨੀਕ ਹੈ ਅਤੇ ਉਸ ਨੇ ਉਥੇ ਘਰੇਲੂ ਹਿੰਸਾ ਖਿਲਾਫ ਜਿਸ ਤਰ੍ਹਾਂ ਆਵਾਜ਼ ਬੁਲੰਦ ਕੀਤੀ ਹੈ, ਉਸ ਦਾ ਕੋਈ ਤੋੜ ਨਹੀਂ ਹੈ। ਉਸ ਨੂੰ ਇਹ ਪੁਰਸਕਾਰ ਕੋਲੰਬੀਆ ਦੀ ਰਾਜਧਾਨੀ ਬਗੋਤਾ ਵਿਚ ਹਾਲ ਹੀ ਵਿਚ ਦਿੱਤਾ ਗਿਆ ਹੈ ਅਤੇ ਇਸ ਪੁਰਸਕਾਰ ਨਾਲ ਉਸ ਦੀ ਚਰਚਾ ਸੰਸਾਰ ਪੱਧਰ 'ਤੇ ਹੋਈ ਹੈ। ਇਸੇ ਦੌਰਾਨ ਤਬੱਸੁਮ ਅਦਨਾਨ ਨੇ ਇਹ ਪੁਰਸਕਾਰ ਆਪਣੇ ਪਿਆਰੇ ਵਤਨ ਪਾਕਿਸਤਾਨ ਨੂੰ ਸਮਰਪਿਤ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਪੁਰਸਕਾਰ ਲੋਕਾਂ ਵੱਲੋਂ ਮਿਲੀ ਹੱਲਾਸ਼ੇਰੀ ਅਤੇ ਭਰਪੂਰ ਸਾਥ ਕਰ ਕੇ ਹੀ ਸੰਭਵ ਹੋ ਸਕਿਆ ਹੈ।

ਬੀਬੀ ਤਬੱਸੁਮ ਅਦਨਾਨ ਦੀ ਇਹ ਗੱਲ ਸੋਲਾਂ ਆਨੇ ਸੱਚ ਹੈ। ਹੁਣ 39 ਵਰ੍ਹਿਆਂ ਦੀ ਤਬੱਸੁਮ ਅਦਨਾਨ ਉਦੋਂ ਸਿਰਫ 13 ਵਰ੍ਹਿਆਂ ਦੀ ਸੀ ਜਦੋਂ ਉਸ ਦੀ ਸ਼ਾਦੀ ਹੋ ਗਈ ਸੀ। ਸ਼ਾਦੀ ਤੋਂ ਤੁਰੰਤ ਬਾਅਦ ਹੀ ਉਸ ਦੇ 'ਸਿਰ ਦੇ ਸਾਈਂ' ਨੇ ਉਸ ਉਤੇ ਤਸ਼ੱਦਦ ਢਾਹੁਣਾ ਸ਼ੁਰੂ ਕਰ ਦਿੱਤਾ। ਉਸ ਨੇ ਇਹ ਸਰੀਰਕ ਅਤੇ ਮਾਨਸਿਕ ਤਸ਼ੱਦਦ ਇੰਨੇ ਵਰ੍ਹੇ ਖਾਮੋਸ਼ ਰਹਿ ਕੇ ਜਰਿਆ ਅਤੇ ਫਿਰ 20 ਵਰ੍ਹਿਆਂ ਬਾਅਦ ਉਸ ਦੀ ਇਹ ਖਾਮੋਸ਼ੀ ਆਖਰਕਾਰ ਟੁੱਟ ਗਈ। ਉਸ ਨੇ ਆਪਣੀ ਪੂਰੀ ਹਿੰਮਤ ਇਕੱਠੀ ਕਰ ਕੇ ਆਪਣੇ ਖਾਵੰਦ ਤੋਂ ਤਲਾਕ ਲੈ ਲਿਆ। ਇਸ ਤੋਂ ਬਾਅਦ ਉਸ ਨੇ 'ਖਵਾਦੀਨ ਜਿਰਗਾ' ਦੀ ਐੱਨ.ਜੀ.ਓ. ਆਰੰਭ ਕਰ ਲਈ ਜੋ ਘਰੇਲੂ ਹਿੰਸਾ ਦੀਆਂ ਸ਼ਿਕਾਰ ਹੋਈਆਂ ਔਰਤਾਂ ਲਈ ਸਹਾਰਾ ਬਣ ਕੇ ਬਹੁੜੀ। 'ਖਵਾਦੀਨ ਜਿਰਗਾ' ਦਾ ਸ਼ਾਬਦਿਕ ਅਰਥ 'ਭੈਣਾਂ ਦੀ ਕੌਂਸਲ' ਬਣਦਾ ਹੈ। ਸੋ, ਹਰ ਹਫਤੇ 'ਖਵਾਦੀਨ ਜਿਰਗਾ' ਜੁੜਨ ਲੱਗੀ ਅਤੇ ਔਰਤਾਂ ਇਸ ਮੀਟਿੰਗ ਵਿਚ ਆਪਣੇ ਨਾਲ ਹੋਈਆਂ-ਬੀਤੀਆਂ ਸੁਣਾਉਣ ਲੱਗ ਪਈਆਂ। ਹੌਲੀ-ਹੌਲੀ ਇਸ ਮਿਲਣੀ ਵਿਚ ਅਖੌਤੀ ਅਣਖ ਖਾਤਰ ਧੀਆਂ-ਭੈਣਾਂ ਦੇ ਕਤਲ, ਔਰਤਾਂ ਉਤੇ ਤੇਜ਼ਾਬੀ ਹਮਲੇ ਅਤੇ ਔਰਤਾਂ ਨਾਲ ਜੁੜੇ ਹੋਰ ਮਸਲੇ-ਮੁੱਦੇ ਵਿਚਾਰੇ ਜਾਣ ਲੱਗੇ। ਪਹਿਲਾਂ-ਪਹਿਲ ਤਾਂ ਉਨ੍ਹਾਂ ਨੂੰ ਮਰਦਾਂ ਦੀ ਕਰੋਪੀ ਦਾ ਸ਼ਿਕਾਰ ਵੀ ਹੋਣਾ ਪਿਆ, ਪਰ ਜਦੋਂ ਇਹ ਮਿਲਣੀ, ਮੁਹਿੰਮ ਵਿਚ ਬਦਲ ਗਈ ਤਾਂ ਉਨ੍ਹਾਂ ਲਈ ਕੰਮ ਕਰਨ ਵਾਲਾ ਰਾਹ ਹੋਰ ਮੋਕਲਾ ਹੁੰਦਾ ਗਿਆ। ਦੁਖਿਆਰੀਆਂ ਔਰਤਾਂ ਖੁਦ-ਬਖੁਦ 'ਖਵਾਦੀਨ ਜਿਰਗਾ' ਕੋਲ ਆਉਣ ਲੱਗੀਆਂ। ਇਸ ਦੇ ਨਾਲ ਹੀ ਤਬੱਸੁਮ ਅਦਨਾਨ ਨੂੰ ਇਸ ਕਾਰਜ ਲਈ ਸ਼ਾਬਾਸ਼ ਮਿਲਣੀ ਸ਼ੁਰੂ ਹੋ ਗਈ। ਫਿਰ ਤਾਂ ਇਨਾਮਾਂ-ਸਨਮਾਨਾਂ ਦੀ ਵੀ ਝੜੀ ਲੱਗ ਗਈ।



ਘਰੇਲੂ ਜ਼ੁਲਮ ਦੀ ਸ਼ਿਕਾਰ ਹੋਈ ਇਕ ਤ੍ਰੀਮਤ ਨਾਲ ਤਬੱਸੁਮ ਅਦਨਾਨ।


ਹੁਣ ਜਦੋਂ ਵੀ 'ਖਵਾਦੀਨ ਜਿਰਗਾ' ਨੂੰ ਕਿਸੇ ਔਰਤ ਨਾਲ ਵਧੀਕੀ ਦੀ ਖਬਰ ਪੁੱਜਦੀ ਹੈ, ਸਾਰੀਆਂ ਔਰਤਾਂ ਇਕੱਠੀਆਂ ਹੋ ਕੇ ਇਸ ਜ਼ੁਲਮ ਖਿਲਾਫ ਜੂਝਦੀਆਂ ਹਨ ਅਤੇ ਇਕ-ਦੂਜੀ ਨੂੰ ਅਗਾਂਹ ਵਧਣ ਦੀ ਹੱਲਸ਼ੇਰੀ ਦਿੰਦੀਆਂ ਹਨ। ਤਬੱਸੁਮ ਅਦਨਾਨ ਦੀ ਅੰਮੜੀ ਅਜਿਹੇ ਸਾਰੇ ਰੋਸ ਵਿਖਾਵਿਆਂ ਵਿਚ ਸ਼ਿਰਕਤ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਧੀਆਂ ਨੇ ਆਪਣੇ ਲਈ ਆਪ ਰਾਹ ਕੱਢ ਲਿਆ ਹੈ, ਹੁਣ ਮਾਪਿਆਂ ਨੂੰ ਇਨ੍ਹਾਂ ਦੀ ਹਰ ਹਾਲ ਅਤੇ ਹਰ ਹੀਲੇ ਇਮਦਾਦ ਕਰਨੀ ਚਾਹੀਦੀ ਹੈ। ਤਬੁੱਸਮ ਅਦਨਾਨ ਦਾ ਦਾਈਆ ਹੈ ਕਿ ਉਹ ਹਰ ਉਸ ਔਰਤ ਤੱਕ ਪਹੁੰਚ ਕਰੇ ਜਿਹੜੀ ਬਿਨਾ ਵਜ੍ਹਾ ਮਰਦਾਵੀਂ ਹੈਂਕੜ ਕਾਰਨ ਪੀੜ ਹੰਢਾਅ ਰਹੀ ਹੈ। -0-



ਇਕ ਨੰਨ੍ਹੀ ਜਾਨ ਨੂੰ ਦਿਲਾਸਾ ਦੇ ਰਹੀ ਤਬੱਸੁਮ ਤਦਨਾਨ।

## ਮਲਾਲਾ ਵਾਲੀ ਸਰਜ਼ਮੀਨ

*ਤਬੱਸੁਮ ਅਦਨਾਨ ਸਵਾਤ ਘਾਟੀ ਦੀ ਦੂਜੀ ਅਜਿਹੀ ਔਰਤ ਹੈ ਜਿਸ ਦੀ ਚਰਚਾ ਮੁਲਕ ਦੀਆਂ ਹੱਦਾਂ ਪਾਰ ਕਰ ਕੇ ਸੰਸਾਰ ਪੱਧਰ 'ਤੇ ਫੈਲ ਗਈ ਹੈ। ਇਸ ਤੋਂ ਪਹਿਲਾਂ ਅੱਲ੍ਹੜ ਉਮਰ ਦੀ ਕੁੜੀ ਮਲਾਲਾ ਯੂਸਫਜ਼ਈ ਦੀ ਚਰਚਾ ਹੋਈ ਸੀ ਜਦੋਂ ਉਸ ਨੇ ਸਵਾਤ ਘਾਟੀ ਵਿਚ ਕੁੜੀਆਂ ਲਈ ਸਿਖਿਆ ਦੇ ਮੁੱਦੇ ਉਤੇ ਆਪਣੀ ਆਵਾਜ਼ ਬੁਲੰਦ ਕੀਤੀ ਸੀ। ਤਾਲਿਬਾਨ ਨੇ ਉਸ ਨੇ ਹਮਲਾ ਕਰ ਦਿੱਤਾ ਸੀ ਅਤੇ ਉਸ ਦੀ ਜਾਨ ਮਸੀਂ ਬਚੀ ਸੀ। ਮਲਾਲਾ ਅੱਜ ਕੱਲ੍ਹ ਇੰਗਲੈਂਡ ਵਿਚ ਹੈ। ਉਸ ਨੂੰ ਕੁੜੀਆਂ ਦੀ ਸਿਖਿਆ ਲਈ ਆਵਾਜ਼ ਬੁਲੰਦ ਕਰਨ ਬਦਲੇ ਸੰਸਾਰ ਪ੍ਰਸਿੱਧ ਨੋਬੇਲ ਪੁਰਸਕਾਰ ਵੀ ਮਿਲ ਚੁੱਕਾ ਹੈ। ਪਹਿਲਾਂ ਮਲਾਲਾ ਅਤੇ ਹੁਣ ਤਬੱਸੁਮ ਨੇ ਅਵਾਮ ਨੂੰ ਉਹ ਰਾਹ ਦਿਖਾਇਆ ਹੈ ਜਿਸ ਉਤੇ ਚੱਲ ਕੇ ਇਨਸਾਨ ਦੀ ਮੁਕਤੀ ਲਈ ਅਗਾਂਹ ਵਾਲੇ ਰਾਹ ਹੋਰ ਮੋਕਲੇ ਹੁੰਦੇ ਹਨ। ਅਜਿਹੀਆਂ ਸ਼ਖਸੀਅਤਾਂ ਅਤੇ ਇਨ੍ਹਾਂ ਵੱਲੋਂ ਕਾਰਜਾਂ ਨੂੰ ਸਲਾਮ ਹੈ।*



ਮਲਾਲਾ ਯੂਸਫਜ਼ਈ

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 14 ਮਈ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-220



*ਲਾ ਦੇ ਭੱਈਆ ਜ਼ੋਰ ਸਾਰਾ ਈ, ਗਰਮ ਗਰਮ ਪਲਟਾਈਏ।*
*ਪੀੜ ਕਮਾਦ ਮੁਕਾ ਲਿਆ ਸਾਰਾ, ਇਹ ਵੀ ਕੰਮ ਮੁਕਾਈਏ।*
*ਹੋ ਗਈ ਲਾਲ ਪੂਰੀ ਪਤ ਸਾਰੀ, ਛੇਤੀ ਭਰ ਦੇਹ ਗੰਡ।*
*ਗੁੜ ਦੇ ਮੂਹਰੇ ਕੁਝ ਨਹੀਂ ਹੁੰਦੀ, ਬੁੱਢੇਵਾਲ ਦੀ ਖੰਡ।*

## ਕੈਪਸ਼ਨ ਮੁਕਾਬਲਾ-218



ਹੀਟਰ ਲੱਖ ਲਵਾ ਲੋ ਭਾਵੇਂ
ਧੁੱਪ ਦਾ ਰੰਗ ਨਿਆਰਾ ਹੁੰਦੈ।
ਦਾਦੀ ਦੀ ਗੋਦੀ ਦੇ ਨਿੱਘ ਦਾ
ਵੱਖਰਾ ਇੱਕ ਨਜ਼ਾਰਾ ਹੁੰਦੈ।
ਮੂਲ ਵੀ ਭਾਵੇਂ ਆਪਣੀ ਥਾਂ ਹੈ
ਪਰ ਵਿਆਜ ਹਮੇਸ਼ਾ ਪਿਆਰਾ ਹੁੰਦੈ।
*-ਜਗਮੀਤ ਸਿੰਘ ਪੰਧੇਰ*

---

ਮੂਲ ਨਾਲੋਂ ਹੈ ਵਿਆਜ ਪਿਆਰਾ
ਹੈ ਸਾਰੀ ਦੁਨੀਆਂ ਕਹਿੰਦੀ।
ਪੋਤੇ ਨੂੰ ਲੈ ਕੇ ਗੋਦ 'ਚ ਬੈਠੀ
ਲੱਗਦਾ ਬੇਬੇ ਖੁਸ਼ ਹੈ ਰਹਿੰਦੀ।
ਕਾਸ਼! ਰਹੇ ਹੱਸਦਾ-ਵੱਸਦਾ ਵਿਹੜਾ
ਹਰ ਘਰ ਵਿਚ ਹੋਣ ਬਹਾਰਾਂ।
ਸਵਰਗ ਬਣੇ ਪਰਿਵਾਰਕ ਜ਼ਿੰਦਗੀ
ਸਦਾ ਖਿੜੀਆਂ ਰਹਿਣ ਗੁਲਜ਼ਾਰਾਂ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ*

---

ਕਾਲ ਚੱਕਰ ਦਾ ਰੰਗ ਦੇਖੋ
ਕਿ ਇਹ ਖੇਡ ਰਚਾਉਂਦਾ।
ਵਿਚ ਬੁਢਾਪੇ ਦੇਖੋ ਜਾ ਕੇ
ਬਚਪਨ ਚੇਤੇ ਆਉਂਦਾ।
ਮਾਤਾ ਦਾ ਵੀ ਹੌਸਲਾ ਦੇਖੋ
ਪੋਤੇ ਨਾਲ ਮਨ ਪਰਚਾਉਂਦੀ।
ਸੌਣ ਲੱਗਿਆਂ ਰਾਤਾਂ ਨੂੰ
ਹੈ ਬਾਤਾਂ ਵੀ ਸੁਣਾਉਂਦੀ।
*-ਰਾਮ ਕੁਮਾਰ ਐਸ਼ ਜਾਜਾ*

---

ਰੱਬੀ ਰੂਹ ਹੁੰਦੀ ਹੈ
ਦਾਦੀ ਹੋਵੇ ਜਾਂ ਨਾਨੀ।
ਬੈਠਾ ਗੋਦੀ ਸੁਣਾ ਦਿੰਦੀ ਸੀ,
ਲੋਰੀ ਜਾਂ ਕੋਈ ਕਹਾਣੀ।
ਕਰ ਅੱਖਾਂ ਬੰਦ ਪਿੰਡ ਉਡ ਜਾਂਦਾ ਹਾਂ
ਬਸ ਉਨ੍ਹਾਂ ਪਲਾਂ ਨੂੰ ਜੀ ਲੈਂਦਾ ਹਾਂ।
ਉਸ ਦਾ ਪਿਆਰ ਤੇ ਦੁਆਵਾਂ
ਹੀ ਹੈ ਬਸ ਮੇਰੇ ਪੱਲੇ।
ਸੱਚਾ ਰੱਬ ਮੇਰੇ ਉਹ ਦਿਨ
ਜੇ ਕਿਧਰੇ ਮੁੜ ਘੱਲੇ।
*-ਜਸਪ੍ਰੀਤ ਸਿੰਘ ਪੰਨੂ, ਇੰਡੀਆਨਾ*

---

ਹੁੰਦਾ ਦਾਦੀ ਪੋਤੇ ਦਾ ਰਿਸ਼ਤਾ ਨਿਆਰਾ
ਮੂਲ ਨਾਲੋ ਸ਼ਾਹ ਨੂੰ ਵਿਆਜ ਪਿਆਰਾ।
ਗੋਦੀ ਬਿਠਾ ਦਾਦੀ ਲੋਰੀ ਸੁਣਾਉਦੀ ਏ
ੳ ਅ ੲ ਦੀ ਪਈ ਗੁੜਤੀ ਸਿਖਾਉਂਦੀ ਏ।
ਦੇਸੀ ਘਿਉ ਕੁੱਟ ਚੂਰੀਆਂ ਖਵਾਉਂਦੀ ਏ।
ਤੁਰਨੇ ਨਾਲ ਗੁਰ ਬੋਲਣਾ ਸਮਝਾਉਂਦੀ ਏ।
ਬਾਤਾਂ-ਬੁਝਾਰਤਾਂ ਦਾ ਨਾ ਅੱਜ ਮੋਹ ਰਿਹਾ
ਬਚਪਨਾ ਤਾਂ ਅੱਜ ਟੈਲੀਵਿਜ਼ਨਾਂ ਖੋਹ ਲਿਆ।
*-ਸਤਵਿੰਦਰ ਥਾਂਦੀ ਦੌਲਤਪੁਰੀਆ*

---

ਦਾਦੀ ਗੋਦ ਵਿਚ ਬਿਠਾ ਕੇ
ਪੋਤੇ ਨੂੰ ਲਾਡ ਲਡਾਉਂਦੀ ਏ।
ਫੋਟੋ ਆਉਣ ਵਾਲੇ ਤੇ ਜਾਣ ਵਾਲੇ
ਸਮੇਂ ਦੀ ਬੁਝਾਰਤ ਪਾਉਂਦੀ ਏ।
ਮਾਂ ਨੂੰ ਚਾਅ ਹੁੰਦਾ ਪੁੱਤ ਦੇ
ਪੁੱਤ-ਧੀਆਂ ਖਿਡਾਉਣ ਦਾ।
ਨਾਲ ਪੋਤੇ ਦੇ ਫੋਟੋ ਖਿਚਵਾ ਕੇ
ਦੇਵੀਂ ਫਰੇਮ ਵਿਚ ਜੜਾ।
*-ਗੋਰਾ ਪ੍ਰਜਾਪਤ, ਨਿਊ ਯਾਰਕ*

---

ਬੁਢਾਪਾ ਇੱਕ ਅੱਥਰੀ ਸ਼ੈਅ
ਡਰ ਮਾਨਸਿਕ ਰੋਗੀ ਹੋਣ ਦਾ।
ਜੋ ਰਹਿੰਦੇ ਮਸਰੂਫ ਡਰ ਨਹੀਂ ਰੁੱਝਣ ਦਾ।
ਪੋਤੇ ਨਾਲ ਦਾਦੀ ਦੀ ਇੱਜਤ ਦੂਣੀ
ਹੋਣ ਨਾ ਸੱਸ-ਨੂੰਹ ਗੁੱਤੋ-ਗੁੱਤੀ।
ਪੋਤਾ ਇੱਜਤ ਕਰੂ ਬਜ਼ੁਰਗਾਂ ਦੀ
ਸੋਭਾ ਵਧੇਗੀ ਪਰਿਵਾਰ ਦੀ।
*-ਦਰਸ਼ਨਪਾਲ ਦੋਸਾਂਝ*

# ਕੈਪਟਨ ਲਿਆਓ, ਪੰਜਾਬ ਬਚਾਓ



**ਸੋਨੀਆ ਗਾਂਧੀ**
ਪ੍ਰਧਾਨ ਆਲ ਇੰਡੀਆਨ ਕਾਂਗਰਸ



**ਰਾਹੁਲ ਗਾਂਧੀ**
ਉਪ ਪ੍ਰਧਾਨ ਆਲ ਇੰਡੀਆ ਕਾਂਗਰਸ



**ਕੈਪਟਨ ਅਮਰਿੰਦਰ ਸਿੰਘ**
ਸਾਬਕਾ ਮੁੱਖ ਮੰਤਰੀ ਪੰਜਾਬ
ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ
ਮੈਂਬਰ ਪਾਰਲੀਮੈਂਟ



**ਸਾਧੂ ਸਿੰਘ ਧਰਮਸੋਤ**
ਵਿਧਾਇਨ ਨਾਭਾ,
ਉਪ ਚੇਅਰਮੈਨ ਕਾਂਗਰਸ ਇਲੈਕਸ਼ਨ ਕੰਪੇਨ ਕਮੇਟੀ

ਇਕ ਇਮਾਨਦਾਰ, ਸਾਦਗੀ ਅਤੇ ਨਿਰਮਤਾ ਭਰੇ ਇਨਸਾਨ ਸਾਧੂ ਸਿੰਘ ਧਰਮਸੋਤ ਵਿਧਾਇਕ ਹਲਕਾ ਨਾਭਾ ਅਤੇ ਵਾਈਸ ਚੇਅਰਮੈਨ ਇਲੈਕਸ਼ਨ ਕਮੇਟੀ ਕਾਂਗਰਸ ਨੇ ਬੇਕਰਸਫੀਲਡ, ਫਿਨੀਕਸ, ਐਰੀਜ਼ੋਨਾ, ਮਿਲਵਾਕੀ ਵਿਚ ਪੰਜਾਬ ਵਿਚ ਕਾਂਗਰਸ ਸਰਕਾਰ ਲਿਆਉਣ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਹੱਥ ਮਜ਼ਬੂਤ ਕਰਨ ਲਈ ਭਰਵੀਆਂ ਮੀਟਿੰਗਾਂ ਨੂੰ ਸੰਬੋਧਨ ਕਰਕੇ ਪ੍ਰਵਾਸੀਆਂ ਨੂੰ ਵੱਡੀ ਗਿਣਤੀ ਵਿਚ ਕਾਂਗਰਸ ਨਾਲ ਜੋੜਿਆ।
ਸ. ਸਾਧੂ ਸਿੰਘ ਧਰਮਸੋਤ ਗੁਰਦੁਆਰਾ ਸਾਹਿਬ ਸੈਨਹੋਜ਼ੇ ਵੀ ਨਤਮਸਤਕ ਹੋਏ।














## ਜਾਰੀ ਕਰਤਾ: ਸਵਰਨ ਸਿੰਘ ਬਲਿੰਗ (ਰੁੜਕੀ)

ਬੇਕਰਸਫੀਲਡ ਕੈਲੇਫੋਰਨੀਆਂ

ਸਵਰਨ ਸਿੰਘ ਬਲਿੰਗ (ਰੁੜਕੀ)

# ਪਾਕਿਸਤਾਨੀ ਗੁਰਦੁਆਰਿਆਂ 'ਤੇ ਦਹਿਸ਼ਤੀ ਹਮਲਿਆਂ ਦਾ ਖਦਸ਼ਾ

**ਪਿਸ਼ਾਵਰ:** ਇਥੋਂ ਦੇ ਪੁਰਾਣੇ ਸ਼ਹਿਰ ਦੇ ਜੋਗੀਵਾੜਾ ਇਲਾਕੇ ਵਿਚ ਸਥਿਤ ਤਕਰੀਬਨ 300 ਸਾਲ ਪੁਰਾਣੇ ਗੁਰਦੁਆਰਾ ਭਾਈ ਬੀਬਾ ਸਿੰਘ ਨੂੰ 73 ਸਾਲ ਬਾਅਦ ਸੰਗਤਾਂ ਲਈ ਮੁੜ ਖੋਲ੍ਹ ਦਿੱਤਾ ਗਿਆ ਹੈ। ਪਿਛਲੇ ਦਿਨੀਂ ਗੁਰਦੁਆਰਾ ਸਾਹਿਬ ਨੂੰ ਮੁੜ ਖੋਲ੍ਹੇ ਜਾਣ ਮੌਕੇ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਕਰਵਾਇਆ ਗਿਆ, ਪਰ ਉਥੇ ਸੁਰੱਖਿਆ ਅਜੇ ਵੀ ਚਿੰਤਾ ਦਾ ਕਾਰਨ ਹੈ। ਸੁਰੱਖਿਆ ਦੀ ਪਰਵਾਹ ਨਾ ਕਰਦੇ ਹੋਏ ਮੁਸਲਿਮ ਭਾਈਚਾਰੇ ਦੇ ਕੁਝ ਲੋਕਾਂ ਨੇ ਵੀ ਗੁਰਦੁਆਰਾ ਸਾਹਿਬ ਵਿਚ ਕਰਵਾਏ ਸਮਾਗਮ ਵਿਚ ਸ਼ਿਰਕਤ ਕੀਤੀ।



ਗੁਰਦੁਆਰਾ ਸਾਹਿਬ ਦੇ ਬਾਹਰ ਪੁਲਿਸ ਦਾ ਇਕ ਜਵਾਨ ਹਰ ਵੇਲੇ ਤਾਇਨਾਤ ਰਹਿੰਦਾ ਹੈ, ਜੋ ਉਥੋਂ ਤੰਗ ਗਲੀ ਵਿਚੋਂ ਲੰਘਣ ਵਾਲੇ ਹਰ ਵਿਅਕਤੀ 'ਤੇ ਨਜ਼ਰ ਰੱਖਦਾ ਹੈ। ਪੁਲਿਸ ਦੇ ਨਾਲ-ਨਾਲ ਸਿੱਖ ਭਾਈਚਾਰੇ ਵੱਲੋਂ ਵੀ ਗੁਰਦੁਆਰਾ ਸਾਹਿਬ ਦੀ 24 ਘੰਟੇ ਸੁਰੱਖਿਆ ਦੇ ਪ੍ਰਬੰਧ ਕੀਤੇ ਗਏ ਹਨ, ਪਰ ਉਨ੍ਹਾਂ ਦੇ ਮੁਸਲਿਮ ਗੁਆਂਢੀ ਮੰਨਦੇ ਹਨ ਕਿ ਅਤਿਵਾਦੀਆਂ ਦੇ ਹਮਲਿਆਂ ਨੂੰ ਟਾਲਿਆ ਨਹੀਂ ਜਾ ਸਕਦਾ। ਪਿਸ਼ਾਵਰ ਵਿਚ ਸਿੱਖ ਭਾਈਚਾਰੇ ਦੀ ਸੁਰੱਖਿਆ ਦੇ ਮੁਖੀ ਗੁਰਪਾਲ ਸਿੰਘ ਨੇ ਦੱਸਿਆ ਕਿ ਜੋ ਲੋਕ ਬਿਨਾਂ ਕਿਸੇ ਡਰ ਦੇ ਗੁਰਦੁਆਰਾ ਸਾਹਿਬ ਵਿਖੇ ਆ ਕੇ ਮੱਥਾ ਟੇਕਣਾ ਅਤੇ ਅਰਦਾਸ ਕਰਨਾ ਚਾਹੁੰਦੇ ਹਨ, ਉਨ੍ਹਾਂ ਲਈ ਸੁਰੱਖਿਆ ਬਹੁਤ ਜ਼ਰੂਰੀ ਹੈ। ਗੁਰਦੁਆਰਾ ਸਾਹਿਬ ਦੇ ਸੇਵਾਦਾਰ ਅਤੇ ਸਿੱਖ ਭਾਈਚਾਰੇ ਦੇ ਬੁਲਾਰੇ ਚਰਨਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਮੁੱਖ ਹਾਲ ਦੀ ਮੁਰੰਮਤ ਕੀਤੀ ਗਈ, ਬਾਕੀ ਇਮਾਰਤ ਦੀ ਹਾਲਤ ਬਹੁਤ ਖਸਤਾ ਹੈ। ਤਕਰੀਬਨ 300 ਸਾਲ ਪਹਿਲਾਂ 'ਵਜ਼ੀਰੀ ਇੱਟਾਂ' ਨਾਲ ਬਣਾਈ ਗਈ ਇਸ ਇਮਾਰਤ ਦੀ ਪੁਰਾਤਨ ਦਿਖ ਅਜੇ ਵੀ ਬਰਕਰਾਰ ਹੈ।

ਉਨ੍ਹਾਂ ਦੱਸਿਆ ਕਿ ਸਥਾਨਕ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਸਾਹਿਬ ਨੂੰ ਮੁੜ ਖੋਲ੍ਹੇ ਜਾਣ ਬਾਰੇ 2012 ਤੋਂ ਸਰਕਾਰ ਨਾਲ ਲੜਾਈ ਲੜੀ ਜਾ ਰਹੀ ਸੀ।

ਗੁਰਦੁਆਰਾ ਸਾਹਿਬ ਦੇ ਸਾਹਮਣੇ ਗਲੀ 'ਚ ਇਕ ਸਟਾਲ ਉਤੇ ਕਿਤਾਬਾਂ ਵੇਚਣ ਵਾਲੇ ਇਕ ਵਿਅਕਤੀ ਗੌਹਰ ਇਕਬਾਲ ਅਨੁਸਾਰ ਅਤਿਵਾਦੀਆਂ ਵੱਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਉਸ ਨੇ ਕਿਹਾ ਕਿ ਸਾਨੂੰ ਇਸ ਸਬੰਧੀ ਬਹੁਤ ਚਿੰਤਾ ਹੈ ਕਿਉਂਕਿ ਜੇਕਰ ਅਜਿਹੀ ਕੋਈ ਘਟਨਾ ਵਾਪਰਦੀ ਹੈ ਤਾਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਹੀ ਲੜਕੀਆਂ ਦਾ ਸਕੂਲ ਹੈ। 1940 ਵਿਚ ਜਿਸ ਵੇਲੇ ਗੁਰਦੁਆਰਾ ਸਾਹਿਬ ਨੂੰ ਬੰਦ ਕਰ ਦਿੱਤਾ ਗਿਆ ਸੀ ਤਾਂ ਉਸ ਵੇਲੇ ਇਲਾਕੇ ਵਿਚ ਰਹਿੰਦੇ ਸਿੱਖ ਪਰਿਵਾਰ ਅਤੇ ਸੇਵਾਦਾਰ ਇਥੋਂ ਚਲੇ ਗਏ ਸਨ। ਮੌਜੂਦ ਸਮੇਂ ਵਿਚ ਪਾਕਿਸਤਾਨ ਵਿਚ ਸਿੱਖ ਭਾਈਚਾਰੇ ਦੇ ਕਿੰਨੇ ਲੋਕ ਰਹਿੰਦੇ ਹਨ, ਇਸ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਹੈ। ਸੀ.ਆਈ.ਏ. ਦੇ ਅੰਦਾਜ਼ੇ ਅਨੁਸਾਰ ਪਾਕਿਸਤਾਨ ਦੀ ਆਬਾਦੀ ਦੇ 3.6 ਫੀਸਦੀ ਲੋਕ ਗੈਰ ਮੁਸਲਿਮ ਹਨ, ਜਿਨ੍ਹਾਂ ਵਿਚ ਸਿੱਖ, ਇਸਾਈ ਅਤੇ ਹਿੰਦੂ ਭਾਈਚਾਰੇ ਦੇ ਲੋਕ ਸ਼ਾਮਲ ਹਨ। ਪਾਕਿਸਤਾਨ ਵਿਚ ਸਿੱਖ ਬਹੁਤ ਘੱਟ ਗਿਣਤੀ 'ਚ ਹਨ।

## ਸ਼੍ਰੋਮਣੀ ਕਮੇਟੀ ਨੇ ਕੀਤਾ ਪਾਕਿਸਤਾਨ ਨੂੰ ਖਬਰਦਾਰ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਸਥਿਤ ਗੁਰਦੁਆਰਾ ਬਾਬੇ ਕੇ ਬੇਰ ਦੀਆਂ ਦੀਵਾਰਾਂ ਉਤੇ ਕਲਮਾ ਲਿਖੇ ਜਾਣ ਦੀਆਂ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਭੜਕ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਗੁਰਦੁਆਰੇ ਦੀਆਂ ਕੰਧਾਂ 'ਤੇ ਕਮਲਾ ਲਿਖੇ ਜਾਣ ਦੀ ਨਿੰਦਾ ਕਰਦਿਆਂ ਪਾਕਿਸਤਾਨ ਓਕਾਫ ਬੋਰਡ ਦੇ ਚੇਅਰਮੈਨ ਸਦੀਕ-ਉਲ-ਫਾਰੂਕ ਤੋਂ ਮਾਮਲੇ ਦੀ ਪੜਤਾਲ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਦੀ ਚਰਨ ਛੋਹ ਪ੍ਰਾਪਤ ਸਿਆਲਕੋਟ (ਪਾਕਿਸਤਾਨ) ਗੁਰਦੁਆਰਾ ਬਾਬੇ ਦੀ ਬੇਰ ਦੀਆਂ ਦੀਵਾਰਾਂ ਉਤੇ ਬਣੇ ਗੁਰੂਆਂ ਦੇ ਕੰਧ ਚਿੱਤਰਾਂ 'ਤੇ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਨੂੰ ਲੁਪਤ ਕਰ ਕੇ ਉਸ ਜਗ੍ਹਾ ਕਲਮਾ ਲਿਖਣਾ ਬਹੁਤ ਹੀ ਮੰਦਭਾਗਾ ਹੈ। ਆਉਣ ਵਾਲੀਆਂ ਪੀੜੀਆਂ ਲਈ ਗੁਰੂ ਸਾਹਿਬਾਨ ਦੇ ਚਿੱਤਰਾਂ ਨੂੰ ਸੰਭਾਲਣ ਦੀ ਜ਼ਰੂਰਤ ਸੀ, ਪਰ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ।

ਉਨ੍ਹਾਂ ਪਾਕਿਸਤਾਨ ਓਕਾਫ ਬੋਰਡ ਦੇ ਚੇਅਰਮੈਨ ਸਦੀਕ-ਉਲ-ਫਾਰੂਕ ਨੂੰ ਇਕ ਪੱਤਰ ਰਾਹੀਂ ਅਪੀਲ ਕਰਦਿਆਂ ਕਿਹਾ ਕਿ ਇਸ ਪਾਵਨ ਪਵਿੱਤਰ ਅਸਥਾਨ ਦੀ ਪੜਤਾਲ ਕਰਵਾ ਕੇ ਜਲਦ ਇਸ ਦਾ ਕੋਈ ਢੁਕਵਾਂ ਹੱਲ ਲੱਭਣ ਤਾਂ ਜੋ ਦੇਸ਼-ਵਿਦੇਸ਼ ਵਿਚ ਵੱਸਦੇ ਸਿੱਖਾਂ ਦੇ ਮਨਾਂ ਵਿਚ ਪਾਏ ਜਾ ਰਹੇ ਰੋਸ ਨੂੰ ਦੂਰ ਕੀਤਾ ਜਾਵੇ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਗੁਰਦੁਆਰਿਆਂ ਦੀ ਜਾਇਦਾਦ 'ਤੇ ਨਾਜਾਇਜ਼ ਕਬਜ਼ੇ ਰੋਕਣ ਲਈ ਓਕਾਫ ਬੋਰਡ ਨੂੰ ਹਰਕਤ ਵਿਚ ਆਉਣਾ ਚਾਹੀਦਾ ਹੈ ਤੇ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਨ੍ਹਾਂ ਅਸਥਾਨਾਂ ਦੀ ਸਾਂਭ-ਸੰਭਾਲ ਲਈ ਹਰ ਉਹ ਹੀਲਾ ਵਰਤਣਾ ਚਾਹੀਦਾ ਹੈ ਜਿਸ ਨਾਲ ਜਾਇਦਾਦਾਂ ਨੂੰ ਖੁਰਦ-ਬੁਰਦ ਹੋਣ ਤੋਂ ਬਚਾਇਆ ਜਾ ਸਕੇ।

# ਜਰਮਨੀ ਦੇ ਗੁਰਦੁਆਰੇ ਉਤੇ ਹਮਲਾ ਕਰਨ ਵਾਲੇ ਆਈ.ਐਸ. ਦੇ ਹਮਦਰਦ

**ਬਰਲਿਨ:** ਜਰਮਨੀ ਦੇ ਐਸਨ ਸ਼ਹਿਰ ਵਿਚ ਇਕ ਗੁਰਦੁਆਰੇ ਉਤੇ ਬੰਬ ਨਾਲ ਹਮਲਾ ਕਰਨ ਦੇ ਮੁਲਜ਼ਮ ਦੋ ਅੱਲੜ ਵਿਦਿਆਰਥੀ ਕੱਟੜ ਇਸਲਾਮੀ ਹਨ ਤੇ ਇਸਲਾਮਿਕ ਸਟੇਟ (ਆਈ.ਐਸ.) ਅਤੇ ਅਲ ਕਾਇਦਾ ਦੇ ਹਮਦਰਦ ਹਨ। ਸੈਕੰਡਰੀ ਸਕੂਲ ਦੇ ਇਨ੍ਹਾਂ ਦੋ ਵਿਦਿਆਰਥੀਆਂ ਨੇ 16 ਅਪਰੈਲ ਦੀ ਸ਼ਾਮ ਨੂੰ ਨਾਨਕਸਰ ਸਤਿਸੰਗ ਸਭਾ ਗੁਰਦੁਆਰੇ ਦੇ ਮੁੱਖ ਗੇਟ ਉਤੇ ਧਮਾਕਾਖੇਜ਼ ਸਮੱਗਰੀ ਨਾਲ ਭਰੇ ਬੈਗ ਨਾਲ ਧਮਾਕਾ ਕੀਤਾ ਸੀ। ਡਸੈਲਡੋਰਫ ਵਿਚ ਰਾਜ ਦੇ ਗ੍ਰਹਿ ਮਾਮਲਿਆਂ ਦੀ ਕਮੇਟੀ ਨੇ ਪੇਸ਼ ਕੀਤੀ ਰਿਪੋਰਟ ਵਿਚ ਨਾਰਥ ਰਾਇਨ ਵੈਸਟਫਾਲਿਆ ਦੇ ਗ੍ਰਹਿ ਮੰਤਰੀ ਰਾਫੇਲ ਜੇਗਰ ਨੇ ਕਿਹਾ ਕਿ ਧਮਾਕਾ ਕਰਨ ਤੋਂ ਪਹਿਲਾ 16 ਸਾਲਾਂ ਦੇ ਇਨ੍ਹਾਂ ਵਿਦਿਆਰਥੀਆਂ ਨੇ ਮੁੱਖ ਗੇਟ ਰਾਹੀਂ ਗੁਰਦੁਆਰੇ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੋਵਾਂ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈ ਲਈ ਹੈ ਪਰ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਨ੍ਹਾਂ ਨੇ ਇਹ ਕਾਰਾ ਕਿਸੇ ਧਾਰਮਿਕ ਈਰਖਾ ਨਾਲ ਕੀਤਾ ਸੀ।



# ਅਮਰੀਕਾ ਨੇ ਦਿੱਤੀ ਤਾਲਿਬਾਨ ਨੂੰ ਸਿੱਧੀ ਚੁਣੌਤੀ

**ਵਾਸ਼ਿੰਗਟਨ:** ਅਫ਼ਗਾਨਿਸਤਾਨ ਸਰਕਾਰ ਨਾਲ ਪ੍ਰਸਤਾਵਿਤ ਸ਼ਾਂਤੀ ਵਾਰਤਾ ਨੂੰ ਰੱਦ ਕਰਵਾਉਣ ਉਤੇ ਤਾਲਿਬਾਨ ਨੂੰ ਅਮਰੀਕਾ ਨੇ ਚਿਤਾਵਨੀ ਦਿੰਦਿਆਂ ਇਸ ਦੇ ਗੰਭੀਰ ਸਿੱਟੇ ਭੁਗਤਣ ਲਈ ਆਖਿਆ ਹੈ।

ਇਸ ਦੇ ਨਾਲ ਹੀ ਅਮਰੀਕਾ ਨੇ ਪਾਕਿਸਤਾਨ ਨੂੰ ਉਨ੍ਹਾਂ ਦਹਿਸ਼ਤਗਰਦ ਸੰਗਠਨਾਂ ਖਿਲਾਫ਼ ਕਾਰਵਾਈ ਕਰਨ ਲਈ ਆਖਿਆ ਹੈ ਜੋ ਉਸ ਦੀ ਜ਼ਮੀਨ ਤੋਂ ਗੁਆਂਢੀਆਂ ਲਈ ਵੱਡੀ ਚੁਣੌਤੀ ਬਣ ਰਹੇ ਹਨ। ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚ ਅਮਰੀਕਾ ਦੇ ਵਿਸ਼ੇਸ਼ ਪ੍ਰਤੀਨਿਧੀ ਰਿਚਰਡ ਔਲਸਨ ਨੇ ਅਮਰੀਕੀ ਸੰਸਦ ਦੀ ਵਿਦੇਸ਼ੀ ਸਬੰਧਾਂ ਬਾਰੇ ਬਣੀ ਕਮੇਟੀ ਦੇ ਮੈਂਬਰਾਂ ਨੂੰ ਇਸ ਦੀ ਜਾਣਕਾਰੀ ਦਿੰਦੇ ਹੋਏ ਆਖਿਆ ਕਿ ਬਹੁਤ ਮੰਦਭਾਗਾ ਹੈ ਕਿ ਤਾਲਿਬਾਨ ਨੇ ਸ਼ਾਂਤੀ ਵਾਰਤਾ ਵਿਚ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਦੇ ਨਤੀਜੇ ਉਨ੍ਹਾਂ ਨੂੰ ਭੁਗਤਣੇ ਹੋਣਗੇ।

ਔਲਸਨ ਨੇ ਆਖਿਆ ਹੈ ਕਿ ਪਾਕਿਸਤਾਨ ਨੂੰ ਆਪਣੇ ਦੇਸ਼ ਵਿਚ ਦਹਿਸ਼ਤਗਰਦਾਂ ਨੂੰ ਸ਼ਹਿ ਦੇਣੀ ਬੰਦ ਕਰ ਦੇਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਦੂਜੇ ਦੇਸ਼ਾਂ ਦੀ ਸ਼ਾਂਤੀ ਨੂੰ ਖਤਰਾ ਹੋ ਰਿਹਾ ਹੈ। ਔਲਸਨ ਅਨੁਸਾਰ ਇਸ ਬਾਰੇ ਪਾਕਿਸਤਾਨ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ।

# ਪੰਜ ਪਿਆਰਿਆਂ ਵੱਲੋਂ ਸਰਬੱਤ ਖਾਲਸਾ ਦੇ ਸੱਦੇ ਉਤੇ ਸਵਾਲ



**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਪੰਜ ਪਿਆਰਿਆਂ ਨੇ ਸਪੱਸ਼ਟ ਕੀਤਾ ਕਿ ਉਹ ਕੁਝ ਜਥੇਬੰਦੀਆਂ ਵੱਲੋਂ ਨਵੰਬਰ-2016 ਵਿਚ ਬੁਲਾਏ ਜਾਣ ਵਾਲੇ ਸਰਬੱਤ ਖਾਲਸਾ ਦੇ ਨਾਲ ਸਹਿਮਤ ਨਹੀਂ ਹਨ।

ਪੰਜ ਪਿਆਰਿਆਂ- ਭਾਈ ਮੇਜਰ ਸਿੰਘ, ਭਾਈ ਮੰਗਲ ਸਿੰਘ, ਭਾਈ ਸਤਨਾਮ ਸਿੰਘ ਖੰਡਾ, ਭਾਈ ਤਰਲੋਕ ਸਿੰਘ ਅਤੇ ਭਾਈ ਸਤਨਾਮ ਸਿੰਘ ਵੱਲੋਂ ਕੀਤੀ ਇਕੱਤਰਤਾ ਤੋਂ ਬਾਅਦ ਇਕ ਬਿਆਨ ਰਾਹੀਂ ਦੱਸਿਆ ਕਿ ਬੈਠਕ ਵਿਚ ਮੌਜੂਦਾ ਪੰਥਕ ਹਾਲਾਤ ਅਤੇ ਬੀਤੇ ਦਿਨ ਕੁਝ ਅਖ਼ਬਾਰਾਂ ਵਿਚ ਨਵੰਬਰ-2016 ਨੂੰ ਕੁਝ ਜਥੇਬੰਦੀਆਂ ਵੱਲੋਂ ਸੱਦੇ ਗਏ ਸਰਬੱਤ ਖਾਲਸਾ ਨੂੰ ਸਮਰਥਨ ਕੀਤੇ ਜਾਣ ਸਬੰਧੀ ਪ੍ਰਕਾਸ਼ਿਤ ਖ਼ਬਰਾਂ ਦਾ ਨੋਟਿਸ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਪੰਥਕ ਮਸਲਿਆਂ ਨੂੰ ਗੁਰਮਤਿ ਦੀ ਰੌਸ਼ਨੀ 'ਚ ਗੱਲਬਾਤ ਰਾਹੀਂ ਆਪਸੀ ਵਿਚਾਰ-ਵਟਾਂਦਰੇ ਰਾਹੀਂ ਹੱਲ ਕਰਨ ਦੇ ਇੱਛੁਕ ਹਨ। ਮੌਜੂਦਾ ਸਮੇਂ ਅੰਦਰ ਦਰਪੇਸ਼ ਪੰਥਕ ਮਸਲਿਆਂ ਦਾ ਹੱਲ ਕਰਨ ਲਈ ਸਰਬੱਤ ਖਾਲਸਾ ਹੀ ਇਕ ਆਖਰੀ ਆਸ ਹੈ, ਪਰ ਸਮੁੱਚਾ ਪੰਥ ਇਕਮੁੱਠ ਹੋ ਕੇ ਸਾਰੀਆਂ ਜਥੇਬੰਦੀਆਂ, ਟਕਸਾਲਾਂ, ਸਿੰਘ ਸਭਾਵਾਂ ਅਤੇ ਨਿਹੰਗ ਜਥੇਬੰਦੀਆਂ ਆਪਸ ਵਿਚ ਰਲਕੇ ਸਰਬੱਤ ਖਾਲਸਾ ਦਾ ਵਿਧੀ ਵਿਧਾਨ ਤਿਆਰ ਕਰ ਕੇ ਇਸ ਨੂੰ ਪੰਥਕ ਇਕੱਠ 'ਚ ਪ੍ਰਵਾਨ ਕਰਨ ਤਾਂ ਅਗਲੇ ਸਰਬੱਤ ਖਾਲਸਾ ਬਾਰੇ ਐਲਾਨ ਹੋਵੇ।

# ਮੁਹੰਮਦ ਸਦੀਕ ਦੀ ਵਿਧਾਇਕੀ ਬਰਕਰਾਰ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਭਦੌੜ ਤੋਂ ਕਾਂਗਰਸ ਦੇ ਵਿਧਾਇਕ ਮੁਹੰਮਦ ਸਦੀਕ ਦੀ ਮੈਂਬਰੀ ਬਰਕਰਾਰ ਰੱਖ ਦਿੱਤੀ ਹੈ। ਉਨ੍ਹਾਂ ਨੇ ਇਹ ਚੋਣ ਸਾਲ 2012 ਵਿਚ ਲੜੀ ਸੀ ਤੇ ਹਲਕਾ ਅਨੁਸੂਚਿਤ ਜਾਤੀ ਲਈ ਰਾਖਵਾਂ ਹੈ। ਜਸਟਿਸ ਰੰਜਨ ਗੋਗੋਈ ਤੇ ਜਸਟਿਸ ਪੀ.ਸੀ. ਪੰਤ ਦੇ ਬੈਂਚ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਸੱਤ ਅਪਰੈਲ 2015 ਦੇ ਫੈਸਲੇ ਨੂੰ ਰੱਦ ਕਰ ਦਿੱਤਾ। ਹਾਈ ਕੋਰਟ ਨੇ ਕਿਹਾ ਸੀ ਕਿ ਸਦੀਕ ਮੁਸਲਮਾਨ ਹੈ, ਜਿਸ ਕਾਰਨ ਉਹ ਐਸ.ਸੀ. ਲਈ ਰਾਖਵੇਂ ਹਲਕੇ ਤੋਂ ਚੋਣ ਨਹੀਂ ਸੀ ਲੜ ਸਕਦੇ।

# ਸ਼ਹੀਦ ਭਗਤ ਸਿੰਘ ਨੂੰ 'ਇਨਕਲਾਬੀ ਇੰਤਹਾਪਸੰਦ' ਦੱਸਣ ਉਤੇ ਵਿਵਾਦ

**ਨਵੀਂ ਦਿੱਲੀ:** ਦਿੱਲੀ ਯੂਨੀਵਰਸਿਟੀ ਦੇ ਪਾਠਕ੍ਰਮ ਦੀ ਇਕ ਪੁਸਤਕ ਵਿਚ ਸ਼ਹੀਦ ਭਗਤ ਸਿੰਘ ਨੂੰ 'ਇਨਕਲਾਬੀ ਇੰਤਹਾਪਸੰਦ' ਦੱਸਣ ਦਾ ਮਾਮਲਾ ਲੋਕ ਸਭਾ ਵਿਚ ਉੱਠਿਆ। ਭਾਜਪਾ ਦੇ ਮੈਂਬਰ ਅਨੁਰਾਗ ਠਾਕੁਰ ਨੇ ਇਹ ਮਾਮਲਾ ਚੁੱਕਦਿਆਂ ਮੰਗ ਕੀਤੀ ਕਿ ਦੇਸ਼ ਭਰ ਦੀਆਂ ਸਿੱਖਿਆ ਸੰਸਥਾਵਾਂ ਵਿਚ ਕੀ ਪੜ੍ਹਾਇਆ ਜਾ ਰਿਹਾ ਹੈ, ਇਸ ਬਾਰੇ ਬਹਿਸ ਹੋਣੀ ਚਾਹੀਦੀ ਹੈ।

ਸ੍ਰੀ ਠਾਕੁਰ ਨੇ ਕਿਹਾ ਕਿ ਇਹ ਹਵਾਲਾ ਪ੍ਰਸਿੱਧ ਇਤਿਹਾਸਕਾਰ ਬਿਪਿਨ ਚੰਦਰ ਅਤੇ ਮ੍ਰਿਦੁਲਾ ਮੁਖਰਜੀ ਵੱਲੋਂ ਲਿਖੀ ਕਿਤਾਬ 'ਇੰਡੀਆਜ਼ ਸਟ੍ਰਗਲ ਫਾਰ ਇੰਡੀਪੈਂਡੈਂਸ' (ਸੁਤੰਤਰਤਾ ਲਈ ਭਾਰਤ ਦਾ ਸੰਘਰਸ਼) ਵਿਚ ਦਰਜ ਹੈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ ਇਕ ਕਾਂਗਰਸੀ ਆਗੂ ਨੂੰ 'ਕ੍ਰਿਸ਼ਮਈ ਲੀਡਰ' ਲਿਖਿਆ ਗਿਆ, ਜੋ ਮਜ਼ਾਕ ਹੈ ਕਿਉਂਕਿ ਇਹ ਪਾਰਟੀ 44 ਲੋਕ ਸਭਾ ਸੀਟਾਂ ਤੱਕ ਸੀਮਤ ਹੋ ਗਈ। ਇਸ ਉਤੇ ਕਾਂਗਰਸੀ ਆਗੂਆਂ ਨੇ ਆਪਣੇ ਇਸ ਆਗੂ, ਜੋ ਉਸ ਸਮੇਂ ਸਦਨ ਵਿਚ ਨਹੀਂ ਸੀ, ਦੇ ਜ਼ਿਕਰ ਉਤੇ ਇਤਰਾਜ਼ ਕੀਤਾ। ਸਪੀਕਰ ਸੁਮਿੱਤਰਾ ਮਹਾਜਨ ਨੇ ਬਾਅਦ ਵਿਚ ਕਾਂਗਰਸ ਦੇ ਆਗੂ ਦਾ ਨਾਮ ਕਾਰਵਾਈ ਵਿਚੋਂ ਕੱਢ ਦਿੱਤਾ।



ਸ੍ਰੀ ਠਾਕੁਰ ਨੇ ਕਿਹਾ ਕਿ ਯੂ.ਪੀ.ਐਸ.ਸੀ. ਦੀ ਪ੍ਰੀਖਿਆ ਵਿਚ ਸਵਾਲ ਪੁੱਛਿਆ ਗਿਆ ਕਿ ਕੀ ਭਗਤ ਸਿੰਘ 'ਇਨਕਲਾਬੀ ਇੰਤਹਾਪਸੰਦ' ਸੀ। ਇਸ ਉਤੇ ਇਤਰਾਜ਼ ਜ਼ਾਹਰ ਕਰਦਿਆਂ ਉਨ੍ਹਾਂ ਸੰਕੇਤ ਦਿੱਤਾ ਕਿ ਇਨ੍ਹਾਂ ਲੇਖਕਾਂ ਦੇ ਯੂ.ਪੀ.ਏ. ਸਰਕਾਰ ਨਾਲ ਸਬੰਧ ਰਹੇ ਹਨ ਕਿਉਂਕਿ ਬਿਪਿਨ ਚੰਦਰ 2004 ਤੋਂ 2012 ਤੱਕ ਕੌਮੀ ਬੁੱਕ ਟਰੱਸਟ ਦੇ ਚੇਅਰਪਰਸਨ ਸਨ, ਜਦੋਂ ਕਿ ਮੁਖਰਜੀ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਚੁੱਕੀ ਹੈ।

## ਭਗਤ ਸਿੰਘ ਦੇ ਹੱਕ ਵਿਚ ਨਿੱਤਰੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਦੇਸ਼ ਦੇ ਮਹਾਨ ਸ਼ਹੀਦ ਭਗਤ ਸਿੰਘ ਨੂੰ ਅਤਿਵਾਦੀ ਦੱਸਣ ਵਾਲੀ ਕਿਤਾਬ ਦੇ ਲੇਖਕ ਤੇ ਪ੍ਰਕਾਸ਼ਕ ਦੇਸ਼ ਵਾਸੀਆਂ ਕੋਲੋਂ ਮੁਆਫੀ ਮੰਗਣ। ਇਹ ਮੰਗ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦਿੱਲੀ ਯੂਨੀਵਰਸਿਟੀ ਦੀ ਕਿਤਾਬ ਵਿਚ ਭਗਤ ਸਿੰਘ ਨੂੰ ਅਤਿਵਾਦੀ ਦੱਸੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ 'ਭਾਰਤ ਦਾ ਸੁਤੰਤਰਤਾ ਸੰਘਰਸ਼' ਦੀ ਕਿਤਾਬ ਦੇ ਅਧਿਆਏ 20 ਵਿਚ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਜਗ੍ਹਾ-ਜਗ੍ਹਾ ਅਤਿਵਾਦੀ ਲਿਖਿਆ ਜਾਣਾ ਬਹੁਤ ਹੀ ਮੰਦਭਾਗੀ ਗੱਲ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦੇ ਰੱਸੇ ਚੁੰਮ ਕੇ ਆਪਣੀਆਂ ਜਾਨਾਂ ਵਾਰੀਆਂ ਸਨ, ਪਰ ਅਫਸੋਸ ਹੈ ਕਿ 1990 ਤੋਂ ਪ੍ਰਕਾਸ਼ਿਤ ਹੋ ਰਹੀ ਕਿਤਾਬ ਨੂੰ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਗਲਤ ਪਾਠ ਪੜ੍ਹਾ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਦੇਸ਼ ਤੋਂ ਜਾਨਾਂ ਵਾਰਨ ਵਾਲੇ ਮਹਾਨ ਆਜ਼ਾਦੀ ਘੁਲਾਟੀਆਂ ਨੂੰ ਅਤਿਵਾਦੀ ਗਰਦਾਨ ਕੇ ਉਨ੍ਹਾਂ ਦਾ ਘੋਰ ਅਪਮਾਨ ਕੀਤਾ ਜਾ ਰਿਹਾ ਹੈ।

# ਪਰਗਟ ਪਰਗਟ ਈ ਐ!

ਪਰਗਟ ਸਿੰਘ ਹਾਕੀ ਦਾ ਪੇਲੇ ਹੈ। ਉਹ ਵੀਹ ਸਾਲ ਉਚ ਪਾਏ ਦੀ ਹਾਕੀ ਖੇਡਿਆ। ਉਸ ਨੇ ਭਾਰਤ ਦੀ ਨੁਮਾਇੰਦਗੀ ਕਰਦਿਆਂ 313 ਕੌਮਾਂਤਰੀ ਮੈਚ ਖੇਡੇ ਜਿਨ੍ਹਾਂ 'ਚੋਂ 168 ਮੈਚਾਂ ਵਿਚ ਉਹ ਭਾਰਤੀ ਟੀਮਾਂ ਦਾ ਕਪਤਾਨ ਸੀ। ਉਸ ਨੇ ਚੈਂਪੀਅਨਜ਼ ਹਾਕੀ ਟਰਾਫੀ ਤੋਂ ਲੈ ਕੇ, ਹਾਕੀ ਦੇ ਵਿਸ਼ਵ ਕੱਪ, ਏਸ਼ੀਆ ਕੱਪ, ਸੈਫ ਖੇਡਾਂ, ਏਸ਼ਿਆਈ ਖੇਡਾਂ ਤੇ ਓਲੰਪਿਕ ਖੇਡਾਂ ਵਿਚ ਭਾਰਤੀ ਹਾਕੀ ਟੀਮਾਂ ਦੀ ਕਪਤਾਨੀ ਕੀਤੀ। ਉਹ ਏਸ਼ੀਅਨ ਆਲ ਸਟਾਰਜ਼ ਇਲੈਵਨ ਦਾ ਵੀ ਕਪਤਾਨ ਬਣਿਆ ਤੇ ਇੰਟਰ-ਕਾਂਟੀਨੈਂਟਲ ਕੱਪ ਖੇਡਿਆ।



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਭਾਰਤ ਦਾ ਉਹ ਇਕੋ ਇਕ ਖਿਡਾਰੀ ਹੈ ਜੋ ਦੋ ਓਲੰਪਿਕਸ ਵਿਚ ਹਾਕੀ ਟੀਮਾਂ ਦਾ ਕਪਤਾਨ ਰਿਹਾ। ਉਹ ਅਰਜਨਾ ਅਵਾਰਡੀ ਤੇ ਰਾਜੀਵ ਗਾਂਧੀ ਖੇਡ ਰਤਨ ਅਵਾਰਡੀ ਹੈ ਤੇ ਉਸ ਨੂੰ ਪਦਮਸ੍ਰੀ ਦਾ ਪੁਰਸਕਾਰ ਵੀ ਮਿਲਿਆ ਹੈ। ਇਕ ਸਮੇਂ ਉਹ ਪੰਜਾਬ ਦੇ ਖੇਡ ਵਿਭਾਗ ਦਾ ਡਾਇਰੈਕਟਰ ਸੀ। ਸੁਖਬੀਰ ਸਿੰਘ ਬਾਦਲ ਨੇ ਉਸ ਨੂੰ ਚੰਗੀ ਭਲੀ ਖੇਡਾਂ ਦੀ ਸੇਵਾ ਕਰਦੇ ਨੂੰ ਪੁੱਟ ਕੇ ਸਿਆਸਤ ਵਿਚ ਲੈ ਆਂਦਾ।

ਪਹਿਲਾਂ ਹਾਕੀ ਨਾਲ ਧਿਆਨ ਚੰਦ ਦਾ ਨਾਂ ਜੁੜਿਆ ਸੀ। ਫਿਰ ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਸਿੰਘ ਤੇ ਸੁਰਜੀਤ ਸਿੰਘ ਹੋਰਾਂ ਦੇ ਨਾਂ ਜੁੜਦੇ ਗਏ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਪਰਗਟ-ਪਰਗਟ ਹੁੰਦੀ ਰਹੀ। ਹਾਕੀ ਤੇ ਪਰਗਟ ਐਸੇ ਨਾਂ ਹਨ ਜਿਵੇਂ ਮੁੱਕੇਬਾਜ਼ੀ ਤੇ ਮੁਹੰਮਦ ਅਲੀ ਜਾਂ ਫੁਟਬਾਲ ਤੇ ਪੇਲੇ। ਹਾਕੀ ਹੀਰ ਹੈ ਤੇ ਪਰਗਟ ਉਸ ਦਾ ਰਾਂਝਾ। ਰਾਂਝੇ ਨੇ ਬਾਰਾਂ ਵਰ੍ਹੇ ਮੱਝਾਂ ਚਾਰੀਆਂ ਪਰ ਪਰਗਟ ਨੇ ਵੀਹ ਵਰ੍ਹੇ ਹਾਕੀ ਖੇਡੀ। ਹਾਕੀ ਖੇਡ-ਖੇਡ ਕੇ ਉਸ ਨੇ ਸੈਂਕੜੇ ਗੋਲਾਂ ਤੇ ਦਰਜਨਾਂ ਹਾਕੀਆਂ ਹੰਢਾਈਆਂ ਅਤੇ ਅਨੇਕਾਂ ਖੇਡ ਮੈਦਾਨ ਆਪਣੇ ਪੈਰਾਂ ਨਾਲ ਘਸਾਏ। ਕੁਮੈਂਟਰੀ ਕਰਨ ਵਾਲਿਆਂ ਨੇ ਪਰਗਟ ਸਿੰਘ ਦਾ ਨਾਂ ਹਜ਼ਾਰਾਂ ਵਾਰ ਹਵਾ ਦੀਆਂ ਤਰੰਗਾਂ ਵਿਚ ਗੁੰਜਾਇਆ।

ਪਰਗਟ ਸਿੰਘ ਦੀ ਬਾਲ ਟੈਕਲਿੰਗ, ਡਰਿਬਲਿੰਗ, ਗੋਲ ਦਾਗਣ, ਗੱਲ ਕੀ ਸੰਪੂਰਨ ਹਾਕੀ ਸ਼ੈਲੀ ਦਾ ਕੋਈ ਜੋੜ ਨਹੀਂ ਸੀ। ਉਹ ਫੁੱਲ ਬੈਕ ਖੇਡਦਾ ਹੋਇਆ ਵੀ ਆਪਣੀ ਗੋਲ ਲਾਈਨ ਤੋਂ ਗੇਂਦ ਲੈ ਕੇ ਸੱਤ-ਅੱਠ ਖਿਡਾਰੀਆਂ ਨੂੰ ਝਕਾਨੀ ਦਿੰਦਾ ਵਿਰੋਧੀ ਧਿਰ ਸਿਰ ਗੋਲ ਕਰ ਦਿੰਦਾ ਸੀ। ਉਸ ਦੀ ਅਜਿਹੀ ਤਕਨੀਕ ਦਰਸ਼ਕਾਂ ਨੂੰ ਚਕਾਚੌਂਧ ਕਰਦੀ ਰਹੀ ਤੇ ਅਸ਼-ਅਸ਼ ਕਰਵਾਉਂਦੀ ਰਹੀ। ਇਸੇ ਲਈ ਖੇਡ ਮਾਹਿਰਾਂ ਨੇ ਉਸ ਨੂੰ ਸਰਬ ਕਲਾ ਸੰਪੂਰਨ ਹਾਕੀ ਖਿਡਾਰੀ ਦੀ ਉਪਾਧੀ ਦਿੱਤੀ। ਚੰਡੀਗੜ੍ਹ ਤੇ ਦਿੱਲੀ ਦੇ ਖੇਡ ਪੱਤਰਕਾਰਾਂ ਨੇ ਉਸ ਨੂੰ ਦੇਸ਼ ਦਾ ਸਰਵੋਤਮ ਖਿਡਾਰੀ ਐਲਾਨਿਆ।

ਪਰਗਟ ਸਿੰਘ ਉਸ ਇਲਾਕੇ ਦਾ ਜੰਮਪਲ ਹੈ ਜਿਥੇ ਜੰਮਦੇ ਬੱਚਿਆਂ ਨੂੰ ਹਾਕੀ ਖੇਡਣ ਦੀ ਗੁੜ੍ਹਤੀ ਮਿਲਦੀ ਸੀ। ਹਾਕੀ ਦੇ ਘਰ ਸੰਸਾਰਪੁਰ ਤੇ ਖੁਸਰੋਪੁਰ ਦੇ ਨੇੜੇ ਹੀ ਹੈ ਮਿਠਾਪੁਰ। ਉਸ ਪਿੰਡ ਦੇ ਇਕ ਕਿਸਾਨ ਪਰਿਵਾਰ 'ਚ 5 ਮਾਰਚ 1965 ਨੂੰ ਉਸ ਦਾ ਜਨਮ ਹੋਇਆ। ਜਲੰਧਰ ਲਾਗਲੇ ਮਿਠਾਪੁਰ ਦੇ ਬੀਹੀਆਂ-ਵਿਹੜੇ ਉਦੋਂ ਕ੍ਰਿਕਟ ਦੇ ਲੇਖੇ ਨਹੀਂ ਸਨ ਲੱਗੇ ਤੇ ਨਿਆਣੇ ਹਾਕੀ ਹੀ ਖੇਡਦੇ ਸਨ। ਪਰਗਟ ਸਿੰਘ ਨੇ ਵੀ ਹਾਕੀ ਫੜ ਲਈ ਤੇ ਲੱਗਾ ਟੱਲੇ ਲਾਉਣ। ਮਿੱਠਾਪੁਰ ਦੇ ਸਕੂਲ ਵਿਚ ਹਾਕੀ ਖੇਡਣ ਦਾ ਮਾਹੌਲ ਸੀ ਜਿਸ ਕਰਕੇ ਪਰਗਟ ਸਿੰਘ ਹਾਕੀ ਖੇਡਣ ਲੱਗ ਪਿਆ।

ਮਿੱਠਾਪੁਰੋਂ ਪੜ੍ਹ ਕੇ ਉਹ ਜਲੰਧਰ ਪੜ੍ਹਨ ਲੱਗਾ। ਜਲੰਧਰ ਹਾਕੀ ਦੀ ਰਾਜਧਾਨੀ ਹੈ ਜਿਥੇ ਖੇਡਾਂ ਦਾ ਸਮਾਨ ਹੀ ਨਹੀਂ ਬਣਦਾ ਸਗੋਂ ਖੇਡਾਂ ਦੇ ਖਿਡਾਰੀ ਵੀ ਚੰਡੇ-ਤਰਾਸ਼ੇ ਜਾਂਦੇ ਹਨ। ਸਕੂਲਾਂ-ਕਾਲਜਾਂ ਤੋਂ ਬਿਨਾਂ ਕਈ ਕੌਮੀ ਅਦਾਰਿਆਂ ਦੀਆਂ ਹਾਕੀ ਟੀਮਾਂ ਦਾ ਜਲੰਧਰ ਹੈਡਕੁਆਟਰ ਹੈ। ਉਥੇ ਹਰੇਕ ਮੋੜ 'ਤੇ ਹਾਕੀ ਓਲੰਪੀਅਨ ਮਿਲਦੇ ਹਨ। ਪਰਗਟ ਸਿੰਘ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਨ ਲੱਗਾ ਤੇ ਅਠਾਰਾਂ ਸਾਲ ਦੀ ਉਮਰ ਵਿਚ ਭਾਰਤ ਵੱਲੋਂ ਕੈਨੇਡਾ ਦਾ ਜੂਨੀਅਰ ਵਰਲਡ ਕੱਪ ਖੇਡਿਆ।

ਪਰਗਟ ਸਿੰਘ ਦਾ ਕੱਦ-ਕਾਠ ਬਹੁਤਾ ਉਚਾ ਲੰਮਾ ਨਹੀਂ ਤੇ ਨਾ ਹੀ ਹਾਕੀ ਦੀ ਖੇਡ ਲਈ ਵੱਡੇ ਕੱਦ-ਕਾਠ ਦੀ ਲੋੜ ਹੈ। ਧਿਆਨ ਚੰਦ, ਊਧਮ ਸਿੰਘ ਤੇ ਧੰਨਰਾਜ ਪਿੱਲੇ ਵਰਗੇ ਸਭ ਸਮੱਧਰ ਕੱਦਾਂ ਵਾਲੇ ਖਿਡਾਰੀ ਸਨ ਤੇ ਹਨ। ਪਰਗਟ ਸਿੰਘ ਪੰਜ ਫੁੱਟ ਅੱਠ ਨੌਂ ਇੰਚ ਉਚਾ ਤੇ ਸੱਤਰ ਬਹੱਤਰ ਕਿਲੋ ਭਾਰਾ ਹੈ। ਨੈਣ-ਨਕਸ਼ ਤਿੱਖੇ ਤੇ ਰੰਗ ਰਤਾ ਸਾਂਵਲਾ ਹੈ। ਉਸ ਨੂੰ ਖੇਡਣ ਦੇ ਨਾਲ ਗਾਉਣ ਦਾ ਵੀ ਸ਼ੌਕ ਸੀ। ਜੇ ਉਹ ਹਾਕੀ ਨੂੰ ਆਪਣੀ ਪੇਸ਼ਾਵਰ ਖੇਡ ਨਾ ਬਣਾਉਂਦਾ ਤਾਂ ਸੰਭਵ ਸੀ ਉਹ ਦੂਜਾ ਮਲਕੀਤ ਸਿੰਘ ਗੋਲਡਨ ਸਟਾਰ ਹੁੰਦਾ।

1986 ਦੀਆਂ ਏਸ਼ਿਆਈ ਖੇਡਾਂ ਸਮੇਂ ਉਹ ਭਾਰਤੀ ਹਾਕੀ ਟੀਮ ਵਿਚ ਖੇਡਿਆ। ਦੋ ਸਾਲ ਪਿੱਛੋਂ ਸਿਓਲ ਦੀਆਂ ਓਲੰਪਿਕ ਖੇਡਾਂ ਸਮੇਂ ਉਹ ਫਿਰ ਭਾਰਤੀ ਹਾਕੀ ਟੀਮ ਦਾ ਮੈਂਬਰ ਸੀ। 1992 ਦੀਆਂ ਓਲੰਪਿਕ ਖੇਡਾਂ ਵਿਚ ਉਸ ਨੂੰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਹ 1986 ਅਤੇ 1990 ਦੇ ਹਾਕੀ ਵਿਸ਼ਵ ਕੱਪ ਖੇਡਿਆ। 1990 ਦੀਆਂ ਏਸ਼ਿਆਈ ਖੇਡਾਂ ਵਿਚ ਉਹ ਭਾਰਤੀ ਹਾਕੀ ਟੀਮ ਦਾ ਕਪਤਾਨ ਸੀ। 1996 ਦੀਆਂ ਓਲੰਪਿਕ ਖੇਡਾਂ ਐਟਲਾਂਟਾ 'ਚ ਹੋਈਆਂ ਤਾਂ ਪਰਗਟ ਸਿੰਘ ਨੂੰ ਦੂਜੀ ਵਾਰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ। ਉਹ ਚੈਂਪੀਅਨਜ਼ ਟਰਾਫੀ ਦੇ ਚਾਰ ਟੂਰਨਾਮੈਂਟ ਖੇਡਿਆ। ਐਟਲਾਂਟਾ ਦੀਆਂ ਓਲੰਪਿਕ ਖੇਡਾਂ ਵਿਚ ਉਹ ਭਾਰਤੀ ਦਲ ਦਾ ਝੰਡਾਬਰਦਾਰ ਸੀ।



ਪਰਗਟ ਸਿੰਘ

ਪਹਿਲਾਂ ਉਹ ਰੇਲ ਕੋਚ ਫੈਕਟਰੀ ਵਿਚ ਭਰਤੀ ਹੋਇਆ ਸੀ ਫਿਰ ਪੰਜਾਬ ਅਲਕਲੀਜ਼ ਦੀ ਟੀਮ ਵਿਚ ਆ ਗਿਆ। ਫਿਰ ਉਸ ਨੂੰ ਪੰਜਾਬ ਪੁਲਿਸ ਨੇ ਸਿੱਧਾ ਡੀ. ਐਸ. ਪੀ. ਭਰਤੀ ਕਰ ਲਿਆ। 2005 ਤੋਂ ਉਹ ਪੰਜਾਬ ਖੇਡ ਵਿਭਾਗ ਦਾ ਡਾਇਰੈਕਟਰ ਬਣਿਆ। ਉਸ ਨੇ ਸਕੂਲਾਂ-ਕਾਲਜਾਂ ਦੇ ਖੇਡ ਵਿੰਗਾਂ ਨੂੰ ਮੁੜ ਕੇ ਸਰਗਰਮ ਕੀਤਾ। ਖੇਡ ਸਾਮਾਨ ਪਿੰਡਾਂ 'ਚ ਪੁਚਾਇਆ ਤੇ ਕੋਚ ਤਾਇਨਾਤ ਕੀਤੇ। ਜੇਕਰ ਪਰਵਾਸੀ ਖੇਡ ਪ੍ਰੋਮੋਟਰ ਉਸ ਨੂੰ ਪੂਰਾ ਸਹਿਯੋਗ ਦਿੰਦੇ ਤਾਂ ਉਹ ਪੰਜਾਬ ਨੂੰ ਭਾਰਤ ਵਿਚ ਫਿਰ ਖੇਡਾਂ ਦਾ ਮੋਹਰੀ ਸੂਬਾ ਬਣਾ ਸਕਦਾ ਸੀ।

ਅਪਰੈਲ 2010 ਵਿਚ ਕਬੱਡੀ ਦਾ ਪਹਿਲਾ ਵਿਸ਼ਵ ਕੱਪ ਪੰਜਾਬ ਵਿਚ ਹੋਇਆ ਤਾਂ ਉਹਨੇ ਮੇਰਾ ਸਾਥ ਮੰਗਿਆ ਤੇ ਮੈਨੂੰ ਉਸ ਨਾਲ ਵਿਚਰਨ ਦਾ ਮੌਕਾ ਮਿਲਿਆ। ਉਹਦੇ ਵਿਚ ਕੰਮ ਕਰਨ ਦੀ ਅਥਾਹ ਸ਼ਕਤੀ ਹੈ ਤੇ ਹੋਰਨਾਂ ਤੋਂ ਕੰਮ ਲੈਣਾ ਆਉਂਦੈ। ਪਹਿਲੇ ਕਬੱਡੀ ਵਿਸ਼ਵ ਕੱਪ ਦੀ ਕਾਮਯਾਬੀ ਪਿੱਛੇ ਪਰਗਟ ਸਿੰਘ ਦਾ ਉਤਸ਼ਾਹ, ਦੂਰਦ੍ਰਿਸ਼ਟੀ ਤੇ ਕੁਝ ਕਰ ਵਿਖਾਉਣ ਦਾ ਭਰਪੂਰ ਜਜ਼ਬਾ ਸੀ। ਮੇਰੇ ਨਾਲ ਉਦੋਂ ਮੱਖਣ ਸਿੰਘ ਤੇ ਭਗਵੰਤ ਮਾਨ ਵੀ ਕਬੱਡੀ ਦੇ ਕੁਮੈਂਟੇਟਰ ਸਨ। ਭਗਵੰਤ ਮਾਨ ਚੋਟੀ ਦਾ ਹਾਸ ਕਲਾਕਾਰ ਹੋਣ ਕਾਰਨ ਸਭ ਤੋਂ ਮਹਿੰਗਾ ਸੀ। ਹੁਣ ਉਹ ਚੋਟੀ ਦਾ ਸਿਆਸਤਦਾਨ ਹੈ।

ਹਾਕੀ ਖੇਡਣ ਤੋਂ ਰਿਟਾਇਰ ਹੋ ਕੇ ਪਰਗਟ ਸਿੰਘ ਨੇ ਹਾਕੀ ਦਾ ਮੈਗਜ਼ੀਨ ਕੱਢਿਆ ਸੀ ਜੋ ਬਾਅਦ ਵਿਚ ਬੰਦ ਹੋ ਗਿਆ। ਉਹ ਅਖ਼ਬਾਰਾਂ ਦਾ ਖੇਡ ਰਿਪੋਰਟਰ ਵੀ ਰਿਹਾ ਤੇ ਕੁਮੈਂਟੇਟਰ ਵੀ। ਉਸ ਦੀਆਂ ਵਿਸ਼ਲੇਸ਼ਣੀ ਟਿੱਪਣੀਆਂ ਵਿਚ ਖੇਡ-ਮੁਹਾਰਤ ਹੁੰਦੀ ਹੈ। ਜਿਹੜੇ ਹਾਕੀ ਅਧਿਕਾਰੀ ਹਾਕੀ ਪ੍ਰਤੀ ਸੁਹਿਰਦ ਨਹੀਂ, ਉਹ ਉਨ੍ਹਾਂ ਦੀ ਡਟ ਕੇ ਆਲੋਚਨਾ ਕਰਦਾ ਹੈ। ਸੱਚੀ ਗੱਲ ਮੂੰਹ 'ਤੇ ਕਹਿਣ ਦੀ ਦਲੇਰੀ ਹੈ ਭਾਵੇਂ ਉਸ ਦਾ ਨਿਜੀ ਨੁਕਸਾਨ ਹੀ ਕਿਉਂ ਨਾ ਹੁੰਦਾ ਹੋਵੇ। ਉਸ ਨੇ ਆਪਣਾ ਨੁਕਸਾਨ ਕਰਵਾਇਆ ਵੀ ਤੇ ਉਸ ਨੂੰ ਤਿੰਨ ਸਾਲ ਭਾਰਤੀ ਹਾਕੀ ਟੀਮਾਂ ਤੋਂ ਲਾਂਭੇ ਰਹਿਣਾ ਪਿਆ। ਇਹ ਉਸ ਦੀ ਖੇਡ ਕਲਾ ਦਾ ਕਮਾਲ ਸੀ ਕਿ ਅਧਿਕਾਰੀਆਂ ਨੂੰ ਮੁੜ ਕੇ ਉਸ ਨੂੰ ਟੀਮ ਵਿਚ ਪਾਉਣਾ ਪਿਆ।

ਪਰਗਟ ਸਿੰਘ ਦੀ ਸ਼ਾਦੀ ਸਾਬਕਾ ਸਪੀਕਰ ਤੇ ਸਾਬਕਾ ਗਵਰਨਰ ਰਾਜਸਥਾਨ ਸ. ਦਰਬਾਰਾ ਸਿੰਘ ਦੀ ਧੀ ਬੀਬੀ ਬਰਿੰਦਰਜੀਤ ਨਾਲ ਹੋਈ ਅਤੇ ਉਨ੍ਹਾਂ ਦਾ ਇਕ ਪੁੱਤਰ ਹਰਤਾਜ਼ ਤੇ ਪੁੱਤਰੀ ਹਰਨੂਰ ਹੈ। ਉਹ ਉਸ ਸਮੇਂ ਦੀ ਉਡੀਕ ਵਿਚ ਹੈ ਜਦੋਂ ਭਾਰਤ ਦੀਆਂ ਹਾਕੀ ਟੀਮਾਂ ਮੁੜ ਕੇ ਓਲੰਪਿਕ ਖੇਡਾਂ ਤੇ ਵਿਸ਼ਵ ਕੱਪ ਦੇ ਜਿੱਤ ਮੰਚਾਂ 'ਤੇ ਚੜ੍ਹਨ। 2012 ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਉਸ ਤੋਂ ਖੇਡ ਵਿਭਾਗ ਦੀ ਡਾਇਰੈਕਟਰੀ ਛੁਡਾ ਕੇ ਵਿਧਾਨ ਸਭਾ ਦੀ ਚੋਣ ਲੜਨ ਲਈ ਜਲੰਧਰ ਛਾਉਣੀ ਤੋਂ ਟਿਕਟ ਦੇ ਦਿੱਤੀ ਤੇ ਉਹ ਚੋਣ ਜਿੱਤ ਗਿਆ। ਉਹ ਬੁਨਿਆਦੀ ਤੌਰ 'ਤੇ ਖਿਡਾਰੀ ਹੈ, ਸਿਆਸਤਦਾਨ ਨਹੀਂ। ਐਮ. ਐਲ. ਏ. ਤਾਂ ਉਹ ਬਣ ਗਿਆ ਪਰ ਨਾ ਉਹਨੂੰ ਝੂਠ ਬੋਲਣਾ ਆਇਆ, ਨਾ ਠੱਗੀ ਠੋਰੀ ਕਰਨੀ ਆਈ ਤੇ ਨਾ ਖ਼ੁਸ਼ਾਮਦ। ਅਜਿਹੇ ਬੰਦੇ ਦਾ ਅਜੋਕੇ ਸਮੇਂ ਦੀ ਸਿਆਸਤ ਵਿਚ ਕੀ ਬਣਨਾ ਸੀ? ਉਹਤੋਂ ਕੋਈ ਖੇਡਾਂ ਦਾ ਕੰਮ ਵੀ ਨਾ ਲਿਆ ਗਿਆ ਜਿਸ ਵਿਚ ਉਹ ਮਾਹਿਰ ਸੀ। ਨਾ ਉਹਦੇ ਹਲਕੇ ਦਾ ਕੁਝ ਸੁਆਰਿਆ ਗਿਆ, ਹਾਲਾਂ ਕਿ ਸੁਆਰਨ ਵਾਲਾ ਬਹੁਤ ਕੁਝ ਹੈ। ਦੋਸਤ ਮਿੱਤਰ ਤੇ ਖਿਡਾਰੀ ਮਿਹਣੇ ਮਾਰਨ ਲੱਗੇ, ਭਾਅ ਕਿਥੇ ਫਸ ਗਿਐਂ?

ਉਹ ਉਦਾਸ ਰਹਿਣ ਲੱਗਾ। ਹਾਈ ਕਮਾਂਡ ਨੇ ਸਮਝਿਆ, ਇਹ ਜਾਊ ਹੁਣ ਸਾਡੇ ਹੱਥੋਂ। ਚੀਫ ਪਾਰਲੀਮੈਂਟਰੀ ਸੈਕਟਰੀ ਦਾ ਅਹੁਦਾ ਦੇ ਕੇ ਵਰਚਾਉਣ ਦੀ ਚਾਲ ਚੱਲੀ ਗਈ। ਕਈ ਫਸ ਗਏ ਪਰ ਉਹ ਇਸ ਚਾਲ ਵਿਚ ਨਾ ਫਸਿਆ। ਉਹਨੇ ਕਿਹਾ, "ਜੇ ਕੁਝ ਕਰ ਸਕਦੇ ਹੋ ਤਾਂ ਮੇਰੇ ਹਲਕੇ ਦਾ ਕਰੋ, ਮੈਂ ਚੀਫ ਪਾਰਲੀਮੈਂਟਰੀ ਸੈਕਟਰੀ ਦੇ ਅਹੁਦੇ ਨੂੰ ਕੀ ਕਰਨਾ?" ਵੇਖਦੇ ਹਾਂ ਹੁਣ ਨਵੀਂ ਚਾਲ ਕਿਹੜੀ ਚੱਲੀ ਜਾਂਦੀ ਹੈ?

ਅਜੋਕੀ ਸਿਆਸਤ ਨੇ ਬੇਸ਼ੱਕ ਜ਼ਮੀਰਾਂ ਜਿਉਂਦੀਆਂ ਨਹੀਂ ਛੱਡੀਆਂ ਪਰ 'ਕੋਈ ਹਰਿਆ ਬੂਟ ਰਹਿਓ ਰੀ' ਵਾਂਗ ਅਜੇ ਵੀ ਕੋਈ-ਕੋਈ ਬੂਟਾ ਜਿਉਂਦਾ ਹੈ। ਜਿਹੜੇ ਕਹਿੰਦੇ ਸੀ ਪਰਗਟ ਅੰਦਰਲਾ ਪਰਗਟ ਮਰ ਗਿਆ, ਉਨ੍ਹਾਂ ਨੂੰ ਸੁਖ ਦਾ ਸਾਹ ਆਇਆ ਹੈ ਕਿ ਪਰਗਟ ਅਜੇ ਜੀਂਦਾ ਹੈ। ਉਹਦੇ ਸ਼ੁਭਚਿੰਤਕਾਂ ਦੀ ਇੱਛਾ ਹੈ ਕਿ ਉਹ ਖਿਡਾਰੀ ਪਰਗਟ ਵਾਂਗ ਹੀ ਜੀਂਦਾ ਰਹੇ, ਨਾ ਕਿ ਜਮੂਰੇ ਸਿਆਸਤਦਾਨ ਵਾਂਗ।

# ਪੰਜਾਬ ਵਿਚ ਔਰਤਾਂ ਨਾਲ ਵਧੀਕੀਆਂ ਦੇ ਮਾਮਲਿਆਂ ਵਿਚ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਔਰਤਾਂ ਨਾਲ ਵਧੀਕੀਆਂ ਦਾ ਸਿਲਸਿਲਾ ਲਗਾਤਾਰ ਵਧਦਾ ਜਾ ਰਿਹਾ ਹੈ। ਸਨਅਤੀ ਰਾਜਧਾਨੀ ਲੁਧਿਆਣਾ ਵਿਚ 3 ਪਰਵਾਸੀ ਕਿਰਾਏਦਾਰ ਨੌਜਵਾਨਾਂ ਵੱਲੋਂ ਆਪਣੇ ਮਕਾਨ ਮਾਲਕ ਦੀ ਵਿਆਹੁਤਾ ਅਤੇ ਬਿਮਾਰ ਧੀ ਨਾਲ ਸਮੂਹਿਕ ਬਲਾਤਕਾਰ ਕਰਨ ਉਪਰੰਤ ਉਸ ਨੂੰ ਜਾਨੋਂ ਮਾਰ ਕੇ ਮਕਾਨ ਦੀ ਦੂਜੀ ਮੰਜ਼ਿਲ ਤੋਂ ਹੇਠਾਂ ਸੁੱਟਣ ਦੀ ਘਟਨਾ ਨੇ ਔਰਤਾਂ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਕੀਤੇ ਹਨ। ਇਸ ਸ਼ਹਿਰ ਵਿਚ ਪਿਛਲੇ ਡੇਢ ਮਹੀਨੇ 'ਚ ਔਰਤਾਂ ਨਾਲ ਬਲਾਤਕਾਰ ਦੀਆਂ 10 ਘਟਨਾਵਾਂ ਵਾਪਰ ਚੁੱਕੀਆਂ ਹਨ।

ਕੌਮੀ ਅਪਰਾਧ ਰਿਕਾਰਡ ਬਿਊਰੋ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਔਰਤਾਂ ਵਿਰੁੱਧ ਵਧੀਕੀਆਂ ਦੇ ਮਾਮਲਿਆਂ ਵਿਚ ਲੁਧਿਆਣਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚੋਂ ਅੱਗੇ ਹੈ ਜਦੋਂਕਿ ਇਹ ਮੁਲਕ ਦੇ ਅਜਿਹੇ 10 ਸ਼ਹਿਰਾਂ ਵਿਚੋਂ ਇਕ ਹੈ। ਔਰਤਾਂ ਉਤੇ ਤੇਜ਼ਾਬੀ ਹਮਲਿਆਂ ਦੇ ਮਾਮਲਿਆਂ ਵਿਚ ਵੀ ਲੁਧਿਆਣਾ ਮੁਲਕ ਦੇ ਤਿੰਨ ਮੋਹਰੀ ਸ਼ਹਿਰਾਂ ਵਿਚੋਂ ਇਕ ਹੈ ਅਤੇ ਇਸ ਤੋਂ ਬਾਕੀ ਸ਼ਹਿਰਾਂ ਦੀ ਸਥਿਤੀ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।ਔਰਤਾਂ ਤੋਂ ਇਲਾਵਾ ਹੁਣ ਤਾਂ ਬਾਲੜੀਆਂ ਨਾਲ ਵੀ ਬਲਾਤਕਾਰ ਦੇ ਕਾਫੀ ਕੇਸ ਸਾਹਮਣੇ ਆ ਰਹੇ ਹਨ। ਸੂਬੇ ਵਿਚ ਔਰਤਾਂ ਵਿਰੁੱਧ ਹਿੱਕ ਦੇ ਜ਼ੋਰ ਨਾਲ ਵਧੀਕੀਆਂ ਕਰਨ ਦਾ ਸਿਲਸਿਲਾ 2013 ਵਿਚ ਕੋਟਕਪੂਰੇ ਵਿਖੇ ਇਕ ਰਸੂਖਵਾਨ ਦੇ ਨਜ਼ਦੀਕੀ ਕਾਕੇ ਵੱਲੋਂ ਇਕ ਕੁੜੀ ਨੂੰ ਜ਼ਬਰਦਸਤੀ ਅਗਵਾ ਕਰ ਕੇ ਲੈ ਜਾਣ ਦੀ ਘਟਨਾ ਨਾਲ ਸ਼ੁਰੂ ਹੋਇਆ ਸੀ। ਇਸ ਕੇਸ ਵਿਚ ਪੁਲਿਸ, ਪ੍ਰਸ਼ਾਸਨ, ਸਰਕਾਰ ਅਤੇ ਰਸੂਖਵਾਨਾਂ ਦੀ ਨਾਕਾਰਾਤਮਕ ਭੂਮਿਕਾ ਕਾਰਨ ਅਪਰਾਧੀਆਂ ਦੇ ਹੌਸਲੇ ਬੁਲੰਦ ਹੋ ਗਏ। ਹਾਲ ਹੀ ਵਿਚ ਇਕ ਅੰਗਰੇਜ਼ੀ ਅਖ਼ਬਾਰ ਵੱਲੋਂ ਮੁਲਕ ਦੀ ਰਾਜਧਾਨੀ ਦਿਲੀ ਵਿਚ ਕੀਤੇ ਗਏ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਬਲਾਤਕਾਰ ਦੇ 83 ਫੀਸਦੀ ਮਾਮਲਿਆਂ ਵਿਚ ਅਪਰਾਧੀਆਂ ਦੇ ਬਚਣ ਦੀਆਂ ਸੰਭਾਵਨਾਵਾਂ ਮੌਜੂਦ ਹੁੰਦੀਆਂ ਹਨ। ਮੁਲਕ ਵਿਚ ਅਜਿਹੇ ਅਪਰਾਧੀਆਂ ਨੂੰ ਸਜ਼ਾ ਦੀ ਦਰ ਸਿਰਫ 28 ਫੀਸਦੀ ਹੀ ਹੈ। ਪੁਲਿਸ ਅਕਸਰ ਹੀ ਅਪਰਾਧੀਆਂ ਨੂੰ ਸਜ਼ਾ ਦਿਵਾਉਣ ਦੀ ਥਾਂ ਪੀੜਤਾਂ ਉਤੇ ਦਬਾਅ ਪਾ ਕੇ ਸਮਝੌਤੇ ਦੀਆਂ ਕੋਸ਼ਿਸ਼ਾਂ ਕਰਨ ਲੱਗ ਜਾਂਦੀ ਹੈ।

ਔਰਤਾਂ ਵਿਰੁੱਧ ਵਧੀਕੀਆਂ ਦੀਆਂ ਵਧ ਰਹੀਆਂ ਘਟਨਾਵਾਂ ਦੇ ਮੱਦੇਨਜ਼ਰ ਭਾਵੇਂ ਸੁਪਰੀਮ ਕੋਰਟ ਤੋਂ ਇਲਾਵਾ ਕੇਂਦਰ ਅਤੇ ਸੂਬਾਈ ਸਰਕਾਰਾਂ ਨੇ ਕਈ ਕਿਸਮ ਦੀਆਂ ਕਾਨੂੰਨੀ, ਪ੍ਰਬੰਧਕੀ ਤੇ ਇਹਤਿਆਤੀ ਪੇਸ਼ਬੰਦੀਆਂ ਕੀਤੀਆਂ ਹਨ ਪਰ ਇਨ੍ਹਾਂ ਘਟਨਾਵਾਂ ਦੀ ਵਧ ਰਹੀ ਗਿਣਤੀ ਸਰਕਾਰਾਂ ਦੀ ਅਸਫਲਤਾ ਦੀ ਕਹਾਣੀ ਕਹਿ ਰਹੀ ਹੈ।

# ਵਾਰਿਸ ਸ਼ਾਹ ਦੀ ਹੀਰ ਬਾਰੇ ਅਹਿਮ ਖੁਲਾਸੇ

**ਚੰਡੀਗੜ੍ਹ:** ਵਿਸ਼ਵ ਭਰ ਵਿਚ ਵਸਦਾ ਪੰਜਾਬੀ ਅਦਬੀ ਭਾਈਚਾਰਾ ਵਾਰਿਸ ਸ਼ਾਹ ਦੀ ਹੀਰ ਦੇ ਸੰਗ੍ਰਹਿ ਦੀ 250ਵੀਂ ਵਰ੍ਹੇਗੰਢ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਉਤਾਵਲਾ ਹੋਇਆ ਪਿਆ ਹੈ, ਪਰ ਅਮਰੀਕਾ ਵਸਦੇ ਇਕ ਖੋਜਕਾਰ ਨੇ ਵਾਰਿਸ ਦੀ ਹੀਰ ਦੇ ਸਭ ਤੋਂ ਪੁਰਾਣੇ ਅਤੇ ਪ੍ਰਮਾਣਿਕ ਖਰੜੇ ਅਤੇ ਇਸ ਦੇ ਕਾਲ ਦੀ ਹੋਂਦ ਬਾਰੇ ਨਵੀਂ ਬਹਿਸ ਛੇੜ ਦਿੱਤੀ ਹੈ।

ਹਾਲ ਹੀ ਵਿਚ ਪ੍ਰਕਾਸ਼ਿਤ ਹੋਏ ਲੇਖ ਵਿਚ ਪਾਕਿਸਤਾਨੀ ਮੂਲ ਦੇ 63 ਸਾਲਾ ਖੋਜਕਾਰ ਮੁਹੰਮਦ ਅਫ਼ਜ਼ਲ ਸ਼ਾਹਿਦ ਨੇ ਦਾਅਵਾ ਕੀਤਾ ਹੈ ਕਿ ਸਭ ਤੋਂ ਪੁਰਾਣਾ ਖਰੜਾ, ਜੋ ਵਾਰਿਸ ਸ਼ਾਹ ਦੇ ਲਹਿੰਦੀ ਲਹਿਜੇ ਦੇ ਨੇੜੇ ਤੇੜ ਵੀ ਢੁਕਦਾ ਹੈ, ਸਾਲ 1859 ਵਿਚ ਵਾਰਿਸ ਸ਼ਾਹ ਦੀ ਮੌਤ ਤੋਂ ਤਕਰੀਬਨ 60 ਸਾਲ ਬਾਅਦ ਲਿਖਿਆ ਗਿਆ ਸੀ। ਵਾਰਿਸ ਸ਼ਾਹ ਵੱਲੋਂ ਇਹ ਸ਼ਾਹਕਾਰ 1766 ਵਿਚ ਸੰਪੂਰਨ ਕੀਤਾ ਗਿਆ ਸੀ। ਸ੍ਰੀ ਸ਼ਾਹਿਦ ਨੇ ਹੀਰ ਦੇ ਸ਼ਾਹਮੁਖੀ ਖਰੜੇ ਨੂੰ ਰੋਮਨ ਲਿਪੀ ਵਿਚ ਤਰਜਮੇ, ਅਸਲ ਲੈਅ ਅਤੇ ਸ਼ਬਦਾਂ ਦੇ ਅਰਥਾਂ ਸਮੇਤ ਪੇਸ਼ ਕੀਤਾ ਹੈ।



ਉਨ੍ਹਾਂ ਦਾਅਵਾ ਕੀਤਾ ਕਿ 1859 ਦੇ ਖਰੜੇ ਦਾ ਹਿੰਦੂ ਮੁਨਸ਼ੀ ਕਿਰਪਾ ਰਾਮ ਨੇ ਇਕ ਹੋਰ 'ਪੁਰਾਣੇ ਲਿਖੇ ਸ੍ਰੋਤ' ਤੋਂ ਉਤਾਰਾ ਕੀਤਾ ਸੀ। ਇਸ ਬਾਅਦ ਕੁਲੀਨ ਸਿੱਖ ਦੀਵਾਨ ਹਰਦੇਵ ਸਿੰਘ ਨੇ ਵੀ ਇਸ ਤੋਂ ਪ੍ਰੇਰਨਾ ਲਈ। ਅੱਜ ਵੀ ਕਿਰਪਾ ਰਾਮ ਵਾਲਾ ਖਰੜਾ ਪੰਜਾਬ ਪਬਲਿਕ ਲਾਇਬਰੇਰੀ, ਲਾਹੌਰ ਵਿਚ ਮੌਜੂਦ ਹੈ।

ਸ੍ਰੀ ਸ਼ਾਹਿਦ ਦਾ ਕਹਿਣਾ ਹੈ ਕਿ ਮੌਜੂਦਾ ਰਿਕਾਰਡ ਮੁਤਾਬਕ ਕਿਸੇ ਨੇ ਵੀ ਵਾਰਿਸ ਸ਼ਾਹ ਦੇ ਅਸਲ ਖਰੜੇ ਨੂੰ ਨਹੀਂ ਦੇਖਿਆ ਹੈ। ਪਿਛਲੀ ਸਦੀ ਦੌਰਾਨ ਵਾਰਿਸ ਦੀ ਹੀਰ ਦੇ ਵੱਡੀ ਗਿਣਤੀ ਮਾੜੇ ਉਲੱਥੇ ਆ ਗਏ ਹਨ। ਕਿਰਪਾ ਰਾਮ ਮੁਨਸ਼ੀ ਸੀ ਅਤੇ ਫਾਰਸੀ ਦਾ ਮਾਹਿਰ ਸੀ। ਵਾਰਿਸ ਸ਼ਾਹ ਲਹਿੰਦੇ ਪੰਜਾਬ ਦਾ ਸੀ ਅਤੇ ਉਸ ਦੇ ਅਸਲ ਕਾਰਜ ਵਿਚ ਲਹਿੰਦੀ ਉਪ ਬੋਲੀ ਦਾ ਝਲਕਾਰਾ ਜ਼ਰੂਰ ਹੋਵੇਗਾ। ਮੈਂ ਵਾਰਿਸ ਦੀ ਹੀਰ ਦੇ ਮੌਜੂਦਾ ਸਾਰੇ ਖਰੜੇ ਛਾਣੇ ਹਨ। ਕਿਰਪਾ ਰਾਮ ਵਾਲੇ ਖਰੜੇ ਵਿਚ ਐਨ ਲਹਿੰਦੀ ਉਪ ਬੋਲੀ ਵਾਲਾ ਰਸ ਹੈ, ਜਿਸ ਨੂੰ ਜਾਂਗਲੀ ਪੰਜਾਬੀ ਵੀ ਕਿਹਾ ਜਾਂਦਾ ਹੈ। ਬਾਕੀ ਖਰੜਿਆਂ ਦੀ ਸ਼ੈਲੀ ਲਹਿੰਦੀ ਤੋਂ ਵੱਖਰੀ ਹੈ। ਇਸ ਕਾਰਨ ਉਨ੍ਹਾਂ ਦੀ ਪ੍ਰਮਾਣਿਕਤਾ ਸ਼ੱਕੀ ਹੈ। ਖੋਜ ਦੇ ਆਧਾਰ ਉਤੇ ਉਨ੍ਹਾਂ ਦਾ ਇਸ ਸਾਲ ਲਾਹੌਰ ਤੋਂ ਛਪਦੇ ਰਸਾਲੇ 'ਲਹਿਰਾਂ' ਵਿਚ ਲੇਖ ਪ੍ਰਕਾਸ਼ਿਤ ਹੋਇਆ। ਇਸ ਦਾ ਅੰਗਰੇਜ਼ੀ ਰੂਪ ਪਿਛਲੇ ਹਫਤੇ ਉੱਤਰੀ ਅਮਰੀਕਾ ਵਿਚ 'ਐਸੋਸੀਏਸ਼ਨ ਆਫ ਪੰਜਾਬੀਜ਼' ਨੇ ਪੇਸ਼ ਕੀਤਾ ਹੈ।

ਸਰਕਾਰੀ ਕਾਲਜ, ਕਪੂਰਥਲਾ ਦੇ ਪੰਜਾਬੀ ਦੇ ਐਸੋਸੀਏਟ ਪ੍ਰੋਫੈਸਰ ਸੁਖਬੀਰ ਸਿੰਘ ਬਿੰਦ ਦੀ ਪੀ.ਐਚ.ਡੀ. 'ਹੀਰ ਵਾਰਿਸ ਸ਼ਾਹ ਦਾ ਬਿਰਤਾਂਤਕ ਅਧਿਐਨ' ਦਾ ਵਿਸ਼ਾ ਵੀ ਇਹੀ ਸੀ।

ਉਨ੍ਹਾਂ ਕਿਹਾ ਹੈ ਕਿ ਹੀਰ ਦੇ ਅਸਲ ਤੇ ਸਭ ਤੋਂ ਪੁਰਾਣੇ ਖਰੜੇ ਬਾਰੇ ਬਹੁਤ ਥੋੜ੍ਹੀ ਜਾਣਕਾਰੀ ਹੈ, ਪਰ ਇਹ ਤੱਥ ਹੈ ਕਿ ਬਹੁਤ ਸਾਰੇ ਖਰੜਿਆਂ ਦੀ ਭਰੋਸੋਯੋਗਤਾ ਬਾਰੇ ਵਿਵਾਦ ਹੈ। ਜੇਕਰ ਕੋਈ ਅਸਲ ਤੇ ਪੁਰਾਣਾ ਖਰੜਾ ਮੌਜੂਦ ਹੁੰਦਾ ਤਾਂ ਇਸ ਮੁੱਦੇ ਉਤੇ ਕੋਈ ਬਹਿਸ ਹੀ ਨਹੀਂ ਹੋਣੀ ਸੀ।

# ਵਿਜੇ ਮਾਲਿਆ ਨੂੰ ਦਬੋਚਣ ਲਈ ਸਰਕਾਰ ਦਾ ਨਵਾਂ ਪੈਂਤੜਾ

**ਨਵੀਂ ਦਿੱਲੀ:** ਭਾਰਤੀ ਬੈਂਕਾਂ ਦੇ 9 ਹਜ਼ਾਰ ਕਰੋੜ ਦੇ ਕਰਜ਼ਈ ਤੇ ਫਰਾਰ ਚੱਲ ਰਹੇ ਵੱਡੇ ਉਦਯੋਗਪਤੀ ਵਿਜੇ ਮਾਲਿਆ ਨੂੰ ਦੇਸ਼ ਲਿਆਉਣ ਦੀਆਂ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ।

ਭਾਰਤ ਸਰਕਾਰ ਨੇ ਬ੍ਰਿਟੇਨ ਨੂੰ ਪੱਤਰ ਭੇਜ ਮਾਲਿਆ ਬਾਰੇ ਜਾਣਕਾਰੀ ਮੰਗੀ ਹੈ। ਇਸ ਤੋਂ ਪਹਿਲਾਂ ਮਾਲਿਆ ਦਾ ਪਾਸਪੋਰਟ ਵੀ ਰੱਦ ਕੀਤਾ ਜਾ ਚੁੱਕਾ ਹੈ। ਦੋ ਮਾਰਚ ਨੂੰ ਭਾਰਤ ਤੋਂ ਫਰਾਰ ਹੋਏ ਮਾਲਿਆ ਬ੍ਰਿਟੇਨ ਵਿਚ ਹੈ। ਦਿੱਲੀ 'ਚ ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਬ੍ਰਿਟੇਨ ਨੂੰ ਲਿਖੀ ਇਸ ਚਿੱਠੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ"ਦਿੱਲੀ ਵਿਚ ਬ੍ਰਿਟੇਨ ਦੇ ਹਾਈ ਕਮਿਸ਼ਨ ਨੂੰ ਲਿਖ ਕੇ ਵਿਜੇ ਮਾਲਿਆ ਦਾ ਡਿਪੋਰਟੇਸ਼ਨ ਮੰਗਿਆ ਗਿਆ ਹੈ। ਵਿਜੇ ਮਾਲਿਆ ਦਾ ਡਿਪਲੋਮੈਟਿਕ ਪਾਸਪੋਰਟ ਪਿਛਲੇ ਹਫਤੇ ਰੱਦ ਕੀਤਾ ਜਾ ਚੁੱਕਾ ਹੈ। 9 ਹਜ਼ਾਰ ਕਰੋੜ ਦਾ ਕਰਜ਼ ਵਾਪਸ ਲੈਣ ਲਈ ਦੇਸ਼ ਦੀਆਂ 17 ਬੈਂਕਾਂ ਨੇ ਮਾਲਿਆ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ। ਕਈ ਅਦਾਲਤਾਂ ਤੋਂ ਉਸ ਦੇ ਗੈਰ ਜ਼ਮਾਨਤੀ ਵਾਰੰਟ ਜਾਰੀ ਹੋ ਚੁੱਕੇ ਹਨ। ਮਾਲਿਆ ਦੀ ਗ੍ਰਿਫਤਾਰੀ ਲਈ ਇੰਟਰਪੋਲ ਦੀ ਮਦਦ ਲੈਣ 'ਤੇ ਵਿਚਾਰ ਕਰ ਰਹੀਆਂ ਹਨ।


# ਹਿੰਦੂਤਵੀ ਥਿੰਕ ਟੈਂਕ ਅਤੇ ਜੱਜਾਂ ਦੀ ਕਲਾਸ

ਬੂਟਾ ਸਿੰਘ
+91-94634-74342

ਹਾਲ ਹੀ ਵਿਚ ਨਰੇਂਦਰ ਮੋਦੀ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਵਲੋਂ ਹਿੰਦੁਸਤਾਨ ਦੀ ਸੁਪਰੀਮ ਕੋਰਟ ਦੇ ਸਾਰੇ ਦੇ ਸਾਰੇ 25 ਜੱਜਾਂ ਦੀ ਭੋਪਾਲ ਦੇ ਬਾਹਰਵਾਰ ਸਥਿਤ ਨੈਸ਼ਨਲ ਜੁਡੀਸ਼ੀਅਲ ਅਕਾਦਮੀ ਵਿਖੇ ਵਿਸ਼ੇਸ਼ ਕਲਾਸ ਲਗਾਈ ਗਈ। ਇਸ ਅਕਾਦਮੀ ਵਿਚ 15 ਤੋਂ 17 ਅਪਰੈਲ ਤਕ ਵਿਸ਼ੇਸ਼ ਚਰਚਾ ਪ੍ਰੋਗਰਾਮ ਕੀਤਾ ਗਿਆ ਸੀ ਜਿਸ ਵਿਚ ਜੱਜਾਂ ਨੇ ਵੱਖ-ਵੱਖ ਖੇਤਰਾਂ ਦੇ ਮਾਹਰਾਂ, ਜਿਵੇਂ ਆਰਥਿਕਤਾ ਤੇ ਸਿਖਿਆ ਦੇ ਮਾਹਰਾਂ, ਸਬੰਧਤ ਮਜਮੂਨਾਂ ਬਾਰੇ ਚਰਚਾ ਕਰਨੀ ਸੀ। ਇਸ ਤਰ੍ਹਾਂ ਦੇ ਪ੍ਰੋਗਰਾਮ 'ਆਜ਼ਾਦ' ਮੰਨੀ ਜਾਂਦੀ ਇਸ ਅਕਾਦਮੀ ਵਲੋਂ ਅਕਸਰ ਕੀਤੇ ਜਾਂਦੇ ਹਨ, ਪਰ ਇਸ ਵਾਰ ਦੀ ਖ਼ਾਸੀਅਤ ਇਸ ਚਰਚਾ ਵਿਚ 15 ਅਪਰੈਲ ਨੂੰ ਸ੍ਰੀ ਡੋਵਾਲ ਦੀ ਉਚੇਚੀ ਸ਼ਮੂਲੀਅਤ ਸੀ ਜੋ 'ਕੌਮੀ ਸੁਰੱਖਿਆ' ਦਾ ਮਾਹਰ ਮੰਨਿਆ ਜਾਂਦਾ ਹੈ। ਚੇਤੇ ਰਹੇ ਕਿ ਸ੍ਰੀ ਡੋਵਾਲ ਇੰਟੈਲੀਜੈਂਸ ਬਿਊਰੋ ਦਾ ਸਾਬਕਾ ਡਾਇਰੈਕਟਰ ਰਹਿ ਚੁੱਕਾ ਹੈ ਅਤੇ ਸਟੇਟ ਵਿਰੁੱਧ ਹਥਿਆਰਬੰਦ ਬਗ਼ਾਵਤ ਕਰਨ ਵਾਲੇ ਬਾਗ਼ੀ ਗਰੁੱਪਾਂ ਵਿਚ ਘੁਸਪੈਠ ਕਰ ਕੇ ਉਨ੍ਹਾਂ ਦੀ ਜੱਦੋਜਹਿਦ ਨੂੰ ਸੱਟ ਮਾਰਨ ਦਾ ਮਾਹਰ ਮੰਨਿਆ ਜਾਂਦਾ ਹੈ। ਹਾਲ ਹੀ ਮਸ਼ਹੂਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਨੇ ਆਪਣੀ ਕਿਤਾਬ ਵਿਚ ਡੋਵਾਲ ਵਲੋਂ ਖ਼ਾਲਸਤਾਨੀ ਲਹਿਰ ਵਿਚ ਪਾਕਿਸਤਾਨੀ ਫ਼ੌਜ ਦੇ ਅਫ਼ਸਰ ਦੇ ਭੇਸ ਵਿਚ ਘੁਸਪੈਠ ਕਰਨ ਅਤੇ ਓਪਰੇਸ਼ਨ ਬਲੈਕ ਥੰਡਰ ਵਿਚ ਨਿਭਾਈ ਭੂਮਿਕਾ ਦੀ ਤਫ਼ਸੀਲ ਪੇਸ਼ ਕੀਤੀ ਹੈ। ਨੌਕਰੀ ਤੋਂ ਰਿਟਾਇਰ ਹੋਣ ਤੋਂ ਬਾਅਦ ਆਪਣੇ ਹਮਖ਼ਿਆਲ 'ਮਾਹਰਾਂ' ਨੂੰ ਇਕੱਠੇ ਕਰ ਕੇ ਡੋਵਾਲ ਨੇ ਖ਼ਾਸ 'ਥਿੰਕ ਟੈਂਕ' ਵਿਵੇਕਾਨੰਦ ਇੰਟਰਨੈਸ਼ਨਲ ਫਾਊਂਡੇਸ਼ਨ ਬਣਾਇਆ ਸੀ ਜਿਸ ਨੇ ਨਰੇਂਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਨੂੰ ਸੱਤਾ ਵਿਚ ਲਿਆਉਣ ਲਈ ਪ੍ਰਚਾਰ ਮੁਹਿੰਮ ਉਲੀਕਣ ਅਤੇ ਇਸ ਨੂੰ ਅਮਲ ਵਿਚ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਈ। ਪ੍ਰਧਾਨ ਮੰਤਰੀ ਦੇ 'ਸੁਰੱਖਿਆ ਸਲਾਹਕਾਰ' ਵਜੋਂ ਡੋਵਾਲ ਦੀ ਭੂਮਿਕਾ ਕਾਫ਼ੀ ਵਿਵਾਦਪੂਰਨ ਹੈ, ਚਾਹੇ ਪਾਕਿਸਤਾਨ ਨਾਲ ਦੁਵੱਲੇ ਸਬੰਧਾਂ ਦਾ ਸਵਾਲ ਹੋਵੇ ਜਾਂ ਪਠਾਨਕੋਟ ਦੇ ਫ਼ੌਜੀ ਅੱਡੇ ਵਿਚ 'ਦਹਿਸ਼ਤਗਰਦ' ਹਮਲੇ ਨਾਲ ਨਜਿੱਠਣ ਵੇਲੇ ਡੋਵਾਲ ਵਲੋਂ ਨਿਭਾਈ ਭੂਮਿਕਾ ਹੋਵੇ।

ਬੇਸ਼ਕ ਉਪਰੋਕਤ ਚਰਚਾ ਦੇ ਵੇਰਵਿਆਂ ਦਾ ਖ਼ੁਲਾਸਾ ਨਹੀਂ ਕੀਤਾ ਗਿਆ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਸ ਨੂੰ ਅਮਰੀਕੀ ਸਾਮਰਾਜਵਾਦ ਦੇ ਪਿੱਠੂ ਹਿੰਦੁਸਤਾਨੀ ਹੁਕਮਰਾਨ ਅਮਰੀਕੀ ਰਾਜ ਦੇ ਮੁਹਾਵਰੇ ਵਿਚ 'ਮੁਲਕ ਦੀ ਬਾਹਰੀ ਤੇ ਅੰਦਰੂਨੀ ਸੁਰੱਖਿਆ ਲਈ ਖ਼ਤਰੇ' ਦਾ ਨਾਂ ਦਿੰਦੇ ਹਨ, ਇਹ ਉਸ ਬਾਬਤ ਜੱਜਾਂ ਨੂੰ ਹਿੰਦੂਤਵੀ ਸਰਕਾਰ ਦੇ ਏਜੰਡੇ ਨਾਲ ਪ੍ਰਭਾਵਿਤ ਕਰਨ ਦੀ ਖ਼ਾਸ ਕਵਾਇਦ ਸੀ। ਜਦੋਂ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਅਤੇ ਆਜ਼ਾਦ ਖ਼ਿਆਲ ਬੁੱਧੀਜੀਵੀਆਂ ਨੂੰ ਇਸ ਤਰ੍ਹਾਂ ਦੇ ਮੰਚ ਉਪਰ ਬਰਾਬਰ ਮੌਕਾ ਦਿੱਤੇ ਬਗ਼ੈਰ 'ਸੁਰੱਖਿਆ ਦੇ ਸਵਾਲ' ਅਤੇ ਦਹਿਸ਼ਤਗਰਦੀ ਬਾਰੇ ਸਿਰਫ਼ ਸਰਕਾਰੀ ਪੱਖ ਹੀ ਪੇਸ਼ ਕੀਤਾ ਜਾਂਦਾ ਹੈ ਤਾਂ ਇਸ ਪਿਛਲੀ ਮਨਸ਼ਾ ਨੂੰ ਸਮਝਿਆ ਜਾ ਸਕਦਾ ਹੈ ਕਿ ਹੁਕਮਰਾਨ ਆਪਣੇ ਕਿਸੇ ਗੁਪਤ ਏਜੰਡੇ ਨੂੰ ਫਟਾਫਟ ਲਾਗੂ ਕਰਾਉਣ ਲਈ ਹਰ ਮੁਹਾਜ਼ ਦੇ ਬੇਤਹਾਸ਼ਾ ਇਸਤੇਮਾਲ ਲਈ ਤੱਤਪਰ ਹਨ। ਉਘੇ ਕਾਨੂੰਨ ਮਾਹਿਰ ਅਤੇ ਮਨੁੱਖੀ ਹੱਕਾਂ ਦੇ ਮੁਦਈ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਅਜੀਤ ਡੋਵਾਲ ਵਲੋਂ ਜੱਜਾਂ ਨੂੰ ਸੰਬੋਧਨ ਕੀਤੇ ਜਾਣ ਨੂੰ ਲੈ ਕੇ ਗੰਭੀਰ ਸਵਾਲ ਉਠਾਏ ਹਨ।

'ਇੰਡੀਅਨ ਐਕਸਪ੍ਰੈੱਸ' ਦੀ ਰਿਪੋਰਟ ਅਨੁਸਾਰ ਸ੍ਰੀ ਡੋਵਾਲ ਨੇ ਜੱਜਾਂ ਨੂੰ ਕੌਮੀ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਦੀ 'ਹਿੰਦੁਸਤਾਨੀ ਮਾਸਟਰ ਪਲਾਨ' ਬਾਰੇ ਦੱਸਿਆ ਅਤੇ ਉਨ੍ਹਾਂ ਨੂੰ ਕਿਹਾ ਕਿ 'ਜਮਹੂਰੀਅਤ ਦੇ ਸਾਰੇ ਥੰਮਾਂ ਨੂੰ ਅੰਦਰੂਨੀ ਤੇ ਬਾਹਰੀ ਸੁਰੱਖਿਆ ਵਿਚ ਸੁਧਾਰ ਲਿਆਉਣ ਲਈ ਜੁੜ ਕੇ ਕੰਮ ਕਰਨ ਦੀ ਲੋੜ ਹੈ'। ਉਸ ਨੇ ਨਿਆਂ ਪ੍ਰਸ਼ਾਸਨ ਨੂੰ ਇਹ ਕਹਿੰਦੇ ਹੋਏ ਕੌਮੀ ਸੁਰੱਖਿਆ ਨਾਲ ਜੋੜਿਆ ਕਿ 'ਦਹਿਸ਼ਤਵਾਦ ਨਾਲ ਸਬੰਧਤ ਅਤੇ ਜਾਸੂਸੀ ਦੇ ਮਾਮਲਿਆਂ ਵਿਚ ਨਿਆਂ 'ਚ ਦੇਰੀ ਦਾ ਅਸਰ ਪ੍ਰਬੰਧ ਉੱਪਰ ਪੈਂਦਾ ਹੈ'; ਭਾਵ ਜਿਨ੍ਹਾਂ ਨੂੰ ਪੁਲਿਸ ਅਤੇ ਹੋਰ ਖ਼ੁਫ਼ੀਆ ਏਜੰਸੀਆਂ ਸੱਤਾਧਾਰੀਆਂ ਦੇ ਇਸ਼ਾਰੇ 'ਤੇ 'ਸ਼ੱਕੀ' ਦਹਿਸ਼ਤਗਰਦ ਜਾਂ ਦਹਿਸ਼ਤਗਰਦੀ ਦੇ ਹਮਾਇਤੀ ਕਰਾਰ ਦੇ ਕੇ ਗ੍ਰਿਫ਼ਤਾਰ ਕਰਦੀਆਂ ਹਨ, ਜੱਜਾਂ ਨੂੰ ਨਿਆਂਇਕ ਅਮਲ ਦੇ ਚੱਕਰ ਵਿਚ ਨਾ ਪੈ ਕੇ ਸਗੋਂ ਪੁਲਿਸ ਦੀਆਂ ਫਿਲਮੀ ਕਹਾਣੀਆਂ ਨੂੰ ਸੱਤ ਬਚਨ ਆਖ ਕੇ ਫਟਾਫਟ ਉਨ੍ਹਾਂ ਨੂੰ ਸਜ਼ਾਵਾਂ



ਸੁਣਾਉਣੀਆਂ ਚਾਹੀਦੀਆਂ ਹਨ। ਜੱਜਾਂ ਨੂੰ ਦਹਿਸ਼ਤਵਾਦ ਦੇ ਖ਼ਤਰੇ ਨਾਲ ਨਜਿੱਠਣ ਲਈ 'ਸਮਰੱਥਾਵਾਂ ਦੀ ਖੋਜ ਅਤੇ ਵਿਕਾਸ' ਤੋਂ ਵੀ ਜਾਣੂ ਕਰਾਇਆ ਗਿਆ ਅਤੇ ਇਸ ਲੜਾਈ ਵਿਚ ਤਕਨਾਲੋਜੀ ਨੂੰ ਔਜ਼ਾਰ ਦੇ ਤੌਰ 'ਤੇ ਇਸਤੇਮਾਲ ਕਰਨ ਉਪਰ ਵੀ ਚਾਨਣਾ ਪਾਇਆ।

ਇਨ੍ਹਾਂ ਸੰਕੇਤਕ ਵੇਰਵਿਆਂ ਤੋਂ ਪੂਰੀ ਤਰ੍ਹਾਂ ਜ਼ਾਹਿਰ ਹੈ ਕਿ ਹਿੰਦੂਤਵੀ ਸਰਕਾਰ ਨਿਆਂ ਪ੍ਰਣਾਲੀ ਵਿਚ ਡੂੰਘੀ ਦਖ਼ਲਅੰਦਾਜ਼ੀ ਕਰ ਰਹੀ ਹੈ ਜਿਸ ਦਾ ਖ਼ਾਸ ਉਦੇਸ਼ ਹੈ। ਕੁਝ ਨਿਆਂਇਕ ਸੂਝ ਰੱਖਦੇ ਜੱਜਾਂ ਵਲੋਂ ਕਈ ਵਾਰ ਇਸ ਤਰ੍ਹਾਂ ਦੇ ਫ਼ੈਸਲੇ ਦੇ ਦਿੱਤੇ ਜਾਂਦੇ ਹਨ ਜੋ ਵਕਤ ਦੇ ਹਾਕਮਾਂ ਲਈ ਸਿਰਦਰਦੀ ਬਣ ਜਾਂਦੇ ਹਨ। ਮਸਲਨ ਜੁਲਾਈ 2011 ਵਿਚ ਸੁਪਰੀਮ ਕੋਰਟ ਵਲੋਂ ਸਲਵਾ ਜੁਡਮ ਨੂੰ ਗ਼ੈਰਕਨੂੰਨੀ ਕਰਾਰ ਦੇ ਕੇ ਭੰਗ ਕਰਨ ਦੀ ਹਦਾਇਤ ਦਿੰਦਾ ਫ਼ੈਸਲਾ। ਗ਼ੌਰਤਲਬ ਹੈ ਕਿ ਇਸ ਫ਼ੈਸਲੇ ਵਿਚ ਸਥਾਪਤੀ ਦੀ 'ਵਿਕਾਸ' ਦੀ ਧਾਰਨਾ ਅਤੇ ਆਮ ਲੋਕ ਇਸ ਵਿਕਾਸ ਨੂੰ ਕਿਵੇਂ ਲੈ ਰਹੇ ਹਨ, ਦਰਮਿਆਨ ਉੱਕਾ ਹੀ ਬੇਮੇਲਤਾ ਨੂੰ ਲੈ ਕੇ ਜੱਜਾਂ ਦੇ ਬੈਂਚ ਵਲੋਂ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਸਨ। ਹੁਕਮਰਾਨ ਚਾਹੁੰਦੇ ਹਨ ਕਿ ਜਿਸ ਤਰ੍ਹਾਂ ਦੀਆਂ ਵਿਨਾਸ਼ਕਾਰੀ ਨੀਤੀਆਂ ਮੁਲਕ ਉਪਰ ਥੋਪ ਕੇ ਉਨ੍ਹਾਂ ਵਲੋਂ ਆਮ ਲੋਕਾਂ ਦੀ ਵਸੀਹ ਪੈਮਾਨੇ 'ਤੇ ਤਬਾਹੀ ਤੇ ਬਰਬਾਦੀ ਕੀਤੀ ਜਾ ਰਹੀ ਹੈ, ਜੱਜ ਅੱਖਾਂ ਮੀਟ ਕੇ ਉਨ੍ਹਾਂ ਨੂੰ ਪ੍ਰਵਾਨਗੀ ਦਿੰਦੇ ਰਹਿਣ ਅਤੇ ਉਨ੍ਹਾਂ ਉਪਰ ਕਿੰਤੂ-ਪ੍ਰੰਤੂ ਨਾ ਕਰਨ। ਜਿਹੜੇ ਜੱਜ ਸਰਕਾਰ ਅਤੇ ਪੁਲਿਸ ਅਧਿਕਾਰੀਆਂ ਦੀ ਇੱਛਾ ਅਨੁਸਾਰ ਫ਼ੈਸਲੇ ਨਹੀਂ ਦਿੰਦੇ, ਉਨ੍ਹਾਂ ਨੂੰ ਤਾਨਾਸ਼ਾਹ ਹੁਕਮਰਾਨ ਅਤੇ ਮਨਮਾਨੀਆਂ ਦੇ ਆਦੀ ਪੁਲਿਸ ਅਧਿਕਾਰੀ ਬਰਦਾਸ਼ਤ ਨਹੀਂ ਕਰਦੇ।

ਹੁਣੇ ਜਿਹੇ ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਪ੍ਰਭਾਕਰ ਗਵਾਲ ਨੂੰ ਜਿਵੇਂ ਮਨੁੱਖੀ ਹੱਕਾਂ ਦਾ ਘਾਣ ਕਰਨ ਲਈ ਬਦਨਾਮ ਪੁਲਿਸ ਅਧਿਕਾਰੀਆਂ ਦੇ ਇਸ਼ਾਰੇ 'ਤੇ ਜਿਵੇਂ ਬਰਖ਼ਾਸਤ ਕੀਤਾ ਗਿਆ ਹੈ, ਉਹ ਨਿਆਂ ਪ੍ਰਣਾਲੀ ਨੂੰ ਪ੍ਰਭਾਵਤ ਕਰਨ ਦੀ ਸਰਕਾਰ ਦੀ ਬੇਅੰਤ ਤਾਕਤ ਨੂੰ ਦਰਸਾਉਂਦਾ ਹੈ। ਉਸ ਦਾ ਕਸੂਰ ਮਹਿਜ਼ ਇਹ ਸੀ ਕਿ ਉਹ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਪੁਲਿਸ ਵਲੋਂ ਮਾਓਵਾਦੀਆਂ ਦੇ ਹਮਾਇਤੀ ਕਰਾਰ ਦੇ ਕੇ ਗ੍ਰਿਫ਼ਤਾਰ ਕੀਤੇ ਆਦਿਵਾਸੀਆਂ ਦੇ ਮਾਮਲਿਆਂ ਨੂੰ ਸੰਜੀਦਗੀ ਨਾਲ ਲੈ ਕੇ ਪੁਲਿਸ ਤੇ ਹੋਰ ਸੁਰੱਖਿਆ ਏਜੰਸੀਆਂ ਵਲੋਂ ਘੜੀਆਂ ਕਹਾਣੀਆਂ ਨੂੰ ਰੱਦ ਕਰਦਾ ਸੀ ਅਤੇ ਆਦਿਵਾਸੀਆਂ ਨੂੰ ਜ਼ਮਾਨਤ ਦੇ ਦਿੰਦਾ ਸੀ।

ਦੂਜੇ ਪਾਸੇ, ਮੋਦੀ ਸਰਕਾਰ ਦੇ ਸੱਤਾ ਵਿਚ ਆਉਣ ਤੋਂ ਬਾਅਦ ਜਿਵੇਂ ਵੱਖ-ਵੱਖ ਅਦਾਲਤਾਂ ਵਲੋਂ ਮੁਸਲਮਾਨਾਂ ਦੀ ਕਤਲੋਗ਼ਾਰਤ ਲਈ ਜ਼ਿੰਮੇਵਾਰ ਮੋਦੀ, ਅਮਿਤ ਸ਼ਾਹ, ਮਾਇਆ ਕੋਡਨਾਨੀ, ਬਾਬੂ ਬਜਰੰਗੀ ਵਰਗੇ ਮੁਜਰਿਮ ਹਿੰਦੂਤਵੀ ਸਿਆਸਤਦਾਨਾਂ ਨੂੰ ਕਲੀਨ ਚਿੱਟਾਂ ਅਤੇ ਗੁਜਰਾਤ ਪੁਲਿਸ ਦੇ ਪੁਲਿਸ ਅਧਿਕਾਰੀਆਂ ਵਣਜਾਰਾ ਤੇ ਪਾਂਡੇ ਅਤੇ ਕਰਨਲ ਪੁਰੋਹਿਤ ਵਰਗੇ ਹਿੰਦੂਤਵੀ ਦਹਿਸ਼ਤਗਰਦਾਂ ਨੂੰ ਵਰਗੇ ਸਜ਼ਾਯਾਫ਼ਤਾ ਮੁਜਰਿਮਾਂ ਨੂੰ ਸਿਲਸਿਲੇਵਾਰ ਢੰਗ ਨਾਲ ਜ਼ਮਾਨਤਾਂ ਦੇਣ ਅਤੇ ਉਨ੍ਹਾਂ ਨੂੰ ਬਰੀ ਕੀਤੇ ਦੇ ਅਦਾਲਤੀ ਫ਼ੈਸਲੇ ਸਾਹਮਣੇ ਆਏ, ਪਰ ਪ੍ਰੋਫੈਸਰ ਸਾਈਬਾਬਾ ਵਰਗੇ 90 ਫ਼ੀਸਦੀ ਅਪਾਹਜ ਬੁੱਧੀਜੀਵੀ ਨੂੰ ਦੁਬਾਰਾ ਜੇਲ੍ਹ ਭੇਜ ਦਿੱਤਾ ਗਿਆ ਸੀ, 'ਆਜ਼ਾਦ' ਮੰਨੀ ਜਾਂਦੀ ਨਿਆਂ ਪ੍ਰਣਾਲੀ ਦੇ ਕੰਮਕਾਜ ਵਿਚ ਸਰਕਾਰੀ ਦਖ਼ਲਅੰਦਾਜ਼ੀ ਤੇ ਜ਼ਬਰਦਸਤ ਪ੍ਰਭਾਵ ਦੀਆਂ ਠੋਸ ਮਿਸਾਲਾਂ ਹਨ।

ਇਸ ਅਦਾਲਤੀ ਰੁਝਾਨ ਬਾਰੇ ਚਰਚਾ ਕਰਦੇ ਵਕਤ ਦੋ ਤਾਜ਼ਾ ਰਿਪੋਰਟਾਂ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਜਿਨ੍ਹਾਂ ਵਿਚ ਹਿੰਦੁਸਤਾਨ ਅੰਦਰ ਮਨੁੱਖੀ ਹੱਕਾਂ ਦੇ ਘਾਣ ਦੀ ਚਿੰਤਾਜਨਕ ਹਾਲਤ ਵੱਲ ਧਿਆਨ ਦਿਵਾਇਆ ਗਿਆ ਹੈ। ਅਮਰੀਕੀ ਸਟੇਟ ਡਿਪਾਰਟਮੈਂਟ ਨੇ ਮਨੁੱਖੀ ਹੱਕਾਂ ਬਾਰੇ ਆਪਣੀ 2015 ਦੀ ਰਿਪੋਰਟ ਵਿਚ "ਗ਼ੈਰਅਦਾਲਤੀ ਹੱਤਿਆਵਾਂ" ਅਤੇ ਪੁਲਿਸ ਤੇ ਹੋਰ ਏਜੰਸੀਆਂ ਵਲੋਂ "ਮਨਮਾਨੀਆਂ ਗ੍ਰਿਫ਼ਤਾਰੀਆਂ" ਦੇ ਬਹੁਤ ਸਾਰੇ ਮਾਮਲਿਆਂ ਦਾ ਹਵਾਲਾ ਦਿੱਤਾ ਹੈ ਅਤੇ ਕੌਮੀ ਜਾਂਚ ਏਜੰਸੀ ਵਲੋਂ ਹਿੰਦੂਤਵੀ ਦਹਿਸ਼ਤਗਰਦ ਅਨਸਰਾਂ ਪ੍ਰਤੀ 'ਨਰਮਗੋਸ਼ਾ' ਅਖ਼ਤਿਆਰ ਕੀਤੇ ਜਾਣ ਦੀ ਗੱਲ ਵੀ ਕੀਤੀ ਹੈ। (ਟਾਈਮਜ਼ ਆਫ ਇੰਡੀਆ, 16 ਅਪਰੈਲ)।

ਦੂਜੀ ਰਿਪੋਰਟ ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਸੰਸਥਾ 'ਐਮਨੈਸਟੀ ਇੰਟਰਨੈਸ਼ਨਲ' ਦੀ ਹੈ। 'ਬਲੈਕਆਊਟ ਇਨ ਬਸਤਰ...' ਨਾਂ ਦੀ ਇਸ ਰਿਪੋਰਟ, ਜੋ 18 ਅਪਰੈਲ ਨੂੰ ਜਾਰੀ ਕੀਤੀ ਗਈ ਹੈ, ਵਿਚ ਪੱਤਰਕਾਰਾਂ, ਵਕੀਲਾਂ ਅਤੇ ਕਾਰਕੁਨਾਂ ਨੂੰ ਸਰਕਾਰੀ ਹਥਿਆਰਬੰਦ ਤਾਕਤਾਂ ਦੇ ਅੱਤਿਆਚਾਰਾਂ ਦੀ ਛਾਣਬੀਣ ਕਰਨ ਅਤੇ ਮਨੁੱਖੀ ਹੱਕਾਂ ਦੇ ਘਾਣ ਦੇ ਨਿਆਂ ਦੀ ਮੰਗ ਕਰਨ ਬਦਲੇ ਤੰਗ-ਪ੍ਰੇਸ਼ਾਨ ਕੀਤਾ ਗਿਆ, ਉਨ੍ਹਾਂ ਉੱਪਰ ਹਮਲੇ ਕੀਤੇ ਗਏ ਅਤੇ ਜੇਲ੍ਹਾਂ ਵਿਚ ਬੰਦ ਕੀਤਾ ਗਿਆ। ਕੌਮਾਂਤਰੀ ਪੱਧਰ 'ਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦਾ ਇਸ ਕਦਰ ਗੰਭੀਰ ਨੋਟਿਸ ਲਿਆ ਜਾਣਾ ਉਨ੍ਹਾਂ ਇਲਜ਼ਾਮਾਂ ਦੀ ਤਸਦੀਕ ਹੈ ਜੋ ਹਿੰਦੁਸਤਾਨ ਦੀਆਂ ਮਨੁੱਖੀ ਤੇ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਵਲੋਂ ਸਟੇਟ ਦੀ ਕਾਰਗੁਜ਼ਾਰੀ ਨੂੰ ਲੈ ਕੇ ਅਕਸਰ ਲਗਾਏ ਜਾਂਦੇ ਹਨ।

ਇਨ੍ਹਾਂ ਹਾਲਾਤ ਵਿਚ, ਕੌਮੀ ਸੁਰੱਖਿਆ ਸਲਾਹਕਾਰ ਵਲੋਂ 'ਸੁਰੱਖਿਆ' ਭਾਵ ਦਹਿਸ਼ਤਗਰਦੀ ਦੇ ਸਵਾਲ ਬਾਰੇ ਸਰਕਾਰੀ 'ਮਾਸਟਰ ਪਲਾਨ' ਬਾਰੇ ਸੁਪਰੀਮ ਕੋਰਟ ਦੇ ਜੱਜਾਂ ਦੀ ਕਲਾਸ ਲੈਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੋਦੀ ਸਰਕਾਰ ਉਪਰੋਕਤ ਘੋਰ ਉਲੰਘਣਾਵਾਂ ਨੂੰ ਰੋਕਣ ਦੀ ਥਾਂ ਸਗੋਂ ਨਿਆਂਇਕ ਫ਼ੈਸਲੇ ਦੇਣ ਵਾਲਿਆਂ ਤੋਂ ਸੱਤਾ ਦੀਆਂ ਮਨਮਾਨੀਆਂ ਉਪਰ ਮੋਹਰ ਲਵਾਉਣ ਲਈ ਉਨ੍ਹਾਂ ਨੂੰ ਆਪਣੇ ਨਾਲ ਜੋੜਨ ਦੀ ਕਾਹਲ ਵਿਚ ਹੈ। -0-

# ਰਾਖਵੇਂਕਰਨ ਦਾ ਸਿਆਸੀਕਰਨ

ਅਭੈ ਕੁਮਾਰ ਦੂਬੇ

ਮੈਂ ਰਾਜਨੀਤੀ ਅਤੇ ਰਾਜਨੀਤਕ ਅਮਲ ਦਾ ਬਹੁਤ ਵੱਡਾ ਸਮਰਥਕ ਹਾਂ। ਮੇਰਾ ਵਿਚਾਰ ਹੈ ਕਿ ਭਾਰਤ ਵਰਗੇ ਰਵਾਇਤੀ ਸਮਾਜ ਵਿਚ ਰਾਜਨੀਤਕ ਅਮਲ ਆਧੁਨਿਕੀਕਰਨ ਦੇ ਔਜ਼ਾਰ ਵਾਂਗ ਕੰਮ ਕਰਦਾ ਹੈ। ਇਸ ਲਈ ਜਦੋਂ ਵੀ ਕਿਸੇ ਮੁੱਦੇ 'ਤੇ ਰਾਜਨੀਤੀਕਰਨ ਦੇ ਖਿਲਾਫ਼ ਹਾਏ-ਤੌਬਾ ਮਚਦੀ ਹੈ ਤਾਂ ਮੈਂ ਉਸ ਨੂੰ ਵਿਅੰਗ ਦੀ ਨਜ਼ਰ ਨਾਲ ਵੇਖਦਾ ਹਾਂ, ਪਰ ਹਾਲ ਹੀ ਦੌਰਾਨ ਘੱਟੋ-ਘੱਟ ਤਿੰਨ ਅਜਿਹੇ ਮੁੱਦੇ ਜ਼ਰੂਰ ਸਾਹਮਣੇ ਆਏ ਹਨ ਜਿਨ੍ਹਾਂ ਦੇ ਰਾਜਨੀਤੀਕਰਨ ਦਾ ਮੈਂ ਵੀ ਵਿਰੋਧ ਕਰਨਾ ਚਾਹੁੰਦਾ ਹਾਂ। ਇਹ ਹਨ- ਰਾਖਵਾਂਕਰਨ, ਧਰਮ ਨਿਰਪੱਖਤਾ ਅਤੇ ਰਾਸ਼ਟਰਵਾਦ। ਆਓ ਵੇਖੀਏ ਕਿ ਰਾਖਵੇਂਕਰਨ ਦੇ ਰਾਜਨੀਤੀਕਰਨ ਨਾਲ ਸਾਡੇ ਕੌਮੀ ਜੀਵਨ ਵਿਚ ਕਿਹੋ ਜਿਹੇ ਵਿਗਾੜ ਪੈਦਾ ਹੋ ਰਹੇ ਹਨ। ਗੁਜਰਾਤ ਦੀ ਸਰਕਾਰ ਨੇ ਆਰਥਿਕ ਆਧਾਰ 'ਤੇ ਰਾਖਵੇਂਕਰਨ ਦੀ ਵਿਵਸਥਾ ਕਰ ਕੇ ਉਚੀਆਂ ਜਾਤੀਆਂ ਲਈ ਵੀ ਰਾਖਵੇਂਕਰਨ ਦੇ ਬੂਹੇ ਖੋਲ੍ਹ ਦਿੱਤੇ ਹਨ ਅਤੇ ਹੁਣ ਉਸ ਸੂਬੇ ਵਿਚ ਵੀ ਕੁਝ ਦੱਖਣ ਭਾਰਤੀ ਸੂਬਿਆਂ ਵਾਂਗ ਰਾਖਵਾਂਕਰਨ 60 ਫ਼ੀਸਦੀ ਤੋਂ ਉੱਪਰ ਚਲਾ ਗਿਆ ਹੈ। ਮੇਰਾ ਇਤਰਾਜ਼ ਰਾਖਵੇਂਕਰਨ ਦੀ ਫ਼ੀਸਦੀ ਵਧ ਜਾਣ 'ਤੇ ਉਨਾ ਨਹੀਂ ਹੈ (ਹਾਲਾਂ ਕਿ ਇਹ ਵੀ ਇਕ ਅਹਿਮ ਸਵਾਲ ਹੈ ਕਿ ਰਾਖਵਾਂਕਰਨ ਦੀ ਹੱਦ ਕੀ ਹੋਣੀ ਚਾਹੀਦੀ ਹੈ), ਜਿੰਨਾ ਇਸ ਫ਼ੈਸਲੇ ਨਾਲ ਰਾਖਵੇਂਕਰਨ ਦੀ ਨੀਤੀ ਨੂੰ ਪਹੁੰਚਣ ਵਾਲੇ ਨੁਕਸਾਨ 'ਤੇ ਹੈ। ਮੇਰਾ ਮੰਨਣਾ ਹੈ ਕਿ ਇਹ ਫ਼ੈਸਲਾ ਪੂਰੀ ਤਰ੍ਹਾਂ ਸੰਵਿਧਾਨ ਦੀ ਉਸ ਭਾਵਨਾ ਦੇ ਖਿਲਾਫ਼ ਹੈ, ਜਿਸ ਦੀ ਵਜ੍ਹਾ ਕਰ ਕੇ ਰਾਖਵੇਂਕਰਨ ਦੀ ਨੀਤੀ ਲੰਮੇ ਸਮੇਂ ਤੋਂ ਭਾਰਤੀ ਸਮਾਜ ਅਤੇ ਲੋਕਤੰਤਰ ਦੀ ਧਰਮ ਨਿਰਪੱਖ ਸੇਵਾ ਕਰਦੀ ਆ ਰਹੀ ਹੈ। ਆਰਥਿਕ ਆਧਾਰ 'ਤੇ ਹੋਣ ਵਾਲਾ ਰਾਖਵਾਂਕਰਨ ਇਸ ਨੀਤੀ ਦੇ ਬਰਾਬਰੀ ਵਾਲੇ ਪਹਿਲੂਆਂ ਨੂੰ ਖ਼ਤਮ ਕਰ ਦੇਵੇਗਾ ਅਤੇ ਇਹ ਵੀ ਹੋ ਸਕਦਾ ਹੈ ਕਿ ਜੇ ਇਹ ਸਿਲਸਿਲਾ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇਸ ਨੀਤੀ ਦਾ ਧਰਮ-ਨਿਰਪੱਖ ਕਿਰਦਾਰ ਵੀ ਖ਼ਤਮ ਹੋ ਜਾਵੇ।

ਪਹਿਲੀ ਗੱਲ ਤਾਂ ਇਹ ਹੈ ਕਿ ਰਾਖਵੇਂਕਰਨ ਦੀ ਨੀਤੀ ਗ਼ਰੀਬੀ ਹਟਾਓ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਅਤੇ ਨਾ ਹੀ ਇਸ ਨੂੰ ਅਜਿਹਾ ਬਣਾਇਆ ਜਾਣਾ ਚਾਹੀਦਾ ਹੈ। ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣ ਦਾ ਮਤਲਬ ਹੈ ਰਾਖਵਾਂਕਰਨ ਨੂੰ ਸਮਾਜਿਕ ਅਤੇ ਵਿਦਿਅਕ ਪਛੜੇਵਾਂ ਦੂਰ ਕਰਨ ਦੇ ਕੌਮੀ ਮਕਸਦ ਤੋਂ ਭਟਕਾਅ ਦੇਣਾ। ਗ਼ਰੀਬੀ ਦੂਰ ਕਰਨ ਲਈ ਅਰਥ-ਵਿਵਸਥਾ ਅਤੇ ਆਰਥਿਕ ਪ੍ਰਕਿਰਿਆ ਤਹਿਤ ਦੂਸਰੇ ਉਪਾਅ ਕੀਤੇ ਜਾਣੇ ਚਾਹੀਦੇ ਹਨ। ਸੰਵਿਧਾਨ ਘਾੜਿਆਂ ਨੇ ਕੁਝ ਸੋਚ ਕੇ ਹੀ ਰਾਖਵੇਂਕਰਨ ਦੀਆਂ ਕਸੌਟੀਆਂ ਨੂੰ ਆਰਥਿਕ ਆਧਾਰ ਨਾਲ ਜੋੜਨ ਤੋਂ ਪਰਹੇਜ਼ ਕੀਤਾ ਸੀ। ਦੂਸਰੀ ਗੱਲ ਇਹ ਹੈ ਕਿ ਰਾਖਵੇਂਕਰਨ ਦਾ ਛਣਕਣਾ ਦੇ ਕੇ ਸਾਡੇ ਹੁਕਮਰਾਨ ਆਪਣੀਆਂ ਵਿਕਾਸ ਸਬੰਧੀ ਅਸਫਲਤਾਵਾਂ 'ਤੇ ਪਰਦਾ ਪਾਉਣਾ ਚਾਹੁੰਦੇ ਹਨ। ਕਿਉਂਕਿ ਅਰਥ-ਵਿਵਸਥਾ ਪਿਛਲੇ 12 ਵਰ੍ਹਿਆਂ ਤੋਂ ਰੁਜ਼ਗਾਰ ਵਿਹੂਣਾ ਰੁਜ਼ਗਾਰ ਚਲਾ ਰਹੀ ਹੈ, ਇਸ ਲਈ ਮਜ਼ਬੂਤ ਜਾਤਾਂ ਵੱਲੋਂ ਵੀ ਰੁਜ਼ਗਾਰ ਦੀ ਮੌਜੂਦਾ ਗਿਣਤੀ ਵਿਚ ਹਿੱਸਾ ਮੰਗਣ ਦੀ ਹੋੜ ਲੱਗ ਗਈ ਹੈ। ਬਜਾਏ ਇਸ ਦੇ ਕਿ ਇਸ ਮੰਗ ਨੂੰ ਰੁਜ਼ਗਾਰ ਮੁਖੀ ਯੋਜਨਾਵਾਂ ਸਫਲ ਢੰਗ ਨਾਲ ਲਾਗੂ ਕਰ ਕੇ ਸ਼ਾਂਤ ਕੀਤਾ ਜਾਵੇ, ਸਰਕਾਰਾਂ ਰਾਖਵਾਂਕਰਨ ਦੇ ਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜਨਾ ਚਾਹੁੰਦੀਆਂ ਹਨ। ਉਹ ਜਾਣਦੀਆਂ ਹਨ ਕਿ ਇਹ ਸਥਾਈ ਹੱਲ ਨਹੀਂ ਹੋ ਸਕਦਾ। ਕਿਸੇ ਵੀ ਗਤੀਸ਼ੀਲ ਜਾਤ ਸਮੂਹ ਦੇ ਪੜ੍ਹੇ-ਲਿਖੇ ਲੜਕੇ-ਲੜਕੀਆਂ ਨੂੰ 10 ਫ਼ੀਸਦੀ ਰਾਖਵਾਂਕਰਨ ਦੇ ਕੇ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਆਪਸ ਵਿਚ ਤਾਲਮੇਲ ਬਿਠਾਉਂਦਿਆਂ ਦੇਸ਼ ਨੂੰ ਜਾਂ ਤਾਂ ਇਕ 'ਨਿਰਮਾਣ ਹੱਬ' ਵਿਚ ਬਦਲਣਾ ਪਵੇਗਾ ਜਾਂ ਫਿਰ ਵੱਡੇ ਪੱਧਰ 'ਤੇ ਖੇਤੀ ਖੇਤਰ ਦਾ ਵਿਕਾਸ ਕਰਨ ਵੱਲ ਜਾਣਾ ਹੋਵੇਗਾ। ਸਿਰਫ ਇਹ ਦੋ ਖੇਤਰ ਹੀ ਰੁਜ਼ਗਾਰ ਦੀ ਸਮੱਸਿਆ ਦਾ ਹੱਲ ਕਰ ਸਕਦੇ ਹਨ। ਕਿਉਂਕਿ ਅਰਥ-ਵਿਵਸਥਾ ਦੀ ਪੱਧਰ 'ਤੇ ਇਹ ਨਹੀਂ ਕੀਤਾ ਜਾ ਰਿਹਾ, ਇਸ ਲਈ ਇਸ ਤੋਂ ਪੈਦਾ ਹੋਣ ਵਾਲਾ ਸਮਾਜਿਕ-ਰਾਜਨੀਤਕ ਦਬਾਅ ਰਾਖਵਾਂਕਰਨ ਦੀ ਨੀਤੀ 'ਤੇ ਪਾ ਕੇ ਪਤਲੀ ਗਲੀ ਰਾਹੀਂ ਨਿਕਲਣ ਦੀ ਕੋਸ਼ਿਸ਼ ਹੋ ਰਹੀ ਹੈ।

ਰਾਖਵਾਂਕਰਨ ਦੇਸ਼ ਉਸਾਰੀ ਦਾ ਔਜ਼ਾਰ ਹੈ। ਜੇ ਸੰਵਿਧਾਨ-ਘਾੜਿਆਂ ਨੇ ਇਸ ਦੀ ਰਚਨਾ ਨਾ ਕੀਤੀ ਹੁੰਦੀ ਤਾਂ ਇਸ ਸਮੇਂ ਸੜਕਾਂ 'ਤੇ ਜਾਂ ਤਾਂ ਜਾਤ-ਯੁੱਧ ਹੋ ਰਿਹਾ ਹੁੰਦਾ ਜਾਂ ਫਿਰ ਅਸੀਂ ਕਿਸੇ ਘੋਰ ਗ਼ੈਰ-ਬਰਾਬਰੀਆਂ ਭਰੇ ਨਿਜ਼ਾਮ ਵਿਚ ਆਪਣਾ ਵਕਤ ਗੁਜ਼ਾਰ ਰਹੇ ਹੁੰਦੇ। ਰਾਖਵੇਂਕਰਨ ਕਰਕੇ ਨਾ ਸਿਰਫ ਹਿੰਦੂ ਸਮਾਜ ਨੂੰ, ਸਗੋਂ ਘੱਟ-ਗਿਣਤੀ ਸਮਾਜਾਂ ਦੀਆਂ ਪਿਛੜੀਆਂ ਜਾਤੀਆਂ ਨੂੰ ਵੀ ਅੱਗੇ ਵਧਣ ਦਾ ਮੌਕਾ ਮਿਲਦਾ ਹੈ। ਉਹ ਛਾਲਾਂ ਮਾਰ ਕੇ ਤਾਂ ਅੱਗੇ ਨਹੀਂ ਵਧ ਸਕਦੀਆਂ ਪਰ ਉਨ੍ਹਾਂ ਲਈ ਕੁਝ ਗੁੰਜਾਇਸ਼ਾਂ ਜ਼ਰੂਰ ਪੈਦਾ ਹੁੰਦੀਆਂ ਹਨ। ਮੁਸ਼ਕਿਲ ਇਹ ਹੈ ਕਿ 90 ਦੇ ਦਹਾਕੇ ਤੋਂ ਹੀ ਦੇਸ਼ ਉਸਾਰੀ ਦੇ ਇਸ ਬਿਹਤਰੀਨ ਔਜ਼ਾਰ ਦਾ ਸਿਆਸੀ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਸ ਘਟੀਆ ਰਾਜਨੀਤੀ ਦਾ ਪਹਿਲਾ ਦੋਸ਼ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ 'ਤੇ ਲਾਇਆ ਜਾਣਾ ਚਾਹੀਦਾ ਹੈ। ਵਾਜਪਾਈ ਨੇ ਰਾਜਸਥਾਨ ਵਿਚ ਚੋਣਾਂ ਜਿੱਤਣ ਲਈ ਜਾਟਾਂ ਨੂੰ ਰਾਖਵਾਂਕਰਨ ਦੇ ਕੇ ਜੋ ਸਿਲਸਿਲਾ ਸ਼ੁਰੂ ਕੀਤਾ ਸੀ, ਉਹ ਅੱਜ ਭਿਆਨਕ ਰੂਪ ਧਾਰ ਚੁੱਕਾ ਹੈ। ਇਕ ਤਰ੍ਹਾਂ ਨਾਲ ਵੇਖੀਏ ਤਾਂ ਇਹ ਭਾਜਪਾ ਦੇ ਹੀ ਗਲੇ ਪੈ ਚੁੱਕਾ ਹੈ। ਤਰਾਸਦੀ ਇਹ ਹੈ ਕਿ ਮੋਦੀ ਸਰਕਾਰ ਨੇ ਇਸ ਦੀਆਂ ਮੁਸ਼ਕਿਲਾਂ ਦਾ ਅਹਿਸਾਸ ਹੁੰਦੇ ਹੋਏ ਵੀ ਸਮਾਂ ਰਹਿੰਦਿਆਂ ਸਹੀ ਕਦਮ ਨਹੀਂ ਉਠਾਇਆ। ਜਦੋਂ ਸੁਪਰੀਮ ਕੋਰਟ ਨੇ ਜਾਟਾਂ ਨੂੰ ਰਾਖਵਾਂਕਰਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ ਤਾਂ ਉਸ ਮੌਕੇ ਦਾ ਲਾਭ ਉਠਾ ਕੇ ਮੌਜੂਦਾ ਕੇਂਦਰ ਸਰਕਾਰ ਪਿਛਲੀ ਸਰਕਾਰ ਦੀ ਵਚਨਬੱਧਤਾ ਤੋਂ ਮੁਕਤ ਹੋ ਸਕਦੀ ਸੀ, ਪਰ ਉਸ ਨੇ ਅਜਿਹਾ ਨਹੀਂ ਕੀਤਾ ਅਤੇ ਜਾਟਾਂ ਦੇ ਵਫ਼ਦ ਨੂੰ ਰਾਖਵਾਂਕਰਨ ਦਿਵਾਉਣ ਦਾ ਯਤਨ ਕਰਦੇ ਰਹਿਣ ਦਾ ਭਰੋਸਾ ਫੜਾ ਦਿੱਤਾ। ਇਸ ਦੇ ਭਿਆਨਕ ਮਾੜੇ ਨਤੀਜੇ ਭਾਜਪਾ ਦੀ ਹਰਿਆਣਾ ਸਰਕਾਰ ਅਤੇ ਪੂਰੇ ਹਰਿਆਣਵੀ ਸਮਾਜ ਨੂੰ ਭੁਗਤਣੇ ਪਏ। ਅੱਜ ਪੂਰਾ ਹਰਿਆਣਾ ਜਾਟ ਬਨਾਮ ਗ਼ੈਰ-ਜਾਟ ਦੇ ਟਕਰਾਅ ਵਿਚ ਫਸਿਆ ਹੋਇਆ ਹੈ।

> *ਪਹਿਲੀ ਗੱਲ ਤਾਂ ਇਹ ਹੈ ਕਿ ਰਾਖਵੇਂਕਰਨ ਦੀ ਨੀਤੀ ਗ਼ਰੀਬੀ ਹਟਾਓ ਪ੍ਰੋਗਰਾਮ ਦਾ ਹਿੱਸਾ ਨਹੀਂ ਹੈ, ਅਤੇ ਨਾ ਹੀ ਇਸ ਨੂੰ ਅਜਿਹਾ ਬਣਾਇਆ ਜਾਣਾ ਚਾਹੀਦਾ ਹੈ। ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣ ਦਾ ਮਤਲਬ ਹੈ ਰਾਖਵਾਂਕਰਨ ਨੂੰ ਸਮਾਜਿਕ ਅਤੇ ਵਿਦਿਅਕ ਪਛੜੇਵਾਂ ਦੂਰ ਕਰਨ ਦੇ ਕੌਮੀ ਮਕਸਦ ਤੋਂ ਭਟਕਾਅ ਦੇਣਾ। ਗ਼ਰੀਬੀ ਦੂਰ ਕਰਨ ਲਈ ਅਰਥ-ਵਿਵਸਥਾ ਅਤੇ ਆਰਥਿਕ ਪ੍ਰਕਿਰਿਆ ਤਹਿਤ ਦੂਸਰੇ ਉਪਾਅ ਕੀਤੇ ਜਾਣੇ ਚਾਹੀਦੇ ਹਨ।*

ਕੁਝ ਵਿਸ਼ਲੇਸ਼ਕਾਂ ਨੂੰ ਜਾਪ ਰਿਹਾ ਹੈ ਕਿ ਮਜ਼ਬੂਤ ਜਾਤੀਆਂ ਨੂੰ ਰਾਖਵਾਂਕਰਨ ਦੇਣ ਦਾ ਅਮਲ ਹੌਲੀ-ਹੌਲੀ ਰਾਖਵੇਂਕਰਨ ਦਾ ਬੁਨਿਆਦੀ ਤਰਕ ਹੀ ਖ਼ਤਮ ਕਰ ਦੇਵੇਗਾ। ਘੱਟੋ-ਘੱਟ ਗੁਜਰਾਤ ਵਿਚ ਪਟੇਲਾਂ ਦੇ ਰਾਖਵਾਂਕਰਨ ਮੰਗਣ ਵਾਲੇ ਅੰਦੋਲਨ ਤੋਂ ਤਾਂ ਇਹੀ ਪ੍ਰਤੀਤ ਹੁੰਦਾ ਹੈ। ਧਿਆਨ ਰਹੇ ਕਿ ਇਹੀ ਪਟੇਲ ਭਾਈਚਾਰਾ ਗੁਜਰਾਤ ਵਿਚ ਰਾਖਵਾਂਕਰਨ ਵਿਰੋਧੀ ਹਿੰਸਾ ਦੀ ਅਗਵਾਈ ਕਰਦਾ ਰਿਹਾ ਹੈ। ਇਸੇ ਰਾਖਵਾਂਕਰਨ ਵਿਰੋਧੀ ਹਿੰਸਾ ਦੀ ਨੀਂਹ 'ਤੇ ਭਾਜਪਾ ਦਾ ਸਿਆਸੀ ਪ੍ਰਭਾਵ ਪ੍ਰਵਾਨ ਚੜ੍ਹਿਆ ਹੈ। ਹੁਣ ਇਹੀ ਭਾਈਚਾਰਾ ਰਾਖਵੇਂਕਰਨ ਪੱਖੀ ਝੰਡਾ ਬਰਦਾਰੀ ਕਰ ਕੇ ਦਾਅਵਾ ਕਰ ਰਿਹਾ ਹੈ ਕਿ ਜੇ ਸਾਨੂੰ ਰਾਖਵਾਂਕਰਨ ਨਹੀਂ ਮਿਲ ਸਕਦਾ ਤਾਂ ਫਿਰ ਕਿਸੇ ਨੂੰ ਵੀ ਨਹੀਂ ਮਿਲ ਸਕਦਾ। ਜਿਵੇਂ ਹੀ ਪਟੇਲ ਅਤੇ ਜਾਟ ਰਾਖਵੇਂਕਰਨ ਵਾਲੇ ਭਾਈਚਾਰੇ ਬਣਨਗੇ, ਉਸੇ ਵੇਲੇ ਹੀ ਵੱਖ-ਵੱਖ ਸੂਬਿਆਂ ਵਿਚ ਰਾਜਪੂਤ ਅਤੇ ਬ੍ਰਾਹਮਣ ਆਦਿ ਜਾਤਾਂ ਦੇ ਲੋਕ ਵੀ ਰਾਖਵਾਂਕਰਨ ਮੰਗਣ ਲਈ ਸੜਕਾਂ 'ਤੇ ਨਿਕਲ ਆਉਣਗੇ। ਦਰਅਸਲ ਜੋ ਭਾਈਚਾਰਾ ਜਿੰਨਾ ਵਧੇਰੇ ਪੜ੍ਹਿਆ-ਲਿਖਿਆ ਹੈ, ਉਸ ਨੂੰ ਬੇਰੁਜ਼ਗਾਰੀ ਦੀ ਉਨੀ ਹੀ ਵੱਡੀ ਸਮੱਸਿਆ ਝੱਲਣੀ ਪੈ ਰਹੀ ਹੈ। ਅਜਿਹੀ ਸੂਰਤ ਵਿਚ ਜਦੋਂ ਸਮਾਜ ਦੇ ਸਾਰੇ ਤਬਕੇ ਰਾਖਵਾਂਕਰਨ ਮੰਗਣ ਲੱਗਣਗੇ ਅਤੇ ਉਨ੍ਹਾਂ ਦੀਆਂ ਵੋਟਾਂ ਬਦਲੇ ਸਰਕਾਰਾਂ ਉਨ੍ਹਾਂ ਨੂੰ ਰਾਖਵਾਂਕਰਨ ਦੇਣ ਲੱਗਣਗੀਆਂ ਤਾਂ ਰਾਖਵਾਂਕਰਨ ਦੀ ਨੀਤੀ ਦਾ ਕਚੂੰਮਰ ਨਿਕਲਣਾ ਤੈਅ ਹੈ।

ਇਹ ਮੁਲਕ ਦੀ ਬਦਕਿਸਮਤੀ ਹੈ ਕਿ ਘੱਟ-ਗਿਣਤੀਆਂ ਦੀਆਂ ਵੋਟਾਂ ਲਈ ਕਾਂਗਰਸ ਨੇ ਧਰਮ ਨਿਰਪੱਖਤਾ ਨੂੰ ਖੋਖਲਾ ਕਰ ਦਿੱਤਾ, ਬਹੁਗਿਣਤੀ ਦੀਆਂ ਵੋਟਾਂ ਲਈ ਭਾਜਪਾ ਰਾਸ਼ਟਰਵਾਦ ਨੂੰ ਖੋਖਲਾ ਕਰਨ 'ਤੇ ਤੁਲੀ ਹੋਈ ਹੈ, ਅਤੇ ਵੋਟਾਂ ਲਈ ਹੀ ਸਾਰੀਆਂ ਪਾਰਟੀਆਂ ਰਾਖਵੇਂਕਰਨ ਨੂੰ ਖੋਖਲਾ ਬਣਾ ਦੇਣਾ ਚਾਹੁੰਦੀਆਂ ਹਨ। ਆਰਥਿਕ ਆਧਾਰ 'ਤੇ ਰਾਖਵਾਂਕਰਨ ਦੇਣਾ ਸੰਵਿਧਾਨ ਵੱਲੋਂ ਤੈਅ ਕੀਤੇ ਗਏ ਪ੍ਰਬੰਧਾਂ ਨਾਲ ਕੋਝਾ ਮਜ਼ਾਕ ਹੈ। ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਬੁੱਧੀਜੀਵੀਆਂ ਵੱਲੋਂ ਵੀ ਇਸ ਫ਼ੈਸਲੇ ਦੀ ਬੇਬਾਕ ਸਮੀਖਿਆ ਨਹੀਂ ਕੀਤੀ ਜਾ ਰਹੀ। ਇੰਜ ਜਾਪ ਰਿਹਾ ਹੈ ਕਿ ਅੱਜ ਦੇਸ਼ ਨੂੰ ਰਾਖਵਾਂਕਰਨ ਬਚਾਓ ਅੰਦੋਲਨ ਦੀ ਲੋੜ ਹੈ, ਪਰ ਇਸ ਅੰਦੋਲਨ ਨੂੰ ਕੌਣ ਚਲਾਏਗਾ? ਜਿਨ੍ਹਾਂ ਨੂੰ ਚਲਾਉਣਾ ਚਾਹੀਦਾ ਹੈ, ਉਹ ਤਾਂ ਰਾਖਵਾਂਕਰਨ ਨੂੰ ਇਕ ਨੀਤੀਗਤ ਉਪਾਅ ਵਾਂਗ ਨਸ਼ਟ ਕਰਨ 'ਤੇ ਤੁਲੇ ਹੋਏ ਹਨ।

# ਮਾਂ ਦਿਵਸ

*ਅਮਰੀਕਾ ਵਿਚ ਮਾਂ ਦਿਵਸ ਹਰ ਸਾਲ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ। ਮੰਨੀ ਹੋਈ ਗੱਲ ਹੈ ਕਿ ਮਾਂ ਬਿਨਾਂ ਇਹ ਸੰਸਾਰ ਨਹੀਂ ਚੱਲ ਸਕਦਾ। ਅੱਜ ਪੱਛਮੀ ਸਭਿਆਚਾਰ ਦੇ ਪ੍ਰਭਾਵ ਥੱਲੇ ਅਸੀਂ 'ਮਾਂ ਦਿਵਸ' ਜਾਂ 'ਬਾਪ ਦਿਵਸ' ਮਨਾਉਂਦੇ ਹਾਂ, ਸਾਡੀ ਆਪਣੀ ਸੰਸਕ੍ਰਿਤੀ ਵਿਚ ਇਹ ਸੋਚ ਹੈ ਕਿ ਸਵੇਰੇ-ਸ਼ਾਮੀਂ ਘਰੋਂ ਜਾਣ ਵੇਲੇ ਅਤੇ ਫਿਰ ਆਉਣ ਵੇਲੇ ਮਾਂ-ਬਾਪ ਨੂੰ ਮਿਲੀਏ, ਉਨ੍ਹਾਂ ਦੀਆਂ ਅਸੀਸਾਂ ਲਈਏ, ਉਨ੍ਹਾਂ ਦਾ ਹਾਲ ਪੁੱਛੀਏ। ਜਿਸ ਘਰ ਵਿਚ ਮਾਂ ਪਿਓ ਦੇ ਝੁਰੜੀਆਂ ਭਰੇ ਚਿਹਰੇ 'ਤੇ ਮੁਸਕਾਨ ਹੋਵੇਗੀ, ਸਮਝੋ ਉਹ ਘਰ ਖੁਸ਼ਹਾਲੀ ਨਾਲ ਭਰਿਆ ਹੋਵੇਗਾ।*

ਸੁਖਨਿੰਦਰ ਕੌਰ
ਫੋਨ: 707-419-6040

ਜੱਗ ਜਾਣਦਾ ਹੈ ਕਿ ਔਰਤ ਕੁਦਰਤ ਦੀ ਸਿਰਜਕ ਅਤੇ ਜ਼ਿੰਦਗੀ ਦੀ ਮਿਜ਼ਾਜ ਹੁੰਦੀ ਹੈ। ਔਰਤ ਦੇ ਕਈ ਰੂਪ ਹੁੰਦੇ ਹਨ, ਪਰ ਇਨ੍ਹਾਂ ਸਾਰਿਆਂ ਵਿਚੋਂ ਮਾਂ ਰੂਪ ਰੱਬ ਦਾ ਵੀ ਦੂਜਾ ਰੂਪ ਮੰਨਿਆ ਜਾਂਦਾ ਹੈ। ਮਾਂ ਪਿਆਰ, ਸੰਘਰਸ਼, ਸਹਿਣਸ਼ੀਲਤਾ ਅਤੇ ਮਮਤਾ ਨਾਲ ਇੱਟਾਂ ਜਾਂ ਮਿੱਟੀ ਦੀ ਬਣੀ ਇਮਾਰਤ ਨੂੰ ਘਰ ਦਾ ਰੂਪ ਦਿੰਦੀ ਹੈ। ਮਾਂ ਠੰਢੀ ਛਾਂ ਬਣ ਕੇ ਰੁੱਖਾਂ ਦੀ ਜੀਰਾਂਦ ਹੋ ਗੁਜ਼ਰਦੀ ਹੈ ਅਤੇ ਆਪਣੇ ਬੱਚਿਆਂ ਦੀਆਂ ਬੁਲੰਦੀਆਂ ਲਈ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਨਾਲ ਮੱਥਾ ਲਾਉਣ ਦੇ ਸਮਰੱਥ ਹੁੰਦੀ ਹੈ। ਉਹ ਆਪਣੇ ਬੱਚਿਆਂ ਨੂੰ ਪਾਲਦੀ, ਪੋਸਦੀ ਅਤੇ ਸੰਵਾਰਦੀ ਹੈ। ਸਾਰਾ ਦਿਨ ਥੱਕਦੀ ਨਹੀਂ। ਫਿਰ ਕਦੀ ਵਿਧਵਾ ਹੋ ਜਾਣ 'ਤੇ ਵੀ ਆਪ ਸੰਘਰਸ਼ ਕਰ ਕੇ ਪਿਤਾ ਵਾਲਾ ਖਲਾਅ ਭਰਦੀ ਹੈ।

ਇਸ ਰੰਗ-ਬਰੰਗੀ ਪ੍ਰਕਿਰਤੀ ਵਿਚ ਦੁਨੀਆਂ ਬੜੇ ਹੀ ਰੰਗਾਂ-ਰੂਪਾਂ ਵਿਚ ਮਿਲਦੀ ਹੈ। ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਇਸ ਤਬਦੀਲੀ ਦਾ ਪਰਛਾਵਾਂ ਧੀਆਂ-ਪੁੱਤਰਾਂ ਪ੍ਰਤੀ ਮਾਪਿਆਂ 'ਤੇ ਵੀ ਪੈ ਗਿਆ ਹੈ। ਮਾਂ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਤੋਂ ਅਨਜਾਣ ਅੱਜ ਦੀਆਂ ਕਈ ਮਾਵਾਂ ਪੈਸੇ ਦੀ ਦੌੜ ਕਰ ਕੇ ਆਪਣੇ ਦਫ਼ਤਰਾਂ ਵਿਚ ਲੱਗੇ ਓਵਰ ਟਾਈਮ, ਕਿੱਟੀ ਪਾਰਟੀਆਂ, ਕਲੱਬਾਂ, ਮੂੰਹ-ਮੱਥਾ ਸ਼ਿੰਗਾਰਨ ਵਾਲੀਆਂ ਦੁਕਾਨਾਂ ਵੱਲ ਤੁਰ ਪਈਆਂ ਹਨ। ਕਾਰਨ ਕੋਈ ਵੀ ਹੋਵੇ, ਅਜਿਹੀਆਂ ਮਾਵਾਂ ਆਪਣੇ ਬੱਚਿਆਂ ਨੂੰ ਘੱਟ ਸਮਾਂ ਦਿੰਦੀਆਂ ਹਨ। ਫਲਸਰੂਪ ਬੱਚੇ ਭਾਵਨਾਤਮਿਕ ਤੌਰ 'ਤੇ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਸਮਾਜਿਕ ਕਦਰਾਂ-ਕੀਮਤਾਂ ਤੇ ਘਰੇਲੂ ਜ਼ਿੰਮੇਵਾਰੀਆਂ ਤੋਂ ਵਿਹੂਣੇ ਹੋਣ ਕਾਰਨ ਆਪਣੇ ਮਾਤਾ ਪਿਤਾ ਪ੍ਰਤੀ ਉਦਾਸੀਨ ਹੋ ਜਾਂਦੇ ਹਨ। ਖਾਸ ਤੌਰ 'ਤੇ ਮਾਂ-ਧੀ ਦਾ ਰਿਸ਼ਤਾ ਜੋ ਕਦੀ ਸਾਂਝੀਵਾਲਤਾ ਦਾ ਪ੍ਰਤੀਕ ਸੀ, ਅੱਜ ਦੇ ਯੁੱਗ ਵਿਚ ਖੁਰਦਾ ਜਾ ਰਿਹਾ ਹੈ।

ਕਈ ਘਰਾਂ ਵਿਚ ਮਾਂ ਜਿਸ ਨੇ ਸਾਰੀ ਉਮਰ ਜ਼ਿੰਦਗੀ ਦੇ ਉਤਰਾਅ-ਚੜ੍ਹਾਅ, ਦੁੱਖ-ਤਕਲੀਫ਼ਾਂ ਅਤੇ ਜੀਵਨ ਸੰਘਰਸ਼ ਆਪਣੇ ਪਿੰਡੇ 'ਤੇ ਹੰਢਾਏ ਹੁੰਦੇ ਹਨ, ਨੂੰ ਘਰ ਵਿਚ ਨੁੱਕਰੇ ਲਾਇਆ ਹੁੰਦਾ ਹੈ। ਸਭ ਕੁਝ ਹੁੰਦਿਆਂ ਵੀ ਮਾਂ ਨੂੰ ਉਸ ਦਾ ਮਾਣਯੋਗ ਸਥਾਨ ਹਾਸਲ ਨਹੀਂ ਹੁੰਦਾ। ਬਹੁਤ ਥੋੜ੍ਹੇ ਘਰ ਹਨ ਜਿਥੇ ਮਾਂ ਨੂੰ ਬਰਾਬਰ ਦਾ ਮਾਣ-ਸਤਿਕਾਰ ਮਿਲਦਾ ਹੈ। ਜੇ ਕਿਤੇ ਮਾੜੇ ਹਾਲਾਤ ਦੀ ਮਾਰ ਥੱਲੇ ਆ ਕੇ ਮਾਂ ਨੂੰ ਆਪਣੀ ਲੜਕੀ ਦੇ ਘਰ ਆ ਕੇ ਰਹਿਣਾ ਪੈ ਜਾਏ, ਕੋਈ ਵਿਰਲਾ ਜੁਆਈ ਹੀ ਉਸ ਨਾਲ ਬੇਟੇ ਵਾਲਾ ਵਰਤਾਓ ਕਰੇਗਾ; ਨਹੀਂ ਤਾਂ ਉਹ ਵੀ ਘਰ ਦੀ ਨੌਕਰਾਣੀ ਵਾਂਗ ਹੀ ਦਿਨ-ਕਟੀ ਕਰਦੀ ਹੈ। ਸਾਡੀ ਇਸੇ ਮਾਨਸਿਕਤਾ ਕਰ ਕੇ ਪੁਰਾਣੇ ਜ਼ਮਾਨੇ ਵਿਚ ਕੁੜੀ ਦੇ ਘਰ ਰਹਿਣ ਨੂੰ ਮਾਪੇ ਸਰਾਪ ਸਮਝਦੇ ਸਨ। ਕਈ ਘਰਾਂ ਵਿਚ ਲੜਕੀ ਆਪਣੀ ਮਾਂ ਨੂੰ ਦਾ ਤਾਂ ਜਨਮ ਦਿਨ ਮਨਾਵੇਗੀ, ਮਾਂ ਦਿਵਸ ਵੀ ਮਨਾਵੇਗੀ, ਆਪਣੇ ਘਰ ਤੋਂ ਕੰਮ 'ਤੇ ਜਾਂਦੀ-ਆਉਂਦੀ ਆਪਣੇ ਮਾਪਿਆਂ ਦੇ ਹਰ ਕੰਮ ਦੀ ਜ਼ਿੰਮੇਵਾਰੀ ਵੀ ਉਸ ਆਪਣੇ ਸਿਰ ਲਈ ਹੁੰਦੀ ਹੈ, ਪਰ ਪਤੀ ਜੇ ਭੁੱਲ-ਭੁਲੇਖੇ ਮਾਂ ਨੂੰ ਲੈ ਆਵੇ ਤਾਂ ਸਿਰਫ਼ ਬੱਚੇ ਜਾਂ ਫਿਰ ਘਰ ਦੀ ਸਾਂਭ ਸੰਭਾਲ ਲਈ ਹੀ ਅਜਿਹਾ ਕੀਤਾ ਜਾਂਦਾ ਹੈ। ਇਹ ਗੱਲ ਗੀਤਾਂ ਵਿਚ ਹੀ ਰਹਿ ਗਈ ਹੈ ਕਿ 'ਮਾਂ ਤੇਰੇ ਪੈਰਾਂ ਥੱਲੇ ਸਵਰਗ ਵਸਦਾ ਹੈ'; ਕਿਉਂਕਿ ਇਥੇ ਮਾਂ ਦੀ ਪੱਕੀ ਤਾਂ ਰਸੋਈ ਵਿਚ ਹੀ ਰਹਿ ਜਾਂਦੀ ਹੈ, ਨੂੰਹ-ਪੁੱਤ ਦੱਸਦੇ ਵੀ ਨਹੀਂ ਕਿ ਅਸੀਂ ਬਾਹਰੋਂ ਖਾ ਆਏ ਹਾਂ।

ਇਨ੍ਹਾਂ ਬਦਲਦੇ ਸਮੀਕਰਨਾਂ ਵਿਚ ਬੇਸ਼ੱਕ ਪੁੱਤ ਦੇ ਦਿਲ ਵਿਚ ਤਾਂ ਮਾਪਿਆਂ ਲਈ ਮੋਹ-ਪਿਆਰ ਹੁੰਦਾ ਹੋਵੇਗਾ, ਪਰ ਮਹਿੰਗਾਈ ਦੇ ਇਸ ਦੌਰ ਵਿਚ ਕੁੱਲੀ, ਗੁੱਲੀ ਤੇ ਜੁੱਲੀ ਸਭ ਤੋਂ ਵੱਡੀ ਜੰਗ ਬਣ ਚੁੱਕੀ ਹੈ। ਘਰ ਅਤੇ ਬੱਚਿਆਂ ਪ੍ਰਤੀ ਜ਼ਿੰਮੇਵਾਰੀਆਂ ਇੰਨੀਆਂ ਵਧ ਚੁੱਕੀਆਂ ਹਨ ਕਿ ਮਾਪੇ ਬਹੁਤ ਪਿਛੇ ਰਹਿ ਜਾਂਦੇ ਹਨ, ਉਂਜ ਮਾਂ ਮੰਜੀ ਉਤੇ ਬੈਠੀ ਹੋਈ ਵੀ ਆਪਣੀ ਔਲਾਦ ਦਾ ਓਦਰਾਂ ਭਰਿਆ ਚਿਹਰਾ ਵੀ ਬਰਦਾਸ਼ਤ ਨਹੀਂ ਕਰਦੀ ਅਤੇ ਅਣਸੁਖਾਵੇਂ ਜੁਆਬ ਤੋਂ ਡਰਦੀ ਆਪਣੇ ਅੰਦਰ ਹੀ ਸੁਆਲ ਸੋਚ ਕੇ ਉਸ ਦਾ ਜੁਆਬ ਵੀ ਆਪੇ ਕੱਢ ਧਰਦੀ ਹੈ। ਕਈ ਵਾਰ ਲੁਕਵੇਂ ਢੰਗ ਨਾਲ ਪੇਸ਼ ਵੀ ਕਰ ਦਿੰਦੀ ਹੈ। ਮਾਂ ਵਰਗੇ ਕੁਦਰਤ ਦੇ ਅਨਮੋਲ ਤੋਹਫ਼ੇ ਨੂੰ ਹੀ ਔਲਾਦ ਰੂਪੀ ਦੀਵੇ ਨੂੰ ਜਗਦਾ ਰੱਖਣ ਦੀ ਜਾਚ ਹੈ।



ਮਾਂ ਬਿਨਾਂ ਇਹ ਸੰਸਾਰ ਨਹੀਂ ਚੱਲ ਸਕਦਾ। ਜੇ ਬਦਕਿਸਮਤੀ ਨਾਲ ਕਿਸੇ ਪਰਿਵਾਰ ਵਿਚੋਂ ਮਾਂ ਮਨਫ਼ੀ ਹੋ ਜਾਵੇ ਤਾਂ ਬੱਚੇ ਮਾਂ-ਮਹਿੱਟਰ ਹੋ ਜਾਂਦੇ ਹਨ। ਉਹ ਘਰ ਪਰਿਵਾਰ ਨਾ ਰਹਿ ਕੇ ਲੀਰੋ-ਲੀਰ ਹੋ ਜਾਂਦਾ ਹੈ। ਬਾਪ ਵੀ ਇੰਨਾ ਟੁੱਟ ਜਾਂਦਾ ਹੈ ਕਿ ਬੱਚਿਆਂ ਖਾਤਰ ਉਸ ਨੂੰ ਕਈ ਕਿਸਮ ਦਾ ਅੱਕ ਚੱਬਣਾ ਪੈਂਦਾ ਹੈ। ਉਸ ਦਾ ਉਦਾਸ, ਬੀਆਬਾਨ ਤੇ ਉਜੜਿਆ ਘਰ ਉਸ ਦੇ ਬੱਚਿਆਂ ਦੀ ਮਾਂ ਤੋਂ ਬਿਨਾਂ ਡਰਾਉਣਾ ਲਗਦਾ ਹੈ। ਅੱਜ ਪੱਛਮੀ ਸਭਿਆਚਾਰ ਦੇ ਪ੍ਰਭਾਵ ਥੱਲੇ ਅਸੀਂ 'ਮਾਂ ਦਿਵਸ' ਜਾਂ 'ਬਾਪ ਦਿਵਸ' ਮਨਾਉਂਦੇ ਹਾਂ, ਸਾਡੀ ਆਪਣੀ ਸੰਸਕ੍ਰਿਤੀ ਵਿਚ ਇਹ ਸੋਚ ਹੈ ਕਿ ਸਵੇਰੇ-ਸ਼ਾਮੀਂ ਘਰੋਂ ਜਾਣ ਵੇਲੇ ਅਤੇ ਫਿਰ ਆਉਣ ਵੇਲੇ ਮਾਂ-ਬਾਪ ਨੂੰ ਮਿਲੀਏ, ਉਨ੍ਹਾਂ ਦੀਆਂ ਅਸੀਸਾਂ ਲਈਏ, ਉਨ੍ਹਾਂ ਦਾ ਹਾਲ ਪੁੱਛੀਏ। ਜਿਸ ਘਰ ਵਿਚ ਮਾਂ ਪਿਓ ਦੇ ਝੁਰੜੀਆਂ ਭਰੇ ਚਿਹਰੇ 'ਤੇ ਮੁਸਕਾਨ ਹੋਵੇਗੀ, ਸਮਝੋ ਉਹ ਘਰ ਖੁਸ਼ਹਾਲੀ ਨਾਲ ਭਰਿਆ ਹੋਵੇਗਾ।

ਸੋ, ਅੱਜ ਦੇ ਹਾਲਾਤ ਮੁਤਾਬਕ ਮਾਪਿਆਂ ਦਾ ਵੀ ਫਰਜ਼ ਹੈ ਕਿ ਉਹ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਧੀਆਂ-ਪੁੱਤਰਾਂ ਦੀਆਂ ਛੋਟੀਆਂ-ਮੋਟੀਆਂ ਗੱਲਾਂ ਨੂੰ ਅਣਦੇਖਿਆਂ ਕਰਨ। ਨਾਲ ਹੀ ਧੀਆਂ-ਪੁੱਤਰਾਂ ਦੀਆਂ ਲੋੜਾਂ ਮੁਤਾਬਕ ਖੁਦ ਨੂੰ ਢਾਲਣ ਅਤੇ ਹੌਲੀ-ਹੌਲੀ ਆਪ ਹੋਂਦ ਨੂੰ ਘਟਾਉਣ ਦੀ ਆਪ ਹੀ ਕੋਸ਼ਿਸ਼ ਕਰਨ। ਦੋਹਾਂ ਪਾਸਿਆਂ ਤੋਂ ਇਕ-ਦੂਜੇ ਲਈ ਪਿਆਰ ਨਾਲ ਹੀ ਅਜਿਹੇ ਦਿਵਸ ਮਨਾਉਣ ਦੇ ਅਸਲੀ ਅਰਥ ਬਣ ਸਕਦੇ ਹਨ।

# ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ

*ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ ਸਾਨੂੰ ਰੂਹਾਨੀ ਤੇ ਇਨਸਾਨੀ ਤਾਕਤ ਬਖ਼ਸ਼ਦੇ ਹਨ। ਜੀਵਨ ਨੂੰ ਸਵੱਛਤਾ ਤੇ ਸਾਂਝ ਨਾਲ ਚਲਾਉਣ ਦੀ ਜਾਚ ਦੱਸਦੇ ਸਾਡੇ ਲਈ ਪ੍ਰੇਰਨਾ ਸਰੋਤ ਬਣਦੇ ਹਨ। ਇਨ੍ਹਾਂ ਰਿਸ਼ਤਿਆਂ ਵਿਚ ਸਾਨੂੰ ਖ਼ਾਸ ਕਿਸਮ ਦਾ ਸਕੂਨ ਮਿਲਦਾ ਹੈ। ਅਕਸਰ ਇਹ ਮਨ ਦੇ ਰਿਸ਼ਤੇ, ਖ਼ੂਨ ਅਤੇ ਸਾਡੇ ਪਰਿਵਾਰ ਜਾਂ ਸਮਾਜ ਦੇ ਬਣਾਏ ਰਿਸ਼ਤਿਆਂ ਤੋਂ ਚੰਗੇਰੇ ਤੇ ਉਤਮ ਹੋ ਨਿੱਬੜਦੇ ਹਨ।*

ਪਰਮਜੀਤ ਕੌਰ ਸਰਹਿੰਦ

ਕਾੜ੍ਹਨੀ ਦੇ ਦੁੱਧ ਦਾ ਜ਼ਿਕਰ ਪੜ੍ਹਦਿਆਂ ਜਾਂ ਸੁਣਦਿਆਂ ਹੀ ਮਿੱਠੀ-ਮਿੱਠੀ ਖ਼ੁਸ਼ਬੂ ਰੂਹ ਨੂੰ ਨਸ਼ਿਆ ਦਿੰਦੀ ਹੈ। ਕੜ੍ਹੇ ਹੋਏ ਦੁੱਧ 'ਤੇ ਗੁਲਾਬੀ ਅਤੇ ਬਦਾਮੀ ਰੰਗ ਦੀ ਰਲਵੀਂ ਜਿਹੀ ਭਾਅ ਮਾਰਦੀ ਮਲਾਈ ਦੀ ਪਰਤ ਅੱਖਾਂ ਅੱਗੇ ਆ ਜਾਂਦੀ ਹੈ। ਮੱਠੀ-ਮੱਠੀ ਅੱਗ 'ਤੇ ਕੜ੍ਹ ਕੇ ਸਫ਼ੈਦ ਤੋਂ ਗੇਰੂ ਰੰਗ ਜਿਹਾ ਹੋਇਆ ਦੁੱਧ ਕਿਸੇ ਵਿਸ਼ਾਲ ਸਮੁੰਦਰ ਵਾਂਗ ਸੁਰਤ ਨੂੰ ਆਪਣੇ ਵਿਚ ਡੁਬੋ ਲੈਂਦਾ ਹੈ। ਇਸ ਦਾ ਜ਼ਾਇਕਾ ਖ਼ਿਆਲਾਂ ਵਿਚ ਹੀ ਹੋਠਾਂ ਨੂੰ ਛੂੰਹਦਾ ਧੁਰ ਅੰਦਰ ਲਹਿ ਜਾਂਦਾ ਹੈ। ਕੁਝ ਰਿਸ਼ਤੇ ਵੀ ਕਾੜ੍ਹਨੀ ਦੇ ਦੁੱਧ ਵਰਗੇ ਹੁੰਦੇ ਹਨ ਜਿਹੜੇ ਕਿਸੇ ਨਾਂ ਦੇ ਮੁਹਤਾਜ ਨਹੀਂ ਹੁੰਦੇ। ਇਹ ਰਿਸ਼ਤੇ ਮਨਾਂ ਤੇ ਰੂਹਾਂ ਦੇ ਰਿਸ਼ਤੇ ਹੁੰਦੇ ਹਨ। ਇਹ ਰਿਸ਼ਤੇ ਵੀ ਸੋਚਾਂ ਤੇ ਖ਼ਿਆਲਾਂ ਦੀ ਮੱਠੀ-ਮੱਠੀ ਅੱਗ 'ਤੇ ਕੜ੍ਹਦੇ ਹਨ। ਕੜ੍ਹਦਿਆਂ ਇਨ੍ਹਾਂ ਦਾ ਰੰਗ ਗੂੜ੍ਹਾ ਹੋਈ ਜਾਂਦਾ ਹੈ। ਮੋਹ ਤੇ ਸਾਂਝ ਦੀ ਮਲਾਈ ਦੀ ਪਰਤ ਵੀ ਇਨ੍ਹਾਂ 'ਤੇ ਚੜ੍ਹਦੀ ਜਾਂਦੀ ਹੈ। ਜਿਵੇਂ ਕਾੜ੍ਹਨੀ ਦੇ ਦੁੱਧ ਦਾ ਆਪਣਾ ਨਿਵੇਕਲਾ ਜਿਹਾ ਰੰਗ ਹੁੰਦਾ ਹੈ, ਵੱਖਰਾ ਹੀ ਸੁਆਦ ਹੁੰਦਾ ਹੈ, ਬਿਨਾਂ ਮਿੱਠਾ ਪਾਇਆਂ ਵੀ ਮਿੱਠਾ-ਮਿੱਠਾ... ਇਸੇ ਤਰ੍ਹਾਂ ਇਹ ਰਿਸ਼ਤੇ ਵੀ ਵਿਲੱਖਣ ਤੇ ਬੇਨਾਮ ਜਿਹੇ ਹੁੰਦੇ ਹਨ।

ਇਨ੍ਹਾਂ ਦੀ ਆਪਣੀ ਹੀ ਮਿਠਾਸ ਹੁੰਦੀ ਹੈ, ਆਪਣਾ ਹੀ ਰੰਗ ਹੁੰਦਾ ਹੈ- ਰੂਹਾਂ ਦੀ ਸਾਂਝ ਦਾ ਰੰਗ। ਇਹ ਰਿਸ਼ਤੇ ਸਾਂਭ ਸਿੰਕਰ ਕੇ ਰੱਖਿਆਂ ਪੂਰੀ ਉਮਰ ਨਿਭ ਜਾਂਦੇ ਹਨ। ਇਨ੍ਹਾਂ ਰਿਸ਼ਤਿਆਂ ਦੀ ਲੰਮੀ ਉਮਰ ਲਈ ਰੱਖ ਰਖਾਓ ਬਹੁਤ ਜ਼ਰੂਰੀ ਹੈ। ਈਰਖਾ, ਸੁਆਰਥ, ਹਉਮੈ, ਲਾਲਚ ਅਤੇ ਕਬਜ਼ੇ ਦੀ ਭਾਵਨਾ ਵਰਗੀ ਕਿਸੇ ਸੋਚ ਦੀ ਛਿੱਟ ਵੀ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ ਨਹੀਂ ਝੱਲ ਸਕਦੇ। ਅਜਿਹੀ ਕਿਸੇ ਸੋਚ ਦੀ ਜੇ ਕੋਈ ਬੂੰਦ ਇਨ੍ਹਾਂ ਰਿਸ਼ਤਿਆਂ ਵਿਚ ਆ ਡਿੱਗੇ ਤਾਂ ਇਹ ਰਿਸ਼ਤੇ ਫਿੱਟ ਕੇ ਖਿਲਰ ਜਾਂਦੇ ਹਨ। ਸ਼ਾਇਦ ਤਾਂ ਹੀ ਕਿਹਾ ਜਾਂਦਾ ਹੈ ਕਿ ਦੁੱਧ ਤੇ ਬੁੱਧ ਨੂੰ ਫਿੱਟਦਿਆਂ ਦੇਰ ਨਹੀਂ ਲੱਗਦੀ। ਇੱਕ ਦੂਜੇ ਦੀਆਂ ਭਾਵਨਾਵਾਂ ਦਾ ਖ਼ਿਆਲ ਰੱਖਣਾ ਵੀ ਰਿਸ਼ਤਿਆਂ ਦੀ ਬੁਨਿਆਦ ਨੂੰ ਪੱਕਿਆਂ ਕਰਦਾ ਹੈ।

ਇਸ ਲਈ ਜੇ ਕਦੇ ਕਿਸੇ ਆਪਣੇ ਨਾਲ ਕੋਈ ਮਨ ਮੁਟਾਓ ਜਾਂ ਗ਼ਲਤਫਹਿਮੀ ਹੋ ਵੀ ਜਾਵੇ



ਤਾਂ ਇੱਕਠਿਆਂ ਬੈਠ ਕੇ ਦੂਰ ਕਰ ਲੈਣੀ ਚਾਹੀਦੀ ਹੈ। ਮੁਆਫ਼ੀ ਮੰਗ ਲੈਣਾ ਜਾਂ ਮੁਆਫ਼ ਕਰ ਦੇਣਾ ਰਿਸ਼ਤਿਆਂ ਦੀ ਪਰਪੱਕਤਾ ਨੂੰ ਦਰਿਆ ਦੀ ਰਵਾਨੀ ਵਰਗਾ ਆਵੇਗ ਬਖ਼ਸ਼ਦਾ ਹੈ।

ਇਨ੍ਹਾਂ ਰਿਸ਼ਤਿਆਂ ਵਿਚ ਕੋਈ ਜਾਤ-ਪਾਤ, ਰੁਤਬਾ, ਉਮਰ ਜਾਂ ਲਿੰਗ ਭੇਦ ਆੜੇ ਨਹੀਂ ਆਉਂਦਾ। ਇਹ ਸਾਰੇ ਭਿੰਨ-ਭੇਦਾਂ ਤੋਂ ਉਪਰ ਹੁੰਦੇ ਹਨ। ਇਹ ਰਿਸ਼ਤਾ ਕਿਸੇ ਮਰਦ ਦਾ ਮਰਦ ਨਾਲ ਵੀ ਹੋ ਸਕਦਾ ਹੈ, ਔਰਤ ਦਾ ਔਰਤ ਨਾਲ ਵੀ, ਗੁਰੂ ਦਾ ਸ਼ਿਸ਼ ਨਾਲ ਅਤੇ ਪੀਰ ਦਾ ਮੁਰੀਦ ਨਾਲ ਵੀ। ਫ਼ਰਕ ਇਹ ਹੈ ਇਨ੍ਹਾਂ ਰਿਸ਼ਤਿਆਂ 'ਤੇ ਕਿਸੇ ਨਾਂ ਦੀ ਮੋਹਰ ਲੱਗ ਜਾਂਦੀ ਹੈ, ਜਿਵੇਂ ਦੋ ਮਰਦਾਂ 'ਤੇ ਦੋਸਤ ਦੀ ਅਤੇ ਦੋ ਔਰਤਾਂ ਤੇ ਸਹੇਲੀ ਦੀ। ਮੋਹਰ ਵਾਲੇ ਰਿਸ਼ਤੇ ਸਾਡਾ ਸਮਾਜ ਪ੍ਰਵਾਨ ਕਰ ਲੈਂਦਾ ਹੈ, ਪਰ ਸਭ ਤੋਂ ਵੱਡੀ ਮੁਸ਼ਕਿਲ ਉਦੋਂ ਆਉਂਦੀ ਹੈ ਜਦੋਂ ਇਹ ਰਿਸ਼ਤਾ ਕਿਸੇ ਔਰਤ ਤੇ ਮਰਦ ਦਾ ਹੋਵੇ। ਸਾਡਾ ਸਮਾਜ ਇਸ ਰਿਸ਼ਤੇ ਨੂੰ ਸਨਮਾਨ ਜਾਂ ਆਮ ਨਜ਼ਰੀਏ ਨਾਲ ਨਹੀਂ ਵੇਖਦਾ, ਬਲਕਿ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ। ਇਹ ਰਿਸ਼ਤਾ ਭਾਵੇਂ ਕਿੰਨਾ ਹੀ ਪਾਕ ਪਵਿੱਤਰ ਤੇ ਨਿਰੋਲ ਰੂਹਾਨੀ ਕਿਉਂ ਨਾ ਹੋਵੇ। ਬੇਸ਼ੱਕ ਅੱਜ ਅਸੀਂ ਅਗਾਂਹਵਧੂ ਵਿਚਾਰਾਂ ਵਾਲੇ ਅਖਵਾਉਂਦੇ ਹਾਂ ਅਤੇ ਮਰਦ ਔਰਤ ਬਹੁਤ ਸਾਰੇ ਖੇਤਰਾਂ ਵਿਚ ਇਕੱਠੇ ਕੰਮ ਵੀ ਕਰਦੇ ਹਾਂ, ਪਰ ਮਰਦ ਤੇ ਔਰਤ ਦਾ ਫ਼ਰਕ ਜਿਉਂ ਦਾ ਤਿਉਂ ਕਾਇਮ ਹੈ। ਇਹ ਕੌੜੀ ਸੱਚਾਈ ਹੈ। ਕੋਈ ਵੀ ਇਨਸਾਨ ਪਹਿਲਾਂ ਇਨਸਾਨ ਹੈ, ਬਾਅਦ ਵਿਚ ਮਰਦ ਜਾਂ ਔਰਤ ਹੈ, ਪਰ ਸਾਡੀ ਸੋਚ ਪਹਿਲਾਂ ਔਰਤ, ਮਰਦ ਦੀ ਹੋਂਦ ਨੂੰ ਪਹਿਲ ਦਿੰਦੀ ਹੈ, ਬਾਅਦ ਵਿਚ ਉਨ੍ਹਾਂ ਨੂੰ ਇਨਸਾਨ ਸਮਝਦੀ ਹੈ। ਜਦੋਂ ਦੋ ਇਨਸਾਨਾਂ ਦਾ ਵਿਸ਼ਵ ਦ੍ਰਿਸ਼ਟੀਕੋਣ, ਸਮਾਜਿਕ ਦ੍ਰਿਸ਼ਟੀਕੋਣ ਤੇ ਨਿੱਜੀ ਜ਼ਿੰਦਗੀ ਪ੍ਰਤੀ ਵੀ ਇੱਕੋ ਜਿਹਾ ਨਜ਼ਰੀਆ ਹੋਵੇ ਤਾਂ ਇਹ ਰਿਸ਼ਤੇ ਅਮਰਵੇਲ ਵਾਂਗ ਪੱਲਰਦੇ ਹਨ। ਇਹ ਰਿਸ਼ਤੇ ਕਈ ਵਾਰ ਵਿਸ਼ਵ ਪੱਧਰ ਦੇ ਵੀ ਹੁੰਦੇ ਹਨ, ਪਰ ਜਦੋਂ ਨੀਅਤ ਵਿਚ ਖੋਟ ਆ ਜਾਵੇ, ਕੋਈ ਬੁਨਿਆਦੀ ਫ਼ਰਕ ਆ ਜਾਵੇ ਤਾਂ ਇਤਿਹਾਸ ਗਵਾਹ ਹੈ ਕਿ ਇਹ ਖ਼ੂਨੀ ਜੰਗਾਂ ਵਿਚ ਵੀ ਬਦਲ ਜਾਂਦੇ ਹਨ। ਇਨ੍ਹਾਂ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤਿਆਂ ਵਿਚ ਕਦੇ ਵੀ ਦੂਜੇ ਦਾ ਨੁਕਸਾਨ ਅਤੇ ਆਪਣਾ ਫ਼ਾਇਦਾ ਕਰਨ ਵਾਲੀ ਨੀਵੀਂ ਸੋਚ ਨਹੀਂ ਆਉਣੀ ਚਾਹੀਦੀ। ਇਹ ਰਿਸ਼ਤੇ ਤਾਂ ਬਹੁਤ ਵਿਸ਼ਾਲ ਹਿਰਦੇ ਨਾਲ ਨਿਭਾਏ ਜਾਣ ਵਾਲੇ ਹੁੰਦੇ ਹਨ।

ਇਹ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ ਸਾਨੂੰ ਰੂਹਾਨੀ ਤੇ ਇਨਸਾਨੀ ਤਾਕਤ ਬਖ਼ਸ਼ਦੇ ਹਨ। ਜੀਵਨ ਨੂੰ ਸਵੱਛਤਾ ਤੇ ਸਾਂਝ ਨਾਲ ਚਲਾਉਣ ਦੀ ਜਾਚ ਦੱਸਦੇ ਸਾਡੇ ਲਈ ਪ੍ਰੇਰਨਾ ਸਰੋਤ ਬਣਦੇ ਹਨ। ਇਨ੍ਹਾਂ ਰਿਸ਼ਤਿਆਂ ਵਿਚ ਸਾਨੂੰ ਖ਼ਾਸ ਕਿਸਮ ਦਾ ਸਕੂਨ ਮਿਲਦਾ ਹੈ। ਅਕਸਰ ਇਹ ਮਨ ਦੇ ਰਿਸ਼ਤੇ, ਖ਼ੂਨ ਅਤੇ ਸਾਡੇ ਪਰਿਵਾਰ ਜਾਂ ਸਮਾਜ ਦੇ ਬਣਾਏ ਰਿਸ਼ਤਿਆਂ ਤੋਂ ਚੰਗੇਰੇ ਤੇ ਉਤਮ ਹੋ ਨਿੱਬੜਦੇ ਹਨ। ਇਹ ਰਿਸ਼ਤੇ ਫੁੱਲਾਂ ਦੇ ਖਿੜਨ ਵਰਗੇ, ਮੀਂਹ ਦੀ ਰਿਮਝਿਮ ਵਰਗੇ, ਪੋਹ ਮਾਘ ਦੀ ਧੁੱਪ ਵਰਗੇ ਅਤੇ ਕਦੇ ਮਲੂਕ ਜਿਹੀਆਂ ਕੋਮਲ ਪੱਤੀਆਂ 'ਤੇ ਪਏ ਤ੍ਰੇਲ ਦੇ ਤੁਪਕਿਆਂ ਵਾਂਗ ਜਾਪਦੇ ਹਨ।

ਇਹ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤੇ ਹੀ ਤਾਂ ਹੁੰਦੇ ਹਨ ਜਿਹੜੇ ਚੁੱਪ ਵਿਚੋਂ ਵੀ ਬੜਾ ਕੁਝ ਸੁਣ ਲੈਂਦੇ ਹਨ ਅਤੇ ਦੂਰੋਂ ਹੀ ਕਿਸੇ ਦੇ ਦਰਦ ਦਾ ਅਹਿਸਾਸ ਵੀ ਕਰ ਲੈਂਦੇ ਹਨ। ਸਾਨੂੰ ਕੁਦਰਤ ਦੇ ਬਖ਼ਸ਼ੇ ਜਾਂ ਮਨ ਦੇ ਸਿਰਜੇ ਅਜਿਹੇ ਰਿਸ਼ਤਿਆਂ ਨੂੰ ਹਮੇਸ਼ਾਂ ਕੱਚ ਦੇ ਗਿਲਾਸ ਵਾਂਗ ਸਾਂਭ-ਸਾਂਭ ਰੱਖਣਾ ਚਾਹੀਦਾ ਹੈ ਤਾਂ ਜੋ ਅਸੀਂ ਇਸ ਨੂੰ ਘੁੱਟ-ਘੁੱਟ ਕਰਕੇ ਸਾਰੀ ਉਮਰ ਪੀ ਸਕੀਏ। ਇਨ੍ਹਾਂ ਕਾੜ੍ਹਨੀ ਦੇ ਦੁੱਧ ਵਰਗੇ ਰਿਸ਼ਤਿਆਂ ਬਾਰੇ ਇਹੋ ਕਹਾਂਗੀ:

ਜਾਣੀ ਜ਼ਿੰਦਗੀ ਤਾਂ ਬੀਤ ਮਾਹੀਆ,
ਜਿਸਮਾਂ ਨੇ ਖ਼ਾਕ ਹੋਵਣਾ,
ਰੱਖ ਰੂਹ ਦੀ ਪ੍ਰੀਤ ਮਾਹੀਆ।

## ਮਾਪੇ

ਦੁਨੀਆਂ 'ਚ ਮਾਪਿਆਂ ਦੇ ਤੁਲ ਕੋਈ ਨਾ,
ਮਾਪਿਆਂ ਦੇ ਪਿਆਰ ਦਾ ਮੁੱਲ ਕੋਈ ਨਾ।

ਸਮੇਟ ਲੈਂਦੇ ਦੁੱਖ ਸਾਰੇ ਬੱਚਿਆਂ ਲਈ ਮਾਪੇ।
ਬੇਤਾਬ ਰਹਿੰਦੇ ਵੇਖਣ ਨੂੰ ਬੱਚਿਆਂ ਦੇ ਹਾਸੇ।
ਮਾਪਿਆਂ ਜਿੰਨੀ ਬੱਚਿਆਂ ਨੂੰ ਖੁੱਲ੍ਹ ਕੋਈ ਨਾ।
ਦੁਨੀਆਂ 'ਚ ਮਾਪਿਆਂ ਦੇ ਤੁਲ ਕੋਈ ਨਾ।

ਮਾਪਿਆਂ ਦੇ ਦਿਲ ਨੂੰ ਕਦੇ ਨਾ ਦੁਖਾਈਏ।
ਜ਼ਿੰਦਗੀ ਤਮਾਮ ਇਨ੍ਹਾਂ ਦੀ ਸੇਵਾ 'ਚ ਬਿਤਾਈਏ।
ਇਨ੍ਹਾਂ ਬਾਝੋਂ ਪੈਣਾ ਫਿਰ ਮੁੱਲ ਕੋਈ ਨਾ।
ਦੁਨੀਆਂ 'ਚ ਮਾਪਿਆਂ ਦੇ ਤੁਲ ਕੋਈ ਨਾ।

ਔਲਾਦ ਲਈ ਮਾਪੇ ਕੀ ਕੁਝ ਨਹੀਂ ਕਰਦੇ।
ਔਲਾਦ ਲਈ ਜਿਉਂਦੇ, ਔਲਾਦ ਲਈ ਮਰਦੇ।
ਮਾਪਿਆਂ ਜਿਹਾ ਮਹਿਕਦਾ ਫੁੱਲ ਕੋਈ ਨਾ।
ਦੁਨੀਆਂ 'ਚ ਮਾਪਿਆਂ ਦੇ ਤੁਲ ਕੋਈ ਨਾ।

-ਦਿਲਪ੍ਰੀਤ ਮਾਨ

## ਨੀਂ ਮਾਏ!

ਪਾ ਵਾਸਤੇ, ਗਈ ਮੈਂ ਹਾਰ ਮਾਏ
ਮੈਨੂੰ ਕੁੱਖ ਵਿਚ ਨਾ ਮਾਰ ਮਾਏ।

ਮੈਂ ਵੀਰ ਨੂੰ ਖਿਡਾਉਣਾ
ਬਾਪੂ ਨਾਲ ਲਾਡ ਲਡਾਉਣਾ
ਵਿਚ ਸਹੇਲੀਆਂ ਨੱਚਣਾ ਗਾਉਣਾ
ਅਤੇ ਤੇਰਾ ਸ਼ੁਕਰ ਮਨਾਉਣਾ।
ਮੈਂ ਆਉਣਾ ਦੁਨੀਆਂ 'ਤੇ ਮਾਏ
ਰੁਸ਼ਨਾਉਣਾ ਤੇਰਾ ਨਾਂ ਮਾਏ
ਕੰਮ ਕਰਾਂਗੀ ਜੱਗ 'ਚ ਐਸਾ
ਉਚਾ ਹੋਊ ਬਾਬਲ ਦਾ ਨਾਂ ਮਾਏ।

ਵੀਰ ਦੀ ਘੋੜੀ ਗਾਉਣੀ
ਨਾਲ ਸ਼ਗਨਾਂ ਘਰ ਭਾਬੀ ਲਿਆਉਣੀ
ਕਿਸੇ ਦੇ ਘਰ ਦਾ ਮੈਂ ਨੂਰ ਬਣਨਾ
ਤੇ ਬਣਨਾ ਮੈਂ ਸ਼ਿੰਗਾਰ ਮਾਏ।
ਮੈਨੂੰ ਕੁੱਖ ਵਿਚ ਨਾ ਮਾਰ ਮਾਏ।

-ਨਵਦੀਪ ਜਵੰਧਾ ਕਾਕੜਾ

ਮਾਂ ਦਿਵਸ 'ਤੇ ਵਿਸ਼ੇਸ਼

# ਉਰਿਣਤ ਹੋਇ ਭਾਰੁ ਉਤਾਰੇ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਪੰਕਤੀ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ 37ਵੀਂ ਵਾਰ ਦੀ ਦਸਵੀਂ ਪਉੜੀ ਦੀ ਆਖਰੀ ਪੰਕਤੀ ਹੈ। ਇਸ ਪੰਕਤੀ ਵਿਚ ਉਹ ਆਪਣੇ ਵੱਲੋਂ ਸਿੱਟਾ ਕੱਢਦੇ ਹਨ ਕਿ ਕਿਸ ਤਰ੍ਹਾਂ ਉਹ ਮਾਂ ਹੋਣ ਦਾ ਕਰਜ਼ਾ ਉਤਾਰ ਕੇ ਭਾਰ-ਮੁਕਤ ਹੋ ਜਾਂਦੀ ਹੈ। ਭਾਈ ਗੁਰਦਾਸ ਦੱਸਦੇ ਹਨ ਕਿ ਮਾਤਾ-ਪਿਤਾ ਦੇ ਸੰਜੋਗ ਤੋਂ ਮਾਤਾ ਦੇ ਗਰਭਵਤੀ ਹੋ ਜਾਣ ਦੀ ਘੜੀ ਤੋਂ ਹੀ ਆਪਣੇ ਬੱਚੇ ਪ੍ਰਤੀ ਕਈ ਤਰ੍ਹਾਂ ਦੀਆਂ ਆਸਾਂ-ਉਮੀਦਾਂ ਮਨ 'ਚ ਜਾਗ ਪੈਂਦੀਆਂ ਹਨ ਅਤੇ ਉਹ ਬੱਚੇ ਨੂੰ ਆਪਣੇ ਪੇਟ 'ਚ ਪਾਲਦੀ ਹੈ। ਇਸ ਸਾਰੇ ਸਮੇਂ ਵਿਚ ਉਹ ਕਈ ਤਰ੍ਹਾਂ ਦਾ ਸੁਆਦਲਾ ਅਤੇ ਬੇਸੁਆਦੀ ਭੋਜਨ ਕਰਕੇ ਅਨੰਦ ਮਾਣਦੀ ਹੈ। ਉਸ ਨੂੰ ਕਿਸੇ ਕਿਸਮ ਦੀ ਕੋਈ ਹਿਚਕਚਾਹਟ ਨਹੀਂ ਹੁੰਦੀ ਅਤੇ ਉਹ ਧਰਤੀ 'ਤੇ ਬੋਚ ਬੋਚ ਕੇ ਪੈਰ ਧਰਦੀ ਹੈ। ਬੱਚਾ ਪੈਦਾ ਕਰਕੇ ਮਾਂ ਆਪ ਕਈ ਕਿਸਮ ਦੇ ਕਸ਼ਟ ਸਹਿ ਕੇ ਵੀ ਉਸ ਦੇ ਖਾਣ-ਪੀਣ ਦਾ, ਪਾਲਣ-ਪੋਸਣ ਦਾ ਪੂਰਾ ਧਿਆਨ ਰੱਖਦੀ ਹੈ ਤੇ ਕਈ ਵਾਰ ਬੱਚੇ ਲਈ ਉਸ ਨੂੰ ਆਪਣੇ ਖਾਣ-ਪੀਣ ਦਾ ਸੰਜਮ ਵੀ ਕਰਨਾ ਪੈ ਸਕਦਾ ਹੈ। ਮਾਂ ਆਪਣੇ ਬੱਚੇ ਨੂੰ ਗੁੜ੍ਹਤੀ ਦੇ ਕੇ, ਅਰਥਾਤ ਉਸ ਨੂੰ ਪਹਿਲਾ ਰਸਮੀ ਭੋਜਨ ਕਰਵਾ ਕੇ, ਦੁੱਧ ਪਿਆਉਂਦੀ ਹੈ ਅਤੇ ਉਸ ਨੂੰ ਪਿਆਰ ਨਾਲ ਦੇਖਦੀ ਸਦਕੇ ਜਾਂਦੀ ਹੈ। ਮਾਂ ਨੂੰ ਬੱਚੇ ਦਾ ਹਰ ਤਰ੍ਹਾਂ ਨਾਲ ਫਿਕਰ ਹੁੰਦਾ ਹੈ, ਉਸ ਨੇ ਕੀ ਖਾਣਾ ਤੇ ਕੀ ਪਹਿਨਣਾ ਹੈ, ਉਸ ਦੀਆਂ ਸੋਚਾਂ, ਸਾਰਾ ਸਮਾਂ ਆਪਣੇ ਬੱਚੇ ਦੁਆਲੇ ਹੀ ਘੁੰਮਦੀਆਂ ਰਹਿੰਦੀਆਂ ਹਨ; ਉਸ ਦੇ ਖਾਣ-ਪੀਣ ਤੋਂ ਲੈ ਕੇ ਉਸ ਦੀ ਕੁੜਮਾਈ, ਸ਼ਗਨ ਅਤੇ ਉਸ ਦੀ ਵਿੱਦਿਆ ਤੇ ਮੁੰਡਨ ਸੰਸਕਾਰ (ਹਿੰਦੂ ਰਸਮ) ਆਦਿ ਤੱਕ। (ਪਹਿਲਾਂ ਵਿੱਦਿਆ ਦੇਣ ਦਾ ਪ੍ਰਬੰਧ ਧਰਮਸਾਲ ਆਦਿ ਵਿਚ ਪੰਡਿਤ ਕਰਦੇ ਸਨ ਜਾਂ ਮਦਰਸੇ 'ਚ ਮੌਲਵੀ। ਭਾਈ ਗੁਰਦਾਸ ਇਸੇ ਦੇ ਹਵਾਲੇ ਨਾਲ ਗੱਲ ਕਰਦੇ ਹਨ) ਉਸ ਨੂੰ ਇਸ਼ਨਾਨ ਕਰਾ ਕੇ, ਤਿਆਰ ਕਰ ਕੇ ਉਤੋਂ ਸਿੱਕੇ ਅਰਥਾਤ ਪੈਸੇ ਵਾਰ ਕੇ ਸੌ ਸ਼ਗਨਾਂ ਨਾਲ ਮਾਂ ਉਸ ਨੂੰ ਪੜ੍ਹਨ ਲਈ ਪੰਡਿਤ ਕੋਲ ਭੇਜਦੀ ਹੈ। ਇਸ ਤਰ੍ਹਾਂ ਉਹ ਮਾਂ ਹੋਣ ਦਾ ਫਰਜ਼ ਨਿਭਾਉਂਦੀ ਹੈ:

ਮਾਤ ਪਿਤਾ ਮਿਲਿ ਨਿੰਮਿਆ
ਆਸਾਵੰਤੀ ਉਦਰੁ ਮਝਾਰੇ।
ਰਸ ਕਸ ਖਾਇ ਨਿਲਜ ਹੋਇ
ਛੁਹ ਛੁਹ ਧਰਣਿ ਧਰੈ ਪਗ ਧਾਰੇ।
ਪੇਟ ਵਿਚਿ ਦਸ ਮਾਹ ਰਖਿ
ਪੀੜਾ ਖਾਇ ਜਣੈ ਪੁਤੁ ਪਿਆਰੇ।
ਜਣ ਕੈ ਪਾਲੈ ਕਸਟ ਕਰਿ
ਖਾਨ ਪਾਨ ਵਿਚਿ ਸੰਜਮ ਸਾਰੇ।
ਗੁੜ੍ਹਤੀ ਦੇਇ ਪਿਆਲਿ ਦੁਧੁ
ਘੁਟੀ ਵਟੀ ਦੇਇ ਨਿਹਾਰੇ।
ਛਾਦਨੁ ਭੋਜਨੁ ਪੋਖਿਆ
ਭਦਣਿ ਮੰਗਣਿ ਪੜ੍ਹਨਿ ਚਿਤਾਰੇ।
ਪਾਂਧੇ ਪਾਸਿ ਪੜ੍ਹਾਇਆ
ਖਟਿ ਲੁਟਾਇ ਹੋਇ ਸੁਚਿਆਰੇ।
ਉਰਿਣਤ ਹੋਇ ਭਾਰਿ ਉਤਾਰੇ॥੧੦॥

ਭਾਈ ਸਾਹਿਬ ਅਗਲੀ ਪਉੜੀ ਵਿਚ ਦੱਸਦੇ ਹਨ ਕਿ ਮਾਂ-ਬਾਪ ਇਸ ਗੱਲ 'ਤੇ ਅਨੰਦ-ਪ੍ਰਸੰਨ ਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਵੱਡਾ ਹੋ ਗਿਆ ਹੈ ਅਤੇ ਉਸ ਦੇ ਸ਼ਗਨ ਦੀ ਰਸਮ ਕਰ ਦਿੱਤੀ ਹੈ। ਇਸ ਰਸਮ 'ਤੇ ਸਭ ਤੋਂ ਵੱਧ ਖੁਸ਼ੀ ਮਾਂ ਨੂੰ ਹੁੰਦੀ ਹੈ ਜੋ ਆਪਣੇ ਮਾਂ ਹੋਣ ਦੇ ਕਰਜ਼ ਨੂੰ ਪੂਰਾ ਹੋ ਗਿਆ ਸਮਝਦੀ ਹੈ ਅਤੇ ਉਹ ਖੁਸ਼ੀ ਨਾਲ ਵਿਆਹ ਦੇ ਗੀਤ, ਘੋੜੀਆਂ ਗਾਉਂਦੀ, ਕਈ ਤਰ੍ਹਾਂ ਦੇ ਸ਼ਗਨ ਮਨਾਉਂਦੀ ਹੈ। ਇਸ ਤਰ੍ਹਾਂ ਖੁਸ਼ੀ ਨਾਲ ਲਾੜਾ ਬਣੇ ਪੁੱਤਰ ਲਈ ਸ਼ਗਨਾਂ ਦੇ ਗੀਤ ਗਾਉਂਦਿਆਂ, ਰਸਮਾਂ ਕਰਦਿਆਂ ਉਹ ਫੁੱਲੀ ਨਹੀਂ ਸਮਾਉਂਦੀ ਕਿ ਉਸ ਦੇ ਪੁੱਤਰ ਦਾ ਵਿਆਹ ਹੋ ਗਿਆ ਹੈ। ਫਿਰ ਆਪਣੇ ਪੁੱਤਰ ਤੇ ਨੂੰਹ ਦੇ ਖੁਸ਼ੀ ਖੁਸ਼ੀ ਇਕੱਠੇ, ਮੇਲ-ਮਿਲਾਪ, ਪ੍ਰੇਮ ਨਾਲ ਰਹਿਣ ਲਈ ਸੌ ਤਰ੍ਹਾਂ ਦੀਆਂ ਸੁੱਖਾਂ ਸੁੱਖਦੀ, ਰੱਬ ਅੱਗੇ ਅਰਦਾਸਾਂ ਕਰਦੀ, ਭੇਟਾ ਦਿੰਦੀ, ਦਾਨ-ਪੁੰਨ ਕਰਦੀ ਹੈ।

ਭਾਈ ਸਾਹਿਬ ਅਨੁਸਾਰ ਏਨਾ ਕੁਝ ਪੁੱਤਰ ਅਤੇ ਵਹੁਟੀ ਲਈ ਕਰਨ ਦੇ ਬਾਅਦ ਨੂੰਹ ਦੀ ਵਾਰੀ ਆ ਜਾਂਦੀ ਹੈ, ਉਹ ਆਪਣੇ ਪਤੀ ਯਾਨਿ ਪੁੱਤਰ ਦੇ ਉਸ ਦੀ ਮਾਂ ਦੇ ਖਿਲਾਫ ਕੰਨ ਭਰਨੇ ਸ਼ੁਰੂ ਕਰ ਦਿੰਦੀ ਹੈ। ਰਵਾਇਤੀ ਨੋਕ-ਝੋਕ ਸ਼ੁਰੂ ਹੋ ਜਾਂਦੀ ਹੈ, ਉਸ ਨੂੰ ਇਸ ਗੱਲ ਲਈ ਚੁੱਕਦੀ ਰਹਿੰਦੀ ਹੈ ਕਿ ਉਹ ਆਪਣੇ ਮਾਂ-ਬਾਪ ਤੋਂ ਅਲੱਗ ਹੋ ਜਾਵੇ; ਨਤੀਜਾ ਇਹ ਨਿਕਲਦਾ ਕਿ ਮਾਂ ਉਦਾਸ ਤੇ ਪ੍ਰੇਸ਼ਾਨ ਹੋ ਜਾਂਦੀ ਹੈ। ਪੁੱਤਰ ਇਹ ਗੱਲ ਭੁੱਲ ਜਾਂਦਾ ਹੈ ਕਿ ਉਸ ਦੀ ਮਾਂ ਨੇ ਉਸ ਲਈ ਕੀ ਕੁਝ ਕੀਤਾ ਹੈ, ਉਸ ਦੇ ਲੱਖਾਂ ਉਪਕਾਰਾਂ ਨੂੰ ਭੁਲਾ ਕੇ ਮਾਂ-ਬਾਪ ਨਾਲ ਬੇ-ਵਫਾਈ ਕਰਦਾ ਹੈ ਅਤੇ ਉਨ੍ਹਾਂ ਨਾਲ ਮੂਰਖਾਂ ਵਾਂਗ ਵਰਤਾਓ ਕਰਦਾ ਹੈ।

ਆਖਰੀ ਪੰਕਤੀ 'ਚ ਭਾਈ ਗੁਰਦਾਸ ਸਿੱਟਾ ਕੱਢਦੇ ਹਨ ਕਿ ਆਪਣੇ ਮਾਂ-ਬਾਪ ਲਈ ਕੋਈ ਕੋਈ ਹੀ 'ਸਰਵਣ' ਪੁੱਤਰ ਸਾਬਤ ਹੁੰਦਾ ਹੈ। ਹਿੰਦੂ ਮਿਥਿਹਾਸ ਅਨੁਸਾਰ ਸਰਵਣ ਆਪਣੇ ਅੰਨ੍ਹੇ ਮਾਂ-ਬਾਪ ਦੀ ਇਕਲੌਤੀ ਔਲਾਦ ਸੀ। ਇੱਕ ਵਾਰ ਅੰਨ੍ਹੇ ਮਾਂ-ਬਾਪ ਨੇ ਤੀਰਥਾਂ ਦੀ ਯਾਤਰਾ ਕਰਨ ਦੀ ਇੱਛਾ ਪਰਗਟ ਕੀਤੀ। ਉਦੋਂ ਰਾਜੇ-ਮਹਾਰਾਜੇ ਜਾਂ ਅਮੀਰ ਤਾਂ ਰੱਥ-ਗੱਡੀਆਂ, ਘੋੜੇ ਆਦਿ ਸਵਾਰੀ ਲਈ ਵਰਤ ਲੈਂਦੇ ਸੀ ਪਰ ਆਮ ਲੋਕਾਂ ਕੋਲ ਸਾਧਨ ਨਾ ਹੋਣ ਕਾਰਨ ਉਹ ਇਸ ਕਿਸਮ ਦੀਆਂ ਯਾਤਰਾਵਾਂ ਪੈਦਲ ਹੀ ਕਰਦੇ ਸਨ। ਇਸ ਲਈ ਮਾਂ-ਬਾਪ ਦੀ ਇੱਛਾ ਨੂੰ ਪੂਰੀ ਕਰਨ ਲਈ ਸਰਵਣ ਅੰਨ੍ਹੇ ਮਾਂ-ਬਾਪ ਨੂੰ ਬਹਿੰਗੀ ਵਿਚ ਬਿਠਾ ਕੇ ਤੀਰਥਾਂ ਦੀ ਯਾਤਰਾ 'ਤੇ ਲੈ ਤੁਰਿਆ। ਮਾਂ-ਪਿਓ ਨੂੰ ਪਿਆਸ ਲੱਗਣ 'ਤੇ ਦਰੱਖਤ ਦੀ ਛਾਂਵੇਂ ਬਹਿੰਗੀ ਰੱਖ ਕੇ ਨੇੜੇ ਨਦੀ ਤੋਂ ਪਾਣੀ ਭਰਨ ਚਲਾ ਗਿਆ। ਰਾਜਾ ਦਸਰਥ ਨੇ, ਇਹ ਸਮਝ ਕੇ ਕਿ ਕੋਈ ਜਾਨਵਰ ਪਾਣੀ ਪੀਣ ਆਇਆ ਹੈ, ਸ਼ਿਕਾਰ ਕਰਨ ਲਈ ਤੀਰ ਚਲਾ ਦਿੱਤਾ। ਜਦੋਂ ਮਨੁੱਖੀ ਚੀਕ ਸੁਣ ਕੇ ਦਸਰਥ ਕੋਲ ਪਹੁੰਚਿਆ ਤਾਂ ਮਰਦੇ-ਮਰਦੇ ਸਰਵਣ ਨੇ ਇਹੀ ਬੇਨਤੀ ਕੀਤੀ ਕਿ ਉਸ ਦੇ ਪਿਆਸੇ ਮਾਂ-ਬਾਪ ਨੂੰ ਪਾਣੀ ਪਿਲਾ ਦੇਵੇ:

ਮਾਤਾ ਪਿਤਾ ਅਨੰਦ ਵਿਚਿ
ਪੁਤੈ ਦੀ ਕੁੜਮਾਈ ਹੋਈ।
ਰਹਸੀ ਅੰਗ ਨ ਮਾਵਈ ਗਾਵੈ
ਸੋਹਿਲੜੇ ਸੁਖ ਸੋਈ।
ਵਿਗਸੀ ਪੁਤ ਵਿਆਹਿਐ
ਘੋੜੀ ਲਾਵਾਂ ਗਾਵ ਭਲੋਈ।
ਸੁਖਾਂ ਸੁਖੈ ਮਾਵੜੀ
ਪੁਤੁ ਨੂੰਹ ਦਾ ਮੇਲ ਅਲੋਈ।
ਨੁਹੁ ਨਿਤ ਕੰਤ ਕੁਮੰਤੁ ਦੇਹਿ
ਵਿਹਰੇ ਹੋਵਹੁ ਸਸੁ ਵਿਗੋਈ।
ਲਖ ਉਪਕਾਰੁ ਵਿਸਾਰਿ ਕੈ
ਪੁਤ ਕੁਪੁਤਿ ਚਕੀ ਉਟ ਝੋਈ।
ਹੋਵੈ ਸਰਵਣ ਵਿਰਲਾ ਕੋਈ॥੧੧॥

ਭਾਈ ਗੁਰਦਾਸ ਦੱਸਦੇ ਹਨ, ਇੰਜ ਮਾਂ-ਬਾਪ ਦੇ ਉਪਕਾਰ ਨੂੰ ਭੁਲਾ ਦੇਣਾ ਪਾਪ ਹੈ। ਉਹ ਰਵਾਇਤੀ ਮੁਹਾਵਰਾ 'ਕਾਮਣਿ ਕਾਮਣਿਆਰੀਆ' ਵਰਤਦੇ ਹਨ ਜਿਸ ਦਾ ਅਰਥ ਹੈ ਆਪਣੇ ਹੁਸਨ ਅਤੇ ਅਦਾਵਾਂ ਨਾਲ ਮੋਹ ਲੈਣ ਵਾਲੀ ਔਰਤ ਕਈ ਕਿਸਮ ਨਾਲ ਪਤੀ ਨੂੰ ਵੱਸ ਵਿਚ ਕਰ ਲੈਂਦੀ ਹੈ। ਇਥੇ ਭਾਈ ਗੁਰਦਾਸ ਵੀ ਇਹੀ ਕਹਿੰਦੇ ਹਨ ਕਿ ਟੂਣੇਹਾਰੀ ਇਸਤਰੀ ਨੇ ਪਿਆਰੇ ਕੰਤ ਨੂੰ ਟੂਣਾ ਕਰ ਦਿੱਤਾ ਹੈ। ਇਸ ਤੱਥ ਦਾ ਖੁਲਾਸਾ ਕਰਦੇ ਹਨ ਕਿ ਮਾਂ-ਬਾਪ ਨੇ ਉਸ ਲਈ ਕੀ ਕੁਝ ਕੀਤਾ ਹੈ, ਉਸ ਨੂੰ ਪਾਲਿਆ ਤੇ ਉਸ ਦਾ ਵਿਆਹ ਕੀਤਾ ਅਤੇ ਪੁੱਤ ਉਨ੍ਹਾਂ ਦੇ ਕੀਤੇ ਸਾਰੇ ਪਰਉਪਕਾਰਾਂ ਨੂੰ ਭੁਲਾ ਦਿੰਦਾ ਹੈ। ਇਸੇ ਤਰ੍ਹਾਂ ਪੈਦਾ ਹੋਣ 'ਤੇ ਬੰਦੇ ਨੇ ਰੱਬ ਨੂੰ ਵੀ ਭੁਲਾ ਦਿੱਤਾ ਹੈ, ਉਹ ਅਕਾਲ ਪੁਰਖ ਜੋ ਮਨੁੱਖ ਨੂੰ ਇਸ ਦੁਨੀਆਂ 'ਤੇ ਭੇਜਦਾ ਹੈ, ਬੰਦਾ ਜੰਮਦਿਆਂ ਸਾਰ ਉਸ ਨੂੰ ਭੁੱਲ ਜਾਂਦਾ ਹੈ ਅਤੇ ਉਹ ਜਨਮ ਦੇਣ ਵਾਲੇ ਮਾਂ-ਬਾਪ ਨੂੰ ਵੀ ਭੁੱਲ ਜਾਂਦਾ ਹੈ। ਉਹ ਇਹ ਵੀ ਭੁੱਲ ਜਾਂਦਾ ਹੈ ਕਿ ਉਸ ਦੀ ਮਾਂ ਨੇ ਉਸ ਲਈ ਕਿੰਨੇ ਸ਼ਗਨ ਮਨਾਏ, ਕਿਵੇਂ ਬੁਰੀਆਂ ਬਲਾਵਾਂ ਨੂੰ ਦੂਰ ਰੱਖਣ ਲਈ ਸੌ ਯਤਨ ਕੀਤੇ ਅਤੇ ਸੌ ਸੌ ਸੁੱਖਾਂ ਸੁੱਖ ਕੇ ਉਸ ਦਾ ਵਿਆਹ ਕੀਤਾ, ਕਿਵੇਂ ਉਸ ਦਾ ਨੂੰਹ-ਪੁੱਤਰ ਦਾ ਮਿਲਾਪ, ਪ੍ਰੇਮ-ਪਿਆਰ ਦੇਖ ਕੇ ਮਾਂ-ਬਾਪ ਫੁੱਲੇ ਨਹੀਂ ਸਮਾਉਂਦੇ। ਵਹੁਟੀ ਉਸ ਨੂੰ ਹਰ ਰੋਜ਼ ਇਹ ਪੁੱਠੀ ਪੱਟੀ ਪੜ੍ਹਾਉਣ ਲੱਗ ਪੈਂਦੀ ਹੈ ਕਿ ਉਸ ਦੇ ਮਾਂ-ਬਾਪ ਉਸ ਨੂੰ ਤੰਗ ਕਰਦੇ ਹਨ, ਜ਼ਾਲਮ ਹਨ; ਇਸ ਲਈ ਉਨ੍ਹਾਂ ਨੂੰ ਛੱਡ ਦੇਵੇ। ਫਿਰ ਪੁੱਤਰ ਮਾਂ-ਬਾਪ ਦੇ ਸਾਰੇ ਉਪਕਾਰਾਂ ਨੂੰ ਭੁੱਲ ਕੇ ਉਨ੍ਹਾਂ ਨੂੰ ਛੱਡ ਦਿੰਦਾ ਹੈ ਅਤੇ ਆਪਣੀ ਪਤਨੀ ਨੂੰ ਲੈ ਕੇ ਵੱਖਰਾ ਹੋ ਜਾਂਦਾ ਹੈ। ਭਾਈ ਗੁਰਦਾਸ ਆਖਰੀ ਸਿੱਟਾ ਕੱਢਦੇ ਹਨ ਕਿ ਲੋਕਾਂ ਦਾ ਚਲਨ ਬਹੁਤ ਖੋਟੀ ਚਾਲ ਵਾਲਾ ਹੋ ਗਿਆ ਹੈ:

ਕਾਮਣਿ ਕਾਮਣਿਆਰੀਐ
ਕੀਤੋ ਕਾਮਣੁ ਕੰਤ ਪਿਆਰੇ।
ਜੰਮੇ ਸਾਈਂ ਵਿਸਾਰਿਆ
ਵੀਵਾਹਿਆ ਮਾਂ ਪਿਅ ਵਿਸਾਰੇ।
ਸੁਖਾਂ ਸੁਖਿ ਵਿਵਾਹਿਆ
ਸਉਣੁ ਸੰਜੋਗੁ ਵਿਚਾਰਿ ਵਿਚਾਰੇ।
ਪੁਤ ਨੂਹੈਂ ਦਾ ਮੇਲੁ ਵੇਖਿ
ਅੰਗ ਨਾ ਮਾਬਨਿ ਮਾਂ ਪਿਉ ਵਾਰੇ।
ਨੂੰਹ ਨਿਤ ਮੰਤ ਕੁਮੰਤ ਦੇਇ
ਮਾਂ ਪਿਉ ਛਡਿ ਵਡੇ ਹਤਿਆਰੇ।
ਵਖ ਹੋਵੈ ਪੁਤੁ ਰੰਨਿ ਲੈ
ਮਾਂ ਪਿਉ ਦੇ ਉਪਕਾਰੁ ਵਿਸਾਰੇ।
ਲੋਕਾਚਾਰਿ ਹੋਇ ਵਡੇ ਕੁਚਾਰੇ॥੧੨॥

ਭਾਈ ਗੁਰਦਾਸ ਨੇ ਅੱਗੇ ਬਿਆਨ ਕੀਤਾ ਹੈ ਕਿ ਮਾਂ-ਬਾਪ ਨੂੰ ਵਿਸਾਰ ਕੇ ਬੰਦਾ ਭਾਵੇਂ ਵੇਦਾਂ ਦਾ ਗਿਆਨ ਵੀ ਹਾਸਲ ਕਰ ਲਵੇ, ਉਨ੍ਹਾਂ ਦਾ ਸਾਰ, ਉਸ ਵਿੱਦਿਆ ਦਾ ਭੇਦ, ਉਸ ਨੂੰ ਸਮਝ ਨਹੀਂ ਲੱਗੇਗਾ। ਮਾਂ-ਬਾਪ ਨੂੰ ਭੁਲਾ ਕੇ ਜੇ ਬੰਦਾ ਤਪੱਸਿਆ/ਭਗਤੀ ਕਰੇ, ਉਸ ਦਾ ਵੀ ਕੋਈ ਲਾਭ ਨਹੀਂ ਹੈ। ਮਾਂ-ਬਾਪ ਦਾ ਤਿਆਗ ਕਰਕੇ ਜੇ ਉਹ ਦੇਵੀ-ਦੇਵਤਿਆ ਦੀ ਪੂਜਾ ਕਰੇ ਤਾਂ ਦੇਵੀ-ਦੇਵਤੇ ਵੀ ਉਸ ਸੇਵਾ ਨੂੰ ਕਬੂਲ ਨਹੀਂ ਕਰਦੇ। ਜੇ ਮਾਂ-ਬਾਪ ਦਾ ਤਿਆਗ ਕਰਕੇ ਬੰਦਾ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਨ ਜਾਂਦਾ ਹੈ ਤਾਂ ਉਹ ਤੀਰਥ-ਯਾਤਰਾ ਵੀ ਉਸ ਨੂੰ ਮੁਕਤੀ ਨਹੀਂ ਦੁਆਉਂਦੀ, ਉਹ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹੇਗਾ। ਮਾਂ-ਬਾਪ ਦਾ ਤਿਆਗ ਕਰਨ ਵਾਲਾ ਵਿਅਕਤੀ ਜੇ ਦਾਨ-ਪੁੰਨ ਦੇ ਕਾਰਜ ਵੀ ਕਰਦਾ ਹੈ ਤਾਂ ਉਹ ਬੇਈਮਾਨ ਅਤੇ ਅਗਿਆਨੀ ਪੁਰਸ਼ ਹੈ। ਮਾਂ-ਬਾਪ ਦਾ ਤਿਆਗੀ ਆਪਣਾ ਅਗਲਾ ਜੀਵਨ ਸਵਾਰਨ ਵਾਸਤੇ ਵਰਤ ਵਗੈਰਾ ਰੱਖਦਾ ਹੈ, ਉਹ ਵੀ ਉਸ ਨੂੰ ਮੁਕਤੀ ਨਹੀਂ ਦੁਆ ਸਕਦੇ, ਉਹ ਵਾਰ ਵਾਰ ਜਨਮ ਲੈਂਦਾ ਅਤੇ ਮਰਦਾ ਹੈ, ਭਰਮਾਂ ਵਿਚ ਪਿਆ ਰਹਿੰਦਾ ਹੈ। ਭਾਈ ਗੁਰਦਾਸ ਸਿੱਟਾ ਕੱਢਦੇ ਹਨ ਕਿ ਅਸਲ ਵਿਚ ਅਜਿਹੇ ਮਨੁੱਖ ਨੇ ਗੁਰੂ ਅਤੇ ਅਕਾਲ ਪੁਰਖ ਦੋਵਾਂ ਦੇ ਸਾਰ-ਤੱਤ ਨੂੰ ਨਹੀਂ ਸਮਝਿਆ; ਉਹ ਅਗਿਆਨੀ ਪੁਰਸ਼ ਹੈ:

ਮਾਂ ਪਿਉ ਪਰਹਰਿ ਸੁਣੈ
ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।
ਮਾਂ ਪਿਉ ਪਰਹਰਿ ਕਰੈ
ਤਪੁ ਵਣਖੰਡਿ ਭੁਲਾ ਫਿਰੈ ਬੇਬਾਣੀ।
ਮਾਂ ਪਿਉ ਪਰਹਰਿ ਕਰੈ
ਪੂਜੁ ਦੇਵੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰਿ ਨ੍ਹਾਵਣਾ
ਅਠਸਠਿ ਤੀਰਥ ਘੁੰਮਣ ਵਾਣੀ।
ਮਾਂ ਪਿਉ ਪਰਹਰਿ ਕਰੈ
ਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਉ ਪਰਹਰਿ ਵਰਤ ਕਰਿ
ਮਰਿ ਮਰਿ ਜੰਮੈ ਭਰਮਿ ਭੁਲਾਣੀ।
ਗੁਰੁ ਪਰਮੇਸਰੁ ਸਾਰੁ ਨ ਜਾਣੀ॥੧੩॥

ਇੱਕ ਕਾਦਰ ਉਹ ਅਕਾਲ ਪੁਰਖ ਹੈ ਜਿਹੜਾ ਇਸ ਕੁਦਰਤਿ ਦੀ ਰਚਨਾ ਕਰਦਾ ਹੈ, ਇਸ ਨੂੰ ਸਾਜ ਕੇ ਆਪ ਇਸ ਵਿਚ ਵੱਸ ਗਿਆ ਹੈ। ਉਸ ਕਾਦਰ ਤੋਂ ਬਾਅਦ ਦੂਸਰੀ ਕਾਦਰ ਮਾਂ ਹੈ ਜੋ ਬੱਚੇ ਦੀ ਸਿਰਜਣਾ ਕਰਕੇ ਆਪਣੀ ਹਰ ਖਾਹਿਸ਼ ਨੂੰ ਬੱਚੇ ਰਾਹੀਂ ਦੇਖਦੀ ਹੈ। ਆਪਣੀ ਅਧੂਰੀਆਂ ਰਹਿ ਗਈਆਂ ਖਾਹਿਸ਼ਾਂ ਨੂੰ ਆਪਣੇ ਬੱਚੇ ਵਿਚ ਪਰਵਾਨ ਚੜ੍ਹਦੀਆਂ ਦੇਖਣਾ ਲੋਚਦੀ ਹੈ।

14ਵੀਂ ਪਉੜੀ ਵਿਚ ਭਾਈ ਗੁਰਦਾਸ ਉਸ ਸਿਰਜਣਹਾਰ ਕਾਦਰ ਦੀਆਂ ਦਿੱਤੀਆਂ ਨਿਹਮਤਾਂ ਦੀ ਗੱਲ ਕਰਦੇ ਹਨ ਕਿ ਉਸ ਕਾਦਰ ਨੇ ਆਪਣੀ ਕੁਦਰਤਿ ਸਾਜੀ ਅਤੇ ਆਪ ਉਹ ਇਸ ਕੁਦਰਤਿ ਵਿਚ ਬਿਰਾਜਮਾਨ ਹੈ, ਉਸ ਨੂੰ ਉਸ ਦੀ ਕੁਦਰਤਿ ਰਾਹੀਂ ਨਿਹਾਰਿਆ ਜਾ ਸਕਦਾ ਹੈ ਪਰ ਮਨੁੱਖ ਨੇ ਆਪਣੇ ਸਿਰਜਣਹਾਰ ਨੂੰ ਵਿਸਾਰ ਦਿੱਤਾ ਹੈ (ਵਰਤਮਾਨ ਯੁੱਗ ਵਿਚ ਤਾਂ ਮਨੁੱਖ ਜਿੰਨੀ ਕੁਦਰਤਿ ਨਾਲ ਛੇੜ-ਛਾੜ ਕਰ ਰਿਹਾ ਹੈ, ਉਪਰ ਦਿੱਤੇ ਪ੍ਰਸੰਗ ਨਾਲ ਜੋੜੀਏ ਤਾਂ ਉਹ ਆਪਣੇ ਸਿਰਜਣਹਾਰ ਨਾਲ ਬੇਵਫਾਈ ਕਰ ਰਿਹਾ ਹੈ)। ਉਸ ਅਕਾਲ ਪੁਰਖ ਨੇ ਮਨੁੱਖ ਨੂੰ ਸਰੀਰ ਦੇ ਕੇ ਫਿਰ ਉਸ ਵਿਚ ਆਤਮਾ ਰੱਖ ਕੇ ਉਸ ਨੂੰ ਸਾਜਿਆ ਹੈ (ਸਾਜਣ ਤੇ ਬਣਾਉਣ ਵਿਚ ਬਹੁਤ ਫਰਕ ਹੈ, ਸਾਜਣਾ ਦਾ ਅਰਥ ਚੰਗੀ ਤਰ੍ਹਾਂ ਸਵਾਰਨਾ ਹੈ), ਹਰ ਇੱਕ ਨੂੰ ਸਰੀਰ ਅਤੇ ਪ੍ਰਾਣ ਬਖਸ਼ਿਸ਼ ਕੀਤੇ ਹਨ। ਮਨੁੱਖ ਨੂੰ ਅੱਖਾਂ, ਮੂੰਹ, ਨੱਕ, ਕੰਨ ਹੱਥਾਂ ਅਤੇ ਪੈਰਾਂ ਦੀ ਦਾਤ ਦਿੱਤੀ ਹੈ। ਅੱਖਾਂ ਨਾਲ ਉਹ ਦੁਨੀਆਂ ਦੇ ਰੂਪ-ਰੰਗ, ਤਮਾਸ਼ਿਆਂ ਨੂੰ ਨਿਹਾਰਦਾ ਹੈ, ਮੂੰਹ ਨਾਲ ਬੋਲਦਾ ਅਤੇ ਕੰਨਾਂ ਨਾਲ ਸ਼ਬਦ ਸੁਣਦਾ ਅਤੇ ਫਿਰ ਸੁਰਤਿ ਵਿਚ ਵਸਾਉਂਦਾ ਹੈ। ਨੱਕ ਦੁਨੀਆਂ ਦੀਆਂ ਖੁਸ਼ਬੋਆਂ ਨੂੰ ਸੁੰਘਣ ਲਈ, ਹੱਥ ਕਿਰਤ ਕਰਨ ਲਈ ਅਤੇ ਪੈਰ ਚੱਲਣ ਲਈ ਦਿੱਤੇ ਹਨ ਜਿਸ ਨਾਲ ਮਨੁੱਖ ਹਰਕਤ ਵਿਚ ਆਉਂਦਾ ਹੈ। ਮਨੁੱਖ ਆਪਣੇ ਦੰਦਾਂ, ਵਾਲਾਂ, ਸਰੀਰ ਦੇ ਰੋਮ ਰੋਮ ਨੂੰ ਸੁਆਰ ਕੇ ਸੰਭਾਲ ਕੇ ਰੱਖਦਾ ਹੈ। ਦੱਸਿਆ ਗਿਆ ਹੈ ਕਿ ਹੇ ਜੀਵ! ਇਸ ਤਰ੍ਹਾਂ ਤੂੰ ਸੁਆਦਾਂ ਤੇ ਲਾਲਚ ਦੇ ਵੱਸ ਹੋਇਆ ਦੁਨਿਆਵੀ ਮਾਲਕਾਂ ਨੂੰ ਤਾਂ ਯਾਦ ਰੱਖਦਾ ਹੈਂ, ਉਸ ਵਹਿਗੁਰੂ ਨੂੰ ਇਸ ਤੋਂ ਸੌਵਾਂ ਹਿੱਸਾ ਹੀ ਯਾਦ ਕਰ ਲੈ ਜਿਸ ਨੇ ਤੈਨੂੰ ਏਨੀਆਂ ਦਾਤਾਂ ਦੇ ਕੇ ਨਿਵਾਜਿਆ ਹੈ। ਭਾਈ ਸਾਹਿਬ ਨਸੀਹਤ ਕਰਦੇ ਹਨ ਕਿ ਜਿਵੇਂ ਆਟੇ 'ਚ ਲੂਣ ਪਾ ਉਸ ਨੂੰ ਮਿੱਸਾ ਕਰਕੇ ਸੁਆਦਲਾ ਬਣਾ ਲਈਦਾ ਹੈ; ਇਸ ਤਰ੍ਹਾਂ ਤੂੰ ਆਪਣੀ ਜ਼ਿੰਦਗੀ ਵਿਚ ਆਟੇ ਵਿਚ ਲੂਣ ਜਿੰਨਾ ਕੁ ਸਿਮਰਨ ਪਾ ਕੇ ਹੀ ਇਸ ਨੂੰ ਸੁਆਦਲੀ ਬਣਾ ਲੈ:

ਕਾਦਰੁ ਮਨਹੁੰ ਵਿਸਾਰਿਆ
ਕੁਦਰਤਿ ਅੰਦਰਿ ਕਾਦਰੁ ਦਿਸੈ।
ਜੀਉ ਪਿੰਡ ਦੇ ਸਾਜਿਆ
ਸਾਸ ਮਾਸ ਦੇ ਜਿਸੈ ਕਿਸੈ।
ਅਖੀ ਮੁਹੁੰ ਨਕੁ ਕੰਨੁ ਦੇਇ
ਹਥੁ ਪੈਰੁ ਸਭਿ ਦਾਤ ਸੁ ਤਿਸੈ।
ਨਕਿ ਵਾਸੁ ਹਥੀਂ ਕਿਰਤਿ
ਪੈਰੀ ਚਲਣ ਪਲ ਪਲ ਖਿਸੈ।
ਵਾਲ ਦੰਦ ਨਹੁੰ ਰੋਮ ਰੋਮ
ਸਾਸਿ ਗਿਰਾਸਿ ਸਮਾਲਿ ਸਲਿਸੈ।
ਸਾਦੀ ਲਬੈ ਸਾਹਿਬੋ
ਤਿਸ ਤੂੰ ਸੰਮਲ ਸੈਵੈਂ ਹਿਸੈ।
ਲੂਣੁ ਪਾਇ ਕਰਿ ਆਟੈ ਮਿਸੈ॥੧੪॥

ਮਾਂ ਦੀਆਂ ਕੀਤੀਆਂ ਨੂੰ ਯਾਦ ਕਰੀਏ ਤਾਂ ਰੱਬ ਤੋਂ ਬਾਅਦ ਪੂਜਣਯੋਗ ਹਸਤੀ ਮਾਂ ਦੀ ਹੈ। ਮੇਰੀ ਮਾਂ ਸਾਡੇ ਸੁੱਤੇ ਉਠਣ ਤੋਂ ਪਹਿਲਾਂ ਨਲਕੇ ਤੋਂ ਪਾਣੀ ਦੀਆਂ ਬਾਲਟੀਆਂ ਭਰ ਕੇ ਰੱਖ ਦਿੰਦੀ ਸੀ ਤਾਂ ਕਿ ਅਸੀਂ ਸਕੂਲ ਲਈ ਲੇਟ ਨਾ ਹੋ ਜਾਈਏ। ਘਰ ਦੇ ਵੱਧ ਤੋਂ ਵੱਧ ਕੰਮ ਆਪ ਕਰਦੀ ਤਾਂ ਕਿ ਸਾਡੀ ਪੜ੍ਹਾਈ ਵਿਚ ਕੋਈ ਖਲਲ ਨਾ ਪਵੇ। ਛੁੱਟੀਆਂ ਵਿਚ ਸੁੱਤੀਆਂ ਪਈਆਂ ਨੂੰ ਜਗਾਉਂਦੀ ਨਾ ਤੇ ਸਾਡੀ ਤਾਈ ਦੇ ਪੁੱਛਣ 'ਤੇ ਇਹੋ ਕਹਿੰਦੀ, "ਧੀਆਂ ਸਿਰਫ ਪੇਕੇ ਮਾਂਵਾਂ ਦੇ ਸਿਰ 'ਤੇ ਸੌਂਦੀਆਂ ਹਨ। ਸਹੁਰੇ ਘਰ ਵਿਚ ਕਿਸ ਨੇ ਸੌਣ ਦੇਣਾ ਹੈ?" ਹਰ ਦੁੱਖ-ਸੁੱਖ ਵਿਚ ਮਾਂ ਨਾਲ ਖੜ੍ਹੀ ਨਜ਼ਰ ਆਉਂਦੀ ਸੀ। ਸਦਾ ਇੱਕੋ ਅਰਦਾਸ ਕਰਦੀ ਸੀ ਕਿ ਉਸ ਦੇ ਜਿਉਂਦੇ ਜੀਅ ਉਸ ਦੇ ਬੱਚਿਆਂ ਨੂੰ ਕੁਝ ਨਹੀਂ ਹੋਣਾ ਚਾਹੀਦਾ। ਮੈਂ ਆਪ ਵੀ ਹਮੇਸ਼ਾ ਆਪਣੀ ਮਾਂ ਵਰਗੀ ਮਾਂ ਬਣਨ ਦੀ ਕੋਸ਼ਿਸ਼ ਕੀਤੀ ਹੈ ਪਰ ਰੱਬ ਨੇ ਮਾਂ ਵਾਂਗ ਮੇਰੀ ਅਰਦਾਸ ਸ਼ਾਇਦ ਨਹੀਂ ਸੁਣੀ। ਇਸੇ ਲਈ ਬਾਰਾਂ ਸਾਲ ਦੀ ਉਮਰ ਵਿਚ ਧੀ ਤੁਰ ਗਈ ਜਿਸ ਰਾਹੀਂ ਮੈਂ ਆਪਣੀਆਂ ਅਧੂਰੀਆਂ ਰਹਿ ਗਈਆਂ ਰੀਝਾਂ ਪੂਰੀਆਂ ਕਰਨੀਆਂ ਲੋਚਦੀ ਸੀ ਅਤੇ 34 ਸਾਲ ਦੀ ਉਮਰ ਵਿਚ ਵੱਡਾ ਪੁੱਤਰ ਤੁਰ ਗਿਆ ਜਿਸ ਨੂੰ ਮੈਂ ਕਹਿੰਦੀ ਹੁੰਦੀ ਸੀ, "ਮਨਵੀਰ ਜਿਵੇਂ ਕਹਾਣੀਆਂ ਵਿਚ ਦਿਉ ਦੀ ਜਾਨ ਤੋਤੇ ਵਿਚ ਦੱਸਦੇ ਹੁੰਦੇ ਸੀ, ਮੇਰੀ ਜਾਨ ਤੇਰੇ ਵਿਚ ਵਸਦੀ ਹੈ।" ਤੇ ਮਨਵੀਰ ਦੇ ਤੁਰ ਜਾਣ 'ਤੇ ਵੀ ਮੈਂ ਤੁਰੀ ਫਿਰਦੀ ਹਾਂ। ਬੱਚਿਆਂ ਦੇ ਸੁਖ ਤੋਂ ਵੱਡਾ ਮਾਂ ਲਈ ਸੁੱਖ ਵੀ ਕੋਈ ਨਹੀਂ ਹੈ ਅਤੇ ਬੱਚਿਆਂ ਦੇ ਦੁੱਖ ਤੋਂ ਵੱਡਾ ਕਿਸੇ ਬਦਕਿਸਮਤ ਮਾਂ ਲਈ ਦੁੱਖ ਵੀ ਕੋਈ ਨਹੀਂ ਹੈ।

## ਗੁਰਬਾਣੀ ਗਿਆਨ

# ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ

**ਮਹਲਾ ੩ ਗਉੜੀ ਬੈਰਾਗਣਿ**

ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ
ਕਿਆ ਧਰਤੀ ਮਧੇ ਪਾਣੀ ਨਾਹੀ॥
ਜੈਸੇ ਧਰਤੀ ਮਧੇ ਪਾਣੀ ਪਰਗਾਸਿਆ
ਬਿਨੁ ਪਗਾ ਵਰਸਤ ਫਿਰਾਹੀ॥੧॥
ਬਾਬਾ ਤੂੰ ਐਸੇ ਭਰਮੁ ਚੁਕਾਹੀ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ
ਤੈਸੇ ਜਾਇ ਸਮਾਹੀ॥੧॥ ਰਹਾਉ॥
ਇਸਤਰੀ ਪੁਰਖ ਹੋਇ ਕੈ
ਕਿਆ ਓਇ ਕਰਮ ਕਮਾਹੀ॥
ਨਾਨਾ ਰੂਪ ਸਦਾ ਹਹਿ ਤੇਰੇ
ਤੁਝ ਹੀ ਮਾਹਿ ਸਮਾਹੀ॥੨॥
ਇਤਨੇ ਜਨਮ ਭੂਲਿ ਪਰੇ ਸੇ
ਜਾ ਪਾਇਆ ਤਾ ਭੂਲੇ ਨਾਹੀ॥
ਜਾ ਕਾ ਕਾਰਜੁ ਸੋਈ ਪਰੁ ਜਾਣੈ
ਜੇ ਗੁਰ ਕੈ ਸਬਦਿ ਸਮਾਹੀ॥੩॥
ਤੇਰਾ ਸਬਦੁ ਤੂੰਹੈ ਹਹਿ
ਆਪੇ ਭਰਮੁ ਕਹਾਹੀ॥
ਨਾਨਕ ਤਤੁ ਤਤ ਸਿਉ ਮਿਲਿਆ
ਪੁਨਰਪਿ ਜਨਮਿ ਨ ਆਹੀ॥੪॥

ਸਤਿਗੁਰੂ ਪਿਤਾ ਜੀ ਧਰਤੀ ਅਤੇ ਬੱਦਲ ਦਾ ਦ੍ਰਿਸ਼ਟਾਂਤ ਦਿੰਦੇ ਆਖਦੇ ਹਨ- ਵੇਖ ਭਾਈ! ਜਿਹੋ ਜਿਹੀ ਧਰਤੀ ਹੈ, ਉਹੋ ਜਿਹਾ ਉਪਰਲਾ ਬੱਦਲ ਹੈ। ਧਰਤੀ ਵਿਚ ਵੀ ਉਹੋ ਜਿਹਾ ਪਾਣੀ ਹੈ, ਜਿਹੋ ਜਿਹਾ ਬੱਦਲ ਵਿਚ ਹੈ। ਧਰਤੀ ਨੂੰ ਘੁੱਟਿਆਂ ਵਿਚੋਂ ਪਾਣੀ ਨਿਕਲ ਆਉਂਦਾ ਹੈ, ਬੱਦਲ ਵੀ ਬਿਨਾਂ ਪੈਰਾਂ ਤੋਂ ਵਰਖਾ ਕਰਦੇ ਫਿਰਦੇ ਹਨ। ਇਵੇਂ ਜੀਵ ਆਤਮਾ ਤੇ ਪਰਮਾਤਮਾ ਨੂੰ ਧਰਤੀ ਦੇ ਪਾਣੀ ਅਤੇ ਬੱਦਲਾਂ ਦੇ ਪਾਣੀ ਵਾਂਗ ਇਕੋ ਸਮਝੋ, ਜੀਵ ਚਾਹੇ ਮਾਇਆ ਵਿਚ ਫਸਿਆ ਹੈ ਪਰ ਹੈ ਪ੍ਰਭ ਦਾ ਹੀ ਅੰਸ਼।

ਬਾਬਾ ਤੂੰ ਐਸੇ ਭਰਮੁ ਚੁਕਾਹੀ॥
ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ
ਤੈਸੇ ਜਾਇ ਸਮਾਹੀ॥੧॥ ਰਹਾਉ॥

ਰਹਾਉ ਦੀ ਪੰਕਤੀ 'ਚ ਗੁਰੂ ਜੀ ਆਖਦੇ ਹਨ- ਹੇ ਭਾਈ! ਇਹ ਭੁਲੇਖਾ ਹੈ ਕਿ ਦੁਨੀਆਂ ਦੇ ਜੀਵ ਪ੍ਰਭੂ ਤੋਂ ਆਪਣੀ ਵੱਖਰੀ ਹਸਤੀ ਮੰਨ ਕੇ ਖ਼ੁਦ ਨੂੰ ਕਰਮ ਕਰਨ ਵਾਲੇ ਸਮਝੀ ਬੈਠੇ ਹਨ, ਪ੍ਰੰਤੂ ਤੂੰ ਆਪਣਾ ਇਹ ਭੁਲੇਖਾ ਦੂਰ ਕਰ ਅਤੇ ਇਹ ਯਕੀਨ ਬਣਾ ਲੈ ਕਿ ਉਹ ਮਾਲਕ ਪ੍ਰਭੂ ਜਿਹੋ ਜਿਹਾ ਕਿਸੇ ਜੀਵ ਨੂੰ ਬਣਾਉਂਦਾ ਹੈ, ਉਹ ਜੀਵ ਉਹੋ ਜਿਹਾ ਹੀ ਬਣ ਜਾਂਦਾ ਹੈ, ਤੇ ਜੀਵ ਮਾਲਕ ਦੇ ਹੁਕਮ ਅਨੁਸਾਰ ਕਰਮ ਕਰਦੇ ਹਨ।

ਇਸਤਰੀ ਪੁਰਖ ਹੋਇ ਕੈ
ਕਿਆ ਓਇ ਕਰਮ ਕਮਾਹੀ॥
ਨਾਨਾ ਰੂਪ ਸਦਾ ਹਹਿ ਤੇਰੇ
ਤੁਝ ਹੀ ਮਾਹਿ ਸਮਾਹੀ॥੨॥

ਗੁਰੂ ਜੀ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ- ਹੇ ਭਾਈ! ਕੀ ਇਸਤਰੀ ਤੇ ਕੀ ਪੁਰਖ, ਉਸ ਜਗਤ ਦੇ ਮਾਲਕ ਪ੍ਰਭੂ ਤੋਂ ਆਕੀ ਹੋ ਕੇ ਕੋਈ ਕੁਝ ਨਹੀਂ ਕਰ ਸਕਦਾ; ਪਰ ਹੇ ਮੇਰੇ ਮਿਹਰਬਾਨ ਪ੍ਰਭੂ! ਇਹ ਇਸਤਰੀਆਂ ਅਤੇ ਮਰਦ ਤੇਰੇ ਬਣਾਏ ਹੀ ਵੱਖ-ਵੱਖ ਰੂਪ ਹਨ ਤੇ ਅਖੀਰ ਨੂੰ ਤੇਰੇ ਵਿਚ ਹੀ ਸਮਾ ਜਾਂਦੇ ਹਨ।

ਇਤਨੇ ਜਨਮ ਭੂਲਿ ਪਰੇ ਸੇ
ਜਾ ਪਾਇਆ ਤਾ ਭੂਲੇ ਨਾਹੀ॥
ਜਾ ਕਾ ਕਾਰਜੁ ਸੋਈ ਪਰੁ ਜਾਣੈ
ਜੇ ਗੁਰ ਕੈ ਸਬਦਿ ਸਮਾਹੀ॥੩॥


ਗੁਰਦੇਵ ਜੀ ਇਸ ਜਗਤ ਦੇ ਭਟਕੇ ਹੋਏ ਜੀਵਾਂ ਨੂੰ ਆਖਦੇ ਹਨ, ਹੇ ਭਾਈ! ਉਸ ਅਕਾਲ ਪੁਰਖ ਦੀ ਯਾਦ ਨੂੰ ਭੁਲਾ ਕੇ ਜੀਵ ਅਨੇਕਾਂ ਹੀ ਜਨਮਾਂ ਵਿਚ ਭਟਕਦੇ, ਭਾਵ ਪਏ ਰਹਿੰਦੇ ਹਨ, ਪਰ ਜਦੋਂ ਉਨ੍ਹਾਂ ਨੂੰ ਪਰਮੇਸ਼ਰ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਉਹੀ ਜੀਵ ਪੁੱਠੇ ਰਸਤੇ ਜਾਣ ਤੋਂ ਹਟ ਜਾਂਦੇ ਹਨ। ਹੇ ਭਾਈ, ਜੇ ਜੀਵ ਗੁਰੂ ਦੇ ਸ਼ਬਦ ਵਿਚ ਟਿਕੇ ਰਹਿਣ ਤਾਂ ਇਹ ਜਾਣ ਲੈਂਦੇ ਹਨ, ਜਿਸ ਨੇ ਸੰਸਾਰ ਬਣਾਇਆ ਹੈ, ਉਹੀ ਇਸ ਨੂੰ ਜਾਣਦਾ ਹੈ।

ਤੇਰਾ ਸਬਦੁ ਤੂੰਹੈ ਹਹਿ
ਆਪੇ ਭਰਮੁ ਕਹਾਹੀ॥
ਨਾਨਕ ਤਤੁ ਤਤ ਸਿਉ ਮਿਲਿਆ
ਪੁਨਰਪਿ ਜਨਮਿ ਨ ਆਹੀ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ- ਹੇ ਮਿਹਰਬਾਨ ਪ੍ਰਭੂ ਜੀਓ! ਸਭ ਥਾਂ ਤੇਰਾ ਹੀ ਹੁਕਮ ਵਰਤ ਰਿਹਾ ਹੈ, ਹਰ ਥਾਂ ਤੂੰ ਆਪ ਹੀ ਮੌਜੂਦ ਹੈਂ, ਜਿਸ ਜੀਵ ਦੇ ਅੰਦਰ ਇਹ ਨਿਸ਼ਚਾ ਬਣ ਜਾਵੇ ਕਿ ਤੂੰ ਹਰ ਥਾਂ ਬੈਠਾ ਹੈਂ, ਉਸ ਨੂੰ ਕੋਈ ਭੁਲੇਖਾ ਨਹੀਂ ਰਹਿ ਜਾਂਦਾ। ਹੇ ਨਾਨਕ, ਜਿਨ੍ਹਾਂ ਜੀਵਾਂ 'ਚ ਏਕਤਾ ਤੇ ਅਨੇਕਤਾ ਦਾ ਭੁਲੇਖਾ ਮੁੱਕ ਜਾਂਦਾ ਹੈ, ਉਸ ਦੀ ਸੁਰਤ ਪ੍ਰਭੂ 'ਚ ਇਵੇਂ ਮਿਲੀ ਰਹਿੰਦੀ ਹੈ ਜਿਵੇਂ ਹਵਾ, ਪਾਣੀ ਤੇ ਅਗਨੀ ਦਾ ਤੱਤ ਆਪਣੇ ਤੱਤ ਨਾਲ ਜਾ ਮਿਲਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

# ਮੇਜ਼ ਅਤੇ ਮੇਜ਼ਬਾਨ

ਦੇਖਿਆ ਜਾਵੇ ਤਾਂ ਮੇਜ਼ ਦੀ ਵਰਤੋਂ ਮੁਖ ਤੌਰ 'ਤੇ ਦੋ ਕੰਮਾਂ ਲਈ ਹੁੰਦੀ ਹੈ: ਖਾਣਾ ਰੱਖਣ ਅਤੇ ਪੜ੍ਹਨ ਲਿਖਣ ਦਾ ਸਾਮਾਨ ਕਿਤਾਬਾਂ, ਕਾਪੀਆਂ ਆਦਿ ਧਰਨ ਲਈ। ਉਂਜ ਮੇਜ਼ ਦੀ ਬੁਲੰਦੀ ਤੱਕ ਪਹੁੰਚਣ ਲਈ ਕੁਰਸੀ ਵੀ ਚਾਹੀਦੀ ਹੁੰਦੀ ਹੈ। ਸਾਡੇ ਦੇਸ਼ ਵਿਚ ਪ੍ਰਾਚੀਨ ਵਿਚ ਦੋਨਾਂ ਕੰਮਾਂ ਲਈ ਮੇਜ਼ ਦੀ ਵਰਤੋਂ ਸੁਣਨ ਵਿਚ ਨਹੀਂ ਆਈ। ਪਹਿਲਾਂ ਭੋਜਨ ਦੀ ਗੱਲ ਕਰ ਲਈਏ। ਰਵਾਇਤੀ ਤੌਰ 'ਤੇ ਅੱਵਲ ਤਾਂ ਅਸੀਂ ਭੁੰਜੇ ਬਹਿ ਕੇ ਹੀ ਰੋਟੀ ਖਾ ਲਿਆ ਕਰਦੇ ਹਾਂ ਜਾਂ ਫਿਰ ਪਟੜੇ, ਚੌਕੀ, ਪੀੜੀ, ਮੂੜ੍ਹੇ ਆਦਿ 'ਤੇ ਬੈਠ ਕੇ। ਖਾਣਾ ਥਾਲੀ ਵਿਚ ਹੁੰਦਾ ਹੈ ਜੋ ਥੱਲੇ ਹੀ ਪਈ ਹੁੰਦੀ ਹੈ। ਭੁੰਜਿਓਂ ਬੁਰਕੀ ਤੋੜ ਕੇ ਮੂੰਹ ਤੱਕ ਲਿਜਾਣ ਦੇ ਕਸ਼ਟਮਈ ਯਤਨ ਨੂੰ ਸੌਖਿਆਂ ਕਰਨ ਲਈ ਕਈ ਵਾਰੀ ਥਾਲੀ ਨੂੰ ਛਾਤੀ ਦੇ ਬਰਾਬਰ ਤੱਕ ਹੱਥਾਂ 'ਤੇ ਚੁੱਕ ਲਿਆ ਜਾਂਦਾ ਹੈ। ਇਕ ਵਾਰੀ ਮੈਂ ਸੰਤ ਸਿੰਘ ਸੇਖੋਂ ਨੂੰ ਇਹ ਕਹਿੰਦਿਆਂ ਸੁਣਿਆ ਕਿ ਥਾਲੀ ਉਹ ਹੈ ਜੋ ਹਥੇਲੀ 'ਤੇ ਚੁੱਕੀ ਜਾਵੇ। ਪਰ ਥਾਲੀ ਸ਼ਬਦ ਦੀ ਇਹ ਵਿਆਖਿਆ ਸਹੀ ਨਹੀਂ ਹੈ।

ਪ੍ਰਾਹੁਣਿਆਂ ਦੀ ਬਹੁਤੀ ਆਉ-ਭਗਤ ਕਰਨੀ ਹੋਵੇ ਤਾਂ ਮੰਜੇ 'ਤੇ ਭੋਜਨ ਛਕਾਈਦਾ ਹੈ, ਮੰਜਾ ਆਸਣ ਦਾ ਆਸਣ, ਮੇਜ਼ ਦਾ ਮੇਜ਼ ਅਤੇ ਖਾ ਪੀ ਕੇ ਟੇਢੇ ਹੋਣ ਦਾ ਵੀ ਵਧੀਆ ਸਾਧਨ ਹੈ। ਪੜ੍ਹਨ ਦਾ ਮਜ਼ਾ ਵੀ ਮੰਜੇ 'ਤੇ ਹੀ ਆਉਂਦਾ ਹੈ। ਇਹ ਮੇਜ਼ ਤੇ ਕੁਰਸੀ ਦੋਵਾਂ ਦਾ ਕੰਮ ਸਾਰਦਾ ਹੈ, ਪੂਰਾ ਟੂ-ਇਨ-ਵਨ। ਗੌਰਤਲਬ ਹੈ ਕਿ ਮੰਜਾ ਵੀ ਮੇਜ਼ ਦੀ ਤਰ੍ਹਾਂ ਚਾਰ-ਟੰਗਾ ਹੁੰਦਾ ਹੈ ਇਸ ਲਈ ਹੀ ਤਾਂ ਇਸ ਨੂੰ ਚਾਰਪਾਈ ਕਿਹਾ ਜਾਂਦਾ ਹੈ। ਸੰਯੋਗ ਦੀ ਗੱਲ ਹੈ ਕਿ 'ਮੇਜ਼' ਸ਼ਬਦ ਦੀ ਧੁਨੀ ਵੀ 'ਮੰਜਾ' ਸ਼ਬਦ ਨਾਲ ਮਿਲਦੀ ਹੈ। ਨਿਕਚੂ ਮੇਜ਼ ਜਿਹਾ ਕੰਮ ਦੇਣ ਵਾਲੇ ਉਪਕਰਣ ਯਾਨਿ ਸਟੂਲ ਨੂੰ ਤਾਂ ਅਸੀਂ ਤਿਪਾਈ ਕਹਿ ਦਿੱਤਾ ਪਰ ਮੇਜ਼ ਲਈ ਕੋਈ ਆਪਣਾ ਅਜਿਹਾ ਸ਼ਬਦ ਨਹੀਂ ਘੜਿਆ। ਹਾਂ, ਇਸ ਆਸ਼ੇ ਲਈ 'ਚੁਪਾਈ' ਸ਼ਬਦ ਇਕ ਵਧੀਆ ਉਮੀਦਵਾਰ ਸੀ ਪਰ ਸ਼ਾਇਦ ਚਾਰਪਾਈ ਵਿਚ ਆ ਖੜ੍ਹੀ ਹੋਈ! ਹੋਰ ਤਾਂ ਹੋਰ ਚੌਕੀ (ਸੰਸਕ੍ਰਿਤ:ਚਤੁਸ਼ਕ) ਵੀ ਮੇਜ਼ ਅੱਗੇ ਗੋਡੇ ਟੇਕ ਗਈ। ਅਜੇ ਅੱਧੀ ਸਦੀ ਪਹਿਲਾਂ ਤੱਕ ਬਰਾਤਾਂ ਨੂੰ ਭੁੰਜੇ ਬਿਠਾ ਕੇ ਖਾਣੇ ਦੀ ਸੇਵਾ ਕੀਤੀ ਜਾਂਦੀ ਸੀ। ਇਸ ਤੋਂ ਪਹਿਲਾਂ ਤਾਂ ਖੁਰਲੀਆਂ ਦਾ ਵੀ ਰਿਵਾਜ ਸੀ। ਫਿਰ ਪੜ੍ਹਨ-ਲਿਖਣ ਦੀ ਗੱਲ ਕਰੀਏ। ਆਮ ਆਦਮੀ ਤਾਂ ਪੜ੍ਹਦੇ ਹੀ ਨਹੀਂ ਸਨ, ਖਾਸ ਆਦਮੀ ਰਹਿਲ ਦੀ ਸਹਾਇਤਾ ਲੈਂਦੇ ਸਨ। ਸਾਡੀ ਸਭਿਅਤਾ ਵਿਚ ਚਾਰ ਟੰਗਾ ਮੇਜ਼ ਤਾਂ ਅਜੇ ਕੱਲ੍ਹ ਦੀ ਗੱਲ ਹੈ। ਇਕ ਵਾਰੀ ਮੇਜ਼ ਆਇਆ ਤਾਂ ਮੇਜ਼ਪੋਸ਼ ਨੂੰ ਕੌਣ ਰੋਕ ਸਕਦਾ ਸੀ।

ਬਹੁਤ ਸਾਰੇ ਕੋਸ਼ਾਂ ਅਤੇ ਹੋਰ ਸਰੋਤਾਂ ਵਿਚ ਮੇਜ਼ ਸ਼ਬਦ ਦਾ ਪਿੱਛਾ ਫਾਰਸੀ ਦੱਸਿਆ ਗਿਆ ਹੈ ਮਿਸਾਲ ਵਜੋਂ ਪਲੈਟਸ ਦੇ 'ਹਿੰਦੋਸਤਾਨੀ ਕੋਸ਼' ਅਨੁਸਾਰ ਮੇਜ਼ ਲਫਜ਼ ਦਾ ਪਹਿਲਵੀ ਰੂਪ ਮੀਜ਼ ਤੇ ਜ਼ੰਦ ਰੂਪ ਮਯਾਜ਼ ਜਿਹਾ ਹੈ। ਇਸ ਨੂੰ ਸੰਸਕ੍ਰਿਤ ਦੇ 'ਮਹ' ਦਾ ਸੁਜਾਤੀ ਹੋਣ ਦੀ ਸੰਭਾਵਨਾ ਦਰਸਾਈ ਗਈ ਹੈ। ਮਹ ਸ਼ਬਦ ਵਿਚ ਜਸ਼ਨ, ਬਲੀ ਆਦਿ ਦੇ ਭਾਵ ਹਨ। ਫਾਰਸੀ ਸ਼ਬਦ ਮਜ਼ੀਦਨ ਦਾ ਅਰਥ ਹੁੰਦਾ ਹੈ-ਭੇਟਾ ਕਰਨਾ ਜਾਂ ਭੋਜਨ ਭੇਟਾ ਕਰਨਾ। ਇਸ ਤਰ੍ਹਾਂ ਜੇ ਸ਼ਬਦ ਇਸ ਕਿਰਿਆ ਤੋਂ ਬਣਿਆ ਹੋਵੇ ਤਾਂ ਇਸ ਦਾ ਪਹਿਲਾ ਅਰਥ ਬਣਦਾ ਹੈ ਭੇਟਾ ਜਾਂ ਭੋਜਨ। ਪਰ ਇਸ ਤੋਂ ਮੇਜ਼ ਵਾਲੇ ਅਰਥ ਸਪੱਸ਼ਟ ਨਹੀਂ ਹੁੰਦੇ। ਮੇਜ਼ ਦੇ ਫਾਰਸੀ ਵਿਚ ਉਘੇ ਅਰਥ ਹਨ-ਅਜਨਬੀ, ਓਪਰਾ ਆਦਮੀ, ਪ੍ਰਾਹੁਣਾ; ਪ੍ਰਾਹੁਣੇ ਦੀ ਆਉ-ਭਗਤ, ਪ੍ਰਾਹੁਣਚਾਰੀ, ਦਾਅਵਤ।



ਦੂਜੇ ਪਾਸੇ ਫਾਰਸੀ ਤੇ ਅੱਗੋਂ ਉਰਦੂ ਦਾ ਇਕ ਸ਼ਬਦ ਹੈ-ਮੇਜ਼ਬਾਨ ਜਿਸ ਦਾ ਅਰਥ ਹੁੰਦਾ ਹੈ ਪ੍ਰਾਹੁਣਿਆਂ ਦੀ ਸੇਵਾ ਕਰਨ ਵਾਲਾ। ਪਹਿਲਵੀ ਵਿਚ ਮੇਜ਼ ਜਾਂ ਵੱਡੀ ਥਾਲੀ ਲਈ ਖਵਾਨ ਸ਼ਬਦ ਮਿਲਦਾ ਹੈ। ਇਹ ਸ਼ਬਦ ਅਜੇ ਵੀ ਫਾਰਸੀ ਉਰਦੂ ਵਿਚ ਮੌਜੂਦ ਹੈ ਭਾਵੇਂ ਇਸ ਦੀ ਵਰਤੋਂ ਬਹੁਤ ਘਟ ਗਈ ਹੈ। ਪਰ ਇਹ ਸ਼ਬਦ 'ਦਸਤਰਖਵਾਨ' ਦੇ ਲਫਜ਼ ਵਿਚ ਜ਼ਰੂਰ ਝਲਕਦਾ ਹੈ। ਬਹੁਤ ਸਾਰੇ ਜਾਣਦੇ ਹੀ ਹੋਣਗੇ, ਦਸਤਰਖਵਾਨ ਦਾ ਮਤਲਬ ਹੈ-ਵਿਛਾਇਆ ਹੋਇਆ ਭੋਜਨ। ਇਸ ਤਰ੍ਹਾਂ ਟੇਬਲ ਦੇ ਅਰਥਾਂ ਵਾਲੇ ਮੇਜ਼ ਸ਼ਬਦ ਦਾ ਫਾਰਸੀ ਨਾਲ ਰਿਸ਼ਤਾ ਬਹੁਤਾ ਸਥਾਪਤ ਨਹੀਂ ਹੁੰਦਾ।

ਮੇਜ਼ ਸ਼ਬਦ ਦੇ ਦੋ ਸਰੋਤ ਮੰਨੇ ਜਾਂਦੇ ਹਨ-ਫਾਰਸੀ ਅਤੇ ਪੁਰਤਗੀਜ਼। ਪੁਰਤਗੀਜ਼ ਵਿਚ ਇਸ ਸ਼ਬਦ ਦਾ ਲਿਖਤੀ ਰੂਪ ਹੈ Mesa ਪਰ ਇਸ ਭਾਸ਼ਾ ਦੇ ਉਚਾਰਣ ਅਨੁਸਾਰ ਇਥੇ ਐਸ ਦੀ ਧੁਨੀ 'ਜ਼' ਹੈ। ਇਸ ਭਾਸ਼ਾ ਵਿਚ ਇਸ ਦਾ ਅਰਥ ਮੇਜ਼ ਤੋਂ ਇਲਾਵਾ ਫੱਟਾ ਵੀ ਹੈ। ਪੁਰਤਗੀਜ਼ ਭਾਸਾ ਦੇ ਇਕ ਨਿਰੁਕਤ ਕੋਸ਼ ਅਨੁਸਾਰ ਪੁਰਤਗੀਜ਼ ਵਿਚ ਇਹ ਸ਼ਬਾਦ ਲਾਤੀਨੀ Mensa ਤੋਂ ਆਇਆ ਹੈ। ਲਾਤੀਨੀ ਵਿਚ ਮੈਨਸਾ ਦੇ ਅਰਥ ਮੇਜ਼ ਤੋਂ ਇਲਾਵਾ ਭੋਜਨ, ਵੇਦੀ, ਵੇਦੀ ਦੀ ਉਪਰਲੀ ਸਿਲ ਜਾਂ ਇਸ ਉਤੇ ਬਲੀ ਜਾਂ ਹੋਰ ਕਿਸੇ ਸ਼ੈਅ ਦਾ ਚੜ੍ਹਾਵਾ ਹੈ। ਇਥੋਂ ਇਸ ਦੇ ਪਹਿਲਾਂ ਜ਼ਿਕਰ ਕੀਤੇ ਸੰਸਕ੍ਰਿਤ ਸ਼ਬਦ ਮਹ ਦੇ ਸੁਜਾਤੀ ਹੋਣ ਦੀ ਸ਼ੱਕ ਵੀ ਪੈਂਦੀ ਹੈ। ਪੁਰਤਗੀਜ਼ ਭਾਸ਼ਾ ਵਿਚ ਇਹ ਸ਼ਬਦ ਕੋਈ ਦਸਵੀਂ ਸਦੀ ਵਿਚ ਮੌਜੂਦ ਸੀ। ਲਾਤੀਨੀ ਤੋਂ ਇਹ ਸ਼ਬਦ ਪੁਰਤਗੀਜ਼ ਤੋਂ ਛੁੱਟ ਇਸ ਦੀਆਂ ਸੰਤਾਨ ਹੋਰ ਰੁਮਾਂਸ ਭਾਸ਼ਾਵਾਂ ਜਿਵੇਂ ਸਪੈਨਿਸ਼, ਰੁਮਾਨੀਅਨ ਅਤੇ ਇਤਾਲਵੀ ਵਿਚ ਗਿਆ, ਪਰ ਅਫਸੋਸ ਫਾਰਸੀ ਦੇ ਬਹੁਤੇ ਕੋਸ਼ ਸ਼ਬਦਾਂ ਦੀ ਵਿਉਤਪਤੀ ਵੱਲ ਸੰਕੇਤ ਨਹੀਂ ਕਰਦੇ। ਰੁਮਾਂਸ ਭਾਸ਼ਾਵਾਂ ਦੇ ਸਰੋਤਾਂ ਤੋਂ ਇਸ ਦੇ ਲਾਤੀਨੀ ਪਿਛੇ ਦੇ ਹੋਣ ਦੀ ਪੁਸ਼ਟੀ ਮਿਲਦੀ ਹੈ। ਨਾਲ ਲੱਗਦੇ ਇਹ ਵੀ ਦੱਸ ਦੇਈਏ ਕਿ ਅੰਗਰੇਜ਼ੀ ਸ਼ਬਦ Mesa ਦਾ ਅਰਥ ਹੈ-ਟੇਬਲ ਲੈਂਡ (Table Land) ਜਿਸ ਨੂੰ ਅਸੀਂ ਪਠਾਰ ਆਖਦੇ ਹਾਂ ਅਰਥਾਤ ਅਜਿਹੀ ਪਹਾੜੀ ਜਿਸ ਦੀ ਚੋਟੀ ਸਪਾਟ, ਸਮਤਲ ਹੋਵੇ ਅਤੇ ਢਲਾਣਾਂ ਸਿਧੀਆਂ ਹੋਣ। ਦਿਮਾਗ ਵਿਚ ਮੇਜ਼ ਜਿਹਾ ਬਿੰਬ ਹੀ ਬਣਦਾ ਹੈ।

ਸਾਨੂੰ ਸਭ ਨੂੰ ਪਤਾ ਹੈ ਕਿ ਭਾਰਤ ਦੇ ਦੱਖਣ, ਖਾਸ ਕਰ ਗੋਆ ਵਿਚ ਪੁਰਤਗੀਜ਼ਾਂ ਦਾ ਰਾਜ ਰਿਹਾ ਹੈ। ਇਸ ਦੌਰਾਨ ਮੇਜ਼ ਸਹਿਤ ਇਸ ਭਾਸ਼ਾ ਦੇ ਕਈ ਸ਼ਬਦ ਸਾਡੀਆਂ ਭਾਸ਼ਾਵਾਂ ਵਿਚ ਆਏ। ਅਲਮਾਰੀ ਵੀ ਇਕ ਅਜਿਹਾ ਹੀ ਸ਼ਬਦ ਹੈ ਜਿਸ ਬਾਰੇ ਬਹੁਤ ਪਹਿਲਾਂ ਲਿਖਿਆ ਜਾ ਚੁੱਕਾ ਹੈ। ਕਈਆਂ ਦਾ ਅਨੁਮਾਨ ਹੈ ਕਿ ਪੁਰਤਗੀਜ਼ ਤੋਂ ਭਾਰਤ ਆਇਆ ਮੇਜ਼ ਸ਼ਬਦ ਅੱਗੇ ਇਰਾਨ ਗਿਆ ਹੋਵੇਗਾ ਤੇ ਹੋਰ ਅੱਗੇ ਅਰਬੀ ਬੋਲਦੇ ਦੇਸ਼ਾਂ ਵਿਚ। ਪੁਰਤਗੀਜ਼ਾਂ ਦਾ ਮਸਕਟ, ਉਮਾਨ ਅਤੇ ਸਾਊਦੀ ਅਰਬ ਵਿਚ ਕੋਈ ਡੇਢ ਸੌ ਸਾਲ ਰਾਜ ਵੀ ਰਿਹਾ। ਪੁਰਤਗੀਜ਼ ਬੋਲਬਾਲੇ ਵਾਲੇ ਹੋਰ ਦੇਸ਼ਾਂ ਵਿਚ ਸਰਸਰੀ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਮੇਜ਼ ਜਿਹੇ ਸ਼ਬਦ ਦੀ ਵਰਤੋਂ ਇਨ੍ਹਾਂ ਹੀ ਅਰਥਾਂ ਵਿਚ ਹੁੰਦੀ ਹੈ। ਮਿਸਾਲ ਵਜੋਂ ਮਲਾਏ 'ਚ ਮੇਜਾ, ਤਾਮਿਲ, ਮਲਿਆਲਮ ਤੇ ਤੈਲਗੂ ਵਿਚ ਮੇਜ਼, ਸਵਾਲੀ ਮੇਜ਼, ਸੁਮਾਲੀ ਮੀਜ਼ ਆਦਿ।

ਪਰ ਇਕ ਹੋਰ ਮੱਤ ਅਨੁਸਾਰ ਇਹ ਸ਼ਬਦ ਪੁਰਾਣੀ ਫਾਰਸੀ ਦਾ ਆਪਣਾ ਸ਼ਬਦ ਹੈ। ਮਧਕਾਲੀ ਫਾਰਸੀ ਵਿਚ ਇਕ ਸ਼ਬਦ ਮੈਜ਼ਦ ਮਿਲਦਾ ਹੈ ਜਿਸ ਦੇ ਅਰਥ ਭੋਜਨ, ਮਹਿਮਾਨਾਂ ਨੂੰ ਪਰੋਸਿਆ ਭੋਜਨ, ਪਰੋਸਾ, ਭੇਟਾ ਆਦਿ ਹਨ। ਇਸੇ ਤੋਂ ਮੇਜ਼ਦੋਬਾਨ ਅਤੇ ਫਿਰ ਵਿਚੋਂ 'ਦੋ' ਅਲੋਪ ਹੋਣ ਨਾਲ ਮੇਜ਼ਬਾਨ/ਮੇਜ਼ਮਾਨ ਸ਼ਬਦ ਬਣੇ। ਪਰ ਪਹਿਲਵੀ ਵਿਚ ਇਹ ਸ਼ਬਦ ਮੌਜੂਦ ਨਹੀਂ ਹੈ। ਇਸ ਦੋਗਲੀ ਵਿਉਤਪਤੀ ਦੇ ਮਸਲੇ ਦਾ ਸਮਾਧਾਨ ਕਿਵੇਂ ਹੋਵੇ? ਇਹ ਤਾਂ ਸਪੱਸ਼ਟ ਹੈ ਕਿ ਲਾਤੀਨੀ ਪਿਛੋਕੜ ਵਾਲੇ ਪੁਰਤਗੀਜ਼ ਸ਼ਬਦ ਵਿਚ ਮੁਢਲਾ ਭਾਵ ਟੇਬਲ ਜਾਂ ਵੇਦੀ ਦੀ ਉਪਰਲੀ ਸਿਲ ਹੈ ਜਦਕਿ ਫਾਰਸੀ ਮੇਜ਼ਦ ਵਿਚ ਪਰੋਸਾ, ਭੋਜਨ ਆਦਿ ਦੇ ਭਾਵ ਹਨ। ਇਸ ਤਰ੍ਹਾਂ ਮੇਜ਼ਦੋਬਾਨ ਅਤੇ ਫਿਰ ਮੇਜ਼ਬਾਨ ਦੇ ਅਰਥ ਭੋਜਨ ਕਰਨ ਵਾਲੇ ਅਤੇ ਫਿਰ ਭੋਜਨ ਛਕਾਉਣ ਵਾਲੇ ਲੋਕ ਬਣਦੇ ਹਨ ਭਾਵੇਂ ਇਹ ਲੋਕ ਭੁੰਜੇ ਬਹਿ ਕੇ ਹੀ ਅਜਿਹਾ ਕਰਨ। ਪਰ ਫਿਰ ਪੁਰਤਗੀਜ਼ ਵਲੋਂ ਟੇਬਲ ਦੇ ਅਰਥਾਂ ਵਾਲਾ ਮੇਜ਼ ਸ਼ਬਦ ਆਉਣ ਨਾਲ ਮੇਜ਼ਬਾਨ ਸ਼ਬਦ ਨੂੰ ਮੇਜ਼ ਤੇ ਬਹਾ ਕੇ ਖਾਣਾ ਖੁਆਉਣ ਵਾਲਾ ਬਣ ਗਿਆ। ਪਰ ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਲਾਤੀਨੀ ਸ਼ਬਦ ਮੈਨਸਾ ਵਿਚ ਵੀ ਭੋਜਨ ਦੇ ਅਰਥ ਹਨ। ਅਸਲ ਵਿਚ ਅਜਿਹੇ ਭੋਜਨ ਕਰਨ ਵਾਲੀ ਜਗ੍ਹਾ ਤੋਂ ਭੋਜਨ ਦੇ ਅਰਥ ਸਹਿਜ ਵਿਕਾਸ ਹੈ। ਢਾਬਿਆਂ, ਰੈਸਤੋਰਾਂ ਵਿਚ ਜਾਣ ਦੇ ਸ਼ੌਕੀਨਾਂ ਨੂੰ ਪਤਾ ਹੈ ਕਿ ਥਾਲੀ ਸ਼ਬਦ ਦਾ ਇਕ ਅਰਥ ਥਾਲੀ ਵਿਚ ਪਰੋਸਿਆ ਭੋਜਨ ਵੀ ਹੈ ਤੇ ਬਾਲਟੀ ਦਾ ਅਰਥ ਬਾਲਟੀਨੁਮਾ ਭਾਂਡੇ ਵਿਚ ਪਰੋਸਿਆ ਭੋਜਨ।

ਇਹ ਸਤਰਾਂ ਲਿਖਦਿਆਂ ਮੈਂ ਅਮਰੀਕਾ ਵਿਚ ਰਾਸ਼ਟਰਪਤੀ ਵਜੋਂ ਰਿਪਬਲੀਕਨ ਨਮਾਇੰਦਗੀ ਦੀ ਉਮੀਦਵਾਰੀ ਲਈ ਪ੍ਰਚਾਰ ਕਰ ਰਹੇ ਡੋਨਾਲਡ ਟਰੰਪ ਦੀ ਇਕ ਖਬਰ ਸੁਣ ਰਿਹਾ ਹਾਂ। ਕੈਲੀਫੋਰਨੀਆ ਦੇ ਇਕ ਸ਼ਹਿਰ 'ਕੋਸਟਾ ਮੇਜਾ' ਵਿਚ ਉਸ ਦੀ ਮੁਹਿੰਮ ਦੌਰਾਨ ਉਸ ਦੇ ਖਿਲਾਫ ਮੈਕਸੀਕਨ ਝੰਡੇ ਫੜ੍ਹੀਂ ਕਈ ਲੋਕਾਂ ਨੇ ਜ਼ਬਰਦਸਤ ਰੋਸ ਪ੍ਰਗਟ ਕੀਤੇ। ਕੈਲੀਫੋਰਨੀਆ ਪਹਿਲਾਂ ਮੈਕਸੀਕੋ ਦਾ ਹੀ ਹਿੱਸਾ ਹੁੰਦਾ ਸੀ ਜਦ ਕਿ ਟਰੰਪ ਅਮਰੀਕਾ ਵਿਚ ਮੈਕਸੀਕਨਾਂ ਦੀ 'ਨਾਜਾਇਜ਼ ਘੁਸਪੈਠ' ਦੇ ਖਿਲਾਫ ਹੈ। ਮੇਰਾ ਸਰੋਕਾਰ ਇਸ ਗੱਲ ਨਾਲ ਹੈ ਕਿ 'ਕੋਸਟਾ ਮੇਸਾ' ਦਾ ਇਹ ਨਾਂ 1920 ਵਿਚ ਰੱਖਿਆ ਗਿਆ, ਪਹਿਲਾਂ ਇਸ ਦਾ ਨਾਂ ਹਾਰਪਰ ਹੁੰਦਾ ਸੀ। ਕਸਬੇ ਦਾ ਵਧੀਆ ਨਵਾਂ ਨਾਂ ਸੁਝਾਉਣ ਵਾਲੇ ਲਈ ਸਪੈਨਿਸ਼ ਬੋਲਦੇ ਸ਼ਹਿਰੀਆਂ ਨੇ 25 ਡਾਲਰ ਦਾ ਇਨਾਮ ਰੱਖਿਆ ਸੀ। ਇਕ ਅਧਿਆਪਕਾ ਨੇ ਇਹ ਨਾਂ ਸੁਝਾਅ ਕਿ ਇਨਾਮ ਜਿੱਤਿਆ। ਸਪੈਨਿਸ਼ ਭਾਸ਼ਾ ਦੇ ਇਸ ਨਵੇਂ ਨਾਂ ਦਾ ਅਰਥ ਹੈ Coastal Tableland 'ਤਟਵਰਤੀ ਪਠਾਰ', ਕੋਸਟਾ=ਤਟ, ਮੇਸਾ=ਪਠਾਰ। ਇਹ ਸ਼ਹਿਰ ਲਾਸ ਏਂਜਲਸ ਅਤੇ ਸੈਨ ਡਿਆਗੋ ਦੇ ਵਿਚਕਾਰ ਸਮੁੰਦਰ ਦੇ ਤਟ 'ਤੇ ਸਥਿਤ ਹੈ। ਪਾਠਕ 'ਕੋਸਟਾ ਰੀਕਾ' ਬਾਰੇ ਮੇਰਾ ਲੇਖ ਪੜ੍ਹ ਹੀ ਚੁਕੇ ਹੋਣਗੇ।

---

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

# ਸਿਦਕ ਤੇ ਸੇਵਾ ਨੂੰ ਸਲਾਮ

ਸੰਪੂਰਨ ਸਿੰਘ ਪਾਠੀ ਨੂੰ ਸਾਰਾ ਪਿੰਡ 'ਬਾਈ ਜੀ' ਕਹਿ ਕੇ ਬੁਲਾਉਂਦਾ ਸੀ। ਉਸ ਨੇ ਦਮਦਮੀ ਟਕਸਾਲ ਦੇ ਵੱਡੇ ਮਹਾਂ ਪੁਰਸ਼ਾਂ ਤੋਂ ਗੁਰਬਾਣੀ ਦੀ ਸੰਥਿਆ ਲਈ ਸੀ। ਉਸ ਵਰਗਾ ਪਾਠੀ ਇਲਾਕੇ ਵਿਚ ਨਹੀਂ ਸੀ। ਉਹ ਵੱਡਾ ਸਮਾਜ ਸੁਧਾਰਕ ਵੀ ਸੀ। ਬਾਈ ਜੀ ਤਿੰਨ ਭਰਾਵਾਂ ਤੇ ਦੋ ਭੈਣਾਂ ਤੋਂ ਛੋਟਾ ਸੀ। ਨਿੱਕੇ ਹੁੰਦਿਆਂ ਤੋਂ ਹੀ ਗੁਰੂਘਰ ਸੇਵਾ ਕਰਨੀ, ਪਿੰਡ ਦੇ ਹਰ ਸਾਂਝੇ ਕੰਮ ਵਿਚ ਹੱਥ ਵੰਡਾਉਣਾ ਉਸ ਦਾ ਸੁਭਾਅ ਸੀ। ਜਦੋਂ ਉਹਨੇ ਗੁਰਬਾਣੀ ਦੀ ਸੰਥਿਆ ਪੂਰੀ ਕੀਤੀ ਤਾਂ ਆਪ ਅੰਮ੍ਰਿਤ ਛਕਿਆ ਤੇ ਸਾਰੇ ਭੈਣ ਭਰਾਵਾਂ ਨੂੰ ਵੀ ਛਕਾ ਲਿਆਂਦਾ। ਉਹਦੇ ਮਾਤਾ ਪਿਤਾ ਪਹਿਲਾਂ ਹੀ ਅੰਮ੍ਰਿਤਧਾਰੀ ਸਨ। ਬਾਈ ਜੀ ਦੇ ਜਵਾਨੀ ਵਾਲੇ ਦਿਨਾਂ ਵਿਚ ਲੋਕ ਅੱਜ ਵਾਂਗ ਅਖੰਡਪਾਠ ਜਾਂ ਸਹਿਜ ਪਾਠ ਨਹੀਂ ਸੀ ਕਰਵਾਉਂਦੇ। ਸਰਦੇ ਵਾਲਾ ਹੀ ਖੁਸ਼ੀ ਨੂੰ ਮੁੱਖ ਰੱਖ ਕੇ ਪਾਠ ਕਰਵਾਉਂਦਾ ਸੀ ਜਾਂ ਕਿਸੇ ਦੇ ਮਰਗ ਹੋ ਜਾਂਦੀ ਤਾਂ ਸਹਿਜ ਪਾਠ ਕਰਵਾਇਆ ਜਾਂਦਾ ਸੀ।

ਬਾਈ ਜੀ ਦੇ ਅਜ਼ਬ ਸੁਭਾਅ ਤੋਂ ਹਰ ਬੰਦਾ ਜਾਣੂ ਸੀ, ਲੋਕਾਂ ਦੀ ਸਹਿਮਤੀ ਨਾਲ ਬਾਈ ਜੀ ਨੂੰ ਗੁਰਦੁਆਰੇ ਦੇ ਗ੍ਰੰਥੀ ਦੀ ਸੇਵਾ ਸੰਭਾਲ ਦਿੱਤੀ ਗਈ। ਉਨ੍ਹੀਂ ਦਿਨੀਂ ਗੁਰਦੁਆਰੇ ਦੀ ਆਮਦਨ, ਲੋਕਾਂ ਵੱਲੋਂ ਪੰਜੀ ਦਸੀ, ਜਾਂ ਹਾੜ੍ਹੀ ਸਾਉਣੀ ਕਣਕ ਪੱਕੀ ਤੋਂ ਹੁੰਦੀ ਸੀ। ਗੁਰਦੁਆਰੇ ਵਿਚ ਸੰਗਰਾਂਦ, ਪੁੰਨਿਆ, ਮੱਸਿਆ ਤੇ ਗੁਰੂਆਂ ਦੇ ਆਗਮਨ ਅਤੇ ਸ਼ਹੀਦੀ ਦਿਹਾੜੇ ਮਨਾਏ ਜਾਂਦੇ। ਗੁਰਦੁਆਰੇ ਦੀ ਗੋਲਕ ਮਿੱਟੀ ਦੇ ਘੜੇ ਵਰਗੀ ਸੀ। ਬੰਦੇ ਸ਼ਰਧਾ ਮੁਤਾਬਕ ਪੈਸੇ ਦਾ ਮੱਥਾ ਟੇਕ ਦਿੰਦੇ ਤੇ ਬੀਬੀਆਂ ਆਟਾ, ਕਣਕ, ਮੱਕੀ ਆਦਿ ਲਿਆਉਂਦੀਆਂ ਜੋ ਬੂਹੇ ਅੱਗੇ ਰੱਖੀ ਬੋਰੀ 'ਚ ਪਾ ਦਿੰਦੀਆਂ। ਸੰਗਰਾਂਦ ਵਾਲੇ ਦਿਨ ਲੋਕ ਤੜਕੇ ਹੀ ਗੁਰਦੁਆਰੇ ਵੱਲ ਚਾਲੇ ਪਾ ਦਿੰਦੇ। ਸਭ ਤੋਂ ਪਹਿਲਾਂ ਸਹਿਜ ਪਾਠ ਦਾ ਭੋਗ ਪੈਂਦਾ, ਫਿਰ ਬਾਰਾਂਮਾਹ ਦਾ ਪਾਠ ਕੀਤਾ ਜਾਂਦਾ। ਜਿਸ ਮਹੀਨੇ ਦੀ ਸੰਗਰਾਂਦ ਹੁੰਦੀ, ਉਸ ਮਹੀਨੇ ਦੀ ਕਥਾ ਬਾਰਾਂਮਾਹਾ ਵਿਚੋਂ ਕੀਤੀ ਜਾਂਦੀ। ਬਾਈ ਜੀ ਦੀ ਅਰਦਾਸ ਸੁਣ ਕੇ ਦਿਲਾਂ ਵਿਚ ਹੰਝੂ ਕਿਰਨ ਲੱਗ ਜਾਂਦੇ। ਬੀਬੀਆਂ ਦਾ ਧਿਆਨ ਇਨਾ ਜੁੜ ਜਾਂਦਾ ਕਿ ਮੰਨੂੰ ਵਾਲਾ ਸਾਕਾ ਜਿਵੇਂ ਉਹ ਆਪਣੇ ਪਿੰਡੇ 'ਤੇ ਹੰਢਾ ਰਹੀਆਂ ਹੋਣ। ਹੁਕਮਨਾਮੇ ਤੋਂ ਬਾਅਦ ਸੰਗਤ ਲਈ ਮੂੰਗੀ ਦੀ ਦਾਲ ਨਾਲ ਸੁੱਕਾ ਪ੍ਰਸ਼ਾਦਾ ਵਰਤਾਇਆ ਜਾਂਦਾ। ਸੰਗਰਾਂਦ 'ਤੇ ਇਕੱਤਰ ਹੋਈ ਮਾਇਆ ਤੇ ਦਾਣੇ ਵੇਚ ਕੇ ਕਿਸੇ ਗਰੀਬ ਦੀ ਬਿਮਾਰੀ ਜਾਂ ਲੋੜਵੰਦ ਦੀ ਧੀ ਦੇ ਵਿਆਹ ਲਈ ਰੱਖ ਦਿੱਤੀ ਜਾਂਦੀ। ਬਾਈ ਜੀ ਸੇਵਾ ਸੰਭਾਲ ਦਾ ਇਕ ਵੀ ਪੈਸਾ ਨਹੀਂ ਸੀ ਲੈਂਦੇ।

ਜੇ ਕੋਈ ਸਰਦਾ-ਪੁੱਜਦਾ ਬਾਈ ਨੂੰ ਆਖਦਾ ਕਿ ਘਰ ਅਖੰਡਪਾਠ ਜਾਂ ਸਹਿਜ ਪਾਠ ਕਰਵਾਉਣਾ ਹੈ ਤਾਂ ਬਾਈ ਜੀ ਉਸ ਘਰ ਦੇ ਸਾਰੇ ਹਾਲਾਤ ਜਾਣਨ ਤੋਂ ਬਾਅਦ ਸਲਾਹ ਦਿੰਦਾ, 'ਭਾਈ! ਮਾਂ-ਪਿਉ ਦੀ ਸੇਵਾ ਕਰ, ਉਨ੍ਹਾਂ ਨੂੰ ਗੁਰੂ ਘਰ ਲਿਆ ਕੇ ਮੱਥਾ ਟਿਕਾ ਲਿਜਾਇਆ ਕਰ ਤੇ ਅਖੰਡ ਪਾਠ ਵਾਲੀ ਮਾਇਆ ਕਿਸੇ ਗਰੀਬ ਦੀ ਕੰਧ ਜਾਂ ਛੱਤ ਉਤੇ ਲਾ ਦੇ, ਜਾਂ ਕਿਸੇ ਗਰੀਬ ਦੇ ਕਣਕ ਦੀ ਬੋਰੀ ਸੁੱਟ ਆ। ਕਿਸੇ ਗਰੀਬ ਨੂੰ ਚਾਰ ਭਰੀਆਂ ਪੱਠਿਆਂ ਦੀਆਂ ਵਢਾ ਦੇ, ਤੇਰਾ ਅਖੰਡ ਪਾਠ ਹੋ ਗਿਆ ਸਮਝੀਂ।' ਜੇ ਅਗਲਾ ਬਹੁਤੀ ਜ਼ਿਦ ਕਰੇ ਕਿ ਸੁੱਖਣਾ ਸੁੱਖੀ ਸੀ, ਪੋਤਾ ਹੋਵੇ ਤਾਂ ਅਖੰਡਪਾਠ ਕਰਵਾਵਾਂਗੇ ਤਾਂ ਬਾਈ ਜੀ ਆਖ ਦਿੰਦੇ, 'ਚਲੋ ਭਾਈ! ਅਖੰਡਪਾਠ ਅਸੀਂ ਕਰਾਂਗੇ, ਪਰ ਤੁਹਾਨੂੰ ਵੀ ਸਾਰੇ ਪਰਿਵਾਰ ਨੂੰ ਅੰਮ੍ਰਿਤ ਛਕ ਕੇ ਆਉਣਾ ਪਊ, ਫਿਰ ਹੀ ਗੁਰੂਆਂ ਦੇ ਚਰਨ ਤੁਹਾਡੇ ਘਰ ਵਿਚ ਪੈਣਗੇ।' ਅਗਲਾ ਬੰਦਾ 'ਹਾਂ' ਦਾ ਜੈਕਾਰਾ ਛੱਡ ਦਿੰਦਾ। ਬੜੇ ਸਾਦੇ ਢੰਗ ਨਾਲ ਅਖੰਡਪਾਠ ਅਰੰਭ ਹੁੰਦਾ। ਪੰਜ ਪਾਠੀ ਤੇ ਪੰਜ ਜਪੁਜੀ ਸਾਹਿਬ ਪੜ੍ਹਨ ਵਾਲੇ ਹਾਜ਼ਰ ਹੁੰਦੇ। ਸਾਰੇ ਪਾਠੀ ਅੰਮ੍ਰਿਤਧਾਰੀ ਤੇ ਪੂਰੀ ਮਰਿਆਦਾ ਵਾਲੇ ਹੁੰਦੇ। ਅੱਜ ਵਾਂਗ ਅਖੰਡਪਾਠ ਅਮੀਰੀ ਦਾ ਸਟੇਟਸ ਬਣਾਉਣ ਲਈ ਨਹੀਂ ਸੀ ਕਰਵਾਇਆ ਜਾਂਦਾ, ਸਗੋਂ ਸਵਾਦੀ ਖਾਣਿਆਂ ਤੋਂ ਰਹਿਤ ਪਾਠ ਸੁਣਨ ਦਾ ਜ਼ਿਆਦਾ ਲਾਹਾ ਖੱਟਿਆ ਜਾਂਦਾ। ਬਾਈ ਜੀ ਅਰੰਭ ਵਾਲੇ ਦਿਨ ਤੋਂ ਚੁੱਲ੍ਹੇ ਬੀਬੀਆਂ ਨੂੰ ਆਖ ਦਿੰਦੇ, 'ਇਕ ਵਾਰ ਪ੍ਰਸ਼ਾਦਾ ਛਕਾ ਦੇਵੋ, ਬਾਕੀ ਸਮਾਂ ਗੁਰਬਾਣੀ ਸੁਣੋ।' ਅੱਜ ਕੱਲ੍ਹ ਇਕੱਲੇ ਪਾਠੀ ਹੀ ਪਾਠ ਪੜ੍ਹੀ ਜਾਂਦੇ ਹਨ, ਬਾਕੀ ਸਾਰਾ ਪਰਿਵਾਰ ਸ਼ਰੀਕੇ-ਭਾਈਚਾਰੇ ਨਾਲ ਰਸੋਈ ਵਿਚ ਪਕਵਾਨ ਤਿਆਰ ਕਰਨ ਵਿਚ ਰੁੱਝਿਆ ਰਹਿੰਦਾ ਹੈ। ਭੋਗ ਵਾਲੇ ਦਿਨ ਲੋਕਾਂ ਅੱਗੇ ਹੱਥ ਜੋੜੇ ਜਾਂਦੇ ਹਨ ਕਿ ਲੰਗਰ ਛਕ ਕੇ ਜਾਇਓ, ਪਰ ਜੇ ਕੋਈ ਗਰੀਬ-ਗੁਰਬਾ ਬੂਹੇ ਅੱਗੇ ਲੰਗਰ ਦੀ ਮੰਗ ਕਰੇ, ਤਾਂ ਉਸ ਮਗਰ ਸੋਟੀ ਲੈ ਕੇ ਭੱਜਦੇ ਹਨ। ਬਹੁਤੇ ਘਰੀਂ ਤਾਂ ਭੋਗ ਤੋਂ ਤੁਰਤ ਬਾਅਦ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਜਲਦੀ-ਜਲਦੀ ਗੁਰਦੁਆਰੇ ਸੁੱਖ ਆਸਨ ਕਰਵਾਇਆ ਜਾਂਦਾ ਹੈ, ਕਿਉਂਕਿ ਘਰ ਵਾਲਿਆਂ ਨੇ ਪੋਤਰੇ ਦੀ ਖੁਸ਼ੀ ਵਿਚ ਬੋਤਲਾਂ ਦੇ ਡੱਟ ਪੁੱਟਣੇ ਹੁੰਦੇ ਹਨ।

ਬਾਈ ਜੀ ਦੇ ਸਮੇਂ ਇਸ ਤਰ੍ਹਾਂ ਨਹੀਂ ਸੀ ਹੁੰਦਾ। ਮੂੰਗੀ ਦੀ ਦਾਲ ਨਾਲ ਪ੍ਰਸ਼ਾਦੇ ਖੁਆਏ ਜਾਂਦੇ। ਮੱਧ ਵਾਲੇ ਦਿਨ ਸੂਜੀ ਦਾ ਪ੍ਰਸ਼ਾਦ ਵੰਡਿਆ ਜਾਂਦਾ। ਭੋਗ ਵਾਲੇ ਦਿਨ ਵੱਡਾ ਕੜਾਹਾ ਮਿੱਠੇ ਚੌਲਾਂ ਦਾ ਬਣਦਾ। ਪ੍ਰਾਇਮਰੀ ਸਕੂਲ ਦੇ ਬੱਚਿਆਂ ਨੂੰ ਘਰੇ ਬੁਲਾ ਕੇ ਮਿੱਠੇ ਚੌਲ ਖਵਾਏ ਜਾਂਦੇ। ਨਾ ਕਦੇ ਮਾਇਆ ਪਿਛੇ ਲੜਾਈ ਹੁੰਦੀ, ਨਾ ਗੁਰਦੁਆਰੇ ਦੀ ਨਵੀਂ ਉਸਾਰੀ ਲਈ ਮਾਇਆ ਇਕੱਠੀ ਕਰ ਕੇ ਕੋਈ ਗਬਨ ਕੀਤਾ ਜਾਂਦਾ। ਬਾਈ ਜੀ ਵੱਲੋਂ ਗੁਰਦੁਆਰੇ ਦੀ ਨਵੀਂ ਬਿਲਡਿੰਗ ਨਾਲੋਂ ਪਿੰਡ ਵਿਚ ਨੌਜਵਾਨਾਂ ਨੂੰ ਸਿੱਖੀ ਲਈ ਪੱਕਿਆਂ ਕੀਤਾ ਜਾਂਦਾ ਸੀ। ਇਕ-ਦੋ ਵਾਰ ਬਾਈ ਜੀ ਦੀ ਸੇਵਾ ਸੰਭਾਲ 'ਤੇ ਪ੍ਰਸ਼ਨ ਚਿੰਨ੍ਹ ਲੱਗੇ ਤਾਂ ਬਾਈ ਜੀ ਨੇ ਝੱਟ ਕੁੰਜੀਆਂ ਫੜਾ ਦਿੱਤੀਆਂ ਤੇ ਅਗਲਿਆਂ ਸਿਰ ਨੀਵਾਂ ਕਰ ਲਿਆ। ਉਹ ਅੱਜ ਦੇ ਪ੍ਰਧਾਨਾਂ ਵਾਂਗ ਗੋਲਕਾਂ ਦੀਆਂ ਕੁੰਜੀਆਂ ਨਾਲ ਨਹੀਂ ਚੰਬੜੇ ਰਹੇ। ਹਮੇਸ਼ਾ ਨਿਸ਼ਕਾਮ ਸੇਵਾ ਕਰਦੇ ਰਹੇ। ਅੱਜ ਗੁਰਦੁਆਰਿਆਂ ਵਿਚ ਸਿਰਫ ਇਹ ਧਿਆਨ ਦਿੱਤਾ ਜਾਂਦਾ ਹੈ ਕਿ ਸੰਗਤ ਨੂੰ ਚਾਹ ਪੀਣ ਜਾਂ ਲੰਗਰ ਛਕਣ ਵੇਲੇ ਕੋਈ ਮੁਸ਼ਕਿਲ ਨਾ ਆਵੇ। ਕੋਈ ਕੁਰਸੀਆਂ-ਮੇਜ਼ਾਂ ਪਿਛੇ ਲੜੀ ਜਾਂਦਾ ਹੈ। ਬਾਈ ਜੀ ਹਮੇਸ਼ਾ ਕਹਿੰਦੇ ਸਨ ਕਿ ਸੰਗਤ ਨੂੰ ਗੁਰੂ ਨਾਲ ਜੋੜਨਾ ਹੈ। ਉਦੋਂ ਗੁਰਦੁਆਰੇ ਬੇਸ਼ੱਕ ਕੱਚੇ ਸਨ, ਪਰ ਸਿੱਖ ਪੱਕੇ ਸਨ। ਅੱਜ ਵਾਂਗ ਦਿਖਾਵੇ ਦੀ ਸਿੱਖੀ ਨਹੀਂ ਸੀ। ਸਿੱਖ ਅੰਦਰੋਂ 'ਮੈਂ' ਭਾਰੂ ਨਹੀਂ ਸੀ; ਸਿਰਫ 'ਤੂੰ' ਹੀ 'ਤੂੰ' ਸੀ।

ਬਾਈ ਜੀ ਨੂੰ ਜੇ ਕੋਈ ਸਹਿਜ ਪਾਠ ਬਾਰੇ ਕਹਿੰਦਾ, ਤਾਂ ਆਖਦੇ, 'ਸਵੇਰੇ ਗੁਰਦੁਆਰੇ ਆ ਕੇ ਸੰਥਿਆ ਲੈਣੀ ਸ਼ੁਰੂ ਕਰ ਦੇ, ਇਕ ਸਾਲ ਵਿਚ ਪਾਠੀ ਬਣ ਜਾਵੇਂਗਾ। ਫਿਰ ਘਰੇ ਆਪ ਆਪਣੇ ਸਹਿਜ ਪਾਠ ਅਰੰਭ ਕਰ ਲਈਂ। ਪਿੰਡ ਦਾ ਕੋਈ ਵੀ ਬੰਦਾ ਆਪਣੀ ਧੀ ਨੂੰ ਦਾਜ ਨਾ ਦਿੰਦਾ। ਜੇ ਕੋਈ ਦਾਜ ਮੰਗਦਾ ਤਾਂ ਬਾਈ ਜੀ ਮੁੰਡੇ ਵਾਲਿਆਂ ਦੀ ਦਹਿਲੀਜ਼ ਚੜ੍ਹ ਜਾਂਦੇ, ਬਾਣੀ ਵਿਚੋਂ ਸ਼ਬਦ ਪੜ੍ਹ ਕੇ ਉਨ੍ਹਾਂ ਦੇ ਕੰਨੀ ਪਾਉਂਦੇ ਤੇ ਅਗਲਿਆਂ ਦੇ ਅਕਲ ਦੇ ਦਰਵਾਜ਼ੇ ਖੁੱਲ੍ਹ ਜਾਂਦੇ। ਸਾਦੇ ਢੰਗ ਨਾਲ ਬਰਾਤ ਆਉਂਦੀ ਤੇ ਅਨੰਦ ਕਾਰਜ ਦੀ ਰਸਮ ਪੂਰੀ ਹੁੰਦੀ। ਵਿਆਹ ਚਾਰ ਦਿਨ ਚੱਲਦਾ ਤੇ ਸਾਰੇ ਖੁਸ਼ੀਆਂ ਵਿਚ ਝੂਮਦੇ ਜਸ਼ਨ ਮਨਾਉਂਦੇ। ਬਾਈ ਜੀ ਨੇ ਆਪ ਵਿਆਹ ਨਹੀਂ ਸੀ ਕਰਵਾਇਆ, ਪਰ ਉਨ੍ਹਾਂ ਦੇ ਵੱਡੇ ਭਰਾ ਦੀ ਮੌਤ ਪਿਛੋਂ ਉਨ੍ਹਾਂ ਦੀ ਭਾਬੀ ਨੂੰ ਉਨ੍ਹਾਂ ਦੇ ਸਿਰ ਬਿਠਾ ਦਿੱਤਾ। ਬਾਈ ਜੀ ਨੇ ਗ੍ਰਹਿਸਥੀ ਜੀਵਨ ਦੀ ਬੇੜੀ ਵੀ ਦੁਨਿਆਵੀ ਸਮੁੰਦਰ 'ਚ ਠੇਲ੍ਹ ਲਈ ਸੀ। ਦੁੱਖਾਂ ਦੇ ਕਈ ਝੱਖੜ ਆਏ, ਪਰ ਉਹ ਗੁਰਬਾਣੀ ਦੇ ਸਹਾਰੇ ਅਡੋਲ ਖੜ੍ਹੇ ਰਹੇ। ਬਾਈ ਜੀ ਦੇ ਦੋ ਪੁੱਤਰ ਹੋਏ। ਉਨ੍ਹਾਂ ਨੇ ਕਦੇ ਵੀ ਗੁਰਦੁਆਰੇ ਨਾਲੋਂ ਨਾਤਾ ਨਾ ਤੋੜਿਆ, ਸਗੋਂ ਪਿੰਡ ਦੇ ਚਾਰੇ ਰਾਹ ਪੱਕੇ ਕਰਵਾ ਦਿੱਤੇ। ਗੁਰਦੁਆਰੇ ਦੀ ਤਿਲ-ਫੁੱਲ ਭੇਟਾ ਨਾਲ ਬਾਈ ਜੀ ਨੇ ਕਈ ਗਰੀਬ ਘਰਾਂ ਦੀਆਂ ਛੱਤਾਂ ਪੁਆਈਆਂ। ਕਈ ਧੀਆਂ ਦੇ ਹੱਥ ਪੀਲੇ ਕੀਤੇ। ਕਈ ਨੌਜਵਾਨਾਂ ਨੂੰ ਸਿੱਖੀ ਨਾਲ ਜੋੜ ਕੇ ਪਾਠੀ ਬਣਾਇਆ। ਪਿੰਡ 'ਚ ਮਿਡਲ ਤੇ ਹਾਈ ਸਕੂਲ ਬਣਵਾਇਆ।

ਜਿੰਨਾ ਸਮਾਂ ਬਾਈ ਜੀ ਨੇ ਗੁਰਦੁਆਰੇ ਦੀ ਸੇਵਾ ਕੀਤੀ, ਪਿੰਡ ਵਿਚ ਦੂਜਾ ਗੁਰਦੁਆਰਾ ਨਹੀਂ ਬਣਿਆ। ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਚੌਧਰ ਦੇ ਭੁੱਖੇ ਲੋਕ ਸਾਹਮਣੇ ਆਉਣ ਲੱਗੇ। ਹੌਲੀ-ਹੌਲੀ ਪਿੰਡ ਦਾ ਏਕਾ ਖੇਰੂੰ-ਖੇਰੂੰ ਹੋਣ ਲੱਗਿਆ। ਪਿੰਡ ਨੂੰ ਵੀ ਨਵੇਂ ਜ਼ਮਾਨੇ ਦੀ ਜਾਗ ਲੱਗ ਪਈ। ਪੁਰਾਣਾ ਗੁਰਦੁਆਰਾ ਢਾਹ ਕੇ ਨਵੀਂ ਇਮਾਰਤ ਸ਼ੁਰੂ ਕਰ ਦਿੱਤੀ। ਫਿਰ ਚੜ੍ਹਾਵੇ ਦਾ ਰੌਲਾ ਪੈਣ ਲੱਗਿਆ। ਸੰਗਤ ਪਾਟੀ ਜਾਣ ਲੱਗੀ ਤਾਂ ਰਾਮਦਾਸੀਏ ਮੁਹੱਲੇ ਵਿਚ ਨਵਾਂ ਗੁਰਦੁਆਰਾ ਬਣ ਗਿਆ। ਬਾਈ ਜੀ ਤੋਂ ਬਾਅਦ ਗੋਲਕ ਸਾਂਭਣ ਵਾਲੇ ਤਾਂ ਬਹੁਤ ਆਏ, ਪਰ ਗੁਰਦੁਆਰਾ ਸਾਂਭਣ ਵਾਲਾ ਕੋਈ ਨਾ ਮਿਲਿਆ। ਜਿਸ ਪਿੰਡ ਵਿਚ ਕਦੇ ਬੀੜੀ ਨਹੀਂ ਸੀ ਮਿਲਦੀ, ਉਥੇ ਅੱਜ 'ਚਿੱਟਾ' ਮਿਲ ਰਿਹਾ ਹੈ। ਜਿਸ ਪਿੰਡ ਵਿਚ ਸਾਦੇ ਅਖੰਡਪਾਠ ਤੇ ਵਿਆਹ ਹੁੰਦੇ ਸੀ, ਉਸੇ ਪਿੰਡ ਵਿਚ ਵਿਆਹ ਜਿੰਨਾ ਖਰਚਾ ਅਖੰਡ ਪਾਠਾਂ 'ਤੇ ਹੋਣ ਲੱਗ ਪਿਆ ਹੈ। ਜਿਸ ਪਿੰਡ ਵਿਚ ਕਿਸੇ ਦਾਜ ਨਾ ਲਿਆ ਸੀ ਤੇ ਨਾ ਦਿੱਤਾ ਸੀ, ਉਸ ਪਿੰਡ ਵਿਚ ਧੀਆਂ ਤੇ ਨੂੰਹਾਂ ਅੱਗ ਵਿਚ ਲਪੇਟੀਆਂ ਜਾਣ ਲੱਗੀਆਂ। ਸਤਯੁਗੀ ਜ਼ਮਾਨੇ ਵਿਚ ਹਰ ਪਿੰਡ ਵਿਚ ਹੀ ਬਾਈ ਜੀ ਵਰਗਾ ਜ਼ਰੂਰ ਹੋਵੇਗਾ, ਪਰ ਅੱਜ ਦੇ ਕਲਯੁਗੀ ਜ਼ਮਾਨੇ ਵਿਚ ਜੇ ਕੋਈ ਬਾਈ ਜੀ ਵਰਗਾ ਪੈਦਾ ਹੁੰਦਾ ਹੈ, ਉਸ ਨੂੰ ਜੰਮਦਿਆਂ ਹੀ ਨੱਪ ਲਿਆ ਜਾਂਦਾ ਹੈ। ਤਾਂਹੀਓਂ ਤਾਂ ਅਸੀਂ ਨਿੱਤ ਮਰਦੇ ਹਾਂ-ਕੁਦਰਤੀ ਮੌਤ ਨਾਲ ਨਹੀਂ, ਆਪ ਸਹੇੜੀ ਮੌਤ ਨਾਲ, ਸਮਾਜਿਕ ਕੁਰੀਤੀਆਂ ਦੀ ਮੌਤ ਨਾਲ।

# ਬੱਬਰ ਕਰਮ ਸਿੰਘ ਦੌਲਤਪੁਰ

## ਸਿਦਕੀ ਜਿਉੜੇ

ਬੱਬਰ ਅਕਾਲੀ ਲਹਿਰ ਦਾ ਮੋਢੀ ਮਾਸਟਰ ਮੋਤਾ ਸਿੰਘ ਪਿੰਡ ਪਤਾਰਾ ਜ਼ਿਲ੍ਹਾ ਜਲੰਧਰ ਮੰਨਿਆ ਜਾਂਦਾ ਹੈ, ਪਰ ਉਸ ਦੇ ਜਲਦੀ ਹੀ ਗ੍ਰਿਫਤਾਰ ਹੋਣ ਪਿਛੋਂ ਅਸਲ ਮਾਅਨਿਆਂ ਵਿਚ ਇਸ ਲਹਿਰ ਦੇ ਮੋਢੀ ਬੱਬਰ ਕਰਮ ਸਿੰਘ ਦੌਲਤਪੁਰ ਅਤੇ ਬੱਬਰ ਕਿਸ਼ਨ ਸਿੰਘ ਗੜਗੱਜ ਪਿੰਡ ਬੜਿੰਗ (ਨੇੜੇ ਜਲੰਧਰ ਛਾਉਣੀ) ਸਨ। ਪਿੰਡ ਦੌਲਤਪੁਰ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਤੋਂ ਚੰਡੀਗੜ੍ਹ ਜਾਣ ਵਾਲੀ ਮੁੱਖ ਸੜਕ 'ਤੇ ਦਸ ਕਿਲੋਮੀਟਰ ਜਾ ਕੇ ਖੱਬੇ ਹੱਥ ਹੈ। ਇਸ ਦਾ ਹੱਦ ਬਸਤ ਨੰਬਰ 143 ਅਤੇ ਰਕਬਾ ਜ਼ਮੀਨ 249 ਹੈਕਟੇਅਰ ਹੈ। ਇਹ ਪਿੰਡ ਬਾਂਦੀ ਗੋਤ ਦੇ ਜੱਟਾਂ ਦੀ ਮਾਲਕੀ ਵਾਲਾ ਪਿੰਡ ਹੈ।

ਬੱਬਰ ਕਰਮ ਸਿੰਘ ਦਾ ਜਨਮ 1880 ਵਿਚ ਪਿਤਾ ਨੱਥਾ ਸਿੰਘ ਅਤੇ ਮਾਤਾ ਦੁੱਲੀ ਦੀ ਕੁੱਖੋਂ ਹੋਇਆ। ਮਾਤਾ ਦੁੱਲੀ ਪਿੰਡ ਕੌਲਗੜ੍ਹ ਤੋਂ ਸੀ।

ਵਾਸਦੇਵ ਸਿੰਘ ਪਰਹਾਰ
ਫੋਨ: 206-434-1155

ਉਨ੍ਹਾਂ ਨੇ ਜਵਾਨ ਹੋ ਕੇ ਸੱਤ ਸਾਲ ਫੌਜ ਵਿਚ ਨੌਕਰੀ ਕੀਤੀ। ਹੋਤੀ ਮਰਦਾਨ ਵਾਲਿਆਂ ਦੀ ਸੰਗਤ ਦਾ ਉਨ੍ਹਾਂ 'ਤੇ ਐਨਾ ਅਸਰ ਹੋਇਆ ਕਿ ਨੌਕਰੀ ਛੱਡ ਕੇ ਪਿੰਡ ਆ ਗਏ ਅਤੇ ਭੋਰਾ ਪੁੱਟ ਕੇ ਉਸ ਵਿਚ ਦਿਨ-ਰਾਤ ਭਗਤੀ ਕਰਨ ਲੱਗੇ। ਉਨ੍ਹਾਂ ਦੀ ਇਸ ਹਾਲਤ ਬਾਰੇ ਕੈਨੇਡਾ ਰਹਿੰਦੇ ਉਨ੍ਹਾਂ ਦੇ ਚਾਚੇ ਨੂੰ ਪਤਾ ਲੱਗਾ ਤਾਂ ਉਸ ਨੇ ਉਨ੍ਹਾਂ ਨੂੰ 1907 ਵਿਚ ਕੈਨੇਡਾ ਬੁਲਾ ਲਿਆ। ਕੈਨੇਡਾ ਆ ਕੇ ਵੀ ਉਨ੍ਹਾਂ ਦਾ ਧਿਆਨ ਭਗਤੀ ਵੱਲ ਸੀ, ਪਰ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਕਰ ਕੇ ਉਨ੍ਹਾਂ ਦਾ ਮਨ ਬਹੁਤ ਉਦਾਸ ਰਹਿੰਦਾ। ਉਨ੍ਹੀਂ ਦਿਨੀਂ ਕੈਨੇਡਾ ਅੰਦਰ ਵੀ ਲੋਕਾਂ ਵਿਚ ਗਦਰ ਲਹਿਰ ਦਾ ਪ੍ਰਚਾਰ ਜ਼ੋਰਾਂ 'ਤੇ ਸੀ।

ਸੰਨ 1914 ਵਿਚ ਦੂਸਰੀ ਸੰਸਾਰ ਜੰਗ ਦੇ ਸ਼ੁਰੂ ਹੋਣ ਕਰ ਕੇ ਗਦਰੀਆਂ ਨੇ ਇਹ ਸੋਚਿਆ ਕਿ ਹਿੰਦੋਸਤਾਨ ਦੀ ਸਰਕਾਰ ਤਾਂ ਜੰਗ ਵਿਚ ਜਰਮਨ ਵਿਰੁਧ ਰੁੱਝੀ ਹੋਈ ਹੈ, ਹੁਣ ਮੁਲਕ ਵਿਚ ਗਦਰ ਮਚਾ ਕੇ ਅੰਗਰੇਜ਼ਾਂ ਨੂੰ ਭਜਾਉਣਾ ਸੌਖਾ ਹੈ। ਸਾਰੇ ਹੀ ਗਦਰੀ ਇਕ ਦੂਜੇ ਤੋਂ ਮੂਹਰੇ ਹੋ ਮੁਲਕ ਪਰਤੇ। ਅਜਿਹੇ ਹੀ ਸੂਰਮਿਆਂ ਵਿਚੋਂ ਸਨ, ਕਰਮ ਸਿੰਘ। ਉਨ੍ਹਾਂ ਦਾ ਬਚਪਨ ਦਾ ਨਾਂ ਨਰੈਣ ਸਿੰਘ ਸੀ। ਨਨਕਾਣਾ ਸਾਹਿਬ ਦੇ 1921 ਦੇ ਸਾਕੇ ਤੋਂ ਬਾਅਦ ਉਹ ਆਸਾ ਸਿੰਘ ਭਕੜੂੰਦੀ ਨਾਲ ਨਨਕਾਣਾ ਸਾਹਿਬ ਗਏ ਅਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਉਨ੍ਹਾਂ ਦਾ ਨਾਂ ਕਰਮ ਸਿੰਘ ਰੱਖਿਆ ਗਿਆ। ਜਦੋਂ 1914 ਵਿਚ ਉਹ ਹਿੰਦੋਸਤਾਨ ਪਹੁੰਚੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਕੇ ਪਿੰਡ ਦੌਲਤਪੁਰ ਵਿਚ ਜੂਹਬੰਦ ਕਰ ਦਿੱਤਾ ਗਿਆ। ਇਹ ਜੂਹਬੰਦੀ ਸੰਨ 1918 ਤੱਕ ਰਹੀ। ਇਨ੍ਹੀਂ ਦਿਨੀਂ ਉਹ ਕਾਂਗਰਸ ਦੇ ਵਿਚਾਰਾਂ ਨਾਲ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਪਿੰਡ ਦੌਲਤਪੁਰ ਵਿਚ ਕਾਨਫਰੰਸ ਕਰਨ ਦੀ ਨੀਅਤ ਕਰ ਲਈ, ਪਰ ਸਰਕਾਰ ਨੇ ਪਿੰਡ ਦੌਲਤਪੁਰ ਵਿਚ ਦਫਾ 144 ਲਾ ਦਿੱਤੀ ਤਾਂ ਕਰਮ ਸਿੰਘ ਹੁਰਾਂ ਨੇ ਇਹ ਕਾਨਫਰੰਸ ਪਿੰਡ ਮਹਿਤਪੁਰ ਵਿਚ ਜਾ ਕੀਤੀ।

ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਅਦ ਉਹ ਪੂਰੀ ਸਰਗਰਮੀ ਨਾਲ ਗੁਰਦੁਆਰਾ ਸੁਧਾਰ ਲਹਿਰ ਵਿਚ ਹਿੱਸਾ ਲੈਣ ਲੱਗ ਪਏ। ਹੋਠੀਆਂ ਜ਼ਿਲ੍ਹਾ ਗੁਰਦਾਸਪੁਰ ਵਿਚ ਉਥੋਂ ਦੇ ਮਹੰਤ ਵਿਰੁਧ ਇਲਾਕੇ ਵਿਚੋਂ 50 ਸਿੰਘਾਂ ਦਾ ਜਥਾ ਲੈ ਕੇ ਗਏ। ਸੰਨ 1921 ਵਿਚ ਮਾਸਟਰ ਮੋਤਾ ਸਿੰਘ ਦੀ ਅਗਵਾਈ ਵਿਚ ਸਿੱਖ ਕਾਨਫਰੰਸ ਤੋਂ ਬਾਅਦ ਗਰਮਖਿਆਲੀ ਨੌਜਵਾਨਾਂ ਨੇ ਸੋਚਿਆ ਕਿ ਸ਼ਾਂਤਮਈ ਤਰੀਕੇ ਨਾਲ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿਚੋਂ ਕੱਢਣਾ ਔਖਾ ਹੈ। ਸਰਕਾਰ ਦੇ ਝੋਲੀਚੁੱਕ ਨੰਬਰਦਾਰ, ਜ਼ੈਲਦਾਰ, ਸਫੈਦਪੋਸ਼, ਪਟਵਾਰੀ ਆਦਿ ਦਾ ਸੁਧਾਰ ਕਰਨਾ ਜ਼ਰੂਰੀ ਹੈ। ਕਿਸ਼ਨ



ਬੱਬਰ ਕਰਮ ਸਿੰਘ

ਸਿੰਘ ਗੜਗੱਜ ਨੇ ਜਲੰਧਰ ਦੇ ਨੇੜੇ-ਤੇੜੇ ਸਰਗਰਮੀਆਂ ਲਈ ਆਪਣਾ ਚੱਕਰਵਰਤੀ ਜਥਾ ਬਣਾ ਲਿਆ ਅਤੇ ਕਰਮ ਸਿੰਘ ਨੇ ਨਵਾਂ ਸ਼ਹਿਰ ਦੇ ਇਲਾਕੇ ਵਿਚ ਆਪਣਾ ਜਥਾ ਬਣਾ ਲਿਆ ਜਿਸ ਵਿਚ ਆਸਾ ਸਿੰਘ ਭਕੜੂੰਦੀ, ਹਰੀ ਸਿੰਘ ਸੂੰਢ ਅਤੇ ਕਰਮ ਸਿੰਘ ਝਿੰਗੜ, ਜੋ ਸਾਰੇ ਹੀ ਕੈਨੇਡਾ ਤੋਂ ਪਰਤੇ ਗਦਰੀ ਸਨ, ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਦਲੀਪ ਸਿੰਘ ਗੋਸਲ, ਆਤਮਾ ਸਿੰਘ ਲੀਕਾ, ਧੰਨਾ ਸਿੰਘ ਬਹਿਬਲਪੁਰ, ਉਦੈ ਸਿੰਘ ਰਾਮਗੜ੍ਹ ਝੁੱਗੀਆਂ ਵਰਗੇ ਹੋਰ ਵੀ ਆਜ਼ਾਦੀ ਦੇ ਪਰਵਾਨੇ ਸਨ।

ਸੰਨ 1922 ਦੇ ਅਨੰਦਪੁਰ ਸਾਹਿਬ ਹੋਲੇ-ਮਹੱਲੇ ਸਮੇਂ ਬੱਬਰ ਕਿਸ਼ਨ ਸਿੰਘ ਗੜਗੱਜ ਨੇ ਬੱਬਰ ਕਰਮ ਸਿੰਘ ਦੌਲਤਪੁਰ ਦੀ ਜੋਸ਼ੀਲੀ ਤਕਰੀਰ ਸੁਣੀ ਜਿਸ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਬੱਬਰ ਕਰਮ ਸਿੰਘ ਦੌਲਤਪੁਰ ਕੈਨੇਡਾ ਵਿਚ ਅਮਰੀਕਾ ਤੋਂ ਛਪਦੇ ਅਖਬਾਰ ਦਾ ਲੋਕਾਂ 'ਤੇ ਜਾਦੂਮਈ ਪ੍ਰਭਾਵ ਦੇਖ ਚੁੱਕੇ ਸਨ। ਇਸ ਲਈ ਉਨ੍ਹਾਂ ਨੇ ਪੰਜਾਬ ਵਿਚ ਹੀ ਅਜਿਹਾ ਅਖਬਾਰ ਛਾਪਣ ਦਾ ਸੋਚਿਆ। ਬਿਛੌਣੀ ਦੇ ਨੰਬਰਦਾਰ ਕਾਕੇ ਤੋਂ ਸਰਕਾਰੀ ਮਾਮਲੇ ਦੇ 575 ਰੁਪਏ ਲੁੱਟ ਕੇ ਉਸ ਵਿਚੋਂ ਇਕ ਸੌ ਰੁਪਏ ਦੀ ਡੁਪਲੀਕੇਟਿੰਗ ਮਸ਼ੀਨ ਲਾਹੌਰ ਤੋਂ ਖਰੀਦੀ ਗਈ। ਇਸ ਮਸ਼ੀਨ ਨਾਲ ਅਗਸਤ 1922 ਵਿਚ ਪਹਿਲਾ ਪਰਚਾ ਛਾਪਿਆ ਗਿਆ ਜਿਸ ਵਿਚ ਸਰਕਾਰ ਦੇ ਝੋਲੀਚੁੱਕ ਨੰਬਰਦਾਰਾਂ, ਜ਼ੈਲਦਾਰਾਂ ਵਗੈਰਾ ਨੂੰ ਤਾੜਨਾ ਕੀਤੀ ਗਈ ਕਿ ਉਹ ਬੱਬਰਾਂ ਵਿਰੁਧ ਮੁਖਬਰੀਆਂ ਕਰਨੀਆਂ ਬੰਦ ਕਰ ਦੇਣ, ਨਹੀਂ ਤਾਂ ਮਜਬੂਰਨ ਉਨ੍ਹਾਂ ਦਾ ਸੁਧਾਰ ਕਰਨਾ ਪਵੇਗਾ। ਬੱਬਰ ਕਰਮ ਸਿੰਘ ਝਿੰਗੜ (ਨੇੜੇ ਬੰਗਾ) ਨੇ ਦੁਆਬੇ ਦੇ ਦੋਵੇਂ ਬੱਬਰ ਜਥਿਆਂ ਨੂੰ ਇਕੱਠੇ ਕਰ ਕੇ ਇਕ ਜਥਾ ਬਣਾਉਣ ਲਈ ਸਾਰੇ ਬੱਬਰਾਂ ਦੀ ਆਪਣੇ ਪਿੰਡ ਮੀਟਿੰਗ ਰੱਖੀ। ਇਸ ਵਿਚ ਬੱਬਰ ਕਿਸ਼ਨ ਸਿੰਘ ਅਤੇ ਬੱਬਰ ਕਰਮ ਸਿੰਘ ਦੌਲਤਪੁਰ, ਦੋਹਾਂ ਨੇ ਇਕ ਜਥਾ ਬਣਾਉਣ ਦੀ ਸਹਿਮਤੀ ਪ੍ਰਗਟਾਈ ਅਤੇ ਨਵੇਂ ਜਥੇ ਦਾ ਨਾਂ ਬੱਬਰ ਅਕਾਲੀ ਰੱਖਿਆ ਗਿਆ। ਸਾਰਿਆਂ ਨੇ ਸਰਬਸੰਮਤੀ ਨਾਲ ਬੱਬਰ ਕਰਮ ਸਿੰਘ ਦੌਲਤਪੁਰ ਨੂੰ ਨਵੇਂ ਜਥੇ ਦਾ ਮੁਖੀ ਮੰਨ ਲਿਆ। ਬੱਬਰਾਂ ਦੀ ਪ੍ਰੈਸ ਨੂੰ ਪਹਿਲਾਂ ਉਡਾਰੂ ਪ੍ਰੈਸ ਤੇ ਫਿਰ ਸਫਰੀ ਪ੍ਰੈਸ ਆਖਿਆ ਜਾਂਦਾ ਰਿਹਾ, ਕਿਉਂਕਿ ਇਹ ਇਕ ਥਾਂ ਨਹੀਂ ਰੱਖੀ ਜਾਂਦੀ ਸੀ। ਸੰਨ 1922 ਤੋਂ 1923 ਦੇ ਸਮੇਂ ਇਸ ਪ੍ਰੈਸ ਤੋਂ ਬੱਬਰ ਅਕਾਲੀ ਅਖਬਾਰ ਦੇ 15 ਅੰਕ ਪ੍ਰਕਾਸ਼ਿਤ ਕੀਤੇ ਗਏ।

ਬੱਬਰ ਕਰਮ ਸਿੰਘ ਦੌਲਤਪੁਰ ਵਿਰੁਧ ਹੇਠ ਲਿਖੇ ਡਾਕਿਆਂ/ਕਤਲਾਂ ਦੇ ਕੇਸ ਦਰਜ ਹੋਏ:

-ਰਾਮ ਦਿੱਤਾ ਉਰਫ ਕਾਕਾ ਨੰਬਰਦਾਰ ਤੋਂ 3 ਜੁਲਾਈ 1923 ਨੂੰ ਸਰਕਾਰੀ ਮਾਮਲੇ ਦੇ 575 ਰੁਪਏ ਲੁੱਟਣਾ।

-2 ਤੋਂ 3 ਫਰਵਰੀ 1923 ਨੂੰ ਸੇਠ ਮੁਣਸ਼ੀ ਰਾਮ ਪਿੰਡ ਜਾਡਲਾ ਦੇ ਘਰ ਡਾਕਾ ਮਾਰਨਾ।

-ਲਾਭ ਸਿੰਘ ਢੱਡੇ ਫਤਿਹ ਸਿੰਘ ਜਿਸ ਨੇ ਬੱਬਰ ਕਿਸ਼ਨ ਸਿੰਘ ਨੂੰ ਗ੍ਰਿਫਤਾਰ ਕਰਵਾਇਆ ਸੀ, ਨੂੰ ਮਾਰਨ ਦੀ ਤਿੰਨ ਵਾਰ ਕੋਸ਼ਿਸ਼ ਕੀਤੀ, ਪਰ ਉਹ ਬਚਦਾ ਰਿਹਾ।

-ਬੱਬਰ ਧੰਨਾ ਸਿੰਘ ਬਹਿਬਲਪੁਰ ਨੂੰ ਪਿੰਡ ਨਾ ਵੜਨ ਦੇਣ ਵਾਲੇ ਬਹਿਬਲਪੁਰ ਦੇ ਨੰਬਰਦਾਰ ਹਜ਼ਾਰਾ ਸਿੰਘ ਨੂੰ ਕਤਲ ਕਰਨ ਦਾ ਦੋਸ਼।

-ਆਪਣੇ ਨਾਨਕੇ ਪਿੰਡ ਕੌਲਗੜ੍ਹ ਦੇ ਨੰਬਰਦਾਰ ਰੱਲਾ ਅਤੇ ਉਸ ਦੇ ਭਰਾ ਦਿੱਤੂ ਦਾ ਕਤਲ। ਇਹ ਦੋਵੇਂ ਭਰਾ ਤਾੜਨਾ ਦੇ ਬਾਵਜੂਦ ਮੁਖਬਰੀਆਂ ਤੋਂ ਬਾਜ਼ ਨਹੀਂ ਸੀ ਆਏ।

ਸੰਨ 1922-23 ਦੀਆਂ ਗਰਮੀਆਂ ਵਿਚ ਬੱਬਰਾਂ ਨੇ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹੇ ਅੰਦਰ ਸੜਕ ਕੰਢੇ ਲੱਗੇ ਅੰਬਾਂ ਦੇ ਰੁੱਖਾਂ ਦੇ ਫਲ ਦੀ ਬੋਲੀ ਨਾ ਹੋਣ ਦਿੱਤੀ। ਲੋਕਾਂ ਨੇ ਮੁਫਤ ਅੰਬ ਚੂਪੇ ਅਤੇ ਬੱਬਰਾਂ ਨੂੰ ਅਸੀਸਾਂ ਦਿੱਤੀਆਂ। ਬੱਬਰ ਕਰਮ ਸਿੰਘ ਪੁਲਿਸ ਤੋਂ ਭਗੌੜਾ ਸੀ। ਉਸ ਨੇ ਅਤੇ ਬੱਬਰ ਉਦੈ ਸਿੰਘ ਰਾਮਗੜ੍ਹ ਝੁੰਗੀਆਂ ਨੇ ਜੱਸੋਵਾਲ ਵਿਖੇ ਸਾਰੇ ਬੱਬਰਾਂ ਦੀ ਮੀਟਿੰਗ ਵਿਚ ਤਜਵੀਜ਼ ਰੱਖੀ ਕਿ ਝੋਲੀਚੁੱਕਾਂ ਦੇ ਸੁਧਾਰ ਤੋਂ ਬਾਅਦ ਪੁਲਿਸ, ਜੋ ਤਫਤੀਸ਼ ਦੇ ਬਹਾਨੇ ਆਮ ਲੋਕਾਂ 'ਤੇ ਤਸ਼ੱਦਦ ਕਰਦੀ ਹੈ ਅਤੇ ਇਸ ਲਈ ਹਰ ਵਾਰਦਾਤ ਦੀ ਥਾਂ ਚਿੱਠੀ ਰੱਖ ਦਿੰਦੀ ਹੈ ਕਿ ਇਹ ਕੰਮ ਬੱਬਰਾਂ ਨੇ ਕੀਤਾ ਹੈ, ਨੂੰ ਰੋਕਿਆ ਜਾਵੇ ਕਿ ਉਹ (ਪੁਲਿਸ) ਆਮ ਲੋਕਾਂ ਨੂੰ ਖਾਹ-ਮਖਾਹ ਤੰਗ ਨਾ ਕਰੇ।

ਬੱਬਰਾਂ ਨੇ ਕੁਝ ਕੁ ਝੋਲੀਚੁੱਕਾਂ ਦੇ ਕਤਲ ਕਰ ਕੇ ਐਸੀ ਦਹਿਸ਼ਤ ਫੈਲਾਈ ਕਿ ਨੰਬਰਦਾਰ, ਜ਼ੈਲਦਾਰ ਅਤੇ ਹੋਰ ਪੁਲਿਸ ਮੁਖਬਰ, ਅਫਸਰਾਂ ਕੋਲ ਬੱਬਰਾਂ ਬਾਰੇ ਜਾਣਕਾਰੀ ਦੇਣ ਲੱਗਿਆਂ ਪਹਿਲਾਂ ਆਲਾ-ਦੁਆਲਾ ਦੇਖ ਕੇ ਅਫ਼ਸਰ ਦੇ ਕੰਨ ਵਿਚ ਹੌਲੀ ਦੇਣੀ ਆਖਦੇ ਤਾਂ ਜੋ ਉਨ੍ਹਾਂ ਦੀ ਆਵਾਜ਼ ਕੋਈ ਸੁਣ ਨਾ ਲਵੇ। ਬੱਬਰਾਂ ਦੀ ਦਹਿਸ਼ਤ ਦੀ ਗੂੰਜ ਇੰਗਲੈਂਡ ਦੀ ਪਾਰਲੀਮੈਂਟ ਤੱਕ ਪੁੱਜ ਗਈ ਅਤੇ ਅੰਗਰੇਜ਼ ਅਫਸਰਾਂ ਨੂੰ ਹੋਰ ਸਖਤੀ ਕਰਨ ਦੇ ਹੁਕਮ ਮਿਲੇ। ਜਲੰਧਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਕਮਾਨ ਹੇਠ ਮਿਲਟਰੀ ਦਾ ਸਕੁਐਡ ਵੀ ਤਾਇਨਾਤ ਕੀਤਾ ਗਿਆ। ਥਾਂ-ਥਾਂ ਪਿੰਡਾਂ ਵਿਚ ਪੁਲਿਸ ਚੌਕੀਆਂ ਸਥਾਪਤ ਕੀਤੀਆਂ ਗਈਆਂ ਅਤੇ ਇਨ੍ਹਾਂ ਵਿਚ ਬਹੁਤੇ ਪੁਲਿਸ ਮੁਲਾਜ਼ਮ ਮੁਸਲਮਾਨ ਲਗਾਏ ਗਏ ਜਿਨ੍ਹਾਂ ਨੂੰ ਸਿੱਖਾਂ ਜਾਂ ਬੱਬਰਾਂ ਦੇ ਸੰਘਰਸ਼ ਨਾਲ ਕੋਈ ਹਮਦਰਦੀ ਨਹੀਂ ਸੀ। ਬੱਬਰਾਂ ਨੂੰ ਫੜਾਉਣ ਵਿਚ ਸਹਾਈ ਹੋਣ ਵਾਲਿਆਂ ਨੂੰ ਜ਼ਮੀਨ ਦੇ ਮੁਰੱਬੇ ਅਤੇ ਨਕਦ ਇਨਾਮਾਂ ਦੇ ਪੋਸਟਰ ਛਪਾ ਕੇ ਪਿੰਡਾਂ ਵਿਚ ਲਾਏ ਗਏ। ਇਸ ਲਾਲਚ ਵਿਚ ਫਸ ਕੇ ਝੋਲੀਚੁੱਕ, ਜਸੂਸ ਅਤੇ ਕੁਝ ਬੱਬਰ ਵੀ ਆਪਣੇ ਸਾਥੀਆਂ ਵਿਰੁਧ ਗੱਦਾਰੀ 'ਤੇ ਉਤਰ ਆਏ। ਅਜਿਹਾ ਹੀ ਇਕ ਗੱਦਾਰ ਅਨੂਪ ਸਿੰਘ ਮਾਣਕੋ ਸੀ ਜੋ ਬੱਬਰ ਕਰਮ ਸਿੰਘ ਨੂੰ ਆਪਣਾ ਧਰਮ ਦਾ ਪਿਤਾ ਕਹਿੰਦਾ ਹੁੰਦਾ ਸੀ ਤੇ ਬੱਬਰ ਉਸ ਨੂੰ ਧਰਮ ਦਾ ਪੁੱਤਰ ਆਖਦਾ ਸੀ।

30 ਅਗਸਤ 1923 ਨੂੰ ਪਿੰਡ ਭੁਮੇਲੀ ਤਹਿਸੀਲ ਫਗਵਾੜਾ ਰਿਆਸਤ ਕਪੂਰਥਲਾ ਵਿਖੇ ਸੱਤ ਬੱਬਰ-ਕਰਮ ਸਿੰਘ ਦੌਲਤਪੁਰ, ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਕਿਸ਼ਨ ਸਿੰਘ ਮਾਂਗਟ, ਮਹਿੰਦਰ ਸਿੰਘ ਪੰਡੋਰੀ, ਗੰਗਾ ਸਿੰਘ, ਧੰਨਾ ਸਿੰਘ ਬਹਿਬਲਪੁਰ ਅਤੇ ਦਲੀਪ ਸਿੰਘ ਧਾਮੀਆਂ ਸਣੇ ਗੱਦਾਰ ਅਨੂਪ ਸਿੰਘ ਮਾਣਕੋ ਦੇ ਰਾਮਗੜ੍ਹੀਆਂ ਦੀ ਕੋਠੀ ਜੋ ਪਿੰਡੋਂ ਬਾਹਰ ਸੀ, ਵਿਚ ਠਹਿਰੇ ਹੋਏ ਸਨ। ਉਸ ਦਿਨ ਅਨੂਪ ਸਿੰਘ ਦਾ ਰੰਗ ਉਡਿਆ ਹੋਇਆ ਅਤੇ ਜ਼ੁਬਾਨ ਥਥਲਾਂਦੀ ਦੇਖ ਕੇ ਬੱਬਰ ਧੰਨਾ ਸਿੰਘ ਬਹਿਬਲਪੁਰ ਨੂੰ ਕੁਝ ਸ਼ੱਕ ਹੋਇਆ। ਉਸ ਨੇ ਬੱਬਰ ਕਰਮ ਸਿੰਘ ਦੌਲਤਪੁਰ ਨੂੰ ਕਿਹਾ ਕਿ ਅੱਜ ਅਨੂਪ ਸਿੰਘ ਦੀ ਨੀਅਤ ਖਰਾਬ ਲੱਗਦੀ ਏ। ਬੱਬਰ ਕਰਮ ਸਿੰਘ ਨੇ ਕਿਹਾ, "ਤੂੰ ਤਾਂ ਐਵੇਂ ਸ਼ੱਕ ਕਰਦਾ ਹੈਂ, ਉਸ ਨੂੰ ਮਰੋੜੇ ਲੱਗੇ ਹੋਏ ਨੇ ਤਾਂ ਹੀ ਉਹ ਘੜੀ-ਮੁੜੀ ਖੇਤ ਵੱਲ ਜਾਂਦਾ ਏ। ਉਹ ਤਾਂ ਮੇਰਾ ਧਰਮ ਦਾ ਪੁੱਤ ਏ।"

ਬੱਬਰ ਇਕ ਰਾਤ ਤੋਂ ਵੱਧ ਇਕ ਟਿਕਾਣੇ 'ਤੇ ਨਹੀਂ ਠਹਿਰਦਾ ਸੀ ਅਤੇ ਅਗਲੇ ਦਿਨ ਉਹ ਪਿੰਡ ਬੰਬੇਲੀ ਜੋ ਉਥੋਂ ਦੋ ਕੁ ਮੀਲ ਦੱਖਣ ਵੱਲ ਹੈ, ਨੂੰ ਚੱਲਣ ਲੱਗੇ ਤਾਂ ਅਨੂਪ ਸਿੰਘ, ਬੱਬਰ ਕਰਮ ਸਿੰਘ ਨੂੰ ਕਹਿਣ ਲੱਗਾ, "ਮੈਨੂੰ ਮਰੋੜੇ ਲੱਗੇ ਹੋਏ ਨੇ, ਤੁਸੀਂ ਚੱਲੋ, ਮੈਂ ਕੱਲ੍ਹ ਨੂੰ ਆ ਜਾਵਾਂਗਾ।" ਭੁਮੇਲੀ ਤੋਂ ਬੰਬੇਲੀ ਵੱਲ ਥੋੜ੍ਹੀ ਦੂਰ ਜਾ ਕੇ ਬੱਬਰ ਧੰਨਾ ਸਿੰਘ ਬਹਿਬਲਪੁਰ ਨੇ ਬੱਬਰ ਕਰਮ ਸਿੰਘ ਨੂੰ ਕਿਹਾ ਕਿ ਜਿਸ ਟਿਕਾਣੇ 'ਤੇ ਠਹਿਰਨ ਦਾ ਤੁਸੀਂ ਅਨੂਪ ਸਿੰਘ ਨੂੰ ਬੰਬੇਲੀ ਦੱਸਿਆ ਹੈ, ਆਪਾਂ ਨੂੰ ਅੱਜ ਉਥੇ ਨਹੀਂ, ਕਿਸੇ ਹੋਰ ਥਾਂ ਠਹਿਰਨਾ ਚਾਹੀਦਾ ਹੈ। ਜਦੋਂ ਬੱਬਰ ਕਰਮ ਸਿੰਘ ਨਾ ਮੰਨੇ ਤਾਂ ਬੱਬਰ ਧੰਨਾ ਸਿੰਘ, ਦਲੀਪ ਸਿੰਘ ਧਾਮੀਆਂ ਦੀ ਬਾਂਹ ਫੜ ਕੇ ਬੋਲਿਆ, "ਚੱਲ ਆਪਾਂ ਅੱਜ ਕਿਸੇ ਹੋਰ ਪਾਸੇ ਚੱਲਦੇ ਹਾਂ। ਇਨ੍ਹਾਂ ਦਾ ਧਰਮ ਪੁੱਤ ਇਨ੍ਹਾਂ ਨੂੰ ਜ਼ਰੂਰ ਧਰਮਰਾਜ ਕੋਲ ਪਹੁੰਚਾਏਗਾ।"

ਇਹ ਆਖ ਕੇ ਇਹ ਦੋਵੇਂ ਬੰਬੇਲੀ ਦੀ ਬਜਾਏ ਪਿੰਡ ਪਾਂਛਟਾ ਨੂੰ ਚਲੇ ਗਏ ਅਤੇ ਆਪਣੇ ਇਕ ਭਰੋਸੇਯੋਗ ਟਿਕਾਣੇ 'ਤੇ ਜਾ ਠਹਿਰੇ। ਅਨੂਪ ਸਿੰਘ ਨੇ ਪਿੰਡ ਭੁਮੇਲੀ ਪਹੁੰਚ ਕੇ ਆਪਣੇ ਚਾਚੇ ਦੇ ਪੁੱਤ ਕੇਵਲ ਸਿੰਘ ਨੂੰ ਪਿੰਡ ਮਾਣਕੋ ਨੂੰ ਭੇਜਿਆ ਕਿ ਜਾ ਕੇ ਉਸ (ਅਨੂਪ ਸਿੰਘ) ਦੇ ਚਾਚੇ ਤੇ ਸੀ.ਆਈ.ਡੀ. ਦੇ ਸਿਪਾਹੀ ਬੋਘ ਸਿੰਘ ਨੂੰ ਬੱਬਰਾਂ ਦੇ ਕੱਲ੍ਹ ਦੇ ਬੰਬੇਲੀ ਦੇ ਟਿਕਾਣੇ ਬਾਰੇ ਦੱਸ ਦੇਵੇ। ਸੁਨੇਹਾ ਮਿਲਦੇ ਸਾਰ ਬੋਘ ਸਿੰਘ ਨੇ ਅੱਧੀ ਰਾਤ ਨੂੰ ਪੁਲਿਸ ਕਮਿਸ਼ਨਰ ਮਿਸਟਰ ਸਮਿੱਥ ਦੀ ਕੋਠੀ ਪਹੁੰਚ ਕੇ ਇਹ ਸੂਚਨਾ ਦੇ ਦਿੱਤੀ। ਕਮਿਸ਼ਨਰ ਸਮਿੱਥ ਨੇ ਤੜਕੇ ਹੀ ਇਹ ਖਬਰ ਡਿਪਟੀ



ਪਿੰਡ ਦੌਲਤਪੁਰ ਵਿਚ ਬੱਬਰ ਕਰਮ ਸਿੰਘ ਦੀ ਯਾਦਗਾਰ।

ਕਮਿਸ਼ਨਰ ਮਿਸਟਰ ਜੈਕਬ ਨੂੰ ਜਾ ਦਿੱਤੀ ਅਤੇ ਉਸ ਨੇ ਰਸਾਲੇ ਦੇ ਕਰਨਲ ਕਮਾਂਡਿੰਗ ਅਫਸਰ ਨੂੰ ਰਿਆਸਤ ਦੇ ਪਿੰਡ ਬੰਬੇਲੀ ਨੂੰ ਘੇਰਾ ਪਾਉਣ ਲਈ ਆਖਿਆ। ਪਹਿਲੀ ਸਤੰਬਰ 1923 ਦੇ ਤੜਕੇ ਹੀ ਅਨੂਪ ਸਿੰਘ, ਬੱਬਰਾਂ ਦੇ ਟਿਕਾਣੇ ਪਹੁੰਚ ਗਿਆ ਅਤੇ ਸੁੱਤੇ ਪਏ ਬੱਬਰਾਂ ਦੇ ਬੰਬ ਅਤੇ ਹਥਿਆਰ ਪਰੇ ਕਰ ਦਿੱਤੇ ਤੇ ਆਪ ਪੁਲਿਸ ਕਪਤਾਨ ਕੋਲ ਪਹੁੰਚ ਗਿਆ। ਚਾਰੇ ਬੱਬਰ ਲਲਕਾਰੇ ਮਾਰਦੇ ਪਿੰਡੋਂ ਬਾਹਰ ਚੋਈ ਵੱਲ ਹੋ ਨਿਕਲੇ। ਪੁਲਿਸ ਉਨ੍ਹਾਂ ਨੂੰ ਆਪਣੇ ਆਪ ਨੂੰ ਪੁਲਿਸ ਹਵਾਲੇ ਕਰਨ ਨੂੰ ਵਾਰ-ਵਾਰ ਆਖ ਰਹੀ ਸੀ, ਪਰ ਬੱਬਰਾਂ ਨੇ ਮੁਕਾਬਲਾ ਕਰ ਕੇ ਸ਼ਹੀਦੀ ਪਾਈ। ਇਨ੍ਹਾਂ ਚਾਰ ਬੱਬਰਾਂ ਦੀ ਸ਼ਹੀਦੀ ਨੇ ਬੱਬਰ ਅਕਾਲੀ ਲਹਿਰ ਦਾ ਲੱਕ ਹੀ ਤੋੜ ਦਿੱਤਾ।

ਬੱਬਰ ਕਰਮ ਸਿੰਘ ਅਤੇ ਪਿੰਡ ਦੌਲਤਪੁਰ ਦੇ ਹੋਰ ਬੱਬਰਾਂ ਦੀ ਯਾਦ ਵਿਚ ਪਿੰਡ ਦੌਲਤਪੁਰ ਵਿਚ ਸ਼ਾਨਦਾਰ ਬੱਬਰ ਯਾਦਗਾਰੀ ਹਾਲ ਬਣਿਆ ਹੋਇਆ ਹੈ ਜਿਸ ਵਿਚ ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਅਤੇ ਉਮਰ ਕੈਦ ਜਾਂ ਹੋਰ ਸਜ਼ਾਵਾਂ ਕੱਟਣ ਵਾਲਿਆਂ ਦੀਆਂ ਤਸਵੀਰਾਂ ਸਜਾਈਆਂ ਗਈਆਂ ਹਨ।

# ਕੋਹਿਨੂਰ ਹੀਰੇ ਦੀ ਯਾਦ

ਦਸ ਕੁ ਸਾਲ ਬਾਅਦ ਲੋਕਾਂ ਨੂੰ ਕੋਹਿਨੂਰ ਹੀਰੇ ਦੀ ਯਾਦ ਆਉਂਦੀ ਹੈ ਤਾਂ ਹੌਲ ਪੈਣ ਲਗਦੇ ਹਨ ਜਿਵੇਂ ਕੋਹਿਨੂਰ ਹੀਰਾ ਕੋਈ ਪ੍ਰੇਤ ਆਤਮਾ ਹੋਵੇ। ਲੀਡਰਾਂ ਦੇ ਬਿਆਨ 'ਤੇ ਬਿਆਨ ਆਉਣ ਲਗਦੇ ਹਨ-ਇੰਗਲੈਂਡ ਸਾਡਾ ਹੀਰਾ ਸਾਨੂੰ ਵਾਪਸ ਕਰੇ। ਇਹ ਹੀਰਾ ਕਿਸੇ ਨੇ ਆਪਣੇ ਕਾਰਖਾਨੇ ਵਿਚ ਤਾਂ ਬਣਾਇਆ ਨਹੀਂ, ਲੁਟ ਦਾ ਮਾਲ ਕਦੀ ਕਿਸੇ ਦੇ ਹਥ ਆ ਗਿਆ, ਕਦੀ ਕਿਸੇ ਦੇ। ਜੂਨ 1984 ਨੂੰ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਹੋਇਆ ਤਾਂ ਕੀਮਤੀ ਵਸਤਾਂ ਅਗਨੀ ਭੇਟ ਵੀ ਹੋਈਆਂ, ਚੋਰੀ ਵੀ ਹੋਈਆਂ।

ਭਾਰਤ, ਇਰਾਨ, ਪਾਕਿਸਤਾਨ, ਅਫਗਾਨਿਸਤਾਨ ਅਤੇ ਖਾਲਸਾ ਪੰਥ ਕੋਹਿਨੂਰ ਹੀਰੇ ਉਪਰ ਆਪੋ-ਆਪਣਾ ਹੱਕ ਜਤਾ ਰਹੇ ਹਨ। ਇੰਗਲੈਂਡ ਸਾਰੇ ਦਾਅਵੇਦਾਰਾਂ ਦੀ ਸੂਚੀ ਤਿਆਰ ਕਰੇ ਤੇ ਇਕ ਲੱਖ ਪੌਂਡ ਸਾਲਾਨਾ ਫੀਸ ਨਾਲ ਹੀਰਾ ਪੰਜ-ਪੰਜ ਸਾਲ ਲਈ ਇਨ੍ਹਾਂ ਦੇਸ਼ਾਂ ਦੇ ਨਾਮ ਹੇਠ ਲੰਡਨ ਵਿਚ ਦਿਖਾਉਣ ਲਈ ਰੱਖੇ। ਇਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਪਾਸੋਂ ਪੰਜ ਸਾਲ ਅਜਾਇਬ ਘਰ ਦੇਖਣ ਦੀ ਦਾਖਲਾ ਫੀਸ ਨਾ ਉਗਰਾਹੀ ਜਾਏ। ਇਹ ਹੀਰਾ ਇੰਗਲੈਂਡ ਵਿਚ ਪੂਰਨ ਸੁਰੱਖਿਅਤ ਹੈ, ਭਾਰਤ ਨੂੰ ਜੇ ਇਸ ਦੀ ਸੰਭਾਲ ਕਰਨ ਲਈ ਇੰਗਲੈਂਡ ਨੂੰ ਕਿਰਾਇਆ ਵੀ ਦੇਣਾ ਪਵੇ ਤਾਂ ਦੇ ਦੇਣਾ ਚਾਹੀਦਾ ਹੈ। ਲਾਕਰ ਵਿਚ ਗਹਿਣੇ ਰਖਣ ਲਈ ਅਸੀਂ ਬੈਂਕ ਨੂੰ ਕਿਰਾਇਆ ਵੀ ਤਾਂ ਦਿੰਦੇ ਹਾਂ।

1999 ਵਿਚ ਖਾਲਸਾ ਸਾਜਨਾ ਦੀ ਤ੍ਰੈ-ਸ਼ਤਾਬਦੀ ਮਨਾਈ ਗਈ ਤਾਂ ਯੋਗੀ ਹਰਿਭਜਨ ਸਿੰਘ ਅਮਰੀਕਾ ਨੇ ਹੀਰੇ ਜੜੀ ਕਿਰਪਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਭੇਟ ਕੀਤੀ ਜਿਸ ਦੀ ਕੀਮਤ ਦੋ ਕਰੋੜ ਸੀ। ਕੁਝ ਮਹੀਨਿਆਂ ਬਾਅਦ ਰੌਲਾ ਪੈ ਗਿਆ ਕਿ ਕਿਰਪਾਨ ਗੁੰਮ ਹੋ ਗਈ ਹੈ। ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਵਿਚ ਰੋਸ ਏਨਾ ਵਿਆਪਕ ਫੈਲਿਆ ਕਿ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਦਾ ਬਿਆਨ ਆ ਗਿਆ-ਕਿਰਪਾਨ ਲੱਭ ਗਈ ਹੈ, ਕਿਰਪਾਨ ਲੱਭ ਗਈ ਹੈ।

## ਸੰਪਾਦਕ ਦੀ ਡਾਕ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜ ਖਜ਼ਾਂਚੀਆਂ ਦੀ ਚੋਣ ਕਰਨ ਹਿਤ ਅਰਜ਼ੀਆਂ ਮੰਗੀਆਂ ਹਨ। ਇਸ਼ਤਿਹਾਰ ਵਿਚ ਲਿਖਿਆ ਗਿਆ ਹੈ ਕਿ ਉਮੀਦਵਾਰ ਅਰਜੀ ਨਾਲ 500 ਰੁਪਏ ਦਾ ਡਰਾਫਟ ਨੱਥੀ ਕਰਨ। ਸ਼੍ਰੋਮਣੀ ਕਮੇਟੀ ਬੇਰੁਜ਼ਗਾਰਾਂ ਪਾਸੋਂ ਇਹ ਫੀਸ ਕਿਉਂ ਮੰਗ ਰਹੀ ਹੈ? ਕੀ ਕਮੇਟੀ ਕੋਲ ਪੈਸੇ ਦੀ ਘਾਟ ਹੈ? ਵਿਰੋਧੀ ਧਿਰ ਦਾ ਸਰਬੱਤ ਖਾਲਸਾ ਰੋਕਣ ਲਈ ਜਿਹੜੀ ਕਮੇਟੀ ਲੱਖਾਂ ਰੁਪਏ ਇਸ਼ਤਿਹਾਰਾਂ ਉਪਰ ਖਰਚਦੀ ਹੈ, ਉਸ ਲਈ ਬੇਰੁਜ਼ਗਾਰ ਉਮੀਦਵਾਰਾਂ ਤੋਂ ਫੀਸ ਉਗਰਾਹੁਣੀ ਪਾਪ ਹੈ।

-ਹਰਪਾਲ ਸਿੰਘ ਪੰਨੂ
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਨਸ਼ੱਈਆਂ ਬਾਰੇ ਹਸਾਉਣੀਆਂ

ਦੋ ਅਮਲੀ ਇਕ ਹੋਟਲ ਵਿਚ ਗਏ। ਰਿਸੈਪਸ਼ਨ 'ਤੇ ਜਾ ਕੇ ਕਹਿਣ ਲੱਗੇ, "ਦੋ ਕਮਰਿਆਂ ਵਾਲਾ ਮੰਜਾ ਚਾਹੀਦੈ, ਮਿਲ ਜਾਏਗਾ?"



ਹੋਟਲ ਵਾਲਾ ਕਹਿੰਦਾ, "ਦੋ ਕਮਰਿਆਂ ਵਾਲਾ ਮੰਜਾ ਨਹੀਂ, ਦੋ ਮੰਜਿਆਂ ਵਾਲਾ ਕਮਰਾ ਹੁੰਦਾ ਏ।"

"ਹਾਂ, ਓਹੀ।"

"ਮਿਲ ਜਾਏਗਾ।" ਤੇ ਇਕ ਕਮਰਾ ਉਨ੍ਹਾਂ ਨੂੰ ਖੋਲ੍ਹ ਦਿੱਤਾ। ਅੰਦਰ ਜਾ ਕੇ ਲੋਰ ਵਿਚ ਦੋਵੇਂ ਇਕੋ ਮੰਜੇ 'ਤੇ ਪੈ ਗਏ, ਤਦ ਇਕ ਬੋਲਿਆ, "ਮੇਰੇ ਮੰਜੇ 'ਤੇ ਤਾਂ ਕੋਈ ਹੋਰ ਈ ਸੁੱਤਾ ਪਿਆ ਏ।"

ਦੂਜਾ ਬੋਲਿਆ, "ਮੇਰੇ 'ਤੇ ਵੀ।"

"ਸੁੱਟੋ ਥੱਲੇ ਇਨ੍ਹਾਂ ਨੂੰ।" ਤੇ ਦੋਵੇਂ ਇਕ ਦੂਜੇ ਨੂੰ ਧੱਕਣ ਲੱਗ ਪਏ। ਇਕ ਥੱਲੇ ਡਿੱਗ ਪਿਆ ਤਾਂ ਦੂਜਾ ਬੋਲਿਆ, "ਮੈਂ ਤਾਂ ਉਹਨੂੰ ਥੱਲੇ ਸੁੱਟ ਦਿੱਤਾ।"

ਪਹਿਲਾ ਬੋਲਿਆ, "ਮੈਨੂੰ ਤਾਂ ਸਗੋਂ ਉਹਨੇ ਹੀ ਥੱਲੇ ਸੁੱਟ ਦਿੱਤੈ।"

ਦੂਜਾ ਬੋਲਿਆ, "ਕੋਈ ਗੱਲ ਨਹੀਂ, ਤੂੰ ਆ ਜਾ ਮੇਰੇ ਕੋਲ। ਆਪਾਂ ਦੋਵੇਂ ਰਲ ਕੇ ਸੌਂ ਜਾਨੇਂ ਆਂ।"

---

ਇਕ ਅਮਲੀ ਦੂਜੇ ਨੂੰ ਦੱਸਣ ਲੱਗਾ, "ਮੈਂ ਬਚਪਨ ਵਿਚ ਕੁਤਬ ਮੀਨਾਰ ਤੋਂ ਡਿੱਗ ਪਿਆ ਸਾਂ।"

"ਫਿਰ ਤੂੰ ਮਰ ਗਿਆ ਕਿ ਬਚ ਗਿਆ?"

"ਮੈਨੂੰ ਹੁਣ ਯਾਦ ਨਹੀਂ, ਬੜੀ ਪੁਰਾਣੀ ਗੱਲ ਏ।"

-ਡਾ. ਜਸਵੰਤ ਸਿੰਘ ਨੇਕੀ

# ਖਸਮਾਂ ਖਾਣੇ

*ਕਹਾਣੀਕਾਰ ਗੁਰਮੁਖ ਸਿੰਘ ਮੁਸਾਫਿਰ ਦੀ ਕਹਾਣੀ 'ਖਸਮਾਂ ਖਾਣੇ' ਆਜ਼ਾਦੀ ਤੋਂ ਬਾਅਦ ਦਾ ਬਿਰਤਾਂਤ ਹੈ। ਇਸ ਵਿਚ ਨਵੇਂ ਰੱਜੇ 'ਖਸਮਾਂ ਖਾਣਿਆਂ' ਦਾ ਚਿੱਤਰ ਲੇਖਕ ਨੇ ਬਹੁਤ ਸਹਿਜ ਨਾਲ ਉਲੀਕ ਦਿੱਤਾ ਹੈ। ਇਸ ਤੋਂ ਉਸ ਹਿੰਦੁਸਤਾਨ ਦੇ ਦਰਸ਼ਨ ਵੀ ਹੋਣ ਲੱਗ ਪੈਂਦੇ ਹਨ ਜੋ ਬਾਅਦ ਦੇ ਸਾਲਾਂ ਵਿਚ ਸਮੁੱਚੇ ਸੰਸਾਰ ਦੇ ਸਾਹਮਣੇ ਆਇਆ। ਇਹੀ ਮੁਸਾਫਿਰ ਦੀਆਂ ਲਿਖਤਾਂ ਦੀ ਖੂਬਸੂਰਤੀ ਹੈ। ਉਹਦੀਆਂ ਲਿਖਤਾਂ ਬਿਨਾਂ ਕਿਸੇ ਖਾਸ ਤਰੱਦਦ ਦੇ ਆਪਣੀ ਗੱਲ ਪਾਠਕਾਂ ਨੂੰ ਸੁਣਾ ਕੇ ਅਗਾਂਹ ਵਧ ਜਾਂਦੀਆਂ ਹਨ। ਇਨ੍ਹਾਂ ਲਿਖਤਾਂ ਦਾ ਸੁਨੇਹਾ ਬੜਾ ਸਾਦਾ ਤੇ ਸੱਚਾ ਹੈ। -ਸੰਪਾਦਕ*

ਜਾਗੋ ਮੀਟੋ ਵਿਚ ਧਰੋਪਤੀ ਨੇ ਕਿਹਾ, ਨਹੀਂ ਉਹਦੇ ਮੂੰਹ ਵਿਚੋਂ ਨਿਕਲ ਗਿਆ, "ਖਸਮਾਂ ਖਾਣੇ।" ਹਾਰਨ ਦੀ ਖਹੁਰੀ ਆਵਾਜ਼ ਨਾਲ ਉਸ ਦੇ ਕੰਨ ਜੋ ਪਾਟਣ ਨੂੰ ਆਏ ਸਨ। ਅੱਜ ਤੱਕ ਹਾਰਨ ਦੀਆਂ ਜਿੰਨੀਆਂ ਵੀ ਆਵਾਜ਼ਾਂ ਉਸ ਦੇ ਕੰਨਾਂ ਵਿਚ ਪਈਆਂ ਸਨ, ਇਹ ਸਭਨਾਂ ਨਾਲੋਂ ਖਹੁਰੀ ਸੀ। "ਗਣੇਸ਼ ਟੈਕਸੀ ਵਾਲਾ ਨਹੀਂ, ਚਾਨਣ ਸ਼ਾਹ ਉਰੀ ਹੋਣਗੇ।" ਆਪਣੇ ਪਤੀ ਭਗਤ ਰਾਮ ਦੇ ਮੂੰਹੋਂ ਸ਼ਾਹ ਦਾ ਨਾਮ ਸੁਣ ਕੇ ਧਰੋਪਤੀ ਕੁਝ ਸ਼ਰਮਾ ਜਿਹੀ ਗਈ, "ਹਾਏ ਕਿਤੇ ਸ਼ਾਹ ਹੁਰਾਂ ਸੁਣ ਹੀ ਨਾ ਲਿਆ ਹੋਵੇ।"

ਤਿੰਨ-ਚਾਰ ਦਿਨ ਪਹਿਲਾਂ ਹੀ ਮੂੰਹ ਹਨੇਰੇ ਗਣੇਸ਼ੇ ਦੀ ਟੈਕਸੀ ਦੀ ਹਾਰਨ ਸੁਣ ਕੇ ਧਰੋਪਤੀ ਦੇ ਮੂੰਹੋਂ ਨਿਕਲਿਆ ਸੀ, "ਖਸਮਾਂ ਖਾਣਿਆਂ ਨੂੰ ਖ਼ਬਰੇ ਨੀਂਦਰ ਹੀ ਨਹੀਂ ਪੈਂਦੀ।" ਉਦੋਂ ਭਗਤ ਰਾਮ ਦੇ ਸਮਝਾਉਣ 'ਤੇ ਕਿ "ਇਸ ਟੈਕਸੀ ਵਾਲੇ ਗਰੀਬ ਦਾ ਚਲਾਨ ਹੋ ਗਿਆ ਹੈ, ਵਿਚਾਰਾ ਸ਼ਰਨਾਰਥੀ ਹੈ, ਸਿਫਾਰਸ਼ ਲਈ ਆਖਦਾ ਹੈ", ਧਰੋਪਤੀ ਨੇ ਹੋਰ ਉਚਾ ਆਖਿਆ ਸੀ, "ਖਾਏ ਖਸਮਾਂ ਨੂੰ।" ਗਣੇਸ਼ੇ ਇਹ ਗੱਲ ਸੁਣ ਲਈ ਸੀ, ਪਰ ਗਰਜ਼ਮੰਦ ਕੀ ਆਖਦਾ? ਅੱਜ ਚਾਨਣ ਸ਼ਾਹ ਦਾ ਲਿਹਾਜ਼ ਭਗਤ ਰਾਮ ਨੂੰ ਧਰੋਪਤੀ ਦੀ ਝਿੜਕ

## ਗੁਰਮੁਖ ਸਿੰਘ ਮੁਸਾਫ਼ਿਰ

ਤੋਂ ਬਚਾਅ ਗਿਆ। ਮੋਟਰ ਬੂਹੇ ਅੱਗੇ ਖੜ੍ਹੀ ਕਰ ਕੇ ਚਾਨਣ ਸ਼ਾਹ ਸਿੱਧਾ ਭਗਤ ਰਾਮ ਸੌਣ ਕਮਰੇ ਵਿਚ ਹੀ ਆ ਗਿਆ। ਧਰੋਪਤੀ ਨੇ 'ਜੀ ਆਇਆਂ' ਆਖ ਕੇ ਕੁਰਸੀ ਅੱਗੇ ਕੀਤੀ।

ਚੁਟਕੀ ਵਜਾਉਂਦਿਆਂ ਖੜੇ-ਖੜੋਤੇ ਹੀ ਚਾਨਣ ਸ਼ਾਹ ਨੇ ਪੁੱਛਿਆ, "ਲਾਲਾ ਜੀ ਤਿਆਰ ਹੋ?"

"ਜੀ ਹਾਂ, ਬਸ ਦਵਾਈ ਦੀ ਸ਼ੀਸ਼ੀ ਲੈ ਲਵਾਂ, ਮੁੜਦਿਆਂ ਖਬਰੇ ਦੇਰ ਹੀ ਹੋ ਜਾਵੇ... ਨਾਲੇ...।" ਭਗਤ ਰਾਮ ਦੀ ਗੱਲ ਨੂੰ ਵਿਚੋਂ ਹੀ ਟੋਕ ਕੇ ਚਾਨਣ ਸ਼ਾਹ ਨੇ ਕਿਹਾ, "ਨਹੀਂ ਜੀ, ਹੁਣੇ ਮੁੜਦੇ ਹਾਂ, ਨਵੀਂ ਮੋਟਰ ਏ, ਢਾਈਆਂ ਘੰਟਿਆਂ ਵਿਚ ਅੰਬਾਲੇ, ਘੰਟਾ ਭਰ ਉਥੇ ਤੇ ਢਾਈਆਂ ਵਿਚ ਹੀ ਮੁੜ ਦਿੱਲੀ, ਕੁਲ ਛਿਆਂ ਘੰਟਿਆਂ ਦੀ ਗੱਲ ਏ, ਹੁਣ ਛੇ ਵਜੇ ਨੇ, ਜੇ ਦਸਾਂ-ਪੰਦਰਾਂ ਮਿੰਟਾਂ ਵਿਚ ਤੁਰ ਪਈਏ ਤਾਂ ਸਵਾ ਬਾਰਾਂ ਵਜੇ ਤੱਕ ਪਰਤ ਆਵਾਂਗੇ।"

"ਨਹੀਂ ਸ਼ਾਹ ਜੀ, ਸ਼ਰਨਾਰਥੀ ਕੈਂਪ ਵਿਚ ਮੇਰੇ ਦੋ ਸਵਾ ਦੋ ਘੰਟੇ ਘਟੋ ਘੱਟ ਜ਼ਰੂਰ ਲੱਗ ਜਾਣੇ ਨੇ।"

"ਚਲੋ ਹੱਦ ਤਿੰਨ ਵਜੇ ਤੱਕ ਸਹੀ, ਸ਼ਾਮ ਤੋਂ ਪਹਿਲਾਂ 'ਤੇ ਆ ਹੀ ਜਾਵਾਂਗੇ, ਉਠੋ ਛੇਤੀ ਕਰੋ। ਜਿਤਨੇ ਛੇਤੀ ਜਾਵਾਂਗੇ, ਉਤਨੇ ਹੀ ਛੇਤੀ ਪਰਤਾਂਗੇ।" ਧਰੋਪਤੀ ਨੇ ਆਖਿਆ, "ਜੇ ਦੇਰ ਹੋ ਜਾਣ ਦਾ ਡਰ ਹੋਵੇ ਜਾਂ ਰਾਤ ਉਥੇ ਹੀ ਰਹਿਣਾ ਪੈ ਜਾਣਾ ਹੋਵੇ ਤਾਂ ਭਾਰਾ ਕੱਪੜਾ ਜਾਂ ਬਿਸਤਰਾ ਨਾਲ...।"

ਚਾਨਣ ਸ਼ਾਹ ਨੇ ਧਰੋਪਤੀ ਨੂੰ ਵੀ ਗੱਲ ਪੂਰੀ ਨਾ ਕਰਨ ਦਿੱਤੀ ਤੇ ਭਗਤ ਰਾਮ ਦਾ ਹੱਥ ਫੜ੍ਹ ਕੇ ਮੰਜੇ ਉਤੋਂ ਉਠਾ ਲਿਆ। "ਚਲੋ ਕਿਸੇ ਚੀਜ਼ ਦੇ ਨਾਲ ਲੈ ਜਾਣ ਦੀ ਲੋੜ ਨਹੀਂ, ਪਰਤਨੇ ਆਂ, ਜੇ ਸਰਦੀ ਮੰਨਦੇ ਹੋ, ਤਾਂ ਮੋਟਰ ਵਿਚ ਕੰਬਲ ਪਿਆ ਏ, ਵਲ੍ਹੇਟ ਲਵੋ, ਤਿੰਨ ਵਜੇ ਜ਼ਰੂਰ ਤੁਹਾਨੂੰ ਘਰ ਪਹੁੰਚਾ ਦਿਆਂਗੇ।"

ਬੜੀ ਤਸੱਲੀ ਨਾਲ ਨਵੀਂ ਮੋਟਰ ਦੇ ਨਰਮ ਗੱਦਿਆਂ 'ਤੇ ਆਰਾਮ ਨਾਲ ਢੋਹ ਲਾ ਕੇ ਬਹਿੰਦਿਆਂ ਭਗਤ ਰਾਮ ਨੇ ਕਿਹਾ, "ਧਰੋਪਤੀ ਜੀ, ਜਿਹੜਾ ਵੀ ਕੋਈ ਕੰਮ ਕਾਜ ਵਾਲਾ ਆਵੇ, ਤਿੰਨ ਵਜੇ ਦਾ ਵਕਤ ਦੇ ਦੇਣਾ।"


ਚਾਨਣ ਸ਼ਾਹ ਨੇ ਭਗਤ ਰਾਮ ਦੇ ਗੋਡਿਆਂ 'ਤੇ ਕੰਬਲ ਸੁੱਟਦਿਆਂ ਕਿਹਾ, "ਬਸ ਤੁਸੀਂ ਡਿਪਟੀ ਕਮਿਸ਼ਨਰ ਨੂੰ ਮੂੰਹ ਵਖਾਣੈ ਤੇ ਸਾਡਾ ਕੰਮ ਹੋ ਜਾਣੈ, ਫਿਰ ਤੁਸੀਂ ਜਿਥੇ ਜਾਣਾ ਹੋਇਆ ਜਾਇਉ, ਬੜੀ ਖੁਸ਼ੀ ਨਾਲ, ਪੈਟਰੋਲ ਬਹੁਤੇਰਾ ਹੈ।"

ਲਾਲਾ ਭਗਤ ਰਾਮ ਸ਼ਰਨਾਰਥੀ ਨੇਤਾ ਹਨ, ਸਵੇਰ ਤੋਂ ਸ਼ਾਮ ਤੱਕ ਇਨ੍ਹਾਂ ਕੋਲ ਲੋੜਵੰਦ ਸ਼ਰਨਾਰਥੀ ਆਉਂਦੇ ਰਹਿੰਦੇ ਹਨ। ਇਹ ਸਭ ਦੀਆਂ ਗੱਲਾਂ ਹਮਦਰਦੀ ਨਾਲ ਸੁਣ ਕੇ ਕੰਮ ਕਰਵਾਉਣ ਦਾ ਯਤਨ ਕਰਦੇ ਹਨ। ਧਰੋਪਤੀ ਦਾ ਵੀ ਸੁਭਾਅ ਉਂਜ ਤਾਂ ਬੜਾ ਮਿੱਠਾ ਹੈ ਤੇ ਦਿਲ ਬੜਾ ਹਮਦਰਦ ਹੈ, ਪਰ ਸਵੇਰੇ ਜਾਗਣ ਤੋਂ ਪਹਿਲਾਂ ਤੇ ਰਾਤੀਂ ਸੌਂ ਜਾਣ ਤੋਂ ਪਿਛੋਂ ਤੱਕ ਜਿਹੜੇ ਆਦਮੀ ਬੂਹੇ ਭੰਨਦੇ ਰਹਿੰਦੇ ਹਨ, ਉਨ੍ਹਾਂ ਤੋਂ ਉਹ ਕਦੇ ਬੜੀ ਔਖੀ ਹੋ ਜਾਂਦੀ ਹੈ।

ਹੁਣ ਮੋਟਰ ਕੁਆਰਟਰੋਂ ਬਾਹਰ ਨਿਕਲੀ ਹੀ ਸੀ ਕਿ ਇਕ ਸ਼ਰਨਾਰਥੀ ਨੇ ਲਾਲਾ ਭਗਤ ਰਾਮ ਬਾਰੇ ਆਣ ਪੁੱਛਿਆ। ਧਰੋਪਤੀ ਨੇ ਚਾਨਣ ਸ਼ਾਹ ਨਾਲ ਅੰਬਾਲੇ ਜਾਣ ਬਾਰੇ ਦੱਸਿਆ ਤਾਂ ਉਹ ਬੁੜ ਬੁੜ ਕਰਦਾ ਚਲਾ ਗਿਆ:

"ਸਰਮਾਏਦਾਰਾਂ ਨਾਲ ਉਡ ਕੇ ਤੁਰ ਪੈਂਦੇ ਨੇ, ਜੇ ਅੱਜ ਮੇਰੇ ਨਾਲ ਕਸਟੋਡੀਅਨ ਪਾਸ ਨਾ ਗਏ ਤਾਂ ਸ਼ਾਮੀਂ ਭਾਂਡਾ-ਟਿੰਡਰ ਸੜਕ 'ਤੇ ਹੋਸੀ।" ਇਹ ਅਜੇ ਗਿਆ ਹੀ ਸੀ ਕਿ ਇਕ ਹੋਰ ਆਣ ਡੁਸਕਿਆ, "ਮੇਰਾ ਕਰਜ਼ਾ ਮਨਜ਼ੂਰ ਤਾਂ ਕਰਵਾ ਦਿੱਤਾ ਏ, ਲੈਣ ਲਈ ਜ਼ਮਾਨਤ ਕੌਣ ਦੇਵੇ।"

"ਮੇਰੀ ਬਦਲੀ ਦੇ ਕਾਗਜ਼ਾਂ 'ਤੇ ਅੱਜ ਦਸਤਖਤ ਹੋ ਜਾਣੇ ਨੇ, ਮਕਾਨ ਸਬੰਧੀ ਸ਼ਰਨਾਰਥੀਆਂ ਨਾਲ ਭਰਿਆ ਪਿਆ ਹੈ। ਮਾਤਾ-ਪਿਤਾ ਬੁੱਢੇ ਨੇ, ਘਰ ਵਾਲੀ ਪੂਰਿਆਂ ਦਿਨਾਂ 'ਤੇ ਹੈ, ਜਿੱਥੇ ਬਦਲੀ ਕਰਦੇ ਨੇ, ਉਥੇ ਰਹਿਣ ਲਈ ਟੈਂਟ ਦਾ ਵੀ ਪ੍ਰਬੰਧ ਨਹੀਂ।"



"ਮੈਂ ਪਿਸ਼ਾਵਰ ਵਿਚ ਏ.ਡੀ.ਐਮ. ਸਾਂ, ਇੱਥੇ ਕਲਰਕੀ ਮਿਲੀ ਹੈ, ਉਸ ਤੋਂ ਵੀ ਹਟਾਉਣ ਦੀਆਂ ਤਜਵੀਜ਼ਾਂ ਹੋ ਰਹੀਆਂ ਨੇ।"

"ਭੈਣ ਜੀ, ਇਕ ਸੌ ਸੱਠਾਂ ਬੰਗਲਿਆਂ ਦੇ ਮਾਲਕ ਨੂੰ ਇੱਥੇ ਕਿਸੇ ਕੋਠੀ ਦੇ ਬਰਾਂਡੇ ਵਿਚ ਵੀ ਟਿਕਾਣਾ ਨਾ ਮਿਲੇ, ਦੱਸੋ ਕਿੱਥੇ ਸਿਰ ਲੁਕਾਈਏ।" ਧਰੋਪਤੀ ਅੱਜ ਸਾਰੇ ਆਉਣ ਵਾਲੇ ਸ਼ਰਨਾਰਥੀਆਂ ਦੇ ਇਹ ਕੰਮ ਸੁਣ ਕੇ ਤਿੰਨ ਵਜੇ ਆਉਣ ਦਾ ਵਕਤ ਦਿੰਦੀ ਗਈ।

ਪਾਣੀ ਦੀਆਂ ਨਰਮ ਤੇ ਨਾਜ਼ੁਕ ਬੂੰਦਾਂ ਲਗਾਤਾਰ ਵਸ-ਵਸ ਕੇ ਪੱਥਰ ਦੀਆਂ ਸਖਤ ਚਟਾਨਾਂ ਵਿਚ ਵੀ ਆਪਣੀ ਥਾਂ ਬਣਾ ਲੈਂਦੀਆਂ ਹਨ। ਧਰੋਪਤੀ ਦੇ ਹਿਰਦੇ ਵਿਚ ਤਾਂ ਮਾਂ-ਦਿਲ ਹੈ। "ਪਤੀ ਗਿਆ, ਪੁੱਤ ਗਿਆ, ਹੁਣ ਪਤ ਵੀ ਜਾਂਦੀ ਹੈ", ਇਕ ਅੱਧਖੜ੍ਹ ਜਿਹੀ ਉਮਰ ਦੀ ਸ਼ਰਨਾਰਥਣ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਧਰੋਪਤੀ ਤਿੰਨ ਵਜੇ ਆਉਣ ਲਈ ਉਸ ਨੂੰ ਆਖਣ ਹੀ ਲੱਗੀ ਸੀ ਕਿ ਸ਼ਰਨਾਰਥਣ ਨੇ ਆਪਣੀ ਵਿਥਿਆ ਅਰੰਭ ਦਿੱਤੀ। ਔਖਾਂ ਜੀਭ ਨਹੀਂ, ਪਰ ਜੀਭ ਤੋਂ ਬਿਨਾਂ ਵੀ ਨਹੀਂ। ਇਉਂ ਪ੍ਰਤੀਤ ਹੋਇਆ ਜਿਵੇਂ ਦੁਖੀ ਸ਼ਰਨਾਰਥਣ ਦੀ ਦਰਦ ਕਹਾਣੀ ਉਸ ਦੀ ਜ਼ੁਬਾਨ ਤੇ ਧਰੋਪਤੀ ਦੀਆਂ ਅੱਖਾਂ ਤੋਂ ਇਕ ਸਾਥ ਹੀ ਸੁਣਾਈ ਜਾ ਰਹੀ ਹੈ। ਇਸ ਆਪ ਧਿਆਨੇ ਵਿਚ ਧਰੋਪਤੀ ਹੋਰ ਆਉਣ ਵਾਲਿਆਂ ਨੂੰ ਤਿੰਨ ਵਜੇ ਦਾ ਵਕਤ ਦੇਣੋਂ ਵੀ ਇਕ ਵੇਰ ਭੁੱਲ ਗਈ। ਇਕ ਹੋਰ ਬੀਬੀ ਜਿਸ ਨੇ ਆਪਣੇ ਗੋਰੇ ਨਿਛੋਹ ਜਿਹੇ ਸਰੀਰ ਨੂੰ ਲੀਰੋ-ਲੀਰ ਹੋ ਚੁੱਕੇ ਮੈਲੇ ਖਲੱਟ ਦੁਪੱਟੇ ਨਾਲ ਮਸਾਂ ਹੀ ਕੱਜਿਆ ਹੋਇਆ ਸੀ, ਧਰੋਪਤੀ ਵੱਲ ਆਉਂਦੀ ਦਿਸੀ। ਸਰੀਰ ਦੇ ਅਗਲੇ ਹਿੱਸੇ ਨੂੰ ਕੱਜਣ ਲਈ ਉਸ ਦਾ ਸਿਰ ਇੰਨਾ ਝੁਕਿਆ ਹੋਇਆ ਸੀ ਕਿ ਉਹ ਸਾਹਮਣਿਉਂ ਆਉਂਦੇ-ਜਾਂਦੇ ਨੂੰ ਨਹੀਂ ਸੀ ਵੇਖ ਸਕਦੀ। ਧਰਤੀ ਵਿਚ ਅੱਖਾਂ ਗੱਡੀ ਉਹ ਬੂਹੇ ਅੱਗੇ ਪੁੱਜੀ ਤਾਂ ਮੁਹਾਠ 'ਤੇ ਆਪ ਧਿਆਨੇ ਸੋਚਾਂ ਵਿਚ ਖੜ੍ਹੇ ਇਕ ਸ਼ਰਨਾਰਥੀ ਦਾ ਸਿਰ ਉਸ ਦੀ ਵੱਖੀ ਵਿਚ ਲੱਗਾ, ਉਹ ਧੜੰਮ ਕਰ ਕੇ ਡਿੱਗੀ। ਡਿੱਗਣ ਦੀ ਆਵਾਜ਼ ਨੇ ਹੀ ਧਰੋਪਤੀ ਨੂੰ ਉਸ ਦੀ ਹੋਂਦ ਦਾ ਗਿਆਨ ਕਰਵਾਇਆ। ਡਿੱਗਣ ਵਾਲੀ ਨੂੰ ਧਰੋਪਤੀ ਨੇ ਪਹਿਲੀ ਸ਼ਰਨਾਰਥਣ ਦੀ ਮਦਦ ਨਾਲ ਬਾਹਰਲੇ ਕਮਰੇ ਵਿਚ ਵਿਛੀ ਹੋਈ ਮੈਲੀ ਜਿਹੀ, ਲੋਕਾਂ ਦੀਆਂ ਜੁੱਤੀਆਂ ਨਾਲ ਮਿੱਟੀਓ-ਮਿੱਟੀ ਹੋਈ ਪਈ ਦਰੀ 'ਤੇ ਲਿਟਾ ਦਿੱਤਾ। ਕਮਰੇ ਵਿਚ ਬੈਠੇ ਹੋਰ ਸਾਰਿਆਂ ਨੂੰ ਧਰੋਪਤੀ ਨੇ 'ਤਿੰਨ ਵਜੇ ਆਇਓ' ਆਖ ਕੇ ਉਠਾ ਦਿੱਤਾ। ਡਿੱਗਣ ਵਾਲੀ ਦੀ ਬੇਹੋਸ਼ੀ ਨੂੰ ਵੇਖ ਕੇ ਧਰੋਪਤੀ ਦੇ ਹੋਸ਼ ਗੁੰਮ ਗਏ, ਮੁੜ੍ਹਕੋ-ਮੁੜ੍ਹਕੀ ਹੋਈ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪਹਿਲੀ ਬੈਠੀ ਸ਼ਰਨਾਰਥਣ ਨੇ ਉਠ ਕੇ ਅੰਦਰੋਂ ਬੂਹਾ ਬੰਦ ਕਰ ਦਿੱਤਾ ਸੀ। ਘਬਰਾਈ ਹੋਈ ਧਰੋਪਤੀ ਨੇ ਬੂਹੇ ਦੀ ਝੀਤ 'ਚੋਂ ਬਾਹਰ ਝਾਕਿਆ ਹੀ ਸੀ ਕਿ ਹਾਰਨ ਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ। ਹੈਂ! ਤਿੰਨ ਵੱਜ ਗਏ ਨੇ? ਓ! ਇਹ ਤੇ ਗਣੇਸ਼ਾ ਏ, ਖਸਮਾਂ ਖਾਣਾ! ਪਿਛਲੇ ਲਫਜ਼ ਧਰੋਪਤੀ ਦੇ ਮੂੰਹੋਂ ਸੁੱਤੇ ਸਿਧ ਨਿਕਲ ਤੇ ਗਏ, ਪਰ ਉਸ ਦਾ ਮਨ ਕੁਝ ਸੋਚਾਂ ਜਿਹੀਆਂ ਵਿਚ ਪੈ ਗਿਆ। ਗਣੇਸ਼ੇ ਨੂੰ ਇਸ਼ਾਰੇ ਨਾਲ ਸੱਦ ਵੀ ਲਿਆ। ਉਸ ਨੂੰ ਕੋਈ ਕੰਮ ਦੱਸਣ ਲਈ ਕੁਝ ਸੰਕੋਚ ਹੈ, ਪਰ ਮਜਬੂਰੀ ਹੈ।

"ਕਰੋਲ ਬਾਗ ਗੁਰਦੁਆਰਾ ਰੋਡ ਲੇਡੀ ਡਾਕਟਰ ਕਰਤਾਰ ਕੌਰ ਦਾ ਨਾਂ ਪੁੱਛ ਲਈਂ।"

ਗਣੇਸ਼ਾ ਸਾਰੀ ਦਿੱਲੀ ਦਾ ਵਾਕਫ ਹੋ ਚੁੱਕਾ ਸੀ, ਧਰੋਪਤੀ ਦੇ ਮੂੰਹੋਂ ਇਹ ਲਫਜ਼ ਸੁਣਦਿਆਂ ਹੀ ਟੈਕਸੀ ਲੈ ਕੇ ਉਡ ਗਿਆ।

ਗਣੇਸ਼ੇ ਨੇ ਝਟ ਵਾਪਸ ਆਣ ਕੇ ਵਿਹੜੇ ਵੜਦਿਆਂ ਹੀ ਜ਼ੋਰ ਦਾ ਹਾਰਨ ਵਜਾਇਆ, ਪਰ ਧਰੋਪਤੀ ਦੇ ਕੰਨ ਇਸ ਵੇਲੇ ਸਿਰਫ ਸ਼ਰਨਾਰਥਣ ਦੀ ਪੀੜਤ ਹਾਏ ਹਾਏ ਤੋਂ ਨਵੇਂ ਜੀਅ ਦੀ ਰੁਣਕੀ ਚੀਂ-ਚੀਂ ਸੁਣਨ ਵਿਚ ਹੀ ਪੂਰੇ ਰੁੱਝੇ ਸਨ। ਲੇਡੀ ਡਾਕਟਰ ਨੂੰ ਵੇਖ ਕੇ ਧਰੋਪਤੀ ਨੇ ਸੁੱਖ ਦਾ ਸਾਹ ਲਿਆ। ਜਨਨੀ ਦੀ ਹਾਲਤ ਵੇਖ-ਵਾਖ ਕੇ ਕਰਤਾਰ ਕੌਰ ਨੇ ਧਰੋਪਤੀ ਦੀ ਸਿਫਤ ਕੀਤੀ। "ਟੈਕਸੀ ਵਾਲੇ ਦੇ ਚਲੇ ਜਾਣ ਪਿੱਛੋਂ ਮੈਨੂੰ ਖਿਆਲ ਆਇਆ, ਨਹੀਂ ਤੇ ਟੈਲੀਫੋਨ ਹੀ ਕਰਵਾ ਦਿੰਦੀ, ਤੁਸੀਂ ਇਕ ਵੇਰ ਨੋਟ ਕਰਵਾਇਆ ਸੀ।" ਧਰੋਪਤੀ ਦੀ ਗੱਲ ਸੁਣ ਕੇ ਲੇਡੀ ਡਾਕਟਰ ਨੇ ਕਿਹਾ: "ਹਾਂ ਉਹ ਘੁਮੰਡਾ ਸਿੰਘ ਉਰਾਂ ਦਾ ਨੰਬਰ ਸੀ, ਪਰ ਹੁਣ ਤੇ ਉਹ ਸੁਨੇਹਾ ਹੀ ਨਹੀਂ ਪਹੁੰਚਾਉਂਦੇ। ਪੈਸੇ ਵਾਲੇ ਆਦਮੀ ਨੇ, ਜੇ ਆਪਣੇ ਕਿਸੇ ਸਬੰਧੀ ਜਾਂ ਮਿਲਣ-ਗਿਲਣ ਵਾਲੇ ਦਾ ਕੰਮ ਹੋਵੇ ਤਾਂ ਤੁਰਤ ਬੰਦਾ ਭੇਜ ਦਿੰਦੇ ਨੇ।"

"ਖਸਮਾਂ ਖਾਣੇ, ਪੈਸੇ ਦਾ ਐਡਾ ਘੁਮੰਡ!" ਧਰੋਪਤੀ ਦੀ ਹਮਦਰਦੀ ਵੇਖ ਕੇ ਲੇਡੀ ਡਾਕਟਰ ਨੇ ਜਨਨੀ ਸ਼ਰਨਾਰਥਣ ਦਾ ਪਤਾ-ਨਿਵਾਂ ਪੁੱਛਿਆ। ਧਰੋਪਤੀ ਨੇ ਸਾਰੀ ਵਾਰਤਾ ਸੁਣ ਕੇ ਕਿਹਾ, "ਇਸ ਦਾ ਪਤਾ-ਨਿਵਾਂ ਤੇ ਅਸਾਂ ਅਜੇ ਪੁੱਛਿਆ ਹੀ ਨਹੀਂ, ਜ਼ਰਾ ਠੀਕ ਠਾਕ ਹੋ ਲਵੇ।"

"ਇਹ ਵੀ ਚੰਗਾ ਹੋਇਆ ਕਿ ਕਿਤੇ ਸੜਕ 'ਤੇ ਹੀ ਵਿਚਾਰੀ...।"

"ਹੱਛਾ ਭੈਣ ਧਰੋਪਤੀ ਮੈਂ ਤੇ ਆਪਣਾ ਰੋਣਾ ਰੋਣ ਵੀ ਤੁਹਾਡੇ ਆਉਣਾ ਸੀ, ਲਾਲਾ ਜੀ ਕਿੱਥੇ ਨੇ?"

"ਕਿਉਂ, ਕੀ ਗੱਲ ਏ? ਉਹ ਅੰਬਾਲੇ ਤੱਕ ਗਏ ਸਨ, ਬਸ ਹੁਣ ਆਉਣ ਵਾਲੇ ਹੀ ਹਨ।"

"ਗੱਲ ਕੀ ਦੱਸਾਂ ਭੈਣ ਜੀ, ਜਿਸ ਗੈਰਜ ਵਿਚ ਮੈਂ ਕੰਮ ਕਾਰ ਕਰਦੀ ਹਾਂ, ਤੁਹਾਨੂੰ ਪਤਾ ਹੀ ਏ, ਦੋ ਹਜ਼ਾਰ ਲਾ ਕੇ ਮੈਂ ਪਾਰਟੀਸ਼ਨ ਕਰਵਾਇਆ, ਦਿਨੇ ਕੰਮ ਕਰਦੀ ਹਾਂ, ਰਾਤ ਉਥੇ ਹੀ ਕਉਚ 'ਤੇ ਲੰਮੀ ਪੈ ਜਾਂਦੀ ਹਾਂ। ਮੈਨੂੰ ਪਤਾ ਲੱਗਾ ਹੈ ਕਿ ਮੇਰੇ ਵਾਲਾ ਗੈਰਜ ਬਖ਼ਸ਼ੀ ਖੁਸ਼ਹਾਲ ਚੰਦ ਐਡਵੋਕੇਟ ਨੇ ਆਪਣੇ ਨਾਂ ਅਲਾਟ ਕਰਵਾ ਲਿਐ।"

"ਹੈਂ ਹੈਂ, ਖਸਮਾਂ ਖਾਣੇ!"

"ਹਾਂ, ਭੈਣ ਧਰੋਪਤੀ ਮੇਰੀ ਤੇ ਚਿੰਤਾ ਨਾਲ ਰਾਤ ਨੀਂਦਰ ਨਹੀਂ ਪੈਂਦੀ।"

ਤਿੰਨ ਵੱਜ ਗਏ, ਸਾਢੇ ਤਿੰਨ, ਚਾਰ, ਪੰਜ ਦਾ ਵਕਤ ਹੋ ਗਿਆ, ਲਾਲਾ ਭਗਤ ਰਾਮ ਦੇ ਕੁਆਰਟਰ ਸਾਹਮਣੇ ਸ਼ਰਨਾਰਥੀਆਂ ਦੀ ਭੀੜ ਲੱਗੀ ਹੋਈ ਹੈ, ਪਰ ਉਹ ਅਜੇ ਅੰਬਾਲਿਓਂ ਵਾਪਸ ਨਹੀਂ ਮੁੜੇ।

"ਚਾਨਣ ਸ਼ਾਹ ਉਰਾਂ ਦੇ ਘਰੋਂ ਟੈਲੀਫੋਨ ਹੀ ਕਰ ਕੇ ਪਤਾ ਕਰੋ", ਧਰੋਪਤੀ ਦੇ ਕਹਿਣ 'ਤੇ ਉਸ ਦੇ ਨਿੱਕੇ ਮੁੰਡੇ ਨੇ ਟੈਲੀਫੋਨ ਦੀ ਕਿਤਾਬ ਵੇਖ ਕੇ ਕਿਹਾ, "ਉਨ੍ਹਾਂ ਦੇ ਘਰ ਤਾਂ ਟੈਲੀਫੋਨ ਹੈ ਹੀ ਨਹੀਂ।"

"ਨਹੀਂ ਹੈ, ਲਾਲਾ ਜੀ ਨੇ ਹੁਣੇ ਹੀ ਕੋਸ਼ਿਸ਼ ਕਰ ਕੇ ਲੁਆ ਦਿੱਤੈ।" ਧਰੋਪਤੀ ਦੀ ਗੱਲ ਸੁਣ ਕੇ ਇਕ ਸ਼ਰਨਾਰਥੀ ਨੇ ਕਿਹਾ, "ਲਾਲਾ ਜੀ ਵੀ ਭੱਜ ਕੇ ਸਰਮਾਏਦਾਰਾਂ ਦੇ ਕੰਮ ਹੀ ਕਰਦੇ ਨੇ।"

"ਖਸਮਾਂ ਖਾਣੇ, ਨੁਕਸ ਛਾਂਟਣ ਨੂੰ ਆ ਜਾਂਦੇ ਨੇ, ਸਰਮਾਏ ਬਿਨਾਂ ਕੋਈ ਕੰਮ ਵੀ ਚਲਦੈ। ਹੁਣ ਚਾਨਣ ਸ਼ਾਹ ਉਰੀ ਲਾਲਾ ਜੀ ਨੂੰ ਆਪਣੀ ਮੋਟਰ ਵਿਚ ਬਿਠਾ ਕੇ ਅੰਬਾਲੇ ਲੈ ਗਏ ਨੇ। ਕੰਮ ਭਾਵੇਂ ਉਨ੍ਹਾਂ ਦਾ ਆਪਣਾ ਵੀ ਸੀ, ਪਰ ਲਾਲਾ ਜੀ ਨੇ ਸ਼ਰਨਾਰਥੀਆਂ ਦੀ ਖਬਰ ਲੈਣ ਜਾਣਾ ਸੀ, ਆਰਾਮ ਨਾਲ ਗਏ ਨੇ, ਆਰਾਮ ਨਾਲ ਆ ਜਾਣਗੇ।" ਗੱਲ ਕਰਦਿਆਂ ਕਰਦਿਆਂ ਹੀ ਧਰੋਪਤੀ ਨੇ ਮੁੰਡੇ ਨੂੰ ਫਿਰ ਆਵਾਜ਼ ਦਿੱਤੀ, "ਟੈਲੀਫੋਨ ਪੁੱਛ-ਗਿੱਛ ਦੇ ਦਫਤਰੋਂ ਲਾਲਾ ਚਾਨਣ ਸ਼ਾਹ ਦਾ ਨੰਬਰ ਪਤਾ ਕਰ ਲਵੇਂ।"

"ਕਿੱਥੋਂ ਬੋਲਦੇ ਹੋ ਜੀ?"

"ਲਾਲਾ ਚਾਨਣ ਸ਼ਾਹ ਦੀ ਕੋਠੀਓਂ?"

"ਸ਼ਾਹ ਉਰੀਂ ਅੰਬਾਲੇ ਗਏ ਸਨ?"

"ਆ ਗਏ ਹਨ।"

"ਉਨ੍ਹਾਂ ਨੂੰ ਜ਼ਰਾ ਟੈਲੀਫੋਨ ਦਿਓ।"

"ਤੁਸੀਂ ਥੋੜ੍ਹੀ ਦੇਰ ਨੂੰ ਟੈਲੀਫੋਨ ਕਰਨਾ, ਇਸ ਵੇਲੇ ਉਹ ਬਾਹਰ ਬਗੀਚੇ ਵਿਚ ਬੈਠੇ ਹਨ, ਕੁਝ ਪ੍ਰਾਹੁਣੇ ਆਏ ਹੋਏ ਹਨ, ਪਾਰਟੀ ਹੋ ਰਹੀ ਹੈ।"

"ਹੱਛਾ ਉਨ੍ਹਾਂ ਤੋਂ ਪਤਾ ਕਰ ਦਿਓ ਕਿ ਲਾਲਾ ਭਗਤ ਰਾਮ ਉਰੀਂ ਜੋ ਉਨ੍ਹਾਂ ਦੇ ਨਾਲ ਗਏ ਸਨ, ਉਹ ਕਿੱਥੇ ਹਨ।"

"ਤੁਸੀਂ ਕੌਣ ਬੋਲਦੇ ਹੋ?"

"ਧਰੋਪਤੀ, ਲਾਲਾ ਜੀ ਦੇ ਘਰੋਂ।"

"ਹੱਛਾ ਇਕ ਦੋ ਮਿੰਟ ਉਡੀਕੋ, ਜਾਂ ਆਪਣਾ ਨੰਬਰ ਦੱਸ ਦਿਓ।" ਧਰੋਪਤੀ ਆਪਣਾ ਨੰਬਰ ਦੱਸ ਕੇ ਕਰਤਾਰ ਕੌਰ ਨਾਲ ਗੱਲੀਂ ਲੱਗਣ ਲੱਗੀ ਸੀ ਕਿ ਤੁਰੰਤ ਫੈਲੀਫੋਨ ਦੀ ਘੰਟੀ ਵੱਜੀ।

## ਕਹਾਣੀ

"ਹੈਲੋ।"

"ਹਾਂ ਜੀ।"

"ਸ਼ਾਹ ਜੀ ਆਖਦੇ ਹਨ ਕਿ ਲਾਲਾ ਜੀ ਡਿਪਟੀ ਕਮਿਸ਼ਨਰ ਦੀ ਕੋਠੀ ਤੋਂ ਹੀ ਟਾਂਗਾ ਲੈ ਸ਼ਰਨਾਰਥੀ ਕੈਂਪ ਵਿਚ ਚਲੇ ਗਏ ਸਨ। ਮੋਟਰ ਵਿਚ ਪੈਟਰੋਲ ਥੋੜ੍ਹਾ ਸੀ ਤੇ ਸ਼ਾਹ ਉਰਾਂ ਆਪਣੇ ਇਕ ਦੋ ਕੰਮ ਹੋਰ ਕਰਨੇ ਸਨ। ਸ਼ਾਹ ਉਰਾਂ ਲਾਲਾ ਜੀ ਨੂੰ ਸ਼ਰਨਾਰਥੀ ਕੈਂਪ ਵਿਚੋਂ ਨਾਲ ਲੈਣਾ ਸੀ, ਪਰ ਦੂਜੇ ਜ਼ਰੂਰੀ ਕੰਮਾਂ ਵਿਚ ਉਨ੍ਹਾਂ ਨੂੰ ਢਿੱਲ ਲੱਗ ਗਈ। ਇੱਥੇ ਘਰ ਬੰਦੇ ਚਾਹ 'ਤੇ ਸੱਦੇ ਹੋਏ ਸਨ। ਜੇ ਕੈਂਪ ਵਿਚ ਲਾਲਾ ਜੀ ਨੂੰ ਲੈਣ ਜਾਂਦੇ ਤਾਂ ਢਿੱਲ ਲੱਗ ਜਾਣੀ ਸੀ, ਇਸ ਲਈ ਉਹ ਵਾਪਸ ਆ...।"

'ਗਏ' ਦਾ ਸ਼ਬਦ ਅਜੇ ਸੁਣਨ ਵਾਲੇ ਦੇ ਮੂੰਹ ਵਿਚ ਹੀ ਸੀ ਕਿ ਧਰੋਪਤੀ ਨੇ 'ਖਸਮਾਂ ਖਾਣੇ' ਆਖ ਕੇ ਜ਼ੋਰ ਨਾਲ ਰਸਵੀਰ ਵਗਾਹ ਕੇ ਮਾਰਿਆ। ਗੱਲ ਸਭ ਨੂੰ ਪਤਾ ਲੱਗ ਗਈ, ਕੰਮਾਂ ਵਾਲੇ ਘਰੋ-ਘਰੀਂ ਚਲੇ ਗਏ।

ਰਾਤ ਦੀ ਸ਼ਾਂਤੀ ਜਿਉਂ-ਜਿਉਂ ਡੂੰਘੀ ਹੁੰਦੀ ਜਾਂਦੀ ਹੈ, ਧਰੋਪਤੀ ਦੀ ਬੇਚੈਨੀ ਵਧਦੀ ਜਾਂਦੀ ਹੈ। ਸੜਕ ਤੋਂ ਹਰ ਗੁਜ਼ਰਨ ਵਾਲੀ ਮੋਟਰ ਦੀ ਆਵਾਜ਼ ਉਸ ਨੂੰ ਆਪਣੇ ਵਿਹੜੇ ਵਿਚ ਸੁਣੀਂਦੀ, ਉਹ ਭੁਲੇਖੇ ਵਿਚ ਬੂਹਾ ਖੋਲ੍ਹਦੀ ਤੇ ਮੋਟਰ ਫਰ-ਫਰ ਕਰਦੀ ਅਲੋਪ ਹੋ ਜਾਂਦੀ। ਜਨਨੀ ਸ਼ਰਨਾਰਥਣ ਦੀ ਸੇਵਾ ਸੰਭਾਲ ਧਰੋਪਤੀ ਦੇ ਜਾਗਣ ਦਾ ਚੰਗਾ ਬਹਾਨਾ ਹੈ, ਪਰ ਉਂਜ ਵੀ ਅੱਜ ਉਸ ਦੀਆਂ ਅੱਖਾਂ ਵਿਚ ਨੀਂਦਰ ਕਿੱਥੋਂ।

"ਪੋਹ-ਮਾਹ ਦੀ ਰਾਤ, ਬਗੈਰ ਬਿਸਤਰੇ, ਕੋਈ ਭਾਰਾ ਕੱਪੜਾ ਵੀ ਲੈ ਕੇ ਨਹੀਂ ਗਏ, ਦਵਾਈ ਬਿਨਾਂ ਉਨ੍ਹਾਂ ਨੂੰ ਨੀਂਦਰ ਨਈਂ ਆਉਂਦੀ।" ਉਠਦਿਆਂ, ਬੈਠਦਿਆਂ ਜਨਨੀ ਸ਼ਰਨਾਰਥਣ ਦਾ ਕੱਪੜਾ ਲੱਤਾ ਠੀਕ ਕਰਦਿਆਂ-ਕਰਦਿਆਂ ਮੋਟਰਾਂ ਦੀਆਂ ਆਵਾਜ਼ਾਂ ਦੇ ਭੁਲੇਖੇ ਵਿਚ ਮੁੜ-ਮੁੜ ਬਾਹਰ ਝਾਕਦਿਆਂ, ਅੰਗੀਠੀ ਦੀ ਅੱਗ ਫੋਲਦਿਆਂ-ਫਾਲਦਿਆਂ, ਧਰੋਪਤੀ ਨੂੰ ਸਵੇਰ ਹੋ ਗਈ। ਅਖੀਰ ਕੱਲ੍ਹ ਵਾਲੇ ਮੂੰਹ ਹਨੇਰੇ ਵੇਲੇ ਇਕ ਮੋਟਰ ਉਸ ਦੇ ਵਿਹੜੇ ਵਿਚ ਆਣ ਹੀ ਰੁਕੀ। ਹਾਰਨ ਇਸ ਦਾ ਅੱਜ ਵੀ ਬੜਾ ਖਹੁਰਾ ਹੈ, ਪਰ ਧਰੋਪਤੀ ਦੇ ਕੰਨਾਂ ਨੂੰ ਸਵੇਰ ਦੇ ਆਸਾ ਰਾਗ ਵਰਗਾ ਮਿੱਠਾ ਲੱਗਾ।

ਗਣੇਸ਼ੇ ਨੇ ਟੈਕਸੀ ਦਾ ਬੂਹਾ ਬਾਹਰੋਂ ਖੋਲ੍ਹਿਆ, ਪਤਲੇ ਜਿਹੇ ਮੈਲੇ ਖਲੱਟ ਕੰਬਲ ਦੀ ਬੁੱਕਲ ਮਾਰੀ, ਲਾਲਾ ਭਗਤ ਰਾਮ ਉਰੀ ਬਾਹਰ ਨਿਕਲੇ। ਧਰੋਪਤੀ ਸੱਜੇ ਹੱਥ ਦੀਆਂ ਉਂਗਲਾਂ ਨਾਲ ਕੰਬਲ ਦੀ ਮੋਟਾਈ ਜਾਚ ਰਹੀ ਸੀ, ਤੇ ਲਾਲਾ ਜੀ ਆਖ ਰਹੇ ਸਨ, ਸ਼ਰਨਾਰਥੀ ਵਿਚਾਰਾ ਰਾਤ ਸਰਦੀ ਨਾਲ ਠਰ ਗਿਆ ਹੋਵੇਗਾ, ਇਕੋ ਤੇ ਉਸ ਪਾਸ ਕੰਬਲ ਸੀ, ਜਿਹੜਾ ਉਸ ਨੇ ਮੈਨੂੰ ਰੇਲ ਵਿਚ ਬਿਠਾਉਂਦਿਆਂ ਬਦੋਬਦੀ ਮੇਰੇ ਦੁਆਲੇ ਲਪੇਟ ਦਿੱਤਾ। ਧਰੋਪਤੀ ਨੇ ਖੱਬਾ ਹੱਥ ਕਮੀਜ਼ ਦੀ ਜੇਬ੍ਹ ਵਿਚ ਪਾਇਆ, "ਸਤਿ ਸ੍ਰੀ ਅਕਾਲ" ਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ। ਗਣੇਸ਼ੇ ਦੀ ਉਡਦੀ ਜਾਂਦੀ ਟੈਕਸੀ ਨੂੰ ਦੂਰ ਤੱਕ ਵੇਖਦਿਆਂ ਉਸ ਦੇ ਮੂੰਹ 'ਚੋਂ ਨਿਕਲਿਆ, "ਇਸ ਗਰੀਬ ਨੂੰ ਵੇਖੋ ਤਾਂ ਉਹ ਖਸਮਾਂ ਖਾਣੇ!"

## ਕੂਚ ਦਾ ਨਗਾਰਾ

### ਮਿਨੀ ਕਹਾਣੀ

ਅਜਮ ਦੇਸ਼ ਦਾ ਇਕ ਬਾਦਸ਼ਾਹ ਸੀ। ਬੁੱਢਾ ਤੇ ਬਿਮਾਰ। ਤਖਤ 'ਤੇ ਪਿਆ ਮੌਤ ਦੀ ਉਡੀਕ ਕਰ ਰਿਹਾ ਸੀ। ਅਚਾਨਕ ਇਕ ਘੋੜ ਸਵਾਰ ਸਾਹੋ-ਸਾਹੀ ਹੋਇਆ ਆਇਆ ਤੇ ਹੱਥ-ਬੰਨ੍ਹ ਕੇ ਬੋਲਿਆ, 'ਬਾਦਸ਼ਾਹ ਸਲਾਮਤ! ਬਹੁਤ-ਬਹੁਤ ਮੁਬਾਰਕਾਂ! ਆਪਣੀਆਂ ਫ਼ੌਜਾਂ ਨੇ ਗੁਆਂਢੀਆਂ ਦਾ ਰਾਜ ਫਤਿਹ ਕਰ ਲਿਐ...ਦੁਸ਼ਮਣ ਵੀ ਬੰਦੀ ਬਣਾ ਲਏ ਨੇ...ਉਥੋਂ ਦੀ ਪਰਜਾ ਨੇ ਵੀ ਆਪ ਨੂੰ ਬਾਦਸ਼ਾਹ ਕਬੂਲ ਲਿਐ...।'

ਬਾਦਸ਼ਾਹ ਨੇ ਚੁੱਪ-ਚਾਪ ਸਾਰੀ ਗੱਲ ਸੁਣੀ। ਲੰਮਾ ਸਾਹ ਲਿਆ ਤੇ ਟੁੱਟਵੀਂ ਆਵਾਜ਼ 'ਚ ਕਹਿਣ ਲੱਗਾ, 'ਅਫਸੋਸ! ਇਹ ਖਬਰ ਮੇਰੇ ਲਈ ਘੱਟ ਤੇ ਦੁਸ਼ਮਣਾਂ ਲਈ ਵਧੇਰੇ ਖੁਸ਼ਗਵਾਰ ਏ ਜਿਹੜੇ ਮੇਰੇ ਪਿਛੋਂ ਦੋਵਾਂ ਰਾਜਾਂ 'ਤੇ ਹਕੂਮਤ ਕਰਨਗੇ...।' ਅਫਸੋਸ! ਮਨ ਦੀਆਂ ਮੁਰਾਦਾਂ ਪੂਰੀਆਂ ਹੋਣ ਦੀ ਉਡੀਕ 'ਚ ਪਿਆਰੀ ਉਮਰ ਬੀਤ ਗਈ...ਠੀਕ ਏ, ਵੱਡੀਆਂ-ਵੱਡੀਆਂ ਆਸਾਂ-ਉਮੀਦਾਂ ਪੂਰੀਆਂ ਵੀ ਹੋਈਆਂ ਪਰ ਕੀ ਫਾਇਦਾ? ਬੀਤੀ ਉਮਰ ਤਾਂ ਵਾਪਸ ਨਹੀਂ ਆਉਣ ਲੱਗੀ...।

ਮੌਤ ਦੇ ਹੱਥਾਂ ਨੇ ਕੂਚ ਦਾ ਨਗਾਰਾ ਵਜਾ ਦਿੱਤੈ। ਏ ਮੇਰੀਓ ਅੱਖੀਓ! ਸਿਰ ਨੂੰ ਵਿਦਾ ਕਰੋ...ਤੇ ਹੱਥਾਂ ਦੀਆਂ ਤਲੀਓ, ਗੁੱਟੋ ਤੇ ਬਾਹਵੋ ਰਲ-ਮਿਲ ਕੇ ਇਕ-ਦੂਜੇ ਨੂੰ ਅਲਵਿਦਾ ਕਹੋ... ਮਿੱਤਰੋ! ਮੇਰੇ ਦੁਸ਼ਮਣਾਂ ਦੀ ਇੱਛਾ ਪੂਰਤੀ ਕਰਦੇ ਹੋਏ ਆਪਣੇ ਲਾਚਾਰ ਬਾਦਸ਼ਾਹ ਨੂੰ ਅਲਵਿਦਾ ਕਹੋ...ਮੈਂ ਅਗਿਆਨਤਾ 'ਚ ਦਿਨ-ਕਟੀ ਕਰ ਲਈ...। ਬੁਰਾਈਆਂ ਤੋਂ ਨਾ ਬਚ ਸਕਿਆ ਪਰ ਤੁਸੀਂ ਜ਼ਰੂਰ ਬਚਣ ਦੀ ਕੋਸ਼ਿਸ਼ ਕਰਨਾ...।

-ਹਰਦੇਵ ਚੌਹਾਨ

# ਪੋਠੋਹਾਰੀ ਕਵੀ ਅਫਜ਼ਲ ਸਾਹਿਰ



ਪਾਕਿਸਤਾਨ ਦੇ ਕਿਸੇ ਵੀ ਬੰਦੇ ਦੀ ਜਦੋਂ ਕਦੇ ਕੋਈ ਗੱਲ ਹੁੰਦੀ ਹੈ ਤਾਂ ਮੈਨੂੰ ਉਹ ਦਿਨ ਚੇਤੇ ਆ ਜਾਂਦਾ ਹੈ ਜਦੋਂ ਸੰਤਾਲੀ ਦੀ ਵੰਡ ਦੇ ਅਤਿ ਵਹਿਸ਼ੀ ਮਾਹੌਲ ਵਿਚ ਕੋਈ ਨਿਹੰਗ ਸਿੰਘ ਘੋੜੇ 'ਤੇ ਸਵਾਰ ਹੋ ਕੇ ਸਾਡੇ ਪਿੰਡ ਇਹ ਕਹਿਣ ਆਇਆ ਸੀ ਕਿ ਜੇ ਅਸੀਂ ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਈਏ ਤਾਂ ਉਨ੍ਹਾਂ ਨੂੰ ਪਾਕਿਸਤਾਨ ਜਾਣ ਤੋਂ

**ਗੁਲਜ਼ਾਰ ਸਿੰਘ ਸੰਧੂ**

ਬਚਾਇਆ ਜਾ ਸਕਦਾ ਹੈ। ਸਾਡੇ ਪਿੰਡ ਵਿਚ ਅਰਾਈਂ ਮੁਸਲਮਾਨਾਂ ਦੀ ਬਹੁਤਾਤ ਸੀ। ਅਸੀਂ ਉਨ੍ਹਾਂ ਨੂੰ ਇਹ ਕਹਿ ਕੇ ਮਨਾ ਲਿਆ ਕਿ ਉਧਰ ਜਾ ਕੇ ਉਨ੍ਹਾਂ ਨੂੰ ਇੱਥੋਂ ਵਾਲੇ ਖੇਤਾਂ ਤੇ ਘਰਾਂ ਬਦਲੇ ਇੰਨੀ ਥੋੜ੍ਹੀ ਜ਼ਮੀਨ ਮਿਲਣੀ ਸੀ ਕਿ ਇੰਨੀ ਪੈਦਾਵਾਰ ਦਾ ਸਵਾਲ ਹੀ ਨਹੀਂ ਸੀ। ਉਹ ਅੰਮ੍ਰਿਤ ਛਕ ਕੇ ਸਿੰਘ ਸਜਣਾ ਮੰਨ ਗਏ। ਕਈਆਂ ਨੇ ਤਾਂ ਇਹ ਦਲੀਲ ਵੀ ਦਿੱਤੀ ਕਿ ਉਹ ਪਹਿਲਾਂ ਵੀ ਹਿੰਦੂ ਹੀ ਸਨ ਤੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਉਨ੍ਹਾਂ ਨੂੰ ਜਬਰੀ ਮੁਸਲਮਾਨ ਬਣਾਇਆ ਸੀ।

ਅੰਤਾਂ ਦੀ ਮਾੜੀ ਗੱਲ ਇਹ ਹੋਈ ਕਿ ਉਨ੍ਹਾਂ ਦੇ ਸਿੰਘ ਸਜਣ ਤੋਂ ਦੋ ਚਾਰ ਦਿਨਾਂ ਦੇ ਅੰਦਰ-ਅੰਦਰ ਹੀ ਗਵਾਂਢੀ ਪਿੰਡਾਂ ਦੇ ਟੋਲਿਆਂ ਦੇ ਟੋਲੇ ਜੈਕਾਰੇ ਬੁਲਾਉਂਦੇ ਲੌਢੇ ਵੇਲੇ ਛਵੀਆਂ, ਕਿਰਪਾਨਾਂ, ਬਰਛੇ ਤੇ ਬੰਦੂਕਾਂ ਲੈ ਕੇ ਸਾਡੇ ਪਿੰਡ ਆ ਵੜੇ ਤੇ ਵੀਹ ਬਾਈ ਮੁਸਲਮਾਨਾਂ ਨੂੰ ਕਤਲ ਕਰ ਕੇ ਉਨ੍ਹਾਂ ਦੀਆਂ ਸੱਤ ਨੂੰਹਾਂ-ਧੀਆਂ ਨੂੰ ਉਨ੍ਹਾਂ ਦੇ ਹੀ ਗੱਡਿਆਂ ਵਿਚ ਲੱਦ ਕੇ ਉਨ੍ਹਾਂ ਦੇ ਬੌਲਦ ਜੋੜ ਕੇ ਨਾਲ ਲੈ ਗਏ। ਉਨ੍ਹਾਂ ਦੇ ਟਾਕਰੇ ਉਤੇ ਸਾਡਾ ਪਿੰਡ ਬਹੁਤ ਛੋਟਾ ਸੀ ਤੇ ਬਿਲਕੁਲ ਬੇਹਥਿਆਰਾ। ਸਾਡੇ ਲੋਕਾਂ ਦੀ ਲਾਚਾਰੀ ਤੇ ਨਿਰਾਸਤਾ ਦੇਖੀ ਨਹੀਂ ਸੀ ਜਾਂਦੀ। ਬਹੁਤੀ ਇਸ ਲਈ ਕਿ ਸਾਡੇ ਨਾਲ ਧੋਖਾ ਹੋਇਆ ਸੀ ਤੇ ਉਹ ਵੀ ਉਨ੍ਹਾਂ ਨੇ ਕੀਤਾ ਸੀ ਜਿਨ੍ਹਾਂ ਨੂੰ ਅਸੀਂ ਆਪਣੇ ਕਹਿੰਦੇ ਸਾਂ। ਅੰਮ੍ਰਿਤ ਛਕਾਉਣ ਤੋਂ ਪਿਛੋਂ ਪੰਜ ਕਕਾਰ ਪੁਆ ਕੇ ਜਿਹੜੇ ਪੀਲੇ ਪਟਕੇ ਤੇ ਚੁੰਨੀਆਂ ਉਨ੍ਹਾਂ ਦੇ ਸਿਰਾਂ ਦੀ ਛਾਂ ਵਜੋਂ ਉਨ੍ਹਾਂ ਨੂੰ ਪਹਿਨਾਏ ਸਨ, ਉਹੀ ਉਨ੍ਹਾਂ ਦੀ ਜਾਨ ਦਾ ਖੌਅ ਹੋ ਨਿੱਬੜੇ। ਨਵੇਂ ਨਕੋਰ ਸਿੰਘਾਂ ਤੇ ਸਿੰਘਣੀਆਂ ਨੂੰ ਵੱਢਣ ਜਾਂ ਚੁੱਕਣ ਵੇਲੇ ਸ਼ਨਾਖਤ ਕਰਨ ਦੀ ਲੋੜ ਹੀ ਨਹੀਂ ਸੀ। ਸਾਡੇ ਸਾਰੇ ਪਿੰਡ ਨੂੰ ਬੁੱਧੂ ਬਣਾ ਕੇ ਲੁੱਟਿਆ ਗਿਆ ਸੀ।

ਥੋੜ੍ਹੇ ਦਿਨ ਹੋਏ ਪਿੰਡ ਚੱਬੇਵਾਲ (ਹੁਸ਼ਿਆਰਪੁਰ) ਦੀਆਂ ਜੜ੍ਹਾਂ ਵਾਲੇ ਸ਼ਾਇਰ ਮੁੰਡੇ ਅਫਜ਼ਲ ਸਾਹਿਰ ਦੇ ਚੰਡੀਗੜ੍ਹ ਆਉਣ ਦੀ ਸੂਹ ਮਿਲੀ। ਇਸ ਮੁੰਡੇ ਦੇ ਮਾਪੇ ਮੇਰੇ ਨੇੜਲੇ ਪਿੰਡਾਂ ਤੋਂ ਉਜੜ ਕੇ ਉਧਰ ਗਏ ਸਨ। ਚੱਬੇਵਾਲ ਮੇਰੇ ਮਾਹਿਲਪੁਰ ਵਾਲੇ ਸਕੂਲ ਤੇ ਕਾਲਜ ਤੋਂ ਕੇਵਲ ਦਸ ਕਿਲੋਮੀਟਰ ਹੈ। ਇੰਨਾ ਕੁ ਪੈਂਡਾ ਮੈਂ ਰੋਜ਼ ਸਾਈਕਲ ਚਲਾ ਕੇ ਮਾਹਿਲਪੁਰ ਪੜ੍ਹਨ ਜਾਂਦਾ ਸਾਂ ਤੇ ਇੰਨਾ ਹੀ ਪੈਂਡਾ ਮੁੜ ਕੇ ਆਉਂਦਾ ਸਾਂ।

ਕੰਵਲਜੀਤ ਢਿੱਲੋਂ ਅਫਜ਼ਲ ਸਾਹਿਰ ਨੂੰ 1998 ਤੋਂ ਜਾਣਦੀ ਹੈ ਜਦੋਂ ਉਹ ਸੰਧੂ-ਢਿੱਲੋਂ ਜੋੜੀ ਦੀ ਫੋਕਲੋਰ ਅਕਾਡਮੀ ਦੇ ਸੱਦੇ ਉਤੇ ਆਈ ਟੋਲੀ ਵਿਚ ਵਾਹਗਾ ਬਾਰਡਰ ਉਤੇ ਉਸ ਨੂੰ ਮਿਲੀ ਸੀ। ਇਸੇ ਅਕਾਡਮੀ ਦੀ ਤਿੰਨ-ਰੋਜ਼ਾ ਵਾਹਗਾ ਮਿਲਣੀ ਮੁੜ 2001 ਨੂੰ ਗਣਤੰਤਰ ਦਿਵਸ ਵੇਲੇ ਹੋਈ ਜਦੋਂ ਲਾਲਾ ਲਾਜਪਤ ਰਾਏ ਪੀਪਲਜ਼ ਫੋਰਮ ਦੇ ਸੱਦੇ ਉਤੇ ਅਫਜ਼ਲ ਢੁੱਡੀਕੇ ਵੀ ਗਿਆ ਤੇ ਉਸ ਨੇ ਫਿਰੋਜ਼ਪੁਰ-ਧਰਮਕੋਟ ਰੋਡ ਉਤੇ ਪੈਂਦੇ ਇੰਦਰਗੜ੍ਹ ਵਾਲੇ ਪੀਰ ਦੀ ਝਿੜੀ ਵਿਚ ਨਗਨ ਨਾਚ ਨੱਚਣ ਵਾਲੇ ਨਚਾਰਾਂ ਦੇ ਜੌਹਰ ਵੀ ਦੇਖੇ। ਇਸੇ ਸਾਲ ਉਸ ਨੇ ਸਾਹਿਤਕਾਰ ਅਜੀਤ ਕੌਰ ਵੱਲੋਂ ਨਵੀਂ ਦਿੱਲੀ ਵਿਚ ਰਚਾਏ ਸਾਰਕ ਲੇਖਕ ਸੰਮੇਲਨ ਵਿਚ ਵੀ ਭਾਗ ਲਿਆ।

ਅਫਜ਼ਲ ਸਾਹਿਰ ਰਾਵਲਪਿੰਡੀ ਦੇ ਨੇੜਲੇ ਪਿੰਡ ਫਗਲਾ ਦਾ ਜੰਮਪਲ ਹੈ। ਉਸ ਦੇ ਮਾਪੇ ਦੇਸ਼ ਵੰਡ ਸਮੇਂ ਹੁਸ਼ਿਆਰਪੁਰ ਦੇ ਪਿੰਡ ਚੱਬੇਵਾਲ ਤੋਂ ਉੱਜੜ ਕੇ ਰਾਵਲਪਿੰਡੀ ਜਾ ਵਸੇ ਸਨ। ਉਹ ਪੋਠੋਹਾਰੀ ਪੁੱਠ ਵਾਲੀ ਕਵਿਤਾ ਲਿਖਦਾ। ਜਦੋਂ ਉਹ ਬਾਈ ਸਾਲ ਦੀ ਉਮਰ ਵਿਚ 1993 ਦੇ ਨੇੜੇ-ਤੇੜੇ ਰੋਜ਼ੀ-ਰੋਟੀ ਦੀ ਭਾਲ ਵਿਚ ਲਾਹੌਰ ਪਹੁੰਚਿਆ ਤਾਂ ਉੱਥੋਂ ਦੇ ਤਰੱਕੀ ਪਸੰਦ ਅਦੀਬਾਂ ਨਾਲ ਰਾਬਤਾ ਕਾਇਮ ਕਰਨ ਵਿਚ ਸਫਲ ਹੋ ਗਿਆ। ਇਸ ਅਰਸੇ ਦੌਰਾਨ ਉਸ ਨੇ ਕੁਝ ਸਾਹਿਤਕ ਰਸਾਲਿਆਂ ਦੇ ਸੰਪਾਦਨ ਦੀ ਜ਼ਿੰਮੇਵਾਰੀ ਵੀ ਨਿਭਾਈ ਤੇ ਲਾਹੌਰ ਰੇਡੀਓ ਤੋਂ ਐੱਫ ਐੱਮ ਤੇ ਦੂਜੇ ਪ੍ਰੋਗਰਾਮ ਦੇਣ ਲਈ ਵੀ ਚੁਣਿਆ ਗਿਆ।

ਮੈਂ ਅਫਜ਼ਲ ਨੂੰ ਭਾਵੇਂ ਨਵੀਂ ਦਿੱਲੀ ਵਾਲੇ ਸਾਰਕ ਲੇਖਕ ਸੰਮੇਲਨ ਵਿਚ ਵੀ ਮਿਲ ਚੁੱਕਾ ਸਾਂ, ਮੇਰੀ ਉਸ ਨਾਲ ਖੁੱਲ੍ਹੀ ਮਿਲਣੀ ਕੰਵਲਜੀਤ ਦੇ ਘਰ ਹੀ ਹੋਈ ਸੀ ਜਦੋਂ ਉਹ ਅਲਾਹਾਬਾਦ ਦੇ ਪ੍ਰਗਤੀਸ਼ੀਲ ਲੇਖਕਾਂ ਦੇ ਸੱਦੇ ਉਤੇ ਸੱਜਾਦ ਜ਼ਹੀਰ ਦੀ ਜਨਮ ਸ਼ਤਾਬਦੀ ਨਾਲ ਸਬੰਧਿਤ ਸਮਾਗਮ ਉਪਰੰਤ ਚੰਡੀਗੜ੍ਹ ਰਾਹੀਂ ਪਾਕਿਸਤਾਨ ਜਾ ਰਿਹਾ ਸੀ। ਅਲਾਹਾਬਾਦ ਵਿਖੇ ਹੋਈ ਸ਼ਬਾਨਾ ਆਜ਼ਮੀ ਵਾਲੀ ਮਿਲਣੀ ਨਾਲ ਹਰਿਆ-ਭਰਿਆ ਤੇ ਮਖ਼ਮੂਰ।

ਮੈਂ ਸੰਤਾਲੀ ਦੀ ਦੇਸ਼ ਵੰਡ ਦਾ ਜ਼ਿਕਰ ਕਰਦਿਆਂ ਉਸ ਨੂੰ ਉਨ੍ਹਾਂ ਸਮਿਆਂ ਉਤੇ ਟਿੱਪਣੀ ਕਰਨ ਲਈ ਕਿਹਾ ਤਾਂ ਉਸ ਨੇ ਆਪਣੇ ਹੀ ਅੰਦਾਜ਼ ਵਿਚ ਹੋਣੀ ਦੀਆਂ ਕਰਤੂਤਾਂ ਉਤੇ ਚਾਨਣਾ ਪਾਉਂਦੀਆਂ ਕਾਵਿ ਸਤਰਾਂ ਉਚਰੀਆਂ ਜੋ ਅੱਜ ਵੀ ਮੈਨੂੰ ਨਹੀਂ ਭੁੱਲੀਆਂ:

ਹੋਣੀਏਂ ਮਨਮੋਹਣੀਏਂ,
ਉਮਰਾਂ ਦੇ ਧੋਣੇ ਧੋਣੀਏਂ
ਤੇਰੇ ਸਦਕੇ ਜਾਵਾਂ।
ਸਾਨੂੰ ਜੰਮਣੋਂ ਵਧ ਕੇ
ਕੀ ਹੋਰ ਸਜ਼ਾਵਾਂ?
ਹਰ ਕਿੱਕਰ ਦੀ ਸੂਲ 'ਤੇ
ਸਾਡਾ ਸਿਰਨਾਵਾਂ।

ਜਦੋਂ ਅਫਜ਼ਲ ਇਹ ਨਜ਼ਮ ਸੁਣਾ ਰਿਹਾ ਸੀ ਤਾਂ ਮੈਨੂੰ ਆਪਣੇ ਇਲਾਕੇ ਦੇ ਕਰਤਾਰ ਸਿੰਘ 'ਚਰਖਾ' ਦੀਆਂ ਦੇਸ਼ ਵੰਡ ਸਮੇਂ ਲਿਖੀਆਂ ਲਾਈਨਾਂ ਚੇਤੇ ਆ ਰਹੀਆਂ ਸਨ। ਉਨ੍ਹਾਂ ਦੰਗਾਕਾਰੀਆਂ ਦੀ ਉਸਤਤ ਵਿਚ ਜਿਨ੍ਹਾਂ ਨੇ ਨਿਹੱਥੇ ਮੁਸਲਮਾਨਾਂ 'ਤੇ ਜ਼ੁਲਮ ਢਾਹੇ ਸਨ:

ਪੰਥ ਰੰਗੀਲੇ ਨੇ ਧਾਂਕਾਂ ਦੇਸ਼ ਵਿਚ ਪਾਈਆਂ
ਲੱਕ ਬੰਨ੍ਹ ਬਾਈ ਬਸੀਆਂ ਉੜਾਈਆਂ।

ਬਾਈ ਬਸੀਆਂ ਹੁਸ਼ਿਆਰਪੁਰ ਦੀ ਬੁੱਕਲ ਵਿਚ ਮੁਸਲਮਾਨਾਂ ਦੇ 22 ਪਿੰਡ ਸਨ। ਇਨ੍ਹਾਂ ਪਿੰਡਾਂ ਦੇ ਮੁਸਲਮਾਨਾਂ ਦਾ ਗੜ੍ਹ ਹੋਣ ਸਦਕਾ ਪੰਥ ਰੰਗੀਲੇ ਦਾ ਮੁਕਾਬਲਾ ਤਾਂ ਕੀਤਾ ਸੀ, ਪਰ ਉਨਾ ਕੁ ਹੀ ਜਿੰਨਾ ਉਧਰਲੇ ਪਿੰਡਾਂ ਤੋਂ ਉੱਜੜ ਕੇ ਆਏ ਹਿੰਦੂ ਸਿੱਖ ਉਧਰ ਦੇ ਮੁਸਲਮਾਨਾਂ ਦਾ ਕਰ ਸਕੇ ਸਨ। ਦੋਵੇਂ ਪਾਸੇ ਇਹ ਵਾਰਦਾਤਾਂ ਮੇਰੇ ਪਿੰਡ ਦੀਆਂ ਵਾਰਦਾਤਾਂ ਨਾਲੋਂ ਘੱਟ ਵਹਿਸ਼ੀ ਨਹੀਂ ਸਨ।

ਅਫਜ਼ਲ ਦੀਆਂ ਨਜ਼ਮਾਂ ਵਿਚਲਾ ਦੁੱਖ ਇਧਰ ਤੇ ਉਧਰ ਧਰਮ ਦੇ ਨਾਂ 'ਤੇ ਲਾਏ ਨਾਅਰਿਆਂ ਵਿਚੋਂ ਛਣ ਕੇ ਕਿਰਿਆ ਜਾਪਦਾ ਸੀ ਜਿਸ ਨੂੰ ਸਾਡੀ ਪਿਛੋਕੜ ਦੀ ਸਾਂਝ ਨੇ ਉਭਾਰ ਕੇ ਅੱਗੇ ਲੈ ਆਂਦਾ ਸੀ। ਉਸ ਨੇ ਅਗਲੀ ਨਜ਼ਮ ਪੇਸ਼ ਕੀਤੀ:

ਸਈਓ ਨੀ ਮੈਨੂੰ ਅੱਕ ਸੁਆਦੀ ਲੱਗੇ
ਪੀੜਾਂ ਹੇਠ ਹੰਢਾਵਾਂ ਜਿੰਦੜੀ
ਸਾਹਵਾਂ ਦੇ ਵਿਚ ਖੱਗੇ
ਮੈਨੂੰ ਅੱਕ ਸੁਆਦੀ ਲੱਗੇ।
ਸਾਡੇ ਪੱਲੇ ਦੁੱਖ ਚਿੰਤਾ ਦੇ
ਅਸੀਂ ਲੋਕੀ ਕਿੰਨੇ ਸਿੱਧੇ
ਜੇ ਕੋਈ ਦੁਖਦੀ ਰਗ ਨੂੰ ਛੇੜੇ
ਹੱਸ ਹੱਸ ਪਾਈਏ ਗਿੱਧੇ।
ਮੈਂ ਵੀ ਹੱਥ ਦੇ ਛੱਲੇ ਦੇਵਾਂ
ਜੇ ਕੋਈ ਦੀਵਾ ਜੱਗੇ।
ਸਈਓ ਨੀ, ਮੈਨੂੰ ਅੱਕ ਸੁਆਦੀ ਲੱਗੇ।

ਅਣਦੇਖੇ ਨੂੰ ਦਿਸਦੇ ਦਾ ਰੂਪ ਦੇਣ ਦੀ ਕਲਾ ਅਫਜ਼ਲ ਦੀ ਸ਼ਾਇਰੀ ਦਾ ਧੁਰਾ ਹੈ। ਜਦੋਂ ਉਸ ਨੂੰ ਪਤਾ ਲੱਗ ਗਿਆ ਕਿ ਮੈਂ ਉਸ ਦੇ ਮਾਪਿਆਂ ਦੇ ਜੱਦੀ ਖੇਤਰ ਤੋਂ ਹਾਂ ਤਾਂ ਮੈਂ ਜਦੋਂ ਵੀ ਉਠ ਕੇ ਤੁਰਨ ਲਗਦਾ, ਮੈਨੂੰ ਬਾਂਹ ਤੋਂ ਫੜ ਕੇ ਬਿਠਾ ਲੈਂਦਾ। ਮਹਿਫ਼ਿਲ ਮੁੱਕੀ ਤਾਂ ਉਸ ਨੇ ਆਪਣੀ ਇੱਕ ਕਵਿਤਾ ਦੀ ਫੋਟੋ ਕਾਪੀ ਮੇਰੇ ਹੱਥ ਫੜਾ ਦਿੱਤੀ। ਕਵਿਤਾ ਸੀ 'ਵੇਲੇ ਦੀ ਵਾਰ'। ਇਸ ਵਿਚ ਉਸ ਦਾ ਜੀਵਨ ਦ੍ਰਿਸ਼ਟੀਕੋਣ ਵੀ ਸੀ, ਨਿੰਮ੍ਹਾ ਨਿੰਮ੍ਹਾ ਵਿਅੰਗ ਵੀ:

ਕੌਣ ਕਰੇ ਨਿਰਵਾਹ, ਹਯਾਤੀ ਡਿੱਕੋ ਡੋਲੇ।
ਡਾਵਾਂਡੋਲ ਆਸਾਰ, ਜੀਵਣਾ ਬਣਿਆ ਖੋਲੇ।
ਪਿਛਲ ਪੈਰੀ ਸਾਰ, ਅਚੇਤੀ ਵਧ ਕੇ ਬੋਲੇ।
ਸਗਵੇਂ ਕੂੜ ਵਿਹਾਰ, ਸਮੇਂ ਰੰਗ ਰੱਤੇ ਚੋਲੇ।
ਕਰਨੀ ਦੇ ਕਰਤਾਰ, ਸਾਡੇ ਬੀਬੇ ਭੋਲੇ।
ਭਰਨੀ ਦੇ ਅਗਵਾਰ, ਬਾਦਸ਼ਾਹ ਰਾਣੀ, ਗੋਲੇ।
ਧਰਮਾਂ ਦੀ ਭਰਮਾਰ, ਕਸੀ ਕੂੰ ਕੀਕਣ ਫੋਲੇ।
ਹਿੱਕ ਦੀ ਕੀਤੀ ਕਾਰ, ਕਈ ਦੇ ਨਾਵੀਂ ਬੋਲੇ।
ਕੂੜੋ ਕੂੜ ਅਖਵਾਰ, ਲਖੀਵਣ ਹੁਕਮੀ ਢੋਲੇ।

ਅਫਜ਼ਲ ਦੀ ਇਸ ਵਾਰ ਦਾ ਛੰਦ ਮੇਰੀਆਂ ਪੜ੍ਹੀਆਂ ਸਾਰੀਆਂ ਵਾਰਾਂ ਨਾਲੋਂ ਵੱਖਰਾ ਸੀ। ਇਸ ਦੀਆਂ ਤੁਕਾਂ ਦੇ ਪਹਿਲੇ ਭਾਗ ਦਾ ਤੁਕਾਂਤ ਹੋਰ ਹੈ ਅਤੇ ਦੂਜੇ ਭਾਗ ਦਾ ਹੋਰ ਤੇ ਬਿਲਕੁਲ ਵੱਖਰਾ। ਰਸ ਰੰਗ ਦੇ ਅਰਥ ਡੂੰਘੇ। ਇਸ ਵਿਚ ਬੀਰ ਰਸ ਵੀ ਨਹੀਂ ਤੇ ਧਾਰਮਿਕਤਾ ਵੀ ਨਹੀਂ। ਇਹ ਮਾਨਵਤਾ ਦੀ ਵਾਰ ਹੈ। ਨਵੀਂ ਤੇ ਨਿਵੇਕਲੀ।

ਮਹਿਫ਼ਿਲ ਵਿਚੋਂ ਉਠ ਕੇ ਤੁਰਨ ਲੱਗਿਆਂ ਮੇਰਾ ਉਹ ਗੱਲ ਦੱਸਣ ਨੂੰ ਜੀਅ ਕਰ ਆਇਆ ਜਿਹੜੀ ਮੈਂ ਪਹਿਲਾਂ ਵੀ ਬਹੁਤੀ ਥਾਂਈਂ ਲਿਖ ਚੁੱਕਾ ਹਾਂ, ਪਰ ਇਸ ਦਾ ਅਮਲੀ ਪ੍ਰਸੰਗ ਅਫਜ਼ਲ ਸਾਹਿਰ ਦੇ ਪਿਛੋਕੜ ਅਤੇ ਸ਼ਾਇਰੀ ਨਾਲ ਜੁੜਦਾ ਹੈ। ਇਹ ਮੇਰੇ ਪਿੰਡ ਸੂਨੀ ਤੋਂ ਚਲ ਕੇ ਅਫਜ਼ਲ ਦੇ ਪਿੰਡ

(ਬਾਕੀ ਅਗਲੇ ਸਫੇ 'ਤੇ)



*ਰੇਡੀਓ ਰਿਕਾਰਡਿੰਗ ਸਮੇਂ ਅਫਜ਼ਲ ਸਾਹਿਰ (ਖੱਬੇ) ਤੇ ਮਹਿਮੂਦ ਅਵਾਨ।*

## ਅਫਜ਼ਲ ਸਾਹਿਰ ਦਾ ਕਾਵਿ-ਰੰਗ

### ਜਿੰਦੇ ਨੀ

ਜਿੰਦੇ ਨੀ! ਤੂੰ ਕੀਕਣ ਜੰਮੀ
ਪੈਰ ਪੈਰ 'ਤੇ ਨਿੱਤ ਬਖੇੜੇ
ਜੀਵਨ ਦੀ ਰਾਹ ਲੰਮੀ
ਜਿੰਦੇ ਨੀ! ਤੂੰ ਕੀਕਣ ਜੰਮੀ
ਜਿੰਦੇ ਨੀ! ਕੀ ਲੱਛਣ ਤੇਰੇ
ਫਨੀਅਰ ਨਾਲ ਯਰਾਨੇ ਵੀ ਨੇ
ਜੋਗੀ ਵੱਲ ਵੀ ਫੇਰੇ
ਜਿੰਦੇ ਨੀ! ਕੀ ਲੱਛਣ ਤੇਰੇ
ਜਿੰਦੇ ਨੀ! ਕੀ ਸਾਕ ਸਹੇੜੇ
ਇੱਕ ਬੁੱਕਲ ਵਿਚ ਰਾਂਝਣ ਮਾਹੀ
ਦੂਜੀ ਦੇ ਵਿਚ ਖੇੜੇ
ਜਿੰਦੇ ਨੀ! ਕੀ ਸਾਕ ਸਹੇੜੇ
ਜਿੰਦੇ ਨੀ! ਕੀ ਕਾਰੇ ਕੀਤੇ!
ਆਪੇ ਆਸ ਦੇ ਚੋਲੇ ਪਾੜੇ
ਆਪੇ ਬਹਿ ਕੇ ਸੀਤੇ!

ਜਿੰਦੇ ਨੀ! ਕੀ ਕਾਰੇ ਕੀਤੇ!
ਜਿੰਦੇ ਨੀ! ਤੈਨੂੰ ਕਿਹੜਾ ਦੱਸੇ
ਲੂੰ ਲੂੰ ਤੇਰਾ ਐਬਾਂ ਭਰਿਆ
ਮੌਤ ਵਟੇਂਦੀ ਰੱਸੇ
ਜਿੰਦੇ ਨੀ! ਤੈਨੂੰ ਕਿਹੜਾ ਦੱਸੇ
ਜਿੰਦੇ ਨੀ! ਕੀ ਅੱਤਾਂ ਚਾਈਆਂ
ਹੱਸ ਖੇਡਣ ਦੀ ਵਿਹਲ ਨਾ ਤੈਨੂੰ
ਕਰਦੀ ਫਿਰੇਂ ਲੜਾਈਆਂ
ਜਿੰਦੇ ਨੀ! ਕੀ ਅੱਤਾਂ ਚਾਈਆਂ
ਜਿੰਦੇ ਨੀ! ਕੀ ਵੇਲੇ ਆਏ
ਇੱਕ ਦੂਜੇ ਦੀ ਜਾਨ ਦੇ ਵੈਰੀ
ਇੱਕੋ ਮਾਂ ਦੇ ਜਾਏ
ਜਿੰਦੇ ਨੀ! ਕੀ ਵੇਲੇ ਆਏ

### ਸੱਜਣ

ਉਹ ਈ ਸਾਡਾ ਸੱਜਣ,
ਜਿਹੜਾ ਆਪੋ ਵਿਚ ਸਾਹ ਵੰਡੇ
ਜਿਸ ਨੂੰ ਮਿਲਿਆਂ, ਮਲ੍ਹਮਾਂ ਜਾਪਣ,
ਰੂਹ ਵਿਚ ਖੁੱਭੇ ਕੰਡੇ
ਜੀਵਨ ਦੀ ਸਹੁੰ ਮੁੱਕ ਜਾਂਦਾ ਏ,
ਜਨਮ ਜਨਮ ਦਾ ਰੋਣਾ
ਸਾਡੇ ਲਈ ਇੱਕ ਰੱਬ ਵਰਗਾ ਏ
ਇੱਕ ਸੱਜਣ ਦਾ ਹੋਣਾ।

### ਚੰਦਰੀ ਰੁੱਤ ਦਾ ਗੌਣ

ਰੁੱਖਾਂ ਦੇ ਪਰਛਾਵੇਂ ਕੰਬਣ,
ਧਰਤੀ ਠੰਢੀ ਠਾਰ
ਸਿਖ਼ਰ ਦੁਪਹਿਰੇ, ਰਾਤ ਦੇ ਪਹਿਰੇ,
ਪੱਤਝੜ ਜਿਹੀ ਬਹਾਰ
ਕੂੰਜਾਂ ਦੀ ਥਾਂ ਅੰਬਰਾਂ ਉਤੇ,
ਗਿਰਝਾਂ ਬੰਨ੍ਹੀ ਡਾਰ
ਰੂਹ ਦੀ ਧੂਣੀ ਮਿਰਚਾਂ ਧੂੜੇ,
ਨਿੱਤ ਹੋਣੀ ਦੀ ਵਾਰ
ਵੇਲੇ ਦੀ ਕੰਧ ਹੇਠਾਂ ਆ ਗਏ,
ਜੀਵਨ ਦੇ ਦਿਨ ਚਾਰ
ਘਾਟੇ ਵਾਧੇ ਖਾਂਦਾ ਜਾਵੇ,
ਇਸ਼ਕੇ ਦਾ ਬਿਉਪਾਰ
ਘੁੱਟ ਘੁੱਟ ਕੱਚੀਆਂ ਗੰਢਾਂ ਲਾਵਣ,
ਰੁੱਤਾਂ ਵਰਗੇ ਯਾਰ
ਪੰਖਾਂ ਬਾਝ ਪੰਖੇਰੂ ਖੇਡਣ
'ਨਵੀਉਂ ਨਵੀਂ ਬਹਾਰ'
'ਜੋ ਆਹਾ, ਸੋ ਆਹਾ' ਲੋਕਾ
ਅੰਦਰੋਂ ਆਈਏ ਬਾਹਰ।

### ਚੇਤਰ ਰੰਗ ਨਰੋਏ

ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ
ਭੋਇੰ 'ਤੇ ਨਵੀਂ ਹਯਾਤੀ ਖਿੜ ਪਈ
ਅਸੀਂ ਮੋਏ ਦੇ ਮੋਏ
ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ
ਫੁੱਲਾਂ ਤੋਂ ਨਾ ਅੱਖ ਚੁੱਕੀਵੇ
ਚੇਤ ਮਿਲਾਪੀ ਰੁੱਤੇ
ਬਾਹਰ ਸੁਲੱਖਣਾ ਦਿਨ ਚੜ੍ਹ ਆਇਆ
ਅਸੀਂ ਆਂ ਸੁੱਤਮ ਸੁੱਤੇ
ਪੁੱਠੇ ਵੇਖ ਵਤੀਰੇ ਸਾਡੇ
ਹਾਸੇ ਪਿੱਟ ਖਲੋਏ
ਚੇਤਰ ਰੰਗ ਨਰੋਏ... ਵੇ ਲੋਕਾ!
ਚੇਤਰ ਰੰਗ ਨਰੋਏ
ਲੱਗੇ ਬੂਰ ਤੇ ਫੁੱਟੀਆਂ ਲਗਰਾਂ
ਰੁੱਖਾਂ ਰੰਗ ਵਟਾਏ
ਅਸੀਂ ਨਾ ਆਪਣੇ ਜੁੱਸਿਆਂ ਉਤੋਂ
ਹੰਢੇ ਵਰਤੇ ਲਾਹੇ
ਖੂਹ 'ਤੇ ਖੜ੍ਹ ਕੇ ਵੀ ਨਾ ਭਰਿਆ
ਭਾਂਡਾ ਲੋਏ ਲੋਏ
ਚੇਤਰ ਰੰਗ ਨਰੋਏ... ਵੇ ਲੋਕਾ
ਚੇਤਰ ਰੰਗ ਨਰੋਏ

### ਧਰਤੀ ਨਾਲ ਵਿਆਹੀ

ਧਰਤੀ ਨਾਲ ਵਿਆਹੀ
ਸਖੀ! ਮੈਂ ਧਰਤੀ ਨਾਲ ਵਿਆਹੀ
ਕੰਤ ਮੇਰਾ ਏ ਰੁੱਖ ਕਿੱਕਰ ਦਾ
ਨਣਦਾਂ ਸਰ੍ਹੋਂ ਫਲਾਹੀ
ਵੰਨ ਸੁਵੰਨੇ ਫੁੱਲ ਖ਼ੁਸ਼ਬੋਈ
ਮੇਰੀ ਕੁੱਖ 'ਚੋਂ ਫੁੱਟੇ
ਜ਼ਹਿਰੀ ਮਹਿਕ ਜਿਹਨਾਂ ਦੀ ਸਈਉ
ਸਾਹਵਾਂ ਦਾ ਗਲ਼ ਘੁੱਟੇ
ਇੰਜ ਲੱਗਦਾ ਜਿਉਂ ਜੰਮਦੇ ਸਾਰ ਈ
ਫਿਰ ਗਈ ਲੇਖ ਸਿਆਹੀ
ਧਰਤੀ ਨਾਲ ਵਿਆਹੀ
ਸਖੀ! ਮੈਂ ਧਰਤੀ ਨਾਲ ਵਿਆਹੀ
ਸੌਕਣ ਦਰਦੀ ਰੇਤ ਥਲਾਂ ਦੀ
ਮੇਰੇ ਵਾਲ ਸ਼ਿੰਗਾਰੇ
ਦਿਉਰਾਂ ਵਰਗਾ ਹੜ੍ਹ ਸਾਉਣੀ ਦਾ
ਨੈਣ ਕਰੇਂਦਾ ਖਾਰੇ
ਰੋਜ਼ ਪੱਤਣ 'ਤੇ ਮਿਹਣੇ ਮਾਰਨ
ਆਉਂਦੇ ਜਾਂਦੇ ਰਾਹੀ
ਧਰਤੀ ਨਾਲ ਵਿਆਹੀ
ਸਖੀ! ਮੈਂ ਧਰਤੀ ਨਾਲ ਵਿਆਹੀ।

### ਟੱਪੇ

ਗੱਲ ਗੱਲਾਂ ਵਿਚੋਂ ਚੁਣਿਆ ਕਰ
ਵਧ ਵਧ ਬੋਲਣਾ ਏਂ
ਕਦੇ ਚੁੱਪ ਨੂੰ ਵੀ ਸੁਣਿਆ ਕਰ।
ਗੱਲ ਮੁੱਕਦੀ ਮੁਕਾ ਛੋੜੀ
ਜ਼ਿੰਦਗੀ ਦੇ ਰੌਲਿਆਂ ਵਿਚ
ਅਸਾਂ ਮੌਤ ਗੁਆ ਛੋੜੀ।
ਬੰਦ ਇਸ਼ਕੇ ਦੀ ਤਾਕੀ ਏ
ਲਹੌਰ 'ਚ ਰਹਿਨੇ ਆਂ
ਅਜੇ ਜੰਮਣਾ ਬਾਕੀ ਏ।
ਕੋਈ ਸਾਂਦਲ ਬਾਰ ਹੋਈ
ਜੰਮਦਿਆਂ ਸਾਰ ਸਈਓ
ਸਾਨੂੰ ਇਸ਼ਕੇ ਦੀ ਮਾਰ ਹੋਈ।
ਉਂਝ ਰੱਬ ਦੀਆਂ ਰੱਬ ਜਾਣੇ
ਜਿੰਦ ਉਹਦੇ ਨਾਂ ਲਾਵਾਂ
ਜਿਹੜਾ ਰੱਬ ਦਾ ਸਬੱਬ ਜਾਣੇ।

# ਹਰੇ ਇਨਕਲਾਬੀ ਪੰਜਾਬੀ ਕਿਸਾਨ ਦੀ ਖ਼ੁਦਕੁਸ਼ੀ ਵੀ ਹੁਣ ਖਬਰ ਨਹੀਂ ਬਣਦੀ!

ਸਾਡੇ ਇਲਾਕੇ ਦੇ ਪਿੰਡ ਚੀਮਾ ਜੋਧਪੁਰ ਵਿਚ 60 ਸਾਲ ਦੀ ਬੀਬੀ ਬਲਵੀਰ ਕੌਰ ਅਤੇ 32 ਸਾਲ ਦੇ ਉਹਦੇ ਪੁੱਤਰ ਬਲਜੀਤ ਸਿੰਘ ਨੇ ਕੀਟਨਾਸ਼ਕ ਪੀ ਕੇ ਖ਼ੁਦਕੁਸ਼ੀ ਕਰ ਲਈ। ਇਹ ਕੋਈ ਨਵੀਂ ਗੱਲ ਨਹੀਂ। ਇਹ ਕੋਈ ਖਾਸ ਗੱਲ ਵੀ ਨਹੀਂ। ਕੈਲੀਫੋਰਨੀਆ ਬਣਨ ਦੇ ਝੂਠੇ ਲਾਰਿਆਂ ਵਿਚ ਫਸ ਕੇ ਵੈਲੀਫੋਰਨੀਆ ਬਣੇ ਪੰਜਾਬ ਵਿਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਨਿੱਤਨੇਮ ਬਣ ਚੁੱਕੀਆਂ ਹਨ। ਇਸੇ ਕਰਕੇ ਇਹ ਕਥਿਤ ਕੌਮੀ ਅਖ਼ਬਾਰਾਂ ਵਾਸਤੇ ਕੋਈ ਖਬਰ ਨਹੀਂ ਰਹੀਆਂ। ਉਹ ਕਦੀ ਕਦੀ ਕਿਸਾਨ ਖ਼ੁਦਕੁਸ਼ੀਆਂ ਦਾ ਸਾਲਾਨਾ ਕੁੱਲ ਜੋੜ ਛਾਪਣ ਦੀ ਕਿਰਪਾ ਜ਼ਰੂਰ ਕਰਦੇ ਹਨ। ਸ਼ੁਕਰ ਹੈ, ਸੂਬਾਈ ਜ਼ਬਾਨਾਂ ਦੇ ਅਖ਼ਬਾਰ ਆਪਣਾ ਫਰਜ਼ ਪਛਾਣਦੇ ਹਨ ਅਤੇ ਸਾਨੂੰ ਅਜਿਹੀਆਂ ਅਨਹੋਣੀਆਂ ਤੋਂ ਜਾਣੂ ਕਰਵਾ ਦਿੰਦੇ ਹਨ।




ਗੁਰਬਚਨ ਸਿੰਘ ਭੁੱਲਰ
ਫੋਨ: 1191-1142502364
bhullargs@gmail.com


ਘਰ ਘਰ ਪਹੁੰਚਣ ਵਾਲੇ ਟੀ.ਵੀ. ਚੈਨਲਾਂ ਵਾਸਤੇ ਕਿਸਾਨਾਂ, ਮਜ਼ਦੂਰਾਂ, ਛੋਟੇ ਮੁਲਾਜ਼ਮਾਂ ਤੇ ਹੋਰ 'ਛੋਟੇ ਲੋਕਾਂ' ਦੀ ਕੋਈ ਹੋਂਦ ਨਹੀਂ। ਜੇ ਪਾਰਲੀਮੈਂਟ ਵਿਚ ਜਾਂ ਹੋਰ ਕਿਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਰੌਲਾ ਪੈਂਦਾ ਹੈ, ਉਹਦੇ ਲੇਖੇ ਪੰਜ-ਦਸ ਸਕਿੰਟ ਲਾ ਕੇ ਖਬਰ ਮੁਕਦੀ ਕਰ ਦਿੱਤੀ ਜਾਂਦੀ ਹੈ। ਟੀ.ਵੀ. ਲਈ ਹੋਰ ਗੱਲਾਂ ਅਹਿਮ ਹਨ। ਪਿਛਲੇ ਦਿਨੀਂ ਇਕ ਐਕਟਰੈਸ ਦੀ ਖ਼ੁਦਕੁਸ਼ੀ ਵਿਚ ਉਹਦੇ ਪ੍ਰੇਮੀ ਦੀ ਭੂਮਿਕਾ ਦੀ ਪੁਣਛਾਣ ਕੀਤੀ ਜਾਂਦੀ ਰਹੀ। ਇਨ੍ਹੀਂ ਦਿਨੀਂ ਇਕ ਹੀਰੋ ਤੇ ਹੀਰੋਇਨ ਦੇ ਟੁੱਟੇ ਇਸ਼ਕ ਦਾ ਕਚੀਰਾ ਹਰ ਚੈਨਲ ਉਤੇ ਹਰ ਰੋਜ਼ ਘੰਟਿਆਂ-ਬੱਧੀ ਹੁੰਦਾ ਰਹਿੰਦਾ ਹੈ। ਇਸ ਹਾਲਤ ਵਿਚ ਜੇ ਬੀਬੀ ਬਲਵੀਰ ਕੌਰ ਤੇ ਬਲਜੀਤ ਸਿੰਘ ਦੀਆਂ ਖ਼ੁਦਕੁਸ਼ੀਆਂ ਪੰਜਾਬ ਤੋਂ ਬਾਹਰ ਧਿਆਨ ਖਿੱਚ ਸਕੀਆਂ ਹਨ, ਉਹ ਇਨ੍ਹਾਂ ਦੇ ਕੁਝ ਕੁਝ ਵੱਖਰੀਆਂ ਹੋਣ ਕਾਰਨ ਹੈ।

ਆਮ ਕਰ ਕੇ ਕਿਸਾਨ ਕੀਟਨਾਸ਼ਕ ਪੀਂਦੇ ਹਨ। ਮਰਨ ਵਾਲਿਆਂ ਨੇ ਤਾਂ ਸ਼ਾਇਦ ਕਦੀ ਅਜਿਹਾ ਨਹੀਂ ਸੋਚਿਆ ਹੋਵੇਗਾ ਪਰ ਇਹ ਗੱਲ ਬੜੀ ਚਿੰਨ੍ਹਾਤਮਕ ਹੈ। ਬਦਲ ਬਦਲ ਕੇ ਆਉਂਦੀਆਂ ਸਰਕਾਰਾਂ ਦੀ, ਖਾਸ ਕਰਕੇ ਹੁਣ ਵਾਲੀ ਸਰਕਾਰ ਦੀ ਨਜ਼ਰ ਵਿਚ ਕਿਸਾਨ ਦੀ ਕਦਰ ਕੀਟ-ਪਤੰਗੇ ਜਿੰਨੀ ਹੀ ਰਹੀ ਹੈ, ਇਸ ਲਈ ਉਨ੍ਹਾਂ ਦਾ ਕੀਟਨਾਸ਼ਕ ਪੀ ਕੇ ਮਰਨਾ ਹੀ ਵਾਜਬ ਹੈ! ਜਾਂ ਫੇਰ ਕਿਸਾਨ ਬੰਦ ਕਮਰੇ ਵਿਚ ਫਾਹਾ ਲੈ ਕੇ ਜਾਂ ਚੁੱਪ-ਚੁਪੀਤੇ ਖੂਹ ਵਿਚ ਛਾਲ ਮਾਰ ਕੇ ਜਾਂ ਰੇਲ ਹੇਠ ਆ ਕੇ ਪ੍ਰਾਣ ਤਿਆਗਦੇ ਹਨ। ਇਨ੍ਹਾਂ ਮਾਂ-ਪੁੱਤ ਨੇ ਆਪਣੀਆਂ ਦੇਹਾਂ ਦੇ ਠੀਕਰੇ ਪੁਲਿਸ ਅਤੇ ਅਧਿਕਾਰੀਆਂ ਦੀ ਹਾਜ਼ਰੀ ਵਿਚ ਪੰਜਾਬ ਸਰਕਾਰ ਦੇ ਸਿਰ ਉਤੇ ਭੰਨੇ ਹਨ।

ਇਸ ਮੰਦਭਾਗੀ ਘਟਨਾ ਦਾ ਇਕ ਹੋਰ ਧਿਆਨਯੋਗ ਪੱਖ ਦੋ ਮਨੁੱਖੀ ਮੌਤਾਂ ਦਾ ਕਾਰਨ ਬਣੀ ਕਰਜ਼ੇ ਦੀ ਰਕਮ ਹੈ। ਇਹ ਇਕ ਲੱਖ ਦਸ ਹਜ਼ਾਰ ਦੱਸੀ ਜਾਂਦੀ ਹੈ। ਭਾਵ ਪਿਛਲੇ ਨੌਂ ਸਾਲਾਂ ਵਿਚ ਵਿਕਾਸ ਦੀਆਂ ਉਚੀਆਂ ਪੌੜੀਆਂ ਚੜ੍ਹ ਚੁੱਕੇ ਪੰਜਾਬ ਵਿਚ ਮਨੁੱਖੀ ਜਾਨ ਦੀ ਕੀਮਤ ਪਚਵੰਜਾ ਹਜ਼ਾਰ ਰੁਪਏ ਹੈ। ਇਥੇ ਲਿਖਣਾ ਰੋਕ ਕੇ ਮੈਂ ਮੱਝ ਦੀ ਠੀਕ ਕੀਮਤ ਜਾਣਨ ਵਾਸਤੇ ਪੰਜਾਬ ਵਿਚ ਚਾਰ ਫੋਨ ਕੀਤੇ। ਮੈਂ ਚਾਰਾਂ ਨੂੰ ਹੀ ਇਹ ਸਪੱਸ਼ਟ ਕੀਤਾ ਕਿ ਕੀਮਤ ਕਿਸੇ ਦਰਸ਼ਨੀ ਜਾਂ ਇਨਾਮੀ ਮੱਝ ਦੀ ਨਹੀਂ, ਠੀਕ ਉਮਰ ਦੀ ਚੰਗੀ ਘਰੇਲੂ ਮੱਝ ਦੀ ਪੁੱਛ ਰਿਹਾ ਹਾਂ। ਚਾਰਾਂ ਦਾ ਜਵਾਬ 75 ਹਜ਼ਾਰ ਤੋਂ ਲੈ ਕੇ ਇਕ ਲੱਖ ਰੁਪਏ ਸੀ। ਭਾਵ ਪੰਜਾਬ ਵਿਚ ਹੁਣ ਸਾਧਾਰਨ ਬੰਦੇ ਦੀ ਕੀਮਤ ਸਾਧਾਰਨ ਮੱਝ ਨਾਲੋਂ ਅੱਧੀ ਹੈ।

ਪਿੱਛੇ ਜਿਹੇ ਦੇ ਇਕ ਸਰਵੇ ਨੇ ਪੰਜਾਬ ਵਿਚ ਹਰ ਦੋ ਦਿਨ ਵਿਚ ਤਿੰਨ ਖ਼ੁਦਕੁਸ਼ੀਆਂ ਹੁੰਦੀਆਂ ਦੱਸੀਆਂ ਸਨ। ਹੁਣ ਚੋਣਾਂ ਨੇੜੇ ਆ ਰਹੀਆਂ ਹੋਣ ਕਾਰਨ ਸਰਕਾਰ ਜਿਉਂ ਜਿਉਂ ਵਿਕਾਸ ਦਾ ਰੌਲਾ ਪਾ ਰਹੀ ਹੈ, ਅਖ਼ਬਾਰਾਂ ਵਿਚ ਇਹ ਗਿਣਤੀ ਰੋਜ਼ ਦੋ-ਤਿੰਨ, ਕਦੀ ਕਦੀ ਤਾਂ ਚਾਰ ਤੱਕ ਜਾ ਪੁਜਦੀ ਹੈ। ਹਾਂ, ਜੇ ਕਿਸੇ ਸੂਬੇ ਲਈ ਕਿਸੇ ਪੱਖੋਂ ਪੂਰੇ ਦੇਸ ਵਿਚੋਂ ਪਹਿਲੇ-ਦੂਜੇ ਸਥਾਨ ਉਤੇ ਹੋਣਾ ਮਾਣ ਵਾਲੀ ਗੱਲ ਹੁੰਦੀ ਹੈ ਤਾਂ ਪੰਜਾਬ ਸਰਕਾਰ ਕਿਸਾਨ ਖ਼ੁਦਕੁਸ਼ੀਆਂ ਦੇ ਪੱਖੋਂ ਮਹਾਂਰਾਸ਼ਟਰ ਤੋਂ ਮਗਰੋਂ ਦੂਜੇ ਸਥਾਨ ਉਤੇ ਹੋਣ ਦਾ ਮਾਣ ਜ਼ਰੂਰ ਹਾਸਲ ਕਰ ਸਕਦੀ ਹੈ। ਪਿਛਲੇ ਕੁਝ ਸਮੇਂ ਤੋਂ ਪੰਜਾਬ ਵਿਚ ਕਿਸਾਨ ਖ਼ੁਦਕੁਸ਼ੀਆਂ ਦੀ ਗਿਣਤੀ ਜਿਸ ਰਫਤਾਰ ਨਾਲ ਵਧ ਰਹੀ ਹੈ, ਹੋ ਸਕਦਾ ਹੈ, ਛੇਤੀ ਹੀ ਪੰਜਾਬ ਨੂੰ ਘੱਟੋ-ਘੱਟ ਇਸ ਪੱਖੋਂ ਦੇਸ ਦਾ ਨੰਬਰ ਇਕ ਸੂਬਾ ਹੋਣ ਦਾ ਮਾਣ ਪ੍ਰਾਪਤ ਹੋ ਜਾਵੇ, ਜਿਸ ਨੰਬਰ ਇਕ ਦਾ ਜ਼ਿਕਰ "ਪੰਜਾਬ ਦਾ ਭਵਿੱਖ ਤੇ ਨੌਜਵਾਨ ਦਿਲਾਂ ਦੀ ਧੜਕਣ" ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਕਸਰ ਕਰਦੇ ਰਹਿੰਦੇ ਹਨ!

ਪੰਜਾਬ ਦੇ ਕਿਸਾਨਾਂ ਸਿਰ ਕੁੱਲ ਕਰਜ਼ਾ 70,000 ਕਰੋੜ ਦੱਸਿਆ ਜਾਂਦਾ ਹੈ। ਇਸ ਵਿਚੋਂ 57,200 ਕਰੋੜ ਬੈਂਕਾਂ ਆਦਿ ਦਾ ਹੈ ਤੇ 12,800 ਕਰੋੜ ਆੜ੍ਹਤੀਆਂ ਆਦਿ ਦਾ ਹੈ। ਪੰਜ ਸਾਲਾਂ ਵਿਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਵਾਅਦਾ ਤੇ ਦਾਅਵਾ ਕਰਨ ਵਾਲੀ ਭਾਰਤ ਸਰਕਾਰ ਨੇ ਫਸਲ ਬੀਮਾ ਯੋਜਨਾ ਨੂੰ ਅਤੇ ਪੰਜਾਬ ਸਰਕਾਰ ਨੇ ਖੇਤੀ ਕਰਜ਼ਾ ਨਿਬੇੜਨ ਸਬੰਧੀ ਬਿਲ ਨੂੰ ਵੱਡੇ ਕਿਸਾਨ-ਪੱਖੀ ਕਦਮ ਕਿਹਾ ਹੈ। ਪਰ ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਕਦਮਾਂ ਵਿਚ ਏਨੀਆਂ ਮੋਰੀਆਂ ਹਨ ਕਿ ਕਿਸਾਨਾਂ ਦੇ ਕੁਝ ਪਿੜ-ਪੱਲੇ ਪੈਣ ਵਾਲਾ ਨਹੀਂ। ਕੇਂਦਰ ਦੀ ਫਸਲ ਬੀਮਾ ਯੋਜਨਾ ਦਾ ਹੀਜ-ਪਿਆਜ ਤਾਂ ਉਸ ਸਮੇਂ ਹੀ ਸਾਹਮਣੇ ਆ ਗਿਆ ਜਦੋਂ ਪੰਜਾਬ ਸਰਕਾਰ ਨੇ ਹੀ ਇਸ ਦਾ ਵਿਰੋਧ ਕਰ ਦਿੱਤਾ। ਪਰ ਕਿਸਾਨਾਂ ਲਈ ਕੇਂਦਰ ਸਰਕਾਰ ਦੇ ਫਿਕਰ ਦਾ ਸੱਚ ਉਸ ਸਮੇਂ ਚਿੱਟੇ ਦਿਨ ਵਾਂਗ ਉਜਾਗਰ ਹੋ ਜਾਂਦਾ ਹੈ ਜਦੋਂ ਕਿਸਾਨੀ ਕਰਜ਼ੇ ਮਾਫ ਕਰਨ ਤੋਂ ਉਹਦੇ ਇਨਕਾਰ ਨੂੰ ਧਨਾਢ ਕਾਰੋਬਾਰੀਆਂ ਲਈ ਹੇਜ ਦੇ ਬਰਾਬਰ ਰੱਖ ਕੇ ਦੇਖਿਆ ਜਾਂਦਾ ਹੈ।

ਸਰਕਾਰੀ ਬੈਂਕਾਂ ਨੇ ਸਿਰਫ 2013-2015 ਦੇ ਸਮੇਂ ਵਿਚ ਹੀ ਧਨਾਢਾਂ ਦੇ 1,14,182 ਕਰੋੜ ਦੇ ਕਰਜ਼ੇ ਉਤੇ ਚੁੱਪ-ਚਾਪ ਲਕੀਰ ਫੇਰ ਦਿੱਤੀ ਹੈ। 2004-2015 ਦੇ ਸਮੇਂ ਲਈ ਧਨਾਢਾਂ ਦੀ ਇਹ ਕਰਜ਼ਾ-ਮਾਫੀ 2,11,000 ਕਰੋੜ, ਭਾਵ ਪੰਜਾਬ ਦੇ ਕਿਸਾਨਾਂ ਦੇ ਕੁੱਲ ਕਰਜ਼ੇ ਤੋਂ ਤਿਗੁਣੀ ਬਣਦੀ ਹੈ। ਇਹ ਸਭ ਵੇਰਵੇ ਸਰਕਾਰ ਦੀ ਪਾਰਦਰਸ਼ਤਾ ਕਾਰਨ ਨਹੀਂ ਸਗੋਂ ਇਕ ਅੰਗਰੇਜ਼ੀ ਅਖ਼ਬਾਰ ਦੀ ਹਿੰਮਤ ਸਦਕਾ ਸਾਹਮਣੇ ਆਏ ਹਨ। ਭਾਰਤ ਸਰਕਾਰ ਤਾਂ ਅਜੇ ਵੀ ਇਸ ਸੱਚ ਨੂੰ ਡੂੰਘਾ ਛੁਪਾ ਕੇ ਰੱਖਣ ਵਾਸਤੇ ਸਿਰਤੋੜ ਕੋਸ਼ਿਸ਼ ਕਰ ਰਹੀ ਹੈ। ਕਿਸਾਨਾਂ ਦੇ ਟਾਕਰੇ ਧਨਾਢਾਂ ਵੱਲ ਕੇਂਦਰ ਸਰਕਾਰ ਦਾ ਰਵੱਈਆ ਦੇਖੋ। ਜਦੋਂ ਗੱਲ ਸੁਪਰੀਮ ਕੋਰਟ ਵਿਚ ਪਹੁੰਚੀ ਤਾਂ ਅਦਾਲਤ ਨੇ ਬੈਂਕਾਂ ਨੂੰ ਕਿਹਾ ਕਿ ਉਹ ਕਰਜ਼ਾ ਮੋੜਨ ਤੋਂ ਇਨਕਾਰੀ ਲੋਕਾਂ ਦੀ ਸੂਚੀ ਪੇਸ਼ ਕਰਨ। ਬੈਂਕਾਂ ਨੇ ਉਜਰ ਕੀਤਾ ਕਿ ਇਸ ਨਾਲ ਕਰਜ਼ਾਈ ਕਾਰੋਬਾਰੀ ਹੇਠੀ ਮਹਿਸੂਸ ਕਰਨਗੇ। ਜਦੋਂ ਅਦਾਲਤ ਨੇ ਆਦੇਸ਼ ਦਿੱਤਾ ਤਾਂ ਬੈਂਕਾਂ ਨੇ ਉਨ੍ਹਾਂ ਲੋਕਾਂ ਦੀ ਸੂਚੀ ਬੰਦ ਲਿਫਾਫੇ ਵਿਚ ਪੇਸ਼ ਕੀਤੀ ਜਿਨ੍ਹਾਂ ਵਿਚੋਂ ਹਰੇਕ ਸਿਰ ਬੈਂਕਾਂ ਦਾ 500 ਕਰੋੜ ਤੋਂ ਵੱਧ ਕਰਜ਼ਾ ਸੀ। ਇਹ ਸੂਚੀ ਪੇਸ਼ ਕਰਦਿਆਂ ਬੈਂਕਾਂ ਨੇ ਫੇਰ ਬੇਨਤੀ ਕੀਤੀ ਕਿ ਇਹ ਨਾਂ ਜੱਗ-ਜ਼ਾਹਿਰ ਨਾ ਕੀਤੇ ਜਾਣ। ਇਸ ਵਾਰ ਕਾਰੋਬਾਰੀਆਂ ਦੀ ਹੇਠੀ ਦੇ ਨਾਲ ਨਾਲ ਇਕ ਹੋਰ ਦਲੀਲ ਇਹ ਦਿੱਤੀ ਗਈ ਕਿ ਸੂਚੀ ਦਾ ਆਮ ਲੋਕਾਂ ਨੂੰ ਪਤਾ ਲੱਗਣ ਨਾਲ ਇਨ੍ਹਾਂ ਕਾਰੋਬਾਰੀਆਂ ਦੇ ਕੰਮ-ਧੰਦੇ ਉਤੇ ਮਾੜਾ ਅਸਰ ਪਵੇਗਾ ਅਤੇ ਉਸ ਨਾਲ ਦੇਸ ਦੇ ਵਿਕਾਸ ਵਿਚ ਰੁਕਾਵਟ ਪਵੇਗੀ।



ਜਦੋਂ ਚੀਮਾ ਜੋਧਪੁਰ ਵਾਲੇ ਆੜ੍ਹਤੀਏ ਵਾਂਗ ਸਰਕਾਰੀ ਬੈਂਕ ਵੀ ਕਿਸਾਨਾਂ ਦਾ ਨੱਕ ਵਿਚ ਦਮ ਕਰ ਕੇ ਖ਼ੁਦਕੁਸ਼ੀ ਦੇ ਰਾਹ ਤੋਰਦੇ ਹਨ, ਉਸ ਸਮੇਂ ਹੇਠੀ ਅਤੇ ਕੰਮਕਾਜ ਉਤੇ ਬੁਰੇ ਅਸਰ ਜਿਹੀ ਕੋਈ ਦਲੀਲ ਉਨ੍ਹਾਂ ਦੇ ਚੇਤੇ ਨਹੀਂ ਆਉਂਦੀ। ਬਹੁਤੇ ਲੋਕਾਂ ਨੂੰ ਇਸ ਗੱਲ ਦਾ ਵੀ ਪਤਾ ਨਹੀਂ ਹੋਵੇਗਾ ਕਿ ਬੈਂਕ ਵੱਡਿਆਂ ਦੇ ਕਰਜ਼ੇ ਮਾਫ ਕਰਨ ਤੋਂ ਇਲਾਵਾ ਜਿਹੜੇ ਕਰਜ਼ੇ ਵਸੂਲਦੇ ਵੀ ਹਨ, ਉਨ੍ਹਾਂ ਵਿਚ ਵੀ ਭਾਂਤ ਭਾਂਤ ਦੀਆਂ ਛੋਟਾਂ ਦਿੰਦੇ ਹਨ। ਇਸ ਵਿਚ ਲੈ-ਦੇ ਮਗਰੋਂ ਰਕਮ ਘਟਾਉਣਾ, ਕਿਸਤਾਂ ਦਾ ਸਮਾਂ ਲੰਮਾ ਕਰਨਾ, ਵਿਆਜ ਦੀ ਦਰ ਨਰਮ ਕਰਨਾ ਆਦਿ ਸ਼ਾਮਲ ਹਨ। ਇਹਨੂੰ ਕਰਜ਼ੇ ਦੀ 'ਰੀਸਟਰਕਚਰਿੰਗ' ਭਾਵ 'ਕਰਜ਼ੇ ਦਾ ਪੁਨਰ-ਗਠਨ' ਕਿਹਾ ਜਾਂਦਾ ਹੈ।

ਇਸ ਸਭ ਗੋਰਖਧੰਦੇ ਦੀ ਵਧੀਆ ਮਿਸਾਲ ਵਿਜੈ ਮਾਲਿਆ ਹੈ। ਸੁਪਰੀਮ ਕੋਰਟ ਨੂੰ ਕਰਜ਼ਿਆਂ ਦੇ ਮਾਮਲੇ ਵਿਚ ਸਖ਼ਤ ਹੁੰਦੀ ਦੇਖ ਕੇ ਉਹ ਮੌਜ ਨਾਲ ਜਹਾਜ਼ ਚੜ੍ਹ ਕੇ ਇੰਗਲੈਂਡ ਜਾ ਪਹੁੰਚਿਆ ਜਿਥੇ ਉਹਦੇ ਬੰਗਲੇ ਤੇ ਕਾਰੋਬਾਰ ਹਨ। ਸਭ ਤੋਂ ਦਿਲਚਸਪ ਗੱਲ ਇਹ ਕਿ ਸਰਕਾਰ ਨੇ ਹਵਾਈ ਅੱਡਿਆਂ ਨੂੰ ਉਹਨੂੰ ਰੋਕਣ ਲਈ ਨਹੀਂ ਸੀ ਕਿਹਾ ਸਗੋਂ ਸਿਰਫ ਇਹ ਦੱਸ ਦੇਣ ਲਈ ਕਿਹਾ ਸੀ ਕਿ ਸ੍ਰੀ ਵਿਜੈ ਮਾਲਿਆ ਜੀ ਅਮਕੀ ਉਡਾਣ ਵਿਚ ਅਮਕੇ ਦੇਸ ਚਲੇ ਗਏ ਹਨ। ਉਹਨੇ ਇਕੱਲੇ ਨੇ ਬੈਂਕਾਂ ਦਾ 9,500 ਕਰੋੜ, ਭਾਵ ਪੰਜਾਬ ਦੇ ਕੁੱਲ ਕਿਸਾਨੀ ਕਰਜ਼ੇ ਦਾ ਤਕਰੀਬਨ ਸੱਤਵਾਂ ਹਿੱਸਾ ਦੇਣਾ ਹੈ। ਹੁਣ ਜਦੋਂ ਸਰਕਾਰ ਉਹਨੂੰ ਵਾਪਸ ਬੁਲਾਉਣ ਦੇ ਝੂਠੇ-ਸੱਚੇ ਤਰਲੇ ਮਾਰ ਰਹੀ ਹੈ, ਉਹਨੇ ਕਿਹਾ ਹੈ ਕਿ ਮੈਂ ਤਾਂ ਇੰਗਲੈਂਡ ਦਾ ਨਾਗਰਿਕ ਤੇ ਵੋਟਰ ਹਾਂ, ਭਾਰਤ ਮੈਨੂੰ ਖਾਹਮਖਾਹ ਹੀ ਕਿਵੇਂ ਬੁਲਾ ਸਕਦਾ ਹੈ! ਇਹ ਉਹੋ ਭੱਦਰ ਪੁਰਸ਼ ਹੈ ਜੋ ਜਦੋਂ ਟੀ.ਵੀ. 'ਤੇ ਦਿਸਦਾ ਹੈ, ਅਕਸਰ ਪੰਜ-ਛੇ ਅਜਿਹੀਆਂ ਕੁੜੀਆਂ ਵਿਚਕਾਰ ਹੁੰਦਾ ਹੈ ਜਿਨ੍ਹਾਂ ਦੇ ਪੂਰੇ ਲਿਬਾਸ ਨੂੰ ਸਾਢੇ ਚਾਰ ਇੰਚ ਕੱਪੜਾ ਲਗਿਆ ਹੋਇਆ ਹੁੰਦਾ ਹੈ। ਸ਼ਾਇਦ ਮਾਣਯੋਗ ਸੁਪਰੀਮ ਕੋਰਟ ਦੇ ਧਿਆਨ ਵਿਚ ਉਹਦਾ ਇਹੋ ਰੂਪ ਸੀ ਜਦੋਂ ਉਹਨੇ ਟਿਪਣੀ ਕੀਤੀ ਕਿ ਇਹ ਲੋਕ ਬੈਂਕਾਂ ਨੂੰ ਆਖਦੇ ਹਨ ਕਿ ਸਾਡੇ ਕੋਲ ਕਰਜ਼ਾ ਮੋੜਨ ਲਈ ਪੈਸੇ ਨਹੀਂ ਪਰ ਕਿਹੋ ਜਿਹਾ ਐਸ਼ਪ੍ਰਸਤੀ ਦਾ ਜੀਵਨ ਜਿਉਂਦੇ ਹਨ!

ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਪਾਰਟੀ ਭਾਜਪਾ ਦੇ ਸੰਸਦ ਮੈਂਬਰ ਗੋਪਾਲ ਸ਼ੈਟੀ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਫੈਸ਼ਨ ਬਣ ਗਈਆਂ ਹਨ। ਪੰਜਾਬ ਸਰਕਾਰ ਵੀ ਜਿਸ ਤਰ੍ਹਾਂ ਇਸ ਨੂੰ ਕੋਈ ਚਿੰਤਾ ਕਰਨ ਵਾਲਾ ਮੁੱਦਾ ਨਹੀਂ ਸਮਝ ਰਹੀ, ਉਸ ਤੋਂ ਲਗਦਾ ਹੈ ਕਿ ਉਹ ਆਪਣੇ ਭਾਈਵਾਲ ਗੋਪਾਲ ਸ਼ੈਟੀ ਨਾਲ ਸਹਿਮਤ ਹੈ। ਪੰਜਾਬ ਦੀ ਸਾਰੀ ਸਮੱਸਿਆ ਵੱਲ ਸਰਕਾਰ ਦਾ ਰਵੱਈਆ ਪਿਛਲੇ ਦਿਨੀਂ ਇਕ ਅੰਗਰੇਜ਼ੀ ਅਖ਼ਬਾਰ ਵਿਚ ਛਪੇ ਮੁੱਖ ਮੰਤਰੀ ਬਾਦਲ ਦੇ ਸਲਾਹਕਾਰ ਦੇ ਇਕ ਲੇਖ ਤੋਂ ਭਲੀਭਾਂਤ ਲੱਗ ਜਾਂਦਾ ਹੈ। ਵੈਸੇ ਤਾਂ ਉਹਨੂੰ ਤਨਖਾਹ ਤੇ ਸੁਖ-ਸਹੂਲਤ ਹੀ ਇਸ ਕੰਮ ਦੀ ਮਿਲਦੀ ਹੈ ਕਿ ਉਹ ਪੰਜਾਬ ਸਰਕਾਰ ਦੇ ਕਾਲੇ ਕਾਂ ਨੂੰ ਸਤਰੰਗਾ ਮੋਰ ਆਖ ਕੇ ਪੇਸ਼ ਕਰੇ, ਇਹ ਜਾਣਦਿਆਂ ਵੀ ਉਹਦੇ ਜੇਰੇ ਦੀ ਦਾਦ ਦੇਣੀ ਬਣਦੀ ਹੈ। ਲੇਖ ਦਾ ਅਰੰਭ ਉਹ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ, "ਪੰਜਾਬ ਵਿਚ ਚੋਣਾਂ ਦਾ ਮੌਸਮ ਆਵੇ ਸਹੀ, ਹਵਾ ਫਸਲੀ ਬਟੇਰਿਆਂ ਦੀ ਕੁਰਖਤ ਟਿਆਂ-ਟਿਆਂ ਨਾਲ ਭਰ ਜਾਂਦੀ ਹੈ ਜਿਨ੍ਹਾਂ ਦੀ ਇਕੋ-ਇਕ ਦਿਲਚਸਪੀ ਚੋਣਾਂ ਦਾ ਫਲ ਚੋਰੀ ਕਰਨ ਦੀ ਸੰਭਾਵਨਾ ਹੁੰਦੀ ਹੈ। ਇਕ ਪਾਸੇ ਉਹ ਲੋਕ ਹਨ ਜੋ ਪੰਜਾਬ ਦਾ, ਇਹਦੇ ਜਵਾਨਾਂ ਦਾ, ਮਿਹਨਤੀ ਕਿਸਾਨਾਂ ਦਾ, ਨਵੇਂ ਕਾਰੋਬਾਰੀਆਂ ਦਾ, ਹਵਾਈ ਅੱਡਿਆਂ ਦਾ, ਆਧਾਰੀ ਢਾਂਚੇ ਦਾ, ਵਾਧੂ ਬਿਜਲੀ ਵਾਲਾ ਇਕੋ-ਇਕ ਸੂਬਾ ਹੋਣ ਦੀ ਇਸ ਦੀ ਹੈਸੀਅਤ ਦਾ ਮਾਣ ਕਰਦੇ ਹਨ। ਦੂਜੇ ਪਾਸੇ ਉਹ ਲੋਕ ਹਨ ਜਿਨ੍ਹਾਂ ਨੂੰ ਸੂਬੇ ਵਿਚ ਕੁਝ ਵੀ ਠੀਕ ਨਹੀਂ ਦਿਸਦਾ ਅਤੇ ਜੋ ਇਹਦੇ ਗਭਰੂਆਂ ਨੂੰ ਨਸ਼ੇੜੀ ਤੇ ਗਏ-ਗੁਜ਼ਰੇ ਆਖ ਕੇ ਉਨ੍ਹਾਂ ਦੀ ਬੇਇੱਜਤੀ ਕਰਦੇ ਹਨ।" ਸਲਾਹਕਾਰ ਜੀ ਦਾ ਕਿਸਾਨਾਂ ਬਾਰੇ ਕਹਿਣਾ ਹੈ, "ਕਿਸਾਨਾਂ ਬਾਰੇ ਪੰਜਾਬ ਦੀ ਨੁਕਤਾਚੀਨੀ ਸਭ ਤੋਂ ਵੱਧ ਹਾਸੋਹੀਣੀ ਹੈ।"

ਇਹੋ ਅਸਲ ਸਮੱਸਿਆ ਦੀ ਜੜ ਹੈ। ਜਦੋਂ ਮੁੱਦਿਆਂ ਦੀ ਪਛਾਣ ਕਰਨ ਵਾਲੀ ਨਜ਼ਰ ਵਿਚ ਹੀ ਟੀਰ ਹੋਵੇ ਤਾਂ ਠੀਕ ਹੱਲ ਦੀ ਤਲਾਸ਼ ਤੇ ਕੋਸ਼ਿਸ਼ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਇਹ ਸਰਕਾਰੀ ਨਜ਼ਰੀਆ ਪੜ੍ਹ ਕੇ ਆਦਮੀ ਹੈਰਾਨ ਹੁੰਦਾ ਹੈ ਕਿ ਸਲਾਹਕਾਰ ਜੀ ਨੇ ਪੰਜਾਬ ਦਾ ਇਹ ਨਜ਼ਾਰਾ ਜਾਗਦਿਆਂ ਪੇਸ਼ ਕੀਤਾ ਹੈ ਜਾਂ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਵਾਅਦੇ ਅਤੇ ਦਾਅਵੇ ਅਨੁਸਾਰ ਕੈਲੀਫੋਰਨੀਆ ਬਣੇ ਪੰਜਾਬ ਦੇ ਸੁਤ-ਉਨੀਂਦੇ ਸੁਫਨੇ ਵਿਚ ਵਿਚਰਦਿਆਂ ਲਿਖਿਆ ਹੈ।

## ਪੋਠੋਹਾਰੀ ਕਵੀ ਅਫਜ਼ਲ ਸਾਹਿਰ

ਚੱਬੇਵਾਲ ਤੇ ਉਸ ਤੋਂ ਅੱਗੇ ਬਾਈ ਬਸੀਆਂ ਦੇ ਪੂਰੇ ਦੇ ਪੂਰੇ ਇਲਾਕੇ ਵਿਚੋਂ ਹੁੰਦਾ ਹੋਇਆ ਜਰਨੈਲੀ ਸੜਕ ਨਾਲ ਜਾ ਜੁੜਦਾ ਹੈ।

ਪਿਸ਼ਾਵਰ ਤੋਂ ਕਲਕੱਤੇ ਤਕ ਇਹ ਸੜਕ ਸ਼ੇਰ ਸ਼ਾਹ ਸੂਰੀ ਨੇ ਬਣਵਾਈ ਸੀ ਜਿਸ ਨੂੰ ਦੇਸ਼ ਵੰਡ ਪਿੱਛੋਂ ਸ਼ੇਰ ਸ਼ਾਹ ਸੂਰੀ ਮਾਰਗ ਦਾ ਨਾਂ ਦਿੱਤਾ ਗਿਆ ਹੈ। ਸ਼ੇਰ ਸ਼ਾਹ ਸੂਰੀ ਦਾ ਨਾਨਕਾ ਪਿੰਡ ਹੁਸ਼ਿਆਰ ਤੇ ਚੱਬੇਵਾਲ ਤੋਂ ਪੰਜ ਕਿਲੋਮੀਟਰ ਹੈ। ਇਹ ਪਿੰਡ ਉਨ੍ਹਾਂ ਦੋ ਦਰਜਨ ਪਿੰਡਾਂ ਦੀ ਬੁੱਕਲ ਵਿਚ ਹੈ ਜਿਨ੍ਹਾਂ ਨੂੰ ਬਾਈ ਬੱਸੀਆਂ ਕਹਿੰਦੇ ਸਾਂ। ਇਨ੍ਹਾਂ ਦੇ ਨਾਂ ਬਸੀ ਗੁਲਾਮ ਹੁਸੈਨ, ਬਸੀ ਦੌਲਤ ਖਾਂ, ਬਸੀ ਜਲਾਲਪੁਰ, ਬਸੀ ਖਿਜਰ ਖਾਂ, ਬਸੀ ਸ਼ੇਰ ਖਾਂ, ਬਸੀ ਕਾਲੇ ਖਾਂ, ਬਸੀ ਗੁਲਾਮ ਅਲੀ, ਬਸੀ ਵਜੀਦ, ਬਸੀ ਉਮਰ ਖਾਂ ਆਦਿ ਹਨ। ਜਾਪਦਾ ਹੈ ਕਿ ਇਸ ਇਲਾਕੇ ਦੇ, ਜਿਸ ਵਿਚ ਬਾਈ ਬਸੀਆਂ ਵੀ ਸ਼ਾਮਲ ਹਨ, ਸਾਰੇ ਦੇ ਸਾਰੇ ਨਹੀਂ ਤਾਂ ਬਹੁਤ ਸਾਰੇ ਮੁਸਲਮਾਨ ਸ਼ੇਰ ਸ਼ਾਹ ਸੂਰੀ ਦੀ ਜੱਦ ਵਿਚੋਂ ਸਨ। ਸੂਰੀ ਪਿਛੋਕੜ ਵਾਲੇ। ਮੁਗ਼ਲਾਂ ਤੋਂ ਵੱਖਰੇ।

ਇਹ ਗੱਲ ਅਫਜ਼ਲ ਸਾਹਿਰ ਲਈ ਵੀ ਨਵੀਂ ਸੀ।

ਮੈਨੂੰ ਅਫਜ਼ਲ ਸਾਹਿਰ ਦੇ ਮਾਪਿਆਂ ਦੇ ਦੁੱਖ ਵਿਚੋਂ ਆਪਣੇ ਪਿੰਡ ਤੋਂ ਜਾ ਚੁੱਕੇ ਮੁਸਲਮਾਨਾਂ ਦਾ ਦੁੱਖ ਦਿਖਾਈ ਦਿੰਦਾ ਹੈ ਅਤੇ ਸਾਹਵਾਂ ਵਿਚਲੇ ਖੱਗਿਆਂ 'ਚੋਂ ਤੁਰੀਆਂ ਕੰਡਿਆਲੀਆਂ ਚੀਕਾਂ ਅਤੇ ਸੂਲਾਂ 'ਤੇ ਲਿਖੇ ਸਿਰਨਾਵਿਆਂ ਵਿਚੋਂ ਉਸ ਦੁੱਖ ਦਾ ਚਿਹਰਾ ਜਿਹੜਾ ਅਸੀਂ ਸਾਰਿਆਂ ਨੇ ਭੋਗਿਆ ਹੈ।

ਅਫਜ਼ਲ ਸਾਹਿਰ ਦੀਆਂ ਨਜ਼ਮਾਂ ਦੇ ਕੁਝ ਹੋਰ ਬੰਦ ਜਿਹੜੇ ਪਹਿਲਿਆਂ ਨਾਲ ਮਿਲਦੇ-ਜੁਲਦੇ ਵੀ ਹਨ ਤੇ ਉਨ੍ਹਾਂ ਤੋਂ ਵੱਖਰੇ ਵੀ:

ਨਾ ਕੋਈ ਯਾਦ ਨਾ ਚੇਤਾ ਭੁੱਲੇ
ਰੱਤੇ ਨੈਣੋਂ ਰੱਤ ਨਾ ਡੁੱਲ੍ਹੇ
ਸੀਨੇ ਸੁੰਞ ਦੇ ਝੱਖੜ ਝੁੱਲੇ
ਮੈਂ ਤੇ ਮੈਂ ਦਾ ਭੇਤ ਨਾ ਖੁੱਲ੍ਹੇ
ਲੰਘਦੀ ਸ਼ਾਮ ਸਵੇਰ
ਜਿੰਦੜੀ ਘੁੰਮਣ ਘੇਰ।
0
ਨਿੱਜ ਸਮੇਂ ਦੇ ਹਰ ਮ੍ਹਾਤੜ ਦੀ
ਬੁਲ੍ਹੜੀ ਅੱਖੜੀ ਸੀਤੀ
ਉਹਦੀ ਪੀੜ ਵੰਡਾਵਣ ਦੀ ਥਾਂ
ਰੱਜ ਦਲਾਲੀ ਕੀਤੀ
ਉਹ ਵੀ ਮਗਰੋਂ ਲਾ ਕੇ ਤੁਰ ਗਏ
ਜਿਨ੍ਹਾਂ ਦਿੱਤੀਆਂ ਸਾਈਆਂ।
0
ਉੱਚਿਆਂ ਟਿੱਬਿਆਂ 'ਤੇ ਮੈਂ ਬੈਠਾ
ਮੁੱਠੀਏ ਧੂੜ ਉਡਾਵਾਂ
ਮੁੱਠੀਓਂ ਕਿਰ ਕੇ ਮੈਂ ਵੀ ਕਿਧਰੇ
ਦੂਰ ਕਿਤੇ ਉਡ ਜਾਵਾਂ।
ਕਿਸੇ ਬਸੰਤੀ ਫੁੱਲ ਦੀ
ਚਾਦਰ 'ਤੇ ਜਾ ਕੇ ਸੌਂ ਜਾਵਾਂ
ਹਰੇ ਕਚੂਰ ਪੱਤਰ ਦੀ ਫੁੱਟ 'ਚੋਂ
ਅੱਖ ਨਾਲ ਹੌਜ਼ ਬਣਾਵਾਂ
ਉਮਰਾਂ ਦੀ ਮੈਂ ਪਿਆਸ ਬੁਝਾਵਾਂ
ਤੇ ਹਰਿਆ ਹੋ ਜਾਵਾਂ।

ਅਫਜ਼ਲ ਸਾਹਿਰ ਦੀ ਕਵਿਤਾ ਦੀ ਸੁਰ ਆਸ਼ਾਵਾਦੀ ਹੈ, ਪਰ ਇਹ ਸੁਰ ਕਿਧਰੇ ਕਿਧਰੇ ਹੀ ਮਿਲਦੀ ਹੈ। ਉਸ ਦੀ ਇਸ ਨਜ਼ਮ ਦੇ ਬੋਲ ਮੇਰੇ ਕਥਨ ਦੀ ਪੁਸ਼ਟੀ ਕਰਦੇ ਹਨ:

ਵੇ ਸਾਈਆਂ, ਅਸੀਂ ਇਸ ਜੀਵਨ ਤੋਂ ਰੱਜੇ
ਖੌਰੇ ਕਿਹੜੀ ਆਸ 'ਤੇ ਰਹਿ ਗਏ
ਸਾਹ ਦੀ ਡੋਰੀ ਬੱਝੇ।

ਮੁਆਫ਼ ਕਰਨਾ, ਮੈਂ ਅਫਜ਼ਲ ਸਾਹਿਰ ਦੀ ਕਵਿਤਾ ਵਿਚੋਂ ਅਜੋਕੇ ਪੋਠੋਹਾਰ ਦੇ ਨਕਸ਼ ਨੁਹਾਰ ਲੱਭਣ ਦੀ ਥਾਂ ਉਨ੍ਹਾਂ ਸਮਿਆਂ ਵਿਚ ਹੀ ਉਲਝ ਗਿਆ ਜਿਨ੍ਹਾਂ ਦੀ ਗੱਲ ਮੈਂ ਇਸ ਲੇਖ ਦੇ ਸ਼ੁਰੂ ਵਿਚ ਕਰ ਚੁੱਕਿਆ ਹਾਂ। ਸੰਨ ਸੰਤਾਲੀ ਦੀ ਦੇਸ਼ ਵੰਡ ਤੋਂ ਉਪਜੇ ਵਹਿਸ਼ੀ ਮਾਹੌਲ ਦੀ। ਜਿਸ ਮਾਹੌਲ ਨੂੰ ਸਾਡਾ ਕਰਤਾਰ ਸਿੰਘ ਚਰਖਾ ਤਾਂ ਨੰਗੀਆਂ ਤਲਵਾਰਾਂ ਦੇ ਰੂਪ ਵਿਚ ਵੇਖਦਾ ਹੈ, ਪਰ ਅਫਜ਼ਲ ਸਾਹਿਰ ਉਤਮ ਤੇ ਕਾਵਿਕ ਮਾਹੌਲ ਸਿਰਜ ਕੇ।

ਅਫਜ਼ਲ ਸਾਹਿਰ ਨੂੰ ਸੰਦਲੀ-ਨਵਜੀਵਨ ਦੇ ਵਿਆਹ ਉਤੇ ਪਹੁੰਚਣ ਲਈ ਲੱਗੀ ਵੀਜ਼ੇ ਦੀ ਦੇਰੀ ਨੇ ਉਸ ਨੂੰ ਵੇਲੇ ਸਿਰ ਚੰਡੀਗੜ੍ਹ ਨਹੀਂ ਆਉਣ ਦਿੱਤਾ। ਇਹ ਜਾਣਦਿਆਂ ਕਿ ਮੈਂ ਉਸ ਦੀਆਂ ਨਵੀਆਂ ਰਚਨਾਵਾਂ ਦੀ ਉਡੀਕ ਵਿਚ ਸਾਂ, ਉਸ ਨੇ ਆਪਣੀਆਂ ਢੇਰ ਸਾਰੀਆਂ ਕਵਿਤਾਵਾਂ ਤੇ ਕੁਝ ਤਸਵੀਰਾਂ ਮੈਨੂੰ ਭਿਜਵਾ ਦਿੱਤੀਆਂ। ਸਾਹਿਤ ਦੇ ਰਸੀਆਂ ਲਈ ਇਨ੍ਹਾਂ ਵਿਚ ਬਹੁਤ ਕੁਝ ਨਵਾਂ ਤੇ ਨਿਵੇਕਲਾ ਹੈ।

ਉਧਰਲੇ ਪੰਜਾਬ ਵਾਲੇ ਅਫਜ਼ਲ ਨੂੰ ਪੋਠੋਹਾਰ ਦਾ ਸ਼ਾਇਰ ਮੰਨਦੇ ਹਨ। ਪੋਠੋਹਾਰ ਖੇਤਰ ਦਾ ਜੰਮਪਲ ਹੋਣ ਕਾਰਨ; ਪਰ ਉਹਦੀਆਂ ਰੰਗ-ਮੰਚ ਦੀਆਂ ਗਤੀਵਿਧੀਆਂ ਉਹਨੂੰ ਦੇਸ਼ ਦੇਸ਼ਾਂਤਰਾਂ ਦੇ ਕੋਨੇ ਕੋਨੇ ਉਡਾਈ ਫਿਰਦੀਆਂ ਹਨ। ਉਹਦੀ ਬੋਲੀ ਦੀ ਪੋਠੋਹਾਰੀ ਪੁੱਠ ਧੁਲੀ ਹੋਈ ਹੈ। ਇਹ ਸੁਣਨ ਨੂੰ ਵਾਹਵਾ ਪਿਆਰੀ ਲੱਗਦੀ ਹੈ।

## ਅੱਕਿਆ 'ਵਾ ਜੱਟ...

ਘੁੰਡੀਆਂ 'ਚੋਂ ਵਾਰ ਵਾਰ ਦਾਣੇ ਛਾਣ ਕੇ।
ਤੂੜੀ ਵਾਲੇ ਖੇਤ ਪੱਕੀ ਰਾਖੀ ਠਾਣ ਕੇ।
ਦਾਣੇ ਲੈ ਕੇ ਜੱਟ ਜਦੋਂ ਮੰਡੀ ਆ ਗਿਆ।
ਆੜ੍ਹਤੀਆ ਜਾਣੇ ਮਿਥ ਬੋਲੀ ਲਾ ਗਿਆ।

ਆਫਤਾਂ 'ਚ ਫਸਲ ਜੋ ਪਾਲੀ ਜੱਟ ਨੇ।
ਪਿਛਲੇ ਹਿਸਾਬਾਂ 'ਚ ਗਵਾ'ਲੀ ਜੱਟ ਨੇ।
ਲੋੜਾਂ ਵਾਲੀ ਪਰਚੀ ਜੋ ਘਰੋਂ ਆਈ ਸੀ।
ਹਰ ਸਾਲ ਵਾਂਗੂ ਜਾਣ ਕੇ ਗਵਾਈ ਸੀ।
ਭੁੱਖੇ ਢਿੱਡ ਤੁਰ ਮੁੜ ਪਿੰਡ ਆ ਗਿਆ।
ਅੱਕਿਆ 'ਵਾ ਜੱਟ ਸਲਫਾਸ ਖਾ ਗਿਆ

ਬੈਂਕ ਵਾਲਾ ਕਰਜ਼ਾ ਨਾ ਮੋੜ ਸਕਿਆ।
ਮੂਲ ਦਾ ਵਿਆਜ ਵੀ ਨਾ ਜੋੜ ਸਕਿਆ।
ਠਾਣੇ ਵਾਲੇ ਕੀਤਾ ਰੱਜ ਕੇ ਜਲੀਲ ਸੀ।
ਕਿਸੇ ਨੇੜੇ ਵਾਲੇ ਸੁਣੀ ਨਾ ਅਪੀਲ ਸੀ।
ਕਿਡਨੀ ਨੂੰ ਵੇਚ ਵੱਡੀ ਧੀ ਵਿਆਹੀ ਸੀ।
ਛੋਟੀ ਵੇਲੇ ਨੱਕੋ-ਨੱਕ ਕਰਜ਼ਾਈ ਸੀ।
ਪੈਲੀ ਵੇਚ ਮੁੰਡਾ ਸੀ ਜਹਾਜ਼ ਚਾੜ੍ਹਿਆ।
ਧੋਖੇ 'ਨਾ ਏਜੰਟਾਂ ਨੇ ਯੂਗਾਂਡਾ ਵਾੜਿਆ।
ਉਤੋਂ ਹੋਰ ਪੈਸਿਆਂ ਦਾ ਫੋਨ ਆ ਗਿਆ।
ਅੱਕਿਆ 'ਵਾ ਜੱਟ ਸਲਫਾਸ ਖਾ ਗਿਆ।

ਗੀਤਕਾਰ ਏਹਨੂੰ ਫੁਕਰਾ ਦਿਖਾਉਂਦੇ ਨੇ।
ਏਹਦੀ ਮਜਬੂਰੀ ਨਾ ਕਦੇ ਸੁਣਾਉਂਦੇ ਨੇ।
ਉਤੋਂ ਸਰਕਾਰਾਂ ਬੱਸ ਵੋਟ ਚਾਹੁੰਦੀਆਂ।
ਆਪਣੀ ਹੀ ਕੁਰਸੀ ਨੂੰ ਲੋਟ ਚਾਹੁੰਦੀਆਂ।
ਨੀਤੀ ਨਾਲ ਘਰੇ ਇਹਦੇ ਨਸ਼ੇ ਵਾੜ'ਤੇ।
ਅਣਖ ਅਤੇ ਇਖਲਾਕ ਸੂਲੀ ਚਾੜ੍ਹ'ਤੇ।
ਉਂਜ ਤਾਂ ਇਹ ਅੰਨਦਾਤਾ ਅਖਵਾਉਂਦਾ ਹੈ।
ਚੂੰਡ-ਚੂੰਡ ਏਹਨੂੰ ਸਾਰਾ ਦੇਸ਼ ਖਾਂਦਾ ਹੈ।
ਦਿਖਾਵਿਆਂ 'ਚ ਝੱਗਾ ਚੌੜ ਕਰਵਾ ਲਿਆ।
ਅੱਕਿਆ 'ਵਾ ਜੱਟ ਸਲਫਾਸ ਖਾ ਗਿਆ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

# ਐਲੋਰਾ ਦੀਆਂ ਗੁਫਾਵਾਂ


*ਯਾਤਰਾ ਮੁੰਬਈ ਤੋਂ ਆਰੰਭ ਹੁੰਦੀ ਹੈ। ਲੋਨਾਵਲਾ ਤੋਂ ਔਰੰਗਾਬਾਦ ਜਾਣ ਵਾਲਾ ਰਸਤਾ ਜਿਸ ਪਾਸਿਓਂ ਮੈਂ ਗਿਆ, ਕਾਫ਼ੀ ਲੰਮਾ ਅਤੇ ਚੱਕਰ ਖਾ ਕੇ ਜਾਣ ਵਾਲਾ ਹੈ। ਸਵੇਰੇ ਚਾਰ ਵਜੇ ਲੋਨਾਵਲਾ ਤੋਂ ਪੂਨੇ ਜਾਣ ਵਾਲੀ ਬੱਸ 'ਚ ਬੈਠ ਜਾਂਦੇ ਹਾਂ। ਸੜਕ ਸਹਿਯਾਦਰੀ ਦੇ ਪਰਬਤਾਂ ਵਿਚੋਂ ਲੰਘ ਕੇ ਜਾਂਦੀ ਹੈ। ਇਸ ਦੇ ਹਰ ਸਿਖਰ 'ਤੇ ਮਰਾਠਿਆਂ ਵੱਲੋਂ ਬਣਵਾਏ ਦੁਰਗ ਗੁਜ਼ਰੇ ਹੋਏ ਜ਼ਮਾਨੇ ਦੀਆਂ ਯਾਦਾਂ ਤਾਜ਼ਾ ਕਰਦੇ ਜਾ ਰਹੇ ਹਨ।... ਅਜੰਤਾ ਅਤੇ ਐਲੋਰਾ ਦੀਆਂ ਗੁਫ਼ਾਵਾਂ ਵਿਚ ਵੱਡਾ ਅੰਤਰ ਇਹ ਹੈ ਕਿ ਐਲੋਰਾ ਦੀਆਂ ਗੁਫ਼ਾਵਾਂ ਅਜੰਤਾ ਵਾਂਗ ਲੁਕੀਆਂ ਨਹੀਂ ਰਹੀਆਂ। ਇਹ ਲੈਣੀਆਂ (ਗੁਫਾਵਾਂ) ਉਸ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਤਕ ਆਉਂਦੇ-ਜਾਂਦੇ ਮੁਸਾਫ਼ਿਰਾਂ ਤੇ ਸਾਧੂਆਂ, ਫ਼ਕੀਰਾਂ ਨੂੰ ਆਸਰਾ ਦਿੰਦੀਆਂ ਰਹੀਆਂ ਹਨ। ਔਰੰਗਜ਼ੇਬ ਵੀ ਖੁਲਦਾਬਾਦ ਤੋਂ ਐਲੋਰਾ ਦੀਆਂ ਗੁਫ਼ਾਵਾਂ ਵੇਖਣ ਇੱਕ ਤੋਂ ਵੱਧ ਵਾਰ ਆਇਆ ਅਤੇ ਹੈਰਾਨ ਹੁੰਦਾ ਰਿਹਾ।*

ਐਲੋਰਾ ਜਾਣ ਲਈ ਦਿੱਲੀ-ਨਾਂਦੇੜ ਰੂਟ ਤੋਂ ਔਰੰਗਾਬਾਦ ਉਤਰ ਕੇ ਪਹੁੰਚਿਆ ਜਾ ਸਕਦਾ ਹੈ। ਔਰੰਗਾਬਾਦ ਲਈ ਮੁੰਬਈ ਤੋਂ ਵੀ ਸਿੱਧੀਆਂ ਰੇਲ ਗੱਡੀਆਂ ਅਤੇ ਬੱਸਾਂ ਚਲਦੀਆਂ ਹਨ। ਜੋ ਲੋਕ ਕਿਸੇ ਖਲਜਗਣ 'ਚ ਨਹੀਂ ਪੈਣਾ ਚਾਹੁੰਦੇ, ਉਹ ਮੁੰਬਈ ਤੋਂ ਰੋਜ਼ ਚੱਲਣ ਵਾਲਾ 'ਕੰਡਕਟਡ ਟੂਰ' ਲੈ ਕੇ ਜਾ ਸਕਦੇ ਹਨ, ਪਰ ਜੋ ਅਨੁਭਵ ਤੁਹਾਨੂੰ ਬਿਨਾਂ ਇਸ ਤਰ੍ਹਾਂ ਦੀ ਸਹਾਇਤਾ ਦੇ ਆਪਣੇ-ਆਪ ਸਫ਼ਰ ਕਰਦਿਆਂ ਹੁੰਦੇ ਹਨ, ਉਹ ਕੰਡਕਟਡ ਟੂਰ ਦੁਆਰਾ ਨਹੀਂ ਹੋ ਸਕਦਾ। ਫਿਰ ਵੀ ਕਦੇ-ਕਦੇ ਕੰਡਕਟਡ ਟੂਰਾਂ ਵਿਚ ਵੀ ਤੁਹਾਨੂੰ ਚੰਗੇ ਅਨੁਭਵ ਹੋ ਸਕਦੇ ਅਤੇ ਚੰਗੇ ਲੋਕ ਮਿਲ ਸਕਦੇ ਹਨ।

ਮੇਰੀ ਇਹ ਯਾਤਰਾ ਮੁੰਬਈ ਤੋਂ ਆਰੰਭ ਹੁੰਦੀ ਹੈ। ਲੋਨਾਵਲਾ ਤੋਂ ਔਰੰਗਾਬਾਦ ਜਾਣ ਵਾਲਾ ਰਸਤਾ ਜਿਸ ਪਾਸਿਓਂ ਮੈਂ ਗਿਆ, ਕਾਫ਼ੀ ਲੰਮਾ ਅਤੇ ਚੱਕਰ ਖਾ ਕੇ ਜਾਣ ਵਾਲਾ ਹੈ। ਸਵੇਰੇ ਚਾਰ ਵਜੇ ਲੋਨਾਵਲਾ ਤੋਂ ਪੂਨੇ ਜਾਣ ਵਾਲੀ ਬੱਸ 'ਚ ਬੈਠ ਜਾਂਦੇ ਹਾਂ। ਸੜਕ ਸਹਿਯਾਦਰੀ ਦੇ ਪਰਬਤਾਂ ਵਿਚੋਂ ਲੰਘ ਕੇ ਜਾਂਦੀ ਹੈ। ਇਸ ਦੇ ਹਰ ਸਿਖਰ 'ਤੇ ਮਰਾਠਿਆਂ ਵੱਲੋਂ ਬਣਵਾਏ ਦੁਰਗ ਗੁਜ਼ਰੇ ਹੋਏ ਜ਼ਮਾਨੇ ਦੀਆਂ ਯਾਦਾਂ ਤਾਜ਼ਾ ਕਰਦੇ ਜਾ ਰਹੇ ਹਨ। ਸਵੇਰੇ ਸਵੇਰੇ ਧੁੰਦ ਬਹੁਤ ਹੈ; ਕੁਝ ਵਿਖਾਈ ਨਹੀਂ ਦਿੰਦਾ। ਅੱਗਿਓਂ ਆ ਰਹੀ ਟਰੱਕ/ਬੱਸ ਉਦੋਂ ਦਿਸਦੀ ਹੈ, ਜਦੋਂ ਉਹ ਬਹੁਤ ਨੇੜੇ ਆ ਜਾਵੇ। ਅਸੀਂ ਡਰਾਈਵਰ ਨੂੰ ਬੱਸ ਹੌਲੀ ਚਲਾਉਣ ਲਈ ਕਹਿੰਦੇ ਹਾਂ, ਪਰ ਡਰਾਈਵਰ ਕਿਸੇ ਦੀ ਨਹੀਂ ਸੁਣਦਾ। ਆਖ਼ਰ ਸਾਹਮਣਿਓਂ ਆ ਰਹੇ ਟਰੱਕ ਤੋਂ ਬਚਾਉਂਦਿਆਂ-ਬਚਾਉਂਦਿਆਂ ਸਾਡੀ ਬੱਸ ਦਰੱਖ਼ਤ ਵਿਚ ਜਾ ਵੱਜਦੀ ਹੈ। ਸ਼ੁਕਰ ਹੈ ਕਿ ਬੱਸ ਦੀ ਰਫ਼ਤਾਰ ਕੁਝ ਹੌਲੀ ਹੋਣ ਕਾਰਨ ਸਵਾਰੀਆਂ ਨੂੰ ਬਹੁਤੀਆਂ ਸੱਟਾਂ ਨਹੀਂ ਲੱਗਦੀਆਂ। ਫਿਰ ਵੀ ਕਿਸੇ ਸਵਾਰੀ ਦੇ ਮੱਥੇ 'ਚੋਂ ਲਹੂ ਵਗ ਰਿਹਾ ਹੈ, ਕਿਸੇ ਦੀ ਬਾਂਹ-ਲੱਤ ਵਿਚੋਂ। ਬੱਸ ਦਾ ਵੀ ਬਾਹਰੀ ਨੁਕਸਾਨ ਤੋਂ ਇਲਾਵਾ ਬਹੁਤ ਕੁਝ ਨਹੀਂ ਵਿਗੜਿਆ। ਮੈਂ ਆਪਣਾ ਬੈਗ ਖੋਲ੍ਹਦਾ ਅਤੇ ਉਸ 'ਚੋਂ ਮੁੱਢਲੀ ਸਹਾਇਤਾ ਦਾ ਸਾਮਾਨ ਕੱਢ ਕੇ (ਇਹ ਮੈਂ ਆਪਣੀ ਯਾਤਰਾ ਦੌਰਾਨ ਹਮੇਸ਼ਾ ਨਾਲ ਰੱਖਦਾ ਹਾਂ) ਸਾਰਿਆਂ ਦੇ ਪੱਟੀਆਂ ਬੰਨ੍ਹਦਾ ਹਾਂ। ਕੁਝ ਦੇਰ ਬਾਅਦ ਬੱਸ ਫਿਰ ਤੁਰ ਪੈਂਦੀ ਹੈ। 'ਬਚਾਓ ਹੋ ਗਿਆ, ਈਸ਼ਵਰ ਨੇ ਹੱਥ ਦੇ ਕੇ ਬਚਾ ਲਿਆ... ਵਰਨਾ ਪਤਾ ਨਹੀਂ ਕੀ ਹੁੰਦਾ..., ਜ਼ਰੂਰ ਇਸ ਬੱਸ ਵਿਚ ਕੋਈ ਉੱਚ ਆਤਮਾ ਬੈਠੀ ਹੋਈ ਹੈ।' ਮੇਰੇ ਵਾਂਗ ਸ਼ਾਇਦ ਸਾਰੇ ਸੋਚ ਰਹੇ ਹਨ ਕਿ ਇਹ 'ਉੱਚ ਆਤਮਾ' ਉਹ ਆਪ ਹੀ ਹੋ ਸਕਦਾ ਹੈ।



ਮਨਮੋਹਨ ਬਾਵਾ
ਫੋਨ: +91-81307-82551



ਐਲੋਰਾ ਦੀਆਂ ਗੁਫਾਵਾਂ ਦੀ ਅੰਦਰੂਨੀ ਝਲਕ।

ਪੂਨੇ ਤੋਂ ਬੱਸ ਬਦਲਦੇ ਹਾਂ ਅਤੇ ਔਰੰਗਾਬਾਦ (226 ਕਿਲੋਮੀਟਰ) ਜਾਣ ਵਾਲੀ ਬੱਸ 'ਚ ਬੈਠ ਜਾਂਦੇ ਹਾਂ। ਸਾਡੇ ਤੋਂ ਪਿਛਲੀ ਸੀਟ 'ਤੇ ਅਮਰੀਕੀ ਜੋੜਾ ਬੈਠਿਆ ਹੋਇਆ ਹੈ, ਅੱਧਖੜ ਉਮਰ ਦਾ। ਰਸਤੇ 'ਚ ਅਸੀਂ ਗੰਨੇ ਦਾ ਜੂਸ ਪੀਂਦੇ ਹਾਂ। ਅਮਰੀਕੀ ਜੋੜਾ ਸਾਨੂੰ ਪੁੱਛਦਾ ਹੈ ਕਿ ਇਹ ਕੀ ਹੈ? ਸਾਡੇ ਦੱਸਣ 'ਤੇ ਉਹ ਵੀ ਪੀਂਦੇ ਹਨ। ਰਸਤੇ 'ਚ ਅਸੀਂ ਜੋ-ਜੋ ਖਾਂਦੇ ਹਾਂ, ਉਹ ਵੀ ਸੁਆਦ ਚੱਖਣਾ ਚਾਹੁੰਦੇ ਹਨ। ਵਿਦੇਸ਼ੀਆਂ, ਖ਼ਾਸ ਕਰ ਕੇ ਅਮਰੀਕੀਆਂ ਨੂੰ ਇਸ ਤਰ੍ਹਾਂ ਆਪਣੀ 'ਸਿਹਤ ਅਤੇ ਸਫ਼ਾਈ' ਬਾਰੇ ਲਾਪ੍ਰਵਾਹੀ ਵਰਤਦਿਆਂ ਘੱਟ ਹੀ ਵੇਖਿਆ ਹੈ ਅਤੇ ਨਾ ਹੀ ਇਸ ਤਰ੍ਹਾਂ ਦੀਆਂ ਖਟਾਰਾ ਬੱਸਾਂ 'ਚ ਯਾਤਰਾ ਕਰਦਿਆਂ। ਰਸਤੇ ਵਿਚ ਇਹ ਬੱਸ ਦੋ ਵਾਰੀ ਪੈਂਚਰ ਹੁੰਦੀ ਹੈ। ਆਵਾਜ਼ਾਂ ਸੁਣਦੀਆਂ ਹਨ: 'ਜ਼ਰੂਰ ਕੋਈ ਪਾਪੀ, ਬੁਰਾ ਆਦਮੀ ਇਸ ਬੱਸ 'ਚ ਬੈਠਾ ਹੋਇਆ ਹੈ।' ਸਾਰੇ ਦੂਜਿਆਂ ਵਿਚੋਂ 'ਪਾਪੀ' ਨੂੰ ਲੱਭਣ ਲੱਗਦੇ ਹਨ। ਔਰੰਗਾਬਾਦ ਆ ਕੇ ਅਮਰੀਕੀ ਜੋੜਾ, ਆਦਮੀ ਦਾ ਨਾਂ ਐਲਬਰਟ ਤੇ ਔਰਤ ਦਾ ਨਾਂ ਸੂਜ਼ੀ ਹੈ, ਸਾਨੂੰ ਬਾਏ-ਬਾਏ ਕਰਕੇ ਆਪਣੇ ਕਿਸੇ ਹੋਟਲ 'ਚ ਅਤੇ ਅਸੀਂ ਯੂਥ ਹੋਸਟਲ ਪਹੁੰਚ ਜਾਂਦੇ ਹਾਂ।

ਘੱਟ ਪੈਸੇ 'ਚ ਖ਼ਾਸ ਕਰਕੇ ਵਿਦੇਸ਼ਾਂ 'ਚ ਯਾਤਰਾ ਕਰਨ ਲਈ ਯੂਥ ਹੋਸਟਲ ਤੋਂ ਸਸਤੀ ਅਤੇ ਚੰਗੀ ਜਗ੍ਹਾ ਹੋਰ ਕੋਈ ਨਹੀਂ। ਸਾਰੇ ਯੂਰਪ, ਕੈਨੇਡਾ, ਅਮਰੀਕਾ, ਜਪਾਨ ਆਦਿ 'ਚ ਇਹ ਹੋਸਟਲ ਹਨ। ਹਿੰਦੋਸਤਾਨ 'ਚ ਵੀ ਕਿਤੇ-ਕਿਤੇ ਯੂਥ ਹੋਸਟਲ ਹਨ।

ਆਮ ਕਰ ਕੇ ਮੈਂ 'ਕੰਡਕਟਡ ਟੂਰ' ਘੱਟ ਹੀ ਲੈਂਦਾ ਹਾਂ, ਪਰ ਇਸ ਵਾਰ ਆਪਣੇ ਇੰਗਲੈਂਡ ਤੋਂ ਆਏ ਦੋਸਤ ਦਾ ਖ਼ਿਆਲ ਕਰਦਿਆਂ ਅਜੰਤਾ ਐਲੋਰਾ ਦਾ ਟੂਰ ਲੈ ਕੇ ਅਗਲੀ ਸਵੇਰ ਮਹਾਰਾਸ਼ਟਰ ਟੂਰਿਜ਼ਮ ਦੀ ਬੱਸ 'ਚ ਜਾ ਬੈਠਦੇ ਹਾਂ। ਇਹ ਵੇਖ ਕੇ ਚੰਗਾ ਲੱਗਾ ਕਿ ਕੱਲ੍ਹ ਵਾਲਾ ਅਮਰੀਕੀ ਜੋੜਾ ਵੀ ਇਸੇ ਬੱਸ ਵਿਚ ਬੈਠਾ ਹੈ। ਸਾਨੂੰ ਵੇਖ ਕੇ ਉਨ੍ਹਾਂ ਦੇ ਚਿਹਰਿਆਂ 'ਤੇ ਵੀ ਮੁਸਕਾਨ ਆ ਜਾਂਦੀ ਹੈ।


ਐਲੋਰਾ ਪਹੁੰਚਣ ਤੋਂ ਪਹਿਲਾਂ ਅਸੀਂ ਪੰਜ-ਛੇ ਸੌ ਸਾਲ ਪੁਰਾਣੀ ਪਣਚੱਕੀ ਅਤੇ ਫਿਰ 'ਬੀਬੀ ਦਾ ਮਕਬਰਾ' ਵੇਖਦੇ ਹਾਂ ਜਿਸ ਨੂੰ ਔਰੰਗਜ਼ੇਬ ਦੇ ਪੁੱਤਰ ਸ਼ਹਿਜ਼ਾਦਾ ਆਜ਼ਮ ਸ਼ਾਹ ਨੇ ਆਪਣੀ ਮਾਂ ਦੀ ਕਬਰ ਉਪਰ ਬਣਵਾਇਆ ਸੀ। ਜੇ ਇਹ ਮਕਬਰਾ ਤਾਜ ਮਹਿਲ ਦੀ ਭੈੜੀ ਨਕਲ ਨਾ ਹੁੰਦਾ ਤਾਂ ਸ਼ਾਇਦ ਇਸ ਦਾ ਵੀ ਮੁੱਲ ਲੋਕਾਂ ਦੀਆਂ ਨਜ਼ਰਾਂ 'ਚ ਪੈ ਜਾਂਦਾ, ਪਰ ਹੁਣ ਸੈਲਾਨੀ ਇਸ ਨੂੰ ਬਾਹਰੋਂ ਹੀ ਵੇਖ ਕੇ ਮੁੜ ਜਾਂਦੇ ਹਨ।

ਔਰੰਗਾਬਾਦ ਦੇ ਉੱਤਰ-ਪੱਛਮ ਵੱਲ 13 ਕਿਲੋਮੀਟਰ ਦੀ ਦੂਰੀ 'ਤੇ ਅਸੀਂ ਦੌਲਤਾਬਾਦ ਦੇ ਕਿਲ੍ਹੇ ਕੋਲ ਜਾ ਰੁਕਦੇ ਹਾਂ। ਅੱਜ ਤੋਂ ਸੱਤ ਸੌ ਵਰ੍ਹੇ ਪਹਿਲਾਂ, ਜਦ ਸੁਲਤਾਨ ਅਲਾ-ਉਦ-ਦੀਨ ਦੀਆਂ ਫ਼ੌਜਾਂ ਨੇ ਇਸ ਕਿਲ੍ਹੇ ਦੁਆਰਾ ਘੇਰਾ ਪਾ ਕੇ ਇਸ ਵੱਲ ਵੇਖਿਆ ਹੋਵੇਗਾ ਤਾਂ ਉਹ ਵੀ ਉਸੇ ਤਰ੍ਹਾਂ ਹੈਰਾਨ ਹੋਇਆ ਹੋਵੇਗਾ, ਜਿਵੇਂ ਅਸੀਂ ਹੋ ਰਹੇ ਹਾਂ। ਗ੍ਰੇਨਾਈਟ ਦੀਆਂ 200 ਫ਼ੁੱਟ (60 ਮੀਟਰ) ਉੱਚੀਆਂ, ਸਿੱਧੀਆਂ ਚੱਟਾਨਾਂ 'ਤੇ ਉਸਰੇ ਇਸ ਕਿਲ੍ਹੇ ਨੂੰ ਅਜਿੱਤ ਕਿਹਾ ਜਾ ਸਕਦਾ ਹੈ। ਉਸ ਵੇਲੇ ਇਸ ਦਾ ਨਾਂ ਦੇਵਗਿਰੀ ਸੀ। ਸੁਲਤਾਨ ਇਸ ਉੱਤੇ ਹਮਲਾ ਕਰ ਕੇ ਇਸ ਨੂੰ ਜਿੱਤ ਨਹੀਂ ਸੀ ਸਕਿਆ। ਛੇ ਮਹੀਨੇ ਤਕ ਘੇਰਾ ਪਾਈ ਰੱਖਣ ਅਤੇ ਹੋਰ ਕਈ ਛਲ-ਕਪਟ ਕਰਨ ਤੋਂ ਬਾਅਦ ਇਸ ਦੇ ਰਾਜੇ ਨੂੰ ਹਾਰ ਮੰਨਣ 'ਤੇ ਮਜਬੂਰ ਕਰ ਦਿੱਤਾ ਸੀ। ਇਸ ਤੋਂ ਬਾਅਦ ਦਿੱਲੀ ਦੇ ਇੱਕ ਹੋਰ ਸੁਲਤਾਨ ਮੁਹੰਮਦ ਤੁਗਲਕ ਨੇ ਆਪਣੀ ਰਾਜਧਾਨੀ ਦਿੱਲੀ ਤੋਂ ਬਦਲ ਕੇ ਇੱਥੇ ਲਿਆਂਦੀ ਸੀ ਅਤੇ ਇਸ ਦਾ ਨਾਂ ਦੌਲਤਾਬਾਦ 'ਚ ਬਦਲ ਦਿੱਤਾ ਸੀ।

ਸਭ ਤੋਂ ਪਹਿਲਾਂ ਅਸੀਂ ਅਲਾ-ਉਦ-ਦੀਨ ਦਾ ਬਣਾਇਆ 'ਫ਼ਤਹਿ ਮੀਨਾਰ' ਵੇਖਦੇ ਅਤੇ ਫਿਰ ਕਿਲ੍ਹੇ ਵੱਲ ਤੁਰ ਪੈਂਦੇ ਹਾਂ। ਚੜ੍ਹਾਈ ਚੜ੍ਹਦੇ ਅਤੇ ਕਈ ਖੰਡਰਾਂ 'ਚੋਂ ਲੰਘਦੇ ਅਸੀਂ ਨਹਿਰ ਜੋ ਕਿਲ੍ਹੇ ਦੇ ਆਲੇ-ਦੁਆਲੇ ਹੈ, ਨੂੰ ਇੱਕ ਛੋਟੇ ਜਿਹੇ ਪੁਲ ਰਾਹੀਂ ਪਾਰ ਕਰ ਕੇ ਇੱਕ ਸੁਰੰਗ ਜਿਹੀ 'ਚੋਂ ਲੰਘਦੇ ਹਾਂ। ਕਿਲ੍ਹੇ ਅੰਦਰ ਵੜਨ ਲਈ ਇਸ ਪਥਰੀਲੀ ਸੁਰੰਗ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਹੈ। ਸੁਰੰਗ 'ਚੋਂ ਲੰਘਦਿਆਂ ਵੀ ਕਈ ਤਰ੍ਹਾਂ ਦੀਆਂ ਭੁਲ-ਭੁਲੱਈਆਂ, ਦੁਸ਼ਮਣ ਨੂੰ ਮਾਰਨ ਦੇ ਸਾਧਨ। ਸੁਲਤਾਨ ਅਲਾ-ਉਦ-ਦੀਨ ਖਿਲਜੀ ਅਤੇ ਦੇਵਗਿਰੀ ਦੇ ਇਸ ਕਿਲ੍ਹੇ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਹਿੰਦੀ ਵਿਚ 'ਦੇਵਗਿਰੀ ਬਿਲਾਵਲ' ਨਾਂ ਦਾ ਨਾਵਲ ਵੀ ਲਿਖਿਆ ਗਿਆ ਹੈ।

ਐਲੋਰਾ ਪਹੁੰਚਣ ਤੋਂ ਕੁਝ ਦੇਰ ਪਹਿਲਾਂ ਸਾਡੀ ਬੱਸ 'ਖੁਲਦਾਬਾਦ' ਆ ਰੁਕਦੀ ਹੈ ਜਿੱਥੇ ਕੁਝ ਸੂਫ਼ੀ-ਸੰਤਾਂ ਅਤੇ ਹੈਦਰਾਬਾਦ ਦੇ ਨਿਜ਼ਾਮਾਂ ਦੇ ਮਕਬਰਿਆਂ ਦੇ ਨਾਲ-ਨਾਲ ਔਰੰਗਜ਼ੇਬ ਦਾ ਮਕਬਰਾ ਵੀ ਹੈ। ਇਹ ਵੀ ਕੀ ਵਿਡੰਬਨਾ ਹੈ ਜਿਸ ਨੂੰ ਹਿੰਦੂ-ਸਿੱਖ ਨਫ਼ਰਤ ਦੀ ਨਜ਼ਰ ਨਾਲ ਵੇਖਦੇ ਤੇ ਸ਼ੈਤਾਨ ਦਾ ਰੂਪ ਸਮਝਦੇ ਹਨ, ਉਸ ਨੂੰ ਬਹੁਤ ਸਾਰੇ ਮੁਸਲਮਾਨ 'ਉੱਚ ਆਤਮਾ' ਸਮਝਦਿਆਂ ਸ਼ਰਧਾ ਨਾਲ ਉਸ ਦੀ ਕਬਰ 'ਤੇ ਸਿਰ ਝੁਕਾਉਂਦੇ ਹਨ (ਭਾਵ ਔਰੰਗਜ਼ੇਬ ਨੂੰ)। ਇਸ ਤੋਂ ਅੱਧੇ ਕੁ ਘੰਟੇ ਬਾਅਦ ਬੱਸ ਸਾਨੂੰ ਐਲੋਰਾ ਦੀ ਕੈਲਾਸ਼ ਗੁਫ਼ਾ (ਕੈਲਾਸ਼ ਮੰਦਿਰ) ਸਾਹਮਣੇ ਜਾ ਉਤਾਰਦੀ ਹੈ। ਐਲੋਰਾ 'ਚ ਬੋਧ, ਹਿੰਦੂ ਅਤੇ ਜੈਨੀਆਂ ਦੀਆਂ 34 ਅਤੇ ਕਾਫ਼ੀ ਵੱਡੀਆਂ ਗੁਫ਼ਾਵਾਂ ਹਨ ਪਰ ਕੈਲਾਸ਼ ਗੁਫ਼ਾ ਸਭ ਤੋਂ ਆਹਲਾ ਅਤੇ ਕਲਾਮਿਕਤਾ, ਕਲਪਨਾ ਅਤੇ ਮਨੁੱਖ ਦੀ ਹਿੰਮਤ ਦਾ ਸਭ ਤੋਂ ਉੱਤਮ ਨਮੂਨਾ ਹੈ ਜਿਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਅਸੰਭਵ ਹੈ। ਅਜੰਤਾ, ਖਜੁਰਾਹੋ ਨੂੰ ਛੱਡ ਕੇ ਤਾਜ ਮਹਿਲ ਅਤੇ ਹਿੰਦੋਸਤਾਨ ਦੇ ਅਤੇ ਦੁਨੀਆਂ ਦੇ ਹੋਰ ਬਹੁਤ ਸਾਰੇ ਪ੍ਰਸਿੱਧ ਸਥਾਨ ਇਸ ਦੇ ਮੁਕਾਬਲੇ ਖਿਡੌਣੇ ਹਨ। ਜਿਸ ਨੇ ਵੀ ਇਸ ਦੀ ਕਲਪਨਾ ਕੀਤੀ, ਉਹ ਹਜ਼ਾਰਾਂ ਸਾਲਾਂ ਅਤੇ ਕਰੋੜਾਂ ਲੋਕਾਂ ਵਿਚਕਾਰ ਕਦੇ-ਕਦੇ ਹੀ ਪੈਦਾ ਹੁੰਦਾ ਹੈ।

ਆਮ ਗੁਫ਼ਾਵਾਂ ਦੇ ਬਣਾਉਣ-ਘੜਨ ਦਾ ਤਰੀਕਾ ਇਹ ਵੇਖਿਆ ਗਿਆ ਹੈ ਕਿ ਕਿਸੇ ਪਰਬਤ ਦੀ ਪੱਕੀ ਵਿਸ਼ਾਲ ਚੱਟਾਨ ਨੂੰ ਕੱਟ-ਕੱਟ ਕੇ ਉਸ ਵਿਚ ਛੋਟੇ-ਵੱਡੇ ਹਾਲ ਕਮਰੇ ਬਣਾਏ ਜਾਂਦੇ ਹਨ, ਪਰ ਇਸ ਕੈਲਾਸ਼ ਮੰਦਿਰ ਨੂੰ ਉਪਰ ਵੱਲ ਕੱਟਿਆ ਗਿਆ, ਕੁਝ ਇਸ ਤਰ੍ਹਾਂ ਕਿ ਹੁਣ ਇੱਕ ਦਰਵਾਜ਼ੇ 'ਚੋਂ ਲੰਘ ਕੇ ਇਹ ਮੰਦਿਰ ਵਿਖਾਈ ਦਿੰਦਾ ਹੈ, ਉਸ ਦੁਆਲੇ ਪੰਦਰਾਂ ਕੁ ਫ਼ੁੱਟ ਚੌੜਾ ਖ਼ਾਲੀ ਸਥਾਨ। ਇਸ ਖੁੱਲ੍ਹੇ ਸਥਾਨ ਦੁਆਲੇ ਵਰਾਂਡੇ ਅਤੇ ਵਰਾਂਡਿਆਂ 'ਚ ਦੇਵੀ-ਦੇਵਤਿਆਂ, ਅਪਸਰਾਵਾਂ ਦੀਆਂ ਮੂਰਤੀਆਂ। ਮੰਦਿਰ ਬਣਾਉਣ ਲੱਗਿਆਂ ਠੋਸ ਚੱਟਾਨ ਨੂੰ ਵੀ ਛੈਣੀਆਂ ਨਾਲ ਇਸ ਤਰ੍ਹਾਂ ਕੱਟਿਆ ਗਿਆ ਕਿ ਇਸ ਵਿਚ ਪੌੜੀਆਂ, ਮੰਡਪ, ਸਤੰਭ, ਗਰਭ-ਗ੍ਰਹਿ ਆਦਿ ਅਤੇ ਮੰਡਪ ਦੁਆਲੇ ਮੂਰਤੀਆਂ ਆਮ ਮੰਦਿਰਾਂ ਵਾਂਗ ਦਿਸਦੀਆਂ ਹਨ। ਇਸ ਵੇਲੇ ਇਸ ਕੰਡਕਟਡ ਟੂਰ 'ਚ ਇੰਨਾ ਸਮਾਂ ਨਹੀਂ ਮਿਲਦਾ ਕਿ ਬਾਕੀ ਦੀਆਂ ਗੁਫ਼ਾਵਾਂ ਵੀ ਵੇਖੀਆਂ ਜਾ ਸਕਦੀਆਂ। ਬਾਕੀ ਦੀਆਂ ਬੱਤੀ-ਤੇਤੀ ਗੁਫ਼ਾਵਾਂ ਵੇਖਣ ਲਈ ਅਤੇ ਆਪਣੀ ਪਤਨੀ ਨੂੰ ਵਿਖਾਉਣ ਲਈ ਕੁਝ ਵਰ੍ਹਿਆਂ ਬਾਅਦ ਮੈਨੂੰ ਫਿਰ ਆਉਣਾ ਪਿਆ, ਪਰ ਚੌਥੀ ਵਾਰ ਫਿਰ ਆਉਣਾ ਸੀ। ਹੋਇਆ ਇਸ ਤਰ੍ਹਾਂ ਕਿ ਤੀਜੀ ਫੇਰੀ 'ਚ ਇਹ ਸਾਰੀਆਂ ਗੁਫ਼ਾਵਾਂ ਵੇਖਣ ਤੋਂ ਬਾਅਦ ਮੇਰੇ ਮਸਤਕ 'ਚ ਇਨ੍ਹਾਂ ਬਾਰੇ ਕਹਾਣੀ ਲਿਖਣ ਦਾ ਵਿਚਾਰ ਅਤੇ ਕਈ ਤਰ੍ਹਾਂ ਦੇ ਪਲਾਟ ਘੁੰਮਣ ਲੱਗੇ। ਜਦੋਂ ਲਿਖਣ ਬੈਠਾ ਤਾਂ ਮਹਿਸੂਸ ਕੀਤਾ ਕਿ ਮੈਨੂੰ ਬਹੁਤ ਕੁਝ ਭੁੱਲ ਗਿਆ ਹੈ ਅਤੇ ਕਿਸ ਗੁਫ਼ਾ 'ਚ ਕਿਹੜੀਆਂ-ਕਿਹੜੀਆਂ ਮੂਰਤੀਆਂ ਵੇਖੀਆਂ ਸਨ, ਸਭ ਕੁਝ ਇੱਕ-ਦੂਜੇ 'ਚ ਰਲਗੱਡ ਹੋ ਗਿਆ ਸੀ।



ਐਲੋਰਾ ਦੀਆਂ ਗੁਫਾਵਾਂ ਦਾ ਬਾਹਰੀ ਨਜ਼ਾਰਾ।

ਚੌਥੀ ਵਾਰ ਮੇਰਾ ਐਲੋਰਾ ਜਾਣਾ ਮੇਰੇ ਲਈ ਬਹੁਤ ਲਾਭਦਾਇਕ ਸਿੱਧ ਹੋਇਆ। ਇਸ ਵਾਰ ਮੇਰੇ ਨਾਲ ਮੇਰਾ ਮਿੱਤਰ ਸੀ ਜੋ ਇਸ ਵਿਸ਼ੇ 'ਚ ਵਿਸ਼ੇਸ਼ ਰੁਚੀ ਰੱਖਦਾ ਸੀ। ਸਾਰੀਆਂ ਗੁਫ਼ਾਵਾਂ ਬਹੁਤ ਧਿਆਨ ਨਾਲ ਵੇਖੀਆਂ ਅਤੇ ਇਸ ਦੇ ਆਲੇ-ਦੁਆਲੇ ਦੇ ਹੋਰ ਮੰਦਿਰ-ਗੁਫ਼ਾਵਾਂ ਵੀ। ਇੱਕ ਕਿਲੋਮੀਟਰ ਦੇ ਫ਼ਾਸਲੇ 'ਤੇ ਘਰੁਸ਼ਨੇਸ਼ਵਰ (ਜਿਓਤਿਰਲਿੰਗ) ਦਾ ਪ੍ਰਸਿੱਧ ਮੰਦਿਰ ਹੈ। ਉਸ ਤੋਂ ਦੋ ਕਿਲੋਮੀਟਰ ਪਰ੍ਹੇ 'ਵਿਰੂਲ' ਦਾ ਪ੍ਰਾਚੀਨ ਪਿੰਡ ਜਿੱਥੇ ਐਲੋਰਾ ਦੀਆਂ ਗੁਫ਼ਾਵਾਂ ਦੇ ਘੜਨ ਸਮੇਂ ਆਮ ਲੋਕਾਂ ਦੇ ਰਹਿਣ ਦਾ ਸਥਾਨ ਸੀ। ਵਿਰੂਲ ਤੋਂ 26 ਕਿਲੋਮੀਟਰ ਤੇ ਪਿੱਤਲ ਖੋੜਾ ਨਾਂ ਦੀ ਸਭ ਤੋਂ ਪੁਰਾਣੀ ਗੁਫ਼ਾ ਹੈ ਜੋ ਸ਼ਾਇਦ ਕਿਸੇ ਵੇਲੇ ਪਿੱਤਲ ਦੀ ਖਾਣ ਹੁੰਦੀ ਸੀ ਅਤੇ ਜਿਸ 'ਚ ਹੋਰ ਖੁਦਾਈ ਕਰ ਕੇ ਬੋਧੀ ਭਿਖਸ਼ੂਆਂ ਨੇ ਇਸ ਨੂੰ ਰਹਿਣ ਲਾਇਕ ਬਣਾ ਲਿਆ ਸੀ। ਇਨ੍ਹਾਂ ਗੁਫ਼ਾਵਾਂ ਨੂੰ ਬਣਾਉਣ ਦਾ ਵੱਡਾ ਕਾਰਨ ਇਹ ਵੀ ਸੀ ਕਿ ਮਹਾਤਮਾ ਬੁੱਧ ਦੇ ਆਦੇਸ਼ ਮੁਤਾਬਿਕ ਬੁੱਧ ਭਿਖਸ਼ੂਆਂ ਨੇ ਅੱਠ-ਨੌਂ ਮਹੀਨੇ ਘੁੰਮਦੇ-ਫਿਰਦੇ ਰਹਿਣਾ ਅਤੇ ਵਰਖਾ ਦੇ ਤਿੰਨ ਕੁ ਮਹੀਨੇ ਇੱਕ ਸਥਾਨ 'ਤੇ ਟਿਕ ਕੇ ਰਹਿਣਾ ਸੀ।

ਚੌਥੀ ਵਾਰ ਆਉਣ ਦਾ ਸਭ ਤੋਂ ਵੱਡਾ ਲਾਭ ਮੈਨੂੰ ਇਹ ਵੀ ਹੋਇਆ ਕਿ ਮੈਨੂੰ ਆਪਣੀ ਕਹਾਣੀ ਲਈ ਸਿਰਫ਼ ਪਲਾਟ ਹੀ ਨਹੀਂ ਸਗੋਂ ਨਾਇਕਾ ਵੀ ਮਿਲ ਗਈ। ਇਸੇ ਪਾਸੇ ਦੀ ਰਹਿਣ ਵਾਲੀ ਬੱਤੀ-ਤੇਤੀ ਵਰ੍ਹਿਆਂ ਦੀ ਇੱਕ ਔਰਤ ਆਪਣੇ ਪੀਐੱਚ.ਡੀ. ਦੇ ਥੀਸਿਸ ਲਈ ਮੇਰੇ ਵਾਂਗ ਹੀ ਇੱਕ-ਇੱਕ ਗੁਫ਼ਾ 'ਚ ਜਾ ਕੇ ਉਸ ਦੇ ਫੋਟੋਗ੍ਰਾਫ ਲੈਂਦਿਆਂ ਨੋਟਸ ਵੀ ਬਣਾ ਰਹੀ ਸੀ। ਰਹਿੰਦੀ ਵੀ ਸਾਡੇ ਵਾਲੇ ਹੋਟਲ ਵਿਚ ਸੀ। ਕੰਮ ਕਰਨ ਤੋਂ ਬਾਅਦ ਗੱਲਾਂ-ਬਾਤਾਂ ਕਰਦਿਆਂ ਉਸ ਔਰਤ ਬਾਰੇ ਹੋਰ ਬਹੁਤ ਕੁਝ ਪਤਾ ਲੱਗਾ। ਚਾਹੇ ਉਹ ਔਰਤ ਇੰਨੀ ਸੁੰਦਰ ਨਹੀਂ ਸੀ, ਜਿੰਨੀ ਮੇਰੀ ਲੰਮੀ ਕਹਾਣੀ 'ਐਲੋਰਾ ਦੀ ਮਹਾਂਮੇਧਾ', ਪਰ ਉਸ ਦੇ ਜੀਵਨ ਦੀ ਕਹਾਣੀ ਵਿਚੋਂ ਮੈਨੂੰ ਆਪਣੀ ਕਹਾਣੀ ਦਾ ਪੂਰਾ ਖ਼ਾਕਾ ਬਣਾਉਣ ਲਈ ਪਲਾਟ ਜ਼ਰੂਰ ਮਿਲ ਗਿਆ।

ਐਲੋਰਾ ਦੀਆਂ ਇਨ੍ਹਾਂ 34 ਗੁਫ਼ਾਵਾਂ (ਲੈਣੀਆਂ) ਵਿਚੋਂ 17 ਹਿੰਦੂ, 12 ਬੁੱਧ ਅਤੇ ਪੰਜ ਜੈਨ ਲੈਣੀਆਂ ਹਨ। ਸ਼ੁਰੂ ਵਿਚ ਇੱਕ ਨੰਬਰ ਤੋਂ ਬਾਰ੍ਹਾਂ ਤਕ ਬੁੱਧ, ਵਿਚਕਾਰ 13 ਤੋਂ 29 ਤਕ ਹਿੰਦੂ ਅਤੇ ਅਖੀਰ 'ਤੇ 30 ਤੋਂ 34 ਤਕ ਜੈਨ ਗੁਫ਼ਾਵਾਂ ਹਨ। ਵਿਦਵਾਨਾਂ ਦਾ ਵਿਸ਼ਵਾਸ ਹੈ ਕਿ ਕੁਝ ਹਿੰਦੂ ਲੈਣੀਆਂ ਪਹਿਲਾਂ ਬੋਧ ਲੈਣੀਆਂ ਹੁੰਦੀਆਂ ਸਨ। ਬੋਧ ਅਤੇ ਹਿੰਦੂ (ਬ੍ਰਾਹਮਣੀ) ਲੈਣੀਆਂ 'ਚ ਵੱਡੇ-ਵੱਡੇ ਸਭਾ ਮੰਡਪ ਹਨ, ਭਿਖਸ਼ੂਆਂ ਦੇ ਰਹਿਣ ਲਈ ਕਮਰੇ ਹਨ ਅਤੇ ਹੋਰ ਬਹੁਤ ਕੁਝ। ਸਾਰੀਆਂ ਹਿੰਦੂ ਲੈਣੀਆਂ ਸ਼ਿਵ ਨੂੰ ਸਮਰਪਿਤ ਹਨ। ਚਾਹੇ ਕੈਲਾਸ਼ ਮੰਦਿਰ (ਕੈਲਾਸ਼ ਗੁਫ਼ਾ) ਸਭ ਤੋਂ ਜ਼ਿਆਦਾ ਪ੍ਰਸਿੱਧ ਹੈ, ਪਰ 21 ਤੋਂ ਲੈ ਕੇ 30 ਨੰਬਰ ਦੀਆਂ ਗੁਫ਼ਾਵਾਂ ਦੀਆਂ ਕੰਧਾਂ 'ਤੇ ਘੜੀਆਂ ਹੋਈਆਂ ਵਿਸ਼ਾਲ ਮੂਰਤੀਆਂ ਦੀ ਕਲਾਤਮਿਕਤਾ ਅਤੇ ਕਲਪਨਾ ਨੂੰ ਵੇਖ ਕੇ ਦਰਸ਼ਕ ਹੈਰਾਨ ਰਹਿ ਜਾਂਦਾ ਹੈ। ਗੁਫ਼ਾ ਨੰਬਰ 14 ਜਿਸ ਨੂੰ ਰਾਵਣ ਦੀ ਖਾਈ ਅਤੇ ਨੰਬਰ 15 ਜਿਸ ਦਾ ਨਾਂ ਦਸ਼ਾਵਤਾਰ ਲੈਣੀ ਹੈ, ਮੂਰਤੀ ਕਲਾ ਦੇ ਅਦਭੁੱਤ ਨਮੂਨੇ ਹਨ। ਆਪਣੀ ਕਹਾਣੀ 'ਐਲੋਰਾ ਦੀ ਮਹਾਂਮੇਧਾ' ਵਿਚ ਮੈਂ ਮੁੱਖ ਕਰ ਕੇ ਰਾਮੇਸ਼ਵਰਮ ਲੈਣੀ ਨੂੰ ਆਪਣੀ ਕਹਾਣੀ ਦਾ ਆਧਾਰ ਬਣਾਇਆ ਹੈ।

ਇਨ੍ਹਾਂ ਲੈਣੀਆਂ ਤੋਂ ਇਲਾਵਾ ਵਿਸ਼ਵਕਰਮਾ ਲੈਣੀ (ਗੁਫ਼ਾ) ਨੰਬਰ 10, ਦੋ ਤਾਲ (ਭਾਵ ਦੋ ਮੰਜ਼ਿਲਾ) ਨੰਬਰ 11, ਤੀਨ ਵਾਰ (ਭਾਵ ਤਿੰਨ ਮੰਜ਼ਿਲਾ) ਨੰਬਰ 12, ਨੀਲ ਕੰਠ ਲੈਣੀ ਨੰਬਰ 22, ਜਾਗੇਸ਼ਵਰ ਲੈਣੀਆਂ ਨੰਬਰ 26, 27, 28 ਅਤੇ ਧੂਮਰ ਲੈਣੀ ਨੰਬਰ 29 ਵੀ ਕਾਫ਼ੀ ਮਹੱਤਵਪੂਰਨ ਹਨ।

ਇਨ੍ਹਾਂ ਲੈਣੀਆਂ ਅੰਦਰ ਘੜੀਆਂ ਮੂਰਤੀਆਂ ਵੱਖ-ਵੱਖ ਦੇਵਤਿਆਂ ਦੀਆਂ ਨਾ ਹੋ ਕੇ ਦੇਵਤਿਆਂ ਦੇ, ਖ਼ਾਸ ਕਰ ਕੇ ਸ਼ਿਵ ਦੇ ਜੀਵਨ ਦੀਆਂ ਵੱਖ-ਵੱਖ ਝਾਕੀਆਂ ਕੈਨਵਸ ਉਤੇ ਪੇਂਟਿੰਗ ਦੀ ਤਰ੍ਹਾਂ ਘੜੀਆਂ ਗਈਆਂ ਹਨ। ਜਿਵੇਂ ਕੈਲਾਸ਼ ਲੈਣੀ 'ਚ ਦੁਰਗਾ ਦਾ ਮਹਿਖਾਸੁਰ ਨੂੰ ਮਾਰਨਾ, ਕ੍ਰਿਸ਼ਨ ਦੁਆਰਾ ਗੋਵਰਧਨ ਪਰਬਤ ਨੂੰ ਚੁੱਕਣਾ, ਰਾਵਣ ਦੁਆਰਾ ਕੈਲਾਸ਼ ਪਰਬਤ ਨੂੰ ਹਿਲਾਉਣਾ ਜਿਸ ਉਪਰ ਸ਼ਿਵ ਅਤੇ ਪਾਰਬਤੀ ਬੈਠੇ ਹੋਏ ਹਨ। ਰਾਮੇਸ਼ਵਰਮ ਲੈਣੀ 'ਚ ਸ਼ਿਵ-ਪਾਰਬਤੀ ਦੇ ਵਿਆਹ ਅਤੇ ਚੌਸਰ ਖੇਡਦਿਆਂ ਦੇ ਵੱਖ ਵੱਖ ਤੇ ਵੱਡੇ ਵੱਡੇ ਪੈਨਲਾਂ 'ਚ ਪੇਸ਼ ਕੀਤਾ ਗਿਆ ਹੈ।

ਅਜੰਤਾ ਅਤੇ ਐਲੋਰਾ ਦੀਆਂ ਗੁਫ਼ਾਵਾਂ 'ਚ ਅੰਤਰ ਇਹ ਹੈ ਕਿ ਐਲੋਰਾ ਦੀਆਂ ਗੁਫ਼ਾਵਾਂ ਅਜੰਤਾ ਵਾਂਗ ਲੁਕੀਆਂ ਨਹੀਂ ਰਹੀਆਂ। ਇਹ ਲੈਣੀਆਂ ਉਸ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਤਕ ਆਉਂਦੇ-ਜਾਂਦੇ ਮੁਸਾਫ਼ਿਰਾਂ ਤੇ ਸਾਧੂਆਂ, ਫ਼ਕੀਰਾਂ ਨੂੰ ਆਸਰਾ ਦਿੰਦੀਆਂ ਰਹੀਆਂ ਹਨ। ਔਰੰਗਜ਼ੇਬ ਵੀ ਖੁਲਦਾਬਾਦ ਤੋਂ ਐਲੋਰਾ ਦੀਆਂ ਗੁਫ਼ਾਵਾਂ ਵੇਖਣ ਇੱਕ ਤੋਂ ਵੱਧ ਵਾਰ ਆਇਆ ਅਤੇ ਹੈਰਾਨ ਹੁੰਦਾ ਰਿਹਾ।

ਜੇ ਤੁਹਾਡਾ ਕਿਤੇ ਉਸ ਪਾਸੇ ਜਾਣਾ ਹੋਵੇ ਤਾਂ ਕੰਡਕਟਡ ਟੂਰ ਬੇਸ਼ੱਕ ਨਾ ਹੀ ਲੈਣਾ। ਜੇ ਤੁਸੀਂ ਦੋ-ਤਿੰਨ ਜਣੇ ਹੋ ਤਾਂ ਔਰੰਗਾਬਾਦ ਸਟੇਸ਼ਨ ਦੇ ਬਾਹਰੋਂ ਪੂਰੇ ਦਿਨ ਲਈ ਆਟੋ ਰਿਕਸ਼ਾ ਲੈਣਾ, ਜੋ ਬਹੁਤਾ ਮਹਿੰਗਾ ਨਹੀਂ ਪੈਂਦਾ। ਪਹਿਲਾਂ ਸਿੱਧੇ ਅਜੰਤਾ ਜਾਣਾ। ਤਕਰੀਬਨ ਤਿੰਨ ਕਿਲੋਮੀਟਰ 'ਚ ਫੈਲੀਆਂ ਹੋਈਆਂ ਇਨ੍ਹਾਂ 34 ਗੁਫ਼ਾਵਾਂ ਨੂੰ ਵੇਖਣ ਲਈ ਪੂਰਾ ਦਿਨ ਚਾਹੀਦਾ ਹੈ। ਖਾਣ-ਪੀਣ ਲਈ ਮਹਾਰਾਸ਼ਟਰ ਟੂਰਿਜ਼ਮ ਦਾ ਇੱਕ ਰੈਸਤਰਾਂ ਵੀ ਹੈ। ਇਸ ਤੋਂ ਇਲਾਵਾ ਸੜਕ ਦੇ ਦੋਵੇਂ ਪਾਸੇ ਢਾਬੇ ਕਿਸਮ ਦੇ ਰੈਸਤਰਾਂ ਵੀ ਹਨ। ਇਨ੍ਹਾਂ 'ਚੋਂ ਕੁਝ ਕੁ ਵਿਚ ਬਹੁਤ ਵਧੀਆ ਮਦਰਾਸੀ ਖਾਣਾ, ਇਡਲੀ ਡੋਸੇ ਆਦਿ ਮਿਲਦੇ ਹਨ।

-0-

# ਕੜ ਪਾਟ ਗਿਆ

***ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਜਗਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ ਲਿਖਿਆ ਹੈ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ। ਕਰਤਾਰ ਸਿੰਘ ਦੁੱਗਲ ਅਤੇ ਪ੍ਰੋ. ਮੋਹਨ ਸਿੰਘ ਤੋਂ ਬਾਅਦ ਉਹਦੀਆਂ ਰਚਨਾਵਾਂ ਵਿਚ ਪੋਠੋਹਾਰ ਭਰਵੇਂ ਰੂਪ ਵਿਚ ਪੇਸ਼ ਹੈ। ਐਤਕੀਂ 'ਕੜ ਪਾਟ ਗਿਆ' ਲੇਖ ਵਿਚ ਉਹਨੇ ਦਿੱਲੀ ਦੀ ਕਹਾਣੀਕਾਰ ਜੋੜੀ ਰਾਜਿੰਦਰ ਕੌਰ ਅਤੇ ਕੁਲਦੀਪ ਬੱਗਾ ਨਾਲ ਸਬੰਧਤ ਗੱਲਾਂ ਕੀਤੀਆਂ ਹਨ। ਇਹਦੇ ਵਿਚ ਘੁਲੀ ਉਦਾਸੀ ਐਨ ਨਿਆਰੇ ਰੰਗ ਵਿਚ ਪੇਸ਼ ਹੋਈ ਹੈ। -ਸੰਪਾਦਕ***



## ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

"ਕੁਲਦੀਪ ਬੱਗਾ ਨਹੀਂ ਰਿਹਾ।
ਕੁਲਦੀਪ ਬੱਗਾ ਨਹੀਂ ਰਿਹਾ।"

... ... ...

ਕਿਉਂ ਨਹੀਂ ਰਿਹਾ ਕੁਲਦੀਪ ਬੱਗਾ...? ਕੀਕੂੰ ਮਰ ਸਕਦੈ ਭਲਾ...? ਲਾਲੀ ਤਾਂ ਚੋਅ ਚੋਅ ਪੈਂਦੀ ਸੀ ਉਸ ਦੀ। ਦੰਦ ਤਾਂ ਰੱਬ ਨੇ ਦਿੱਤੇ ਹੀ ਹੱਸਣ ਲਈ ਸਨ...ਉਸ ਦੀਆਂ ਗੋਲ ਗੋਲ ਅੱਖਾਂ ਦੇ ਲਿਸ਼ਕਾਰੇ ਐਨਕਾਂ ਨੂੰ ਪਾੜ ਪਾੜ ਸੁੱਟਦੇ ਸਨ...ਸੂਖਮ ਜਿਹਾ ਸਰੀਰ।

ਨਾ ਸਿਰ ਪੀੜ, ਨਾ ਬੁਖਾਰ। ਨਾ ਬਲੱਡ ਪਰੈਸ਼ਰ, ਨਾ ਡਾਇਆਬਟੀਜ਼...ਦਾਰੂ ਦਾ ਵੀ ਸ਼ੌਕ ਨਾ। ਕੋਈ ਇੱਲਤ ਨਾ...ਨਿਰਾ ਸੋਫੀ...ਨਪਿਆ ਤੁਲਿਆ ਖਾਣਾ, ਘੱਟ ਬੋਲਣਾ। ਸ਼ਾਂਤ ਚਿੱਤ...ਸੁਥਰੀ ਔਲਾਦ...ਦੋ ਭੋਲੇ ਭਾਲੇ ਉਹਦੇ ਵਰਗੇ ਹੀ ਸੁਹਲ, ਸੁਸ਼ੀਲ ਤੇ ਆਗਿਆਕਾਰੀ ਬੱਚੇ।

ਪਤੀ-ਪਤਨੀ ਵਿਚ ਪੂਰਾ ਤਾਲ ਮੇਲ...ਨਾ ਸ਼ੱਕ, ਨਾ ਈਰਖਾ। ਨਾ ਲੜਾਈ, ਨਾ ਝਗੜਾ। ਸਹੇਲੀਆਂ ਸਾਂਝੀਆਂ। ਮਿਤਰ ਸਾਂਝੇ। ਸੌਖੇ, ਸਹਿਜ ਸੁਹਿਰਦ! ਵਿਸ਼ਾਲ ਦਿਲ, ਨਮਰ ਮਨ! ਇਕ ਦੂਜੇ ਲਈ ਜਿਉਂਦੇ। ਇਕ ਦੂਜੇ ਦਾ ਵਿਸਥਾਰ। ਇਕ ਦੂਜੇ ਦੇ ਪੂਰਕ। ਪਿਆਰ ਪੰਛੀ! ਫਿਰ ਕਿਉਂ ਨਹੀਂ ਰਿਹਾ ਕੁਲਦੀਪ ਬੱਗਾ? ਨਾ ਰਹਿਣ ਲਈ ਹੋਰ ਥੋੜ੍ਹੇ ਸਨ...? ਪੀੜ, ਝੁੰਜਲਾਹਟ, ਕ੍ਰੋਧ, ਵਿਦਰੋਹ ਨਾਲ ਵਲਿੱਆਸੀ ਪਈ ਸੀ ਮੇਰੀ ਜਾਨ। ਥ੍ਰੀਵ੍ਹੀਲਰ ਦੌੜ ਰਿਹਾ ਸੀ, ਪਰ ਵਿਚਾਰਾਂ ਦੀ ਦੌੜ ਤੋਂ ਦੂਰ ਪਿੱਛੇ। ਜਿਉਂ ਜਿਉਂ ਨਰਾਇਣ ਵਿਹਾਰ ਨੇੜੇ ਆਉਂਦਾ ਗਿਆ, ਦਿਲ ਬੈਠਦਾ ਗਿਆ। ਪੌੜੀਆਂ ਚੜ੍ਹਨ ਵੇਲੇ ਹਮੇਸ਼ਾਂ ਹੀ ਮੈਨੂੰ ਸਾਹ ਚੜ੍ਹ ਜਾਂਦਾ ਹੈ, ਪਰ ਅੱਜ ਕਿਥੇ ਸੀ ਸਾਹ-ਸੱਤ, ਚੜ੍ਹਨ ਜਾਂ ਉਤਰਨ ਲਈ?

... ... ...

... 'ਰੋਣਾ ਨਹੀਂ।'

ਗਲੇ ਲੱਗੀ ਹੀ ਸਾਂ ਕਿ ਧੂ ਕੇ ਵੱਖ ਕਰ ਦਿੱਤਾ ਉਸ। ਸਾਫ ਸੁਥਰੇ, ਫੱਬਦੇ ਸੂਟ ਵਿਚ। ਹਲਕਾ ਨੀਲਾ ਲਿਬਾਸ। ਸੁਹਣੇ ਸੰਵਰੇ ਵਾਲ। ਏਨੀ ਉਜਲੀ ਤੇ ਆਕਰਸ਼ਕ ਕਦੇ ਨਹੀਂ ਸੀ ਲੱਗੀ ਉਹ ਮੈਨੂੰ। 'ਕੀ ਪੀੜ ਬੰਦੇ ਨੂੰ ਸੁਹਣਾ ਬਣਾ ਦੇਂਦੀ ਹੈ?'...ਹਲਕੀ ਜਿਹੀ ਮੁਸਕਰਾਹਟ। ਅਡੋਲ ਦਿੱਖ। ਕਹਾਣੀਕਾਰ ਕੇ. ਜਗਜੀਤ ਉਸ ਦਾ ਭਰਾ। ਮਾਂ, ਭੈਣਾਂ, ਭਾਬੀਆਂ, ਸਨੇਹੀ, ਮਿੱਤਰ, ਜੁਗਿੰਦਰ ਅਮਰ, ਅਮਰ ਸਿੰਘ (ਕਬਰਪੁੱਟ) ਤੇ ਉਸ ਦੀ ਪਤਨੀ। ਹੋਰ ਵੀ ਕਿੰਨੇ ਹੀ ਸਾਹਿਤਕਾਰ ਉਰਦੂ, ਹਿੰਦੀ ਤੇ ਪੰਜਾਬੀ ਦੇ। ਇਕ ਇਕ ਨਾਲ ਪਰੀਚੈ ਕਰਾਇਆ ਉਸ।

'ਰੋਣਾ ਨਹੀਂ'-ਜਿਹੜਾ ਵੀ ਸਾਕ ਸਬੰਧੀ, ਮਿੱਤਰ ਆਉਂਦਾ, ਗਲੇ ਲਗਦਾ, ਉਹ ਵਰਜਦੀ। ਸਹਿਜ ਨਾਲ ਮਿਲ ਰਹੀ ਸੀ ਸਭ ਨਾਲ।

'ਸਫਰ ਕਰ ਕੇ ਆਈ ਏਂ, ਨਹਾ ਲੈ।' ਉਸ ਆਪੇ ਗੀਜ਼ਰ ਚਾਲੂ ਕੀਤਾ। ਨਹਾ ਕੇ ਨਿਕਲੀ ਤਾਂ ਚਾਹ ਦਾ ਕੱਪ। ਨਾਲ ਬਿਸਕੁਟ...ਪਹਿਲਾਂ ਹਮੇਸ਼ਾਂ ਕੁਲਦੀਪ ਹੀ ਦਿਆ ਕਰਦਾ ਸੀ ਚਾਹ।

'ਰੋਟੀ ਖਾ ਕੇ ਜਾਣਾ।' ਕੁਝ ਸਨੇਹੀ ਉਠਣ ਲੱਗੇ ਤਾਂ ਉਸ ਰੋਕ ਲਏ।

'ਸ਼ੈਲੀ, ਇਨ੍ਹਾਂ ਦੇ ਘਰ ਫੋਨ ਕਰ ਦੇ, ਇਹ ਖਾਣਾ ਖਾ ਕੇ ਜਾਣਗੇ।' ਫਿਰ ਸਲਾਦ ਕੱਟਣ ਲਗੀ। ਵੱਡੀ ਸਾਰੀ ਪਰਾਤ ਵਿਚ। ਢੇਰ ਸਾਰੀ।

ਸਲਾਦ ਹਮੇਸ਼ਾਂ ਕੁਲਦੀਪ ਕੱਟਿਆ ਕਰਦਾ ਸੀ; ਬੜੀ ਪ੍ਰੀਤ ਨਾਲ। ਮੇਜ਼ ਉਹੀ ਲਗਾਂਦਾ ਸੀ। ਫਿਰ ਖਾਣੇ ਮਗਰੋਂ ਕਲੀਅਰ ਕਰਦਾ ਸੀ। ਗੈਸ ਉਤੇ ਸਬਜ਼ੀ ਉਹ ਰੱਖਦੀ ਸੀ, ਕੜਛੀ ਉਹ ਮਾਰਦਾ ਸੀ। ਅੱਜ ਉਹ ਆਪੇ ਹੀ ਵਰਤਾਅ ਰਹੀ ਸੀ। ਭੈਣਾਂ, ਭਰਜਾਈਆਂ, ਸ਼ੈਲੀ, ਗਿਨੀ ਵੀ ਮਦਦ ਕਰ ਰਹੇ ਸਨ, ਪਰ ਕੁਲਦੀਪ ਵਾਲੇ ਸਾਰੇ ਕੰਮ ਉਸ ਆਪ ਸੰਭਾਲ ਲਏ ਜਾਪਦੇ ਸਨ।

ਖਾਣੇ ਵਿਚ ਮੱਖਣੀ ਦਾਲ, ਮਟਰ-ਪਨੀਰ ਤੇ ਰਾਇਤਾ। ਪਾਪੜ ਅਚਾਰ। ਉਸੇ ਤਰ੍ਹਾਂ ਸੁਆਦੀ। ਕੋਈ ਰਹਿ ਨਾ ਜਾਵੇ। ਸਭ ਦਾ ਖਿਆਲ, ਕੁਲਦੀਪ ਵਾਂਗ।

ਵਿਆਹ ਵਾਲੀ ਗਹਿਮਾ ਗਹਿਮ ਤਾਂ ਨਹੀਂ ਸੀ, ਪਰ ਵਾਤਾਵਰਨ ਸੋਗੀ ਵੀ ਨਹੀਂ ਸੀ। ਕਿਸੇ ਗੰਭੀਰ ਸਮਾਗਮ ਵਰਗਾ ਮਾਹੌਲ। ਰਾਤ ਪੈ ਚੁੱਕੀ ਸੀ। ਦੂਜੇ ਦਿਨ, ਛੇ ਅਗਸਤ, ਭੋਗ ਸੀ। ਸਵੇਰ ਦੇ ਲੰਗਰ ਦੀ ਤਿਆਰੀ ਹੋ ਰਹੀ ਸੀ।

ਵਿਹੜੇ ਦਾ ਬਿਰਛ ਡਿੱਗ ਪਿਆ ਸੀ। ਚੌਫਾਲ। ਬਿਨਾਂ ਕੋਈ ਝੱਖੜ ਝੁੱਲਿਆਂ, ਪਰ ਮਹਿਕ ਛੱਡ ਗਿਆ ਸੀ- 'ਵਿਹੜੇ ਦੀ ਮਹਿਕ'।

ਜਾਪਦਾ ਨਹੀਂ ਸੀ ਕਿ ਚਲਾ ਗਿਆ ਹੈ ਉਹ। ਬਸ ਹੁਣੇ ਹੀ ਪਰਤਣ ਵਾਲਾ ਹੈ। ਪਰਦੇਸੋਂ। ਇਸੇ ਲਈ ਤਿਆਰੀ ਹੋ ਰਹੀ ਹੈ ਸ਼ਾਇਦ।

ਕੁਝ ਮਹਿਮਾਨਾਂ ਦੇ ਸੌਣ ਦਾ ਪ੍ਰਬੰਧ ਥੱਲੇ ਕੀਤਾ ਗਿਆ। ਫਲੈਟ ਵਿਚ। ਬਾਕੀਆਂ ਦਾ ਉਪਰ। ਟੈਰੇਸ ਉਤੇ। ਚੱਦਰਾਂ, ਸਿਰਹਾਣੇ, ਦਰੀਆਂ, ਖੇਸ ਉਹ ਕੱਢ ਕੱਢ ਦੇ ਰਹੀ ਸੀ।

'ਚੱਦਰਾਂ ਹਮੇਸ਼ਾਂ ਕੁਲਦੀਪ ਹੀ ਖਰੀਦਦਾ ਹੈ। ਕੱਪੜੇ, ਬਿਸਤਰੇ, ਕਰੌਕਰੀ, ਫਰਨੀਚਰ।...ਕੁਲਦੀਪ ਦੀ ਚੌਇਸ ਮੇਰੇ ਨਾਲੋਂ ਚੰਗੀ ਹੈ। ਇਹ ਲੈਂਪ ਇਨ੍ਹਾਂ ਦੀ ਹੀ ਪਸੰਦ ਹੈ...।'

ਪਿਛਲੀ ਫੇਰੀ ਉਤੇ ਮੈਂ ਲੈਂਪ ਦੀ ਤਾਰੀਫ ਕੀਤੀ ਸੀ ਤੇ ਬਿੱਨੀ ਦੀਆਂ ਚੱਦਰਾਂ ਦੀ ਵੀ; ਤਾਂ ਉਸ ਕਿਹਾ ਸੀ।

'ਵਾਹ। ਕੁਲਦੀਪ ਦੀ ਚੌਇਸ ਆਪਣੇ ਨਾਲੋਂ ਵਧੀਆ ਆਖ ਕੇ ਸਾਰੇ ਨੰਬਰ ਆਪੇ ਲੈ ਗਈ।' ਮੈਂ ਹੱਸੀ ਸਾਂ। ਕੁਲਦੀਪ ਮੁਸ ਮੁਸ ਕਰ ਰਿਹਾ ਸੀ। ਉਸ ਨੂੰ ਕਿਥੇ ਲੋੜ ਹੁੰਦੀ ਸੀ ਭਾਸ਼ਾ ਦੀ। ਉਹ ਤਾਂ ਬਿਨਾ ਬੋਲਿਆਂ ਹੀ ਕਹਿ ਜਾਂਦਾ ਸੀ ਸਭ ਕੁਝ।

'ਤੂੰ ਕਿਥੇ ਸੌਂਵੇਂਗੀ?' ਉਸ ਪੁਛਿਆ।

'ਜਿਥੇ ਤੂੰ...।'

ਇਹ ਵੀ ਭਲਾ ਕੋਈ ਪੁੱਛਣ ਵਾਲੀ ਗੱਲ ਸੀ? ਮੈਂ ਸੋਚ ਰਹੀ ਸਾਂ। ਕਦੇ ਸੁੱਤੀ ਸਾਂ ਮੈਂ ਉਸ ਤੋਂ ਵੱਖ? ਉਹ ਤੇ ਮੈਂ ਬੈਡ ਰੂਮ ਵਿਚ। ਕੁਲਦੀਪ ਦੂਜੇ ਕਮਰੇ ਵਿਚ, ਬੱਚਿਆਂ ਵਾਲੇ, ਜਾਂ ਫਿਰ ਸ਼ਾਇਦ ਹਾਲ ਵਿਚ, ਕਿਸ ਨੂੰ ਸੁੱਧ ਹੁੰਦੀ ਸੀ ਉਸ ਦੀ।...ਗੱਲਾਂ ਗੱਲਾਂ ਗੱਲਾਂ...। ਅੱਧੀ ਅੱਧੀ ਰਾਤ ਤਕ। ਕਦੇ ਸਾਰੀ ਸਾਰੀ। ਪਤਾ ਨਹੀਂ ਕਦੋਂ ਮੇਰੀਆਂ ਅੱਖਾਂ ਨੀਂਦ ਨਾਲ ਬੋਝਲ ਹੁੰਦੀਆਂ। ਪਹਿਲਾਂ ਮੈਂ ਹੀ ਮੈਦਾਨ ਛੱਡਦੀ ਸਾਂ। ਬੱਤੀ ਕਦੇ ਮੇਰੇ ਜਾਗਦਿਆਂ ਬੰਦ ਨਹੀਂ ਸੀ ਹੋਈ। ਉਹੀ ਦਬਾਂਦੀ ਹੋਵੇਗੀ ਬੈਡ ਸਵਿਚ। ਮੇਰੇ ਸੌਣ ਮਗਰੋਂ।

... ... ...

ਪੈ ਗਈਆਂ ਸਾਂ ਟੈਰੇਸ ਉਤੇ। ਨਾਲੋ ਨਾਲ।

... ... ...

'ਤੇਰੇ ਵਾਲ ਕਿਤਨੇ ਚਿੱਟੇ ਹੋ ਗਏ, ਤੂੰ ਡਾਈ ਕਿਉਂ ਨਹੀਂ ਕਰਦੀ?' ਉਸ ਆਪਣੀ ਛੋਟੀ ਭੈਣ ਨੂੰ ਕਿਹਾ।

ਮੈਂ ਤ੍ਰਭਕ ਪਈ। 'ਕਲ੍ਹ ਸਵੇਰੇ ਸਵੇਰੇ ਕਰ ਲਈਂ।'

'ਮਿੱਠੂ (ਜਾਂ ਇਹੋ ਜਿਹਾ ਕੋਈ ਪੁਲਿੰਗ ਨਾਂ) ਦਾ ਰਿਸ਼ਤਾ ਜੇ ਸਿੰਮੀ ਨਾਲ ਹੋ ਜਾਵੇ ਤਾਂ?' ਉਸ ਆਪਣੀ ਭਰਜਾਈ, ਪ੍ਰੀਤਮ ਬੇਲੀ ਦੀ ਪਤਨੀ ਨੂੰ ਮੁਖਾਤਬ ਹੋ ਕੇ ਕਿਹਾ।

ਮਿੱਠੂ ਕੌਣ ਏ...? ਸਿੰਮੀ ਕੌਣ...?

ਹੋਣਗੇ। ਕੀ ਫਰਕ ਪੈਂਦਾ ਹੈ...ਪਰ ਰਿਸ਼ਤੇ ਦੀ ਗੱਲ ਐਸ ਵੇਲੇ? ਇਹਦੇ ਮੂੰਹੋਂ? ਇਹਦਾ ਦਿਮਾਗ਼ ਠੀਕ ਏ?

ਜੇ ਇਹ ਪੱਥਰ ਹੁੰਦੀ, ਮੈਂ ਪਿੰਘਲਾ ਲੈਂਦੀ। ਰੋਂਦੀ ਕੁਰਲਾਂਦੀ, ਮੈਂ ਵਰਚਾ ਲੈਂਦੀ। ਖਾਮੋਸ਼ ਹੁੰਦੀ, ਮੈਂ ਗੱਲੀਂ ਲਾ ਲੈਂਦੀ। ਬੋਲਦੀ, ਮੈਂ ਸਬਰ ਨਾਲ ਸੁਣ ਲੈਂਦੀ, ਪਰ ਇਸ ਦਾ ਇੰਝ ਵਿਰਕਤ ਹੋਣਾ, ਬੇਲਾਗ, ਅਲਗਰਜ਼...ਖੌਲ ਉਠਿਆ ਮੇਰਾ ਖੂਨ।

... ... ...

ਦੋ ਮਹੀਨੇ ਵੀ ਨਹੀਂ ਹੋਏ ਹੋਣੇ। ਅਸੀਂ ਬਿਸਤਰਿਆਂ ਵਿਚ ਵੜ ਚੁਕੀਆਂ ਸਾਂ। ਮੈਂ ਮੁੰਬਈਓਂ ਪਰਤੀ ਸਾਂ। ਕੁਲਦੀਪ ਕੌਫੀ ਬਣਾ ਕੇ ਲੈ ਆਇਆ। ਬੱਚਿਆਂ ਨੂੰ ਦੁੱਧ ਉਸ ਦਿੱਤਾ ਸੀ। ਰਸੋਈ ਉਸੇ ਸੰਭਾਲੀ ਸੀ।

'ਤੂੰ ਕਿਤਨੀ ਖੁਸ਼ਕਿਸਮਤ ਏਂ ਰਾਜਿੰਦਰ!' ਮੈਂ ਕਿਹਾ ਸੀ।

'ਹਾਂ ਬਹੁਤ ਚੰਗਾ ਹੈ ਕੁਲਦੀਪ, ਪਰ ਇਕੋ ਹੀ ਅਰਮਾਨ ਰਿਹਾ ਕਿ ਮੈਨੂੰ ਨੌਕਰੀ ਕਰਨੀ ਪਈ। ਸੋਚਿਆ ਸੀ ਇਹ ਬਿਜ਼ਨਸਮੈਨ ਹੈ, ਖੁੱਲ੍ਹਾ ਪੈਸਾ ਹੋਵੇਗਾ। ਘਰ ਬਹਿ ਕੇ ਅਰਾਮ ਨਾਲ ਪੜ੍ਹਾਂਗੀ, ਲਿਖਾਂਗੀ; ਪਰ ਕੰਮ ਨਾ ਚੱਲਿਆ। ਕੁਲਦੀਪ ਨੂੰ ਵੀ ਨੌਕਰੀ ਕਰਨੀ ਪਈ ਤੇ ਮੈਨੂੰ ਵੀ।'

'ਪਰ ਇਹ ਵੀ ਕੀ ਪੱਕ ਏ ਕਿ ਘਰ ਬਹਿ ਕੇ ਤੂੰ ਬਾਹਲਾ ਚੰਗਾ ਲਿਖ ਲੈਣਾ ਸੀ। ਮੇਰੇ ਵੱਲ ਵੇਖ। ਸਾਰੇ ਸੁੱਖ ਅਰਾਮ ਸਨ ਤੇ ਫਿਰ ਵੀ ਮੈਂ 'ਕਾਨਾ' ਬਣ ਕੇ ਰਹਿ ਗਈ। ਪੰਝੀ ਸਾਲ ਇਕ ਸਤਰ ਨਾ ਲਿਖੀ।'

'ਇਹ ਵੀ ਠੀਕ ਹੈ, ਪਰ ਕੁਲਦੀਪ ਵਰਗੇ ਪਤੀ ਦੇ ਸਾਥ ਨਾਲ ਮੈਂ ਲਿਖਦੇ ਰਹਿਣਾ ਸੀ ਤੇ ਹੋਰ ਵੀ ਵਧੀਆ ਲਿਖਣਾ ਸੀ। ਉਹ ਮੇਰਾ ਪ੍ਰੇਰਕ ਵੀ ਹੈ, ਸਰੋਤਾ ਵੀ ਤੇ ਪ੍ਰਸ਼ੰਸਕ ਵੀ।'

ਉਹ ਠੀਕ ਕਹਿੰਦੀ ਸੀ। ਕੁਲਦੀਪ ਬਹੁਤ ਸੁਲਝਿਆ ਹੋਇਆ ਸੀ। ਸੁਹਿਰਦ ਤੇ ਫ਼ਰਾਖ ਦਿਲ।

ਮੇਰੇ ਸੱਜੇ ਹੱਥ ਵਿਚ ਉਸ ਦਾ ਹੱਥ ਸੀ। ਖੱਬੇ ਨਾਲ ਉਸ ਦਾ ਸਿਰ ਪਲੋਸ ਰਹੀ ਸਾਂ। ਹੌਲੀ ਹੌਲੀ ਸਾਰੇ ਸੌਂਦੇ ਗਏ। ਆਵਾਜ਼ਾਂ ਮੱਧਮ ਪੈਂਦੀਆਂ ਗਈਆਂ।

ਇਕ ਚੁੱਪ। ਚੁੱਪ ਵਿਚ ਘੁਰਾੜੇ। ਰਾਜਿੰਦਰ ਦੇ ਘੁਰਾੜੇ। ਉਹ ਘੂਕ ਸੌਂ ਗਈ ਸੀ। ਨੀਂਦ ਦਾ ਕੀ ਏ, ਉਹ ਤਾਂ ਸੂਲਾਂ ਦੀ ਸੇਜ ਉਤੇ ਵੀ ਆ ਜਾਂਦੀ ਏ...ਇਹਦੇ ਘੁਰਾੜੇ ਪਹਿਲਾਂ ਤਾਂ ਕਦੇ ਨਹੀਂ ਸਨ ਸੁਣੇ? ਮਾਰਦੀ ਹੋਵੇਗੀ। ਮੈਂ ਕਦੋਂ ਸੌਣ ਦਿੱਤਾ ਹੈ ਉਸ ਨੂੰ ਆਪਣੇ ਸਾਹਵੇਂ? ਖਿਆਲਾਂ ਦਾ ਕੋਈ ਪਤਾ ਨਹੀਂ, ਕਿਧਰੋਂ ਕਿਧਰ ਲੈ ਜਾਣ।

ਕੁਝ ਦੇਰ ਪਹਿਲਾਂ ਉਸ ਦੀ ਮੁਲਾਕਾਤ ਪੜ੍ਹੀ ਸੀ, ਪ੍ਰੀਤ ਲੜੀ ਵਿਚ। ਡਾ. ਕਰਨਜੀਤ ਨਾਲ। ਉਦੋਂ ਵੀ ਉਸ ਕਿਹਾ ਸੀ-'ਮੈਂ ਤਾਂ ਸੋਚਿਆ ਸੀ ਉਹਦਾ ਚੰਗਾ ਬਿਜ਼ਨੈਸ ਹੋਵੇਗਾ ਪਰ ਤਮੰਨਾ...।'

ਕੁਲਦੀਪ ਕੀ ਚਾਹੁੰਦਾ ਸੀ? ਉਹਦੀ ਕਿਹੜੀ ਤਮੰਨਾ ਸੀ ਜੋ ਪੂਰੀ ਨਾ ਹੋਈ? ਕਿਹੜਾ ਸੁਪਨਾ ਸੀ ਜੋ ਸਾਕਾਰ ਨਾ ਹੋਇਆ? ਕਿਹੜੀ ਰੀਝ ਸੀ ਜਿਸ ਨੂੰ ਫਲ ਨਾ ਲਗਾ? ਕਿਹੜਾ ਗ਼ਮ, ਕਿਹੜਾ ਬੋਝ, ਕਿਹੜਾ ਹੁਸੜ ਕੀ ਕੀ ਲੈ ਗਿਆ ਉਸ ਨੂੰ?

ਨੱਕੋ ਨੱਕ ਭਰੀ ਪਈ ਛਲਕਣ ਲਈ, ਡੁੱਲ੍ਹਣ ਲਈ ਬੇਤਾਬ, ਹਨੇਰਿਆਂ ਨੂੰ ਘੂਰ ਰਹੀ ਸਾਂ ਮੈਂ।

ਉਹ ਤਾਂ ਪੰਝੀ ਵਰ੍ਹਿਆਂ ਦੀ ਮੇਰੀ ਵਾਕਿਫ਼ ਸੀ, ਪਰ ਕੁਲਦੀਪ ਤਾਂ ਪਿਛਲੇ ਤਿੰਨ ਵਰ੍ਹਿਆਂ ਤੋਂ ਹੀ। ਪੰਜ ਸੱਤ ਮਿਲਣੀਆਂ ਅਤੇ ਕਿੰਨਾ ਮਨ ਮੋਹ ਲਿਆ ਸੀ ਉਸ। ਹੁਣ ਦਿੱਲੀ ਦੀ ਹਰ ਫੇਰੀ ਉਤੇ ਇਕ ਰਾਤ, ਉਨ੍ਹਾਂ ਨਾਲ ਕੱਟਣੀ ਮੇਰੀ ਆਪਣੀ ਲੋੜ ਹੋ ਗਈ ਸੀ। ਅਜੇ ਪਿਛਲੇ ਹਫ਼ਤੇ ਦੀ ਹੀ ਤਾਂ ਗੱਲ ਸੀ। ਜੁਲਾਈ ਦਾ ਅਖ਼ੀਰਲਾ ਹਫ਼ਤਾ। ਹਮੇਸ਼ਾਂ ਵਾਂਗ ਫ਼ੋਨ ਕੀਤਾ।

'ਰਾਜਿੰਦਰ ਮੁੰਬਈ ਗਈ ਹੋਈ ਹੈ।' ਕੁਲਦੀਪ ਨੇ ਦੱਸਿਆ।

ਮੈਂ ਇਕ ਦਿਨ ਲਈ ਦਿੱਲੀ ਗਈ ਸਾਂ।

'ਕੌਫ਼ੀ ਹੋਮ ਵਿਚ ਮਿਲ। ਆਜ਼ਾਦ, ਇੰਦਰ, ਕਿਸ਼ਨ, ਐਸ. ਸਵਰਨ, ਕੇਵਲ ਸੂਰੀ...ਸਾਰੇ ਬੈਠਾਂਗੇ।'

ਜੇ ਵਕਤ ਥੋੜ੍ਹਾ ਹੋਵੇ ਤਾਂ ਮੈਂ ਇਸੇ ਤਰ੍ਹਾਂ ਸਾਰੇ ਮਿੱਤਰਾਂ ਸਨੇਹੀਆਂ ਨੂੰ ਕੌਫ਼ੀ ਹੋਮ ਵਿਚ ਬੁਲਾ ਲੈਂਦੀ ਸਾਂ। ਉਸ ਆਪਣੀ ਅਸਮਰਥਤਾ ਦੱਸੀ। ਸ਼ੈਲੀ ਨੇ ਕੰਮ ਤੋਂ ਪਰਤਣਾ ਸੀ ਤੇ ਉਸ ਨੂੰ ਖਾਣਾ ਖੁਆਉਣਾ ਸੀ ਕੁਲਦੀਪ ਨੇ। ਗਰਮ ਕਰ ਕੇ। ਤੇ ਉਹ ਕੁਝ ਸੁਸਤ ਵੀ ਸੀ। ਖਿਮਾ ਮੰਗ ਰਿਹਾ ਸੀ।




'ਕੁਲਦੀਪ ਬੱਗਾ ਨਹੀਂ ਆ ਰਿਹਾ' ਸੁਣਨ ਉਤੇ ਝੁੰਜਲਾ ਉਠਿਆ ਕੇਵਲ ਸੂਰੀ।

'ਆਵੇਗਾ ਕਿਸ ਤਰ੍ਹਾਂ ਨਹੀਂ। ਉਹਦੇ ਬਿਨਾ ਖ਼ਾਕ ਮਜ਼ਾ ਆਵੇਗਾ।'

'ਛੇਤੀ ਪਹੁੰਚ। ਵਿਦਾਊਟ ਫੇਲ੍ਹ।' ਸੂਰੀ ਨੇ ਫੋਨ ਕੀਤਾ।

ਉਹ ਆ ਗਿਆ। ਪਹਿਲੀ ਵੇਰਾਂ, ਰਾਜਿੰਦਰ ਬਗੈਰ! ਸੱਖਣਾ ਸੱਖਣਾ! ਅਧੂਰਾ ਅਧੂਰਾ! ਬੁਝਿਆ ਬੁਝਿਆ! ਮਹਿਫ਼ਲ ਨਹੀਂ ਸੀ ਜੰਮ ਰਹੀ। ਮੈਂ ਵੀ ਉਦਾਸ ਸਾਂ।

'ਜੇ ਅੱਜ ਰਾਜਿੰਦਰ ਇਥੇ ਹੁੰਦੀ ਤਾਂ ਮੈਂ ਤੇਰੇ ਮੋਢੇ ਉਤੇ ਸਿਰ ਰਖ ਕੇ ਖ਼ੂਬ ਰੋਣਾ ਸੀ। ਥੱਕ ਗਈ ਹਾਂ ਹੱਸ ਹੱਸ ਕੇ।'

'ਤੇ ਹੁਣ ਕਿਉਂ ਨਹੀਂ?'

'ਉਹਦੀ ਵੀ ਉਤਨੀ ਹੀ ਲੋੜ ਹੈ। ਜੱਫੀ ਉਸ ਦੀ ਤੇ ਮੋਢਾ ਤੇਰਾ।'

'ਮੈਂ ਇਕ ਕਹਾਣੀ ਸੋਚ ਰਿਹਾ ਹਾਂ। ਤੇਰੇ ਬਾਰੇ।'

'ਮੇਰੇ ਬਾਰੇ? ਸੁਣਾ ਤਾਂ।'

'ਸੁਣਾ ਯਾਰ।' ਸਾਰੇ ਉਤਸੁਕ ਹੋ ਗਏ ਸਨ।

'ਹੁਣ ਨਹੀਂ, ਤੇਰੀ ਅਗਲੀ ਫੇਰੀ ਉਤੇ। ਮੁਕੰਮਲ ਤੇ ਫ਼ਾਈਨਲ ਸੂਰਤ ਵਿਚ।'

ਅਗਲੇ ਦਿਨ ਸਵੇਰ ਦੀ ਬੱਸ ਉਤੇ ਹੀ ਮੈਂ ਚੰਡੀਗੜ੍ਹ ਪਰਤ ਜਾਣਾ ਸੀ ਤੇ ਰਾਜਿੰਦਰ ਦੀ ਗੱਡੀ ਸ਼ਾਮੀਂ ਆਉਣੀ ਸੀ। ਮੁੰਬਈਓਂ।

ਮੇਲ ਨਾਮੁਮਕਿਨ ਸੀ।

ਜਿਸ ਕੰਮ ਲਈ ਗਈ ਸਾਂ, ਉਹ ਨਾ ਹੋਇਆ। ਮੈਨੂੰ ਰੁਕਣਾ ਪੈ ਗਿਆ। ਇਕ ਦਿਨ ਹੋਰ। ਸਾਰਾ ਦਿਨ ਰੁਝੀ ਰਹੀ, ਰਾਤੀਂ ਦਸ ਵਜੇ ਫ਼ੋਨ ਕੀਤਾ।

'ਤੂੰ ਕਿਵੇਂ, ਗਈ ਨਹੀਂ?' ਇਹ ਰਾਜਿੰਦਰ ਸੀ।

'ਨਹੀਂ ਗਈ ਮੈਂ। ਕਿਥੇ ਏ ਕੁਲਦੀਪ?'

'ਉਹ ਪਾਰਲਿਆਮੈਂਟ ਸਟਰੀਟ ਗਏ ਨੇ। ਸਵਰਨ ਦਾ ਫ਼ੋਨ ਆਇਆ ਸੀ। ਉਹ ਤਾਂ ਮੇਰੇ ਲਈ ਵੀ ਜ਼ਿੱਦ ਕਰ ਰਿਹਾ ਸੀ, ਪਰ ਮੈਂ ਥੱਕੀ ਹੋਈ ਹਾਂ...ਤੇ ਕੱਲ੍ਹ ਸਵੇਰੇ ਸਕੂਲ ਵੀ...।' ਉਹਦੀ ਉਬਾਸੀ ਮੈਂ ਭਾਂਪ ਲਈ ਸੀ।

'ਆਏ ਨਹੀਂ ਅਜੇ ਤਕ। ਮੈਂ ਵੀ ਫੋਨ ਨਹੀਂ ਕੀਤਾ। ਸਵਰਨ ਆਖੇਗਾ ਵਿਸਾਹ ਨਹੀਂ ਖਾਂਦੀ।'

'ਮੈਂ ਫ਼ੋਨ ਕਰਾਂ?'

'ਕੀ ਜਾਦੂ ਕਰ ਦਿਤਾ ਹੈ ਤੂੰ? ਹੁਣ ਤਾਂ ਤੇਰਾ ਹੀ ਭੂਤ ਸਵਾਰ ਏ ਕੁਲਦੀਪ ਉਤੇ।'

'ਜੇ ਮੈਨੂੰ ਯਕੀਨ ਹੋਵੇ ਕਿ ਮਰਨ ਬਾਅਦ ਮੈਂ ਉਸ ਨੂੰ ਭੂਤ ਬਣ ਕੇ ਚੰਬੜ ਜਾਂਗੀ ਤਾਂ ਹੁਣੇ ਹੀ ਮਰ ਜਾਂ।'

'ਤੇ ਹੁਣ ਕਿਉਂ ਨਹੀਂ ਚੰਬੜ ਜਾਂਦੀ?'

'ਤੂੰ ਜੋ ਧੂਅ ਕੇ ਲਾਹ ਸੁਟੇਂਗੀ।'

'ਸ਼ਰਾਰਤ ਦੀ ਪੰਡ...।' ਦੇਰ ਤਕ ਹੱਸਦੀਆਂ ਰਹੀਆਂ ਸਾਂ। ਹੱਸਦੀਆਂ ਹੀ ਰਹੀਆਂ।

'ਅੱਛਾ ਫ਼ੋਨ ਰੱਖ, ਮੈਂ ਕੁਲਦੀਪ ਨਾਲ ਗੱਲ ਕਰਾਂ।'

ਮੈਂ ਫ਼ੋਨ ਲਾਇਆ।

'ਕਿਥੋਂ ਬੋਲ ਰਹੀ ਏਂ? ਚੰਡੀਗੜ੍ਹੋਂ ਕਿ ਦਿੱਲੀਓਂ?'

'ਦਿੱਲੀਓਂ।'

'ਜੇ ਇਥੇ ਹੀ ਸੈਂ ਤਾਂ ਆਈ ਕਿਉਂ ਨਹੀਂ? ਅਸੀਂ ਕਦੋਂ ਤੋਂ ਤੇਰਾ ਸਿਆਪਾ ਕਰ ਰਹੇ ਹਾਂ।'

'ਜੇ ਆ ਜਾਂਦੀ ਤਾਂ ਸਿਆਪਾ ਕੀਕੂੰ ਹੁੰਦਾ? ਹੁਣ ਛੇਤੀ ਭੋਗ ਪਾਓ ਤੇ ਤੁਰੋ ਘਰੋ ਘਰੀ, ਹਾਲੀ ਮੇਰਾ ਮਰਨ ਦਾ ਕੋਈ ਇਰਾਦਾ ਨਹੀਂ।'

'ਮੁੜ ਕਦੋਂ ਆਵੇਂਗੀ?'

'ਤੇਰੀ ਕਹਾਣੀ ਪੂਰੀ ਹੋ ਜਾਣ 'ਤੇ।'

'ਤਾਂ ਤੇ ਪਿਛਲੇ ਪੈਰੀਂ ਆਣਾ ਪਵੇਗਾ ਤੈਨੂੰ।'

ਦਸ ਦਿਨ ਪਹਿਲਾਂ ਹੀ ਤਾਂ ਕਿਹਾ ਸੀ ਕੁਲਦੀਪ ਨੇ। ਕਿਤਨੀ ਜਲਦੀ ਖ਼ਤਮ ਕਰ ਦਿੱਤੀ ਕਹਾਣੀ ਉਸ! ਕਿਤਨਾ ਚੁਸਤ! ਕਿਤਨਾ ਪ੍ਰਬੀਣ ਸੀ ਉਹ ਕਹਾਣੀ ਕਲਾ ਵਿਚ! 'ਮੇਰੇ ਵਰਗੀਆਂ ਕੁੜੀਆਂ', 'ਟੁੱਟੇ ਹੋਏ ਲੋਕ', 'ਛਿਣਾਂ ਵਿਚ ਵੰਡੇ ਹੋਏ', 'ਕਤਾਰਾਂ ਵਿਚ ਗੁਆਚੇ ਹੋਏ', 'ਛੋਟੇ ਵੱਡੇ ਆਦਮੀਆਂ' ਦਾ ਲੇਖਕ!

... ... ...

ਉਹ ਘੂਕ ਸੁੱਤੀ ਪਈ ਸੀ!...ਉਫ਼, ਇਤਨੀ ਬੇਰਹਿਮ! ਕੀ ਕਾਰਨ ਹੋ ਸਕਦੈ ਉਸ ਦੇ ਇਸ ਵਤੀਰੇ ਦਾ...?

ਠੀਕ ਹੈ, ਸਾਹਿਤਕਾਰ ਗ਼ੈਰ ਰਸਮੀ ਹੁੰਦੇ ਨੇ। ਸਲੀਕੇਦਾਰ। ਰੋਣਾ ਧੋਣਾ, ਚੀਕ ਚਿਹਾੜਾ, ਵੈਣ ਰੁਦਨ ਕਿਤਨਾ ਕੋਝਾ ਹੈ, ਕਿਤਨਾ ਗ਼ਲਤ। ਨਿਰਾ ਦਿਖਾਵਾ। ਹਾਸੋਹੀਣਾ! ਪਰ ਇਹ ਵੀ ਤਾਂ ਅਸਲੋਂ ਹੀ ਉਲਟੀ ਗੰਗਾ ਏ... ...ਕੀ ਸਾਬਿਤ ਕਰਨਾ ਚਾਹ ਰਹੀ ਹੈ ਕਿ ਉਹ ਸਥਿਤੀ ਨੂੰ ਸੰਭਾਲਣ ਵਿਚ ਸਮੱਰਥ ਹੈ? ਜਾਂ ਅਡੋਲ, ਸ਼ਾਂਤ-ਚਿੱਤ ਕੁਲਦੀਪ ਬਣ ਖੜੋਣ ਦਾ ਜਤਨ? ਇਹ ਜ਼ਬਤ ਹੈ ਜਾਂ ਕੋਈ ਦੋਸ਼ ਭਾਵਨਾ?

... ... ...

'ਤੂੰ ਸੁਤੀ ਨਹੀਂ?' ਉਸ ਮੈਨੂੰ ਝੰਜੋੜਿਆ।

ਪਤਾ ਨਹੀਂ ਕੀ ਵਕਤ ਸੀ? ਦੋ, ਤਿੰਨ ਜਾਂ ਚਾਰ, ਤੇ ਮੈਂ ਕਦੋਂ ਬੈਠ ਗਈ ਸਾਂ, ਸੁੱਖ ਆਸਨ ਵਿਚ।... (ਪਰ) ਸੁੱਖ ਕਿਥੇ ਸੀ...।

'ਕੀ ਸੋਚ ਰਹੀ ਏਂ?'

'ਇਹੀ ਕਿ ਹੋਰ ਕਿਤਨਾ ਕੁ ਜੀ ਸਕਦਾ ਸੀ ਕੁਲਦੀਪ।'

'ਹੂੰ?'

... ... ...

'ਤੂੰ ਤਾਂ ਏਨੇ ਘੁਰਾੜੇ ਮਾਰਦੀ ਹੈਂ। ਉਹ ਸੁੱਤਾ ਹੀ ਕਿਥੇ ਹੋਣੈ।' ਮੈਂ ਪੂਰੇ ਤਾਣ ਨਾਲ ਉਹਦੇ ਸੀਨੇ ਵਿਚ ਬਰਛੀ ਖੋਭ ਦਿੱਤੀ।


... ... ...

'ਹਾਂ, ਨਹੀਂ ਸੁੱਤਾ ਉਹ...ਉਕਾ ਨਹੀਂ...ਤੇ...ਤੇ ਹੁਣ ਮੈਂ ਉਸ ਨੂੰ ਸੌਣ ਦਿਆਂਗੀ...ਗੂੜ੍ਹੀ ਨੀਂਦੇ।...ਮੈਂ ਨਹੀਂ ਰੋਵਾਂਗੀ, ਨਹੀਂ ਰੋਵਾਂਗੀ, ਨਹੀਂ... ਨਹੀਂ...।'

ਝੱਖੜ ਝੁੱਲ ਪਿਆ...ਤੂਫ਼ਾਨ ਆ ਗਿਆ...ਕੜ ਪਾਟ ਗਿਆ...ਦੋਹੀਂ ਵੰਨੀ! ਹੁਣ ਇਕੋ ਸਾਗਰ ਵਿਚ ਗੋਤੇ ਖਾ ਰਹੀਆਂ ਸਾਂ, ਦੋਵੇਂ ਬਿਲਖ ਰਹੀਆਂ! ਸੰਭਲ ਰਹੀਆਂ!! ਪਰਚਾਅ ਰਹੀਆਂ!!!

# ਵਿਆਹ ਸੰਸਥਾ ਦੀਆਂ ਸੀਮਾਵਾਂ ਉਘਾੜਦੀ 'ਲਿਬਾਸ'






ਫਿਲਮ 'ਲਿਬਾਸ' ਵਿਚ ਸ਼ਬਾਨਾ ਆਜ਼ਮੀ ਤੇ ਨਸੀਰੂਦੀਨ ਸ਼ਾਹ ਅਤੇ (ਸੱਜੇ) ਫਿਲਮ ਦਾ ਪੋਸਟਰ।


ਆਵਾਜ਼ ਦੇ ਕਹਾਂ ਹੈ... -45-



ਕੁਲਦੀਪ ਕੌਰ
ਫੋਨ: +91-98554-04330

ਗੁਲਜ਼ਾਰ ਦੀ ਫਿਲਮ 'ਲਿਬਾਸ' ਦਾ ਗਾਣਾ 'ਸੀਲੀ ਹਵਾ ਛੂ ਗਈ, ਸੀਲਾ ਬਦਨ ਛਿਲ ਗਿਆ' ਸ਼ਬਦਾਂ ਦੀ ਜਾਦੂਗਰੀ ਕਾਰਨ ਧਿਆਨ ਖਿੱਚਦਾ ਹੈ। ਦੂਜਾ ਗਾਣਾ 'ਖਾਮੋਸ਼ ਸਾ ਅਫਸਾਨਾ ਪਾਣੀ ਪੇ ਲ਼ਿਖਾ ਹੋਤਾ, ਕੁਝ ਹਮਨੇ ਸੁਨਾ ਹੋਤਾ, ਕੁਝ ਤੁਮ ਨੇ ਕਹਾ ਹੋਤਾ' ਫਿਲਮ ਦੇ ਮੁੱਖ ਕਿਰਦਾਰਾਂ ਵਿਚਲਾ ਤਣਾਉ ਬਿਆਨ ਕਰਦਾ ਹੈ, ਪਰ ਸਭ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਫਿਲਮ ਭਾਰਤ ਵਿਚ ਰਿਲੀਜ਼ ਨਹੀਂ ਹੋ ਸਕੀ। ਇਸ ਫਿਲਮ ਦੀ ਰਿਲੀਜ਼ ਵਿਚ ਦੇਰੀ ਦਾ ਕਾਰਨ ਸਰਕਾਰੀ ਸੈਂਸਰ ਬੋਰਡ ਨਹੀਂ, ਸਗੋਂ ਨਿਰਮਾਤਾ ਦੁਆਰਾ ਮਿਥਿਆ 'ਸਭਿਆਚਾਰਕ ਸੈਂਸਰ' ਸੀ। ਅਸਲ ਵਿਚ ਜਦੋਂ ਇਹ ਫਿਲਮ ਬਣ ਕੇ ਤਿਆਰ ਹੋਈ ਤਾਂ ਫਿਲਮ ਦੇ ਵਿਤਰਕਾਂ ਨੇ ਇਸ ਫਿਲਮ ਦੇ ਅੰਤ 'ਤੇ ਸਖਤ ਇਤਰਾਜ਼ ਕੀਤਾ। ਫਿਲਮ ਦੇ ਅੰਤ ਵਿਚ ਨਾਇਕਾ ਆਪਣੇ ਪਤੀ ਤੋਂ ਵੱਖਰੀ ਹੋ ਕੇ ਆਪਣੇ ਪ੍ਰੇਮੀ ਨਾਲ ਰਹਿਣਾ ਸ਼ੁਰੂ ਕਰ ਦਿੰਦੀ ਹੈ। 1980 ਦੇ ਦਹਾਕੇ ਵਿਚ ਫਿਲਮ ਦਾ ਅਜਿਹਾ ਅੰਤ ਨਿਰਮਾਤਾ ਨੂੰ ਹਜ਼ਮ ਨਹੀਂ ਹੋਇਆ। ਉਸ ਨੇ ਨਿਰਦੇਸ਼ਕ ਨੂੰ ਅੰਤ ਬਦਲਣ ਲਈ ਕਿਹਾ ਜਿਸ ਨੂੰ ਗੁਲਜ਼ਾਰ ਨੇ ਸਖਤੀ ਨਾਲ ਮਨ੍ਹਾਂ ਕਰ ਦਿੱਤਾ। ਨਤੀਜੇ ਵਜੋਂ ਫਿਲਮ ਡੱਬਾਬੰਦ ਹੋ ਕੇ ਰਹਿ ਗਈ।

ਗੁਲਜ਼ਾਰ ਦੀਆਂ ਫਿਲਮਾਂ ਬਾਰੇ ਆਲੋਚਕਾਂ ਦਾ ਇੱਕ ਮੱਤ ਇਹ ਰਿਹਾ ਹੈ ਕਿ ਉਨ੍ਹਾਂ ਦੀਆਂ ਫਿਲਮਾਂ ਵਿਚਲੇ ਔਰਤ ਕਿਰਦਾਰ ਭਾਵੇਂ ਭਾਰਤੀ ਸਿਨੇਮਾ ਦੇ ਔਰਤ ਕਿਰਦਾਰਾਂ ਨਾਲੋਂ ਵੱਧ ਸੰਵੇਦਨਸ਼ੀਲ ਤੇ ਕਾਵਿਕ ਹੁੰਦੇ ਹਨ, ਉਨ੍ਹਾਂ ਨੂੰ ਅਗਾਂਹਵਧੂ ਮੰਨਣਾ ਔਖਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਗੁਲਜ਼ਾਰ ਉਤੇ ਬੰਗਲਾ ਸਾਹਿਤ ਦਾ ਅਸਰ ਜ਼ਿਆਦਾ ਹੈ ਤੇ ਬੰਗਲਾ ਸਾਹਿਤ ਵਿਚ ਔਰਤ ਕਿਰਦਾਰਾਂ ਦੀਆਂ ਮਨੋਵਿਗਿਆਨਕ ਗੁੰਝਲਾਂ ਨੂੰ ਉਨ੍ਹਾਂ ਦੀਆਂ ਸਮਾਜਿਕ ਵਿਸੰਗਤੀਆਂ ਨਾਲੋਂ ਵੱਧ ਜਗ੍ਹਾ ਦਿੱਤੀ ਗਈ ਹੈ। ਇਹ ਫਿਲਮ ਵਿਆਹ ਰੂਪੀ ਸਮਾਜਿਕ ਸੰਸਥਾ ਦੀਆਂ ਸੀਮਾਵਾਂ ਨੂੰ ਦਰਸਾਉਂਦੀ ਹੈ। ਫਿਲਮ ਦਾ ਕਥਾਨਕ ਗੁਲਜ਼ਾਰ ਦੀ ਕਹਾਣੀਆਂ ਦੀ ਕਿਤਾਬ 'ਰਾਵੀ ਪਾਰ' ਵਿਚਲੀ ਕਹਾਣੀ 'ਸੀਮਾ' ਉਤੇ ਆਧਾਰਿਤ ਸੀ। ਫਿਲਮ ਵਿਚ ਸੁਧੀਰ (ਨਸੀਰੂਦੀਨ ਸ਼ਾਹ) ਥਿਏਟਰ ਨਿਰਦੇਸ਼ਕ ਹੈ ਜਿਸ ਲਈ ਉਸ ਦਾ ਪਹਿਲਾ ਪਿਆਰ ਨਾਟਕ ਹੈ। ਉਸ ਦੀ ਪਤਨੀ ਸੀਮਾ (ਸ਼ਬਾਨਾ ਆਜ਼ਮੀ) ਖੁਦ ਅਦਾਕਾਰ ਹੈ।



ਗੁਲਜ਼ਾਰ

ਉਨ੍ਹਾਂ ਦੇ ਹੁਨਰ ਦੇ ਦੂਰ-ਦੂਰ ਤੱਕ ਚਰਚੇ ਹਨ, ਪਰ ਸੀਮਾ ਅੰਦਰੋਂ ਖੁਸ਼ ਨਹੀਂ, ਕਿਉਂਕਿ ਉਸ ਨਾਲ ਬਿਸਤਰ ਵਿਚ ਹੋਣ ਸਮੇਂ ਵੀ ਸੁਧੀਰ ਆਪਣੇ ਨਾਟਕਾਂ ਦੀ ਦੁਨੀਆਂ ਵਿਚ ਗੁੰਮਿਆ ਰਹਿੰਦਾ ਹੈ। ਸੀਮਾ ਜਾਣੇ-ਅਣਜਾਣੇ ਉਸ ਦੇ ਦੋਸਤਾਂ ਵੱਲ ਖਿੱਚੀ ਚਲੀ ਜਾਂਦੀ ਹੈ। ਜਦੋਂ ਉਨ੍ਹਾਂ ਦੀ ਜ਼ਿੰਦਗੀ ਦੀ ਇਸ ਨਾਜ਼ੁਕ ਘੜੀ ਵਿਚ ਸੁਧੀਰ ਦਾ ਬਚਪਨ ਦਾ ਦੋਸਤ ਟੀ.ਕੇ. (ਰਾਜ ਬੱਬਰ) ਦਾਖਲ ਹੁੰਦਾ ਹੈ ਤਾਂ ਹਾਲਾਤ ਚਿਰਾਂ ਤੋਂ ਕਿਆਸਿਆ ਮੋੜ ਲੈ ਲੈਂਦੇ ਹਨ। ਸੀਮਾ ਟੀ.ਕੇ. ਨੂੰ ਪਸੰਦ ਕਰਨ ਲੱਗਦੀ ਹੈ। ਫਿਲਮ ਦੇ ਲੇਖਕ-ਨਿਰਦੇਸ਼ਕ ਦੀ ਹਮਦਰਦੀ ਤਾਂ ਸੁਧੀਰ ਨਾਲ ਹੈ, ਪਰ ਨਿਆਂ ਦਾ ਪਲੜਾ ਸੀਮਾ ਦੇ ਹੱਕ ਭਾਰੂ ਵਿਚ ਹੈ। ਫਿਲਮ ਦਾ ਨਿਰਮਾਤਾ ਮੋਹਨ, ਸੀਮਾ ਦੇ ਟੀ.ਕੇ ਨਾਲ ਰਹਿਣ ਵਾਲੇ ਅੰਤ ਨੂੰ ਪਸੰਦ ਨਹੀਂ ਕਰਦਾ ਅਤੇ ਫਿਲਮ ਡੱਬਾਬੰਦ ਹੋ ਜਾਂਦੀ ਹੈ। ਉਧਰ 'ਲਿਬਾਸ' ਤੋਂ ਪਹਿਲਾਂ ਗੁਲਜ਼ਾਰ ਦੀਆਂ ਦੋ ਫ਼ਿਲਮਾਂ ਫਲਾਪ ਹੋਣ ਕਾਰਨ ਉਸ ਨੂੰ ਹਿੱਟ ਦੀ ਸਖਤ ਜ਼ਰੂਰਤ ਸੀ, ਪਰ ਇਸ ਦੇ ਬਾਵਜੂਦ ਉਸ ਨੇ ਇਹ ਸਮਝੌਤਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਆਪਣੇ ਹੁਨਰ ਦੀ ਲਾਜ ਰੱਖ ਲਈ। ਗੁਲਜ਼ਾਰ ਦੀ ਬੁਲੰਦ ਹਸਤੀ ਦਾ ਰਾਜ਼ ਉਸ ਦੀ ਇਸੇ ਸਾਫਗੋਈ ਵਿਚ ਛੁਪਿਆ ਹੋਇਆ ਹੈ।

ਗੁਲਜ਼ਾਰ ਦੀਆਂ ਬਾਕੀ ਫਿਲਮਾਂ ਵਾਂਗ ਇਹ ਫ਼ਿਲਮ ਵੀ ਮਾਨਵੀ ਰਿਸ਼ਤਿਆਂ ਦੀਆਂ ਗੁੰਝਲਾਂ ਦੁਆਲੇ ਬੁਣੀ ਹੋਈ ਹੈ। ਸੁਧੀਰ ਦਾ ਕਿਰਦਾਰ ਨਸੀਰੂਦੀਨ ਸ਼ਾਹ ਨੇ ਇੰਨੀ ਪੁਖਤਗੀ ਨਾਲ ਨਿਭਾਇਆ ਹੈ ਕਿ ਸੀਮਾ ਦੇ ਹਾਲਾਤ ਦਾ ਤਰਕ ਸਮਝ ਆਉਣ ਦੇ ਬਾਵਜੂਦ ਦਰਸ਼ਕਾਂ ਦੀ ਹਮਦਰਦੀ ਸੁਧੀਰ ਨੂੰ ਮਿਲਦੀ ਹੈ। ਫਿਲਮ ਉਨ੍ਹਾਂ ਦ੍ਰਿਸ਼ਾਂ ਦੀ ਮੌਜੂਦਗੀ ਲਈ ਯਾਦ ਰੱਖੀ ਜਾ ਸਕਦੀ ਹੈ ਜਿਨ੍ਹਾਂ ਵਿਚ ਸਟੇਜ 'ਤੇ ਅਦਾਕਾਰੀ ਕਰਦਿਆਂ-ਕਰਦਿਆਂ ਸੁਧੀਰ ਤੇ ਸੀਮਾ ਅਸਲ ਜ਼ਿੰਦਗੀ ਵਿਚ ਵੀ ਇੱਕ-ਦੂਜੇ ਨਾਲ ਅਦਾਕਾਰੀ ਕਰਨ ਲੱਗ ਜਾਂਦੇ ਹਨ। ਜਦੋਂ ਤੱਕ ਉਨ੍ਹਾਂ ਨੂੰ ਇਸ ਦਾ ਅਹਿਸਾਸ ਹੁੰਦਾ ਹੈ, ਉਹ ਇੱਕ-ਦੂਜੇ ਲਈ ਅਣਜਾਣ ਹੋ ਚੁੱਕੇ ਹੁੰਦੇ ਹਨ। ਸੁਧੀਰ ਲਈ ਜ਼ਿੰਦਗੀ ਤੇ ਪਿਆਰ ਥਿਏਟਰ ਤੋਂ ਸ਼ੁਰੂ ਹੋ ਕੇ ਥਿਏਟਰ 'ਤੇ ਖਤਮ ਹੋ ਜਾਂਦੇ ਹਨ। ਸੀਮਾ ਲਈ ਥਿਏਟਰ ਤੋਂ ਬਾਹਰ ਵੀ ਜ਼ਿੰਦਗੀ ਖੂਬਸੂਰਤ ਹੈ। ਉਨ੍ਹਾਂ ਦਾ ਰਿਸ਼ਤਾ ਉਸ ਮੋੜ 'ਤੇ ਆਣ ਖੜ੍ਹਾ ਹੁੰਦਾ ਹੈ ਜਿਥੇ ਉਹ ਨਾ ਇੱਕ-ਦੂਜੇ ਦੇ ਨਾਲ ਹਨ ਅਤੇ ਨਾ ਹੀ ਇੱਕ-ਦੂਜੇ ਤੋਂ ਵੱਖਰੇ ਹਨ।

ਫਿਲਮ ਵਿਚ ਗੁਲਜ਼ਾਰ ਭਾਰਤੀ ਸਿਨੇਮਾ ਦਾ ਮੂਕ ਦੌਰ ਖਤਮ ਹੋਣ ਕਾਰਨ ਰੁਲ ਰਹੇ ਬਜ਼ੁਰਗ ਅਦਾਕਾਰਾਂ ਦੇ ਦਰਦ ਨੂੰ ਵੀ ਜ਼ੁਬਾਨ ਦਿੰਦਾ ਹੈ। ਹੰਢੇ ਹੋਏ ਕਲਾਕਾਰ ਉਤਪਲ ਦੱਤ ਰਾਹੀਂ ਉਹ ਫਿਲਮਾਂ ਦੀ ਬਦਲ ਰਹੀ ਸਮਾਜਿਕ ਭੂਮਿਕਾ 'ਤੇ ਵਿਅੰਗ ਕਰਦਾ ਹੈ। ਫਿਲਮ ਅਨੁਸਾਰ ਹਰ ਸਾਲ ਨਵੇਂ ਕਲਾਕਾਰ ਤਾਂ ਭਰਤੀ ਕਰ ਲਏ ਜਾਂਦੇ ਹਨ, ਪਰ ਨਵੇਂ ਨਾਟਕਾਂ ਦੀ ਰਚਨਾ ਵੱਲ ਕੋਈ ਧਿਆਨ ਨਹੀਂ ਦੇ ਰਿਹਾ।

ਇਸ ਫ਼ਿਲਮ ਵਿਚ ਖਲਨਾਇਕ ਕੋਈ ਨਹੀਂ, ਪਰ ਸਾਰੇ ਕਿਰਦਾਰ ਆਪਣੇ ਅਧੂਰੇਪਣ ਕਾਰਨ ਦੂਜੇ ਪਾਤਰ ਨੂੰ ਦੁੱਖ ਦਿੰਦੇ ਹਨ। ਗੁਲਜ਼ਾਰ ਦੀ ਇਸ ਫਿਲਮ ਨੂੰ ਦੇਖਣ ਤੋਂ ਬਾਅਦ ਸਮਝ ਆਉਂਦੀ ਹੈ ਕਿ ਮੋਹ ਦੇ ਬੇਹੱਦ ਨਜ਼ਦੀਕੀ ਰਿਸ਼ਤਿਆਂ ਵਿਚ ਵੀ ਚਲਦੀ ਸਰਦ ਹਵਾ ਬਹੁਤੀ ਵਾਰ ਪਿੰਡਿਆਂ ਨੂੰ ਲਹੂ-ਲੁਹਾਣ ਕਰ ਦਿੰਦੀ ਹੈ।

# ਪਾਕਿਸਤਾਨੀ ਸਿਤਾਰਿਆਂ ਦੀ ਜਗਮਗ



ਸਬਾ ਕਮਰ

ਪਾਕਿਸਤਾਨ ਦੇ ਉੱਘੇ ਅਦਾਕਾਰ ਜਾਵੇਦ ਸ਼ੇਖ਼ ਨੂੰ ਭਾਰਤ ਵਿਚ ਚਾਹੇ ਉਨੀਆਂ ਵੱਡੀਆਂ ਭੂਮਿਕਾਵਾਂ ਨਾ ਮਿਲੀਆਂ ਹੋਣ, ਪਰ ਆਪਣੇ ਮੁਲਕ ਵਿਚ ਉਸ ਦਾ ਪੂਰਾ ਨਾਮ ਹੈ। ਇਸ ਦੇ ਬਾਵਜੂਦ ਉਸ ਨੇ ਸਮੇਂ-ਸਮੇਂ ਕਈ ਹਿੰਦੀ ਫ਼ਿਲਮਾਂ ਵਿਚ ਕੰਮ ਕੀਤਾ ਹੈ। ਇਕ ਇੰਟਰਵਿਊ ਦੌਰਾਨ ਉਸ ਨੇ ਕਿਹਾ ਕਿ ਪਾਕਿਸਤਾਨੀ ਅਦਾਕਾਰ ਭਾਰਤ ਵਿਚ ਕੰਮ ਕਰਨਾ ਲੋਚਦੇ ਹਨ। ਕਈ ਹਿੰਦੀ ਫ਼ਿਲਮਾਂ ਵਿਚ ਛੋਟੀਆਂ ਸਹਾਇਕ ਭੂਮਿਕਾਵਾਂ ਕਰ ਚੁੱਕੇ ਜਾਵੇਦ ਦੇ ਮਾਮਲੇ ਵਿਚ ਇਹ ਗੱਲ ਸੱਚ ਵੀ ਹੋਈ ਹੈ। ਜਿਵੇਂ ਹਿੰਦੀ ਫਿਲਮਾਂ ਦੇ ਸਿਤਾਰੇ ਹੌਲੀਵੁੱਡ ਫ਼ਿਲਮਾਂ ਵਿਚ ਕੰਮ ਕਰਨਾ ਸ਼ਾਨ ਸਮਝਦੇ ਹਨ, ਪਾਕਿਸਤਾਨੀ ਅਦਾਕਾਰ ਹਿੰਦੀ ਫਿਲਮਾਂ ਵਿਚ ਕੰਮ ਕਰਨ ਲਈ ਬੇਤਾਬ ਰਹਿੰਦੇ ਹਨ। ਪਾਕਿਸਤਾਨੀ ਕਲਾਕਾਰਾਂ ਲਈ ਬੌਲੀਵੁੱਡ ਦੇ ਖ਼ੁਆਬ ਦੇਖਣਾ ਉਹੋ ਜਿਹੀ ਗੱਲ ਹੈ ਜਿਵੇਂ ਸ਼ਿਕਾਗੋ ਚੈੱਸ ਲੀਗ ਖੇਡਣ ਵਾਲਾ ਖਿਡਾਰੀ ਅਮਰੀਕੀ ਟੀਮ ਦਾ ਮੈਂਬਰ ਬਣਨ ਦੇ ਸੁਪਨੇ ਵੇਖੇ। ਇਸ ਵਿਚ ਕੁਝ ਗ਼ਲਤ ਵੀ ਨਹੀਂ। ਇਸ ਦੇ ਨਾਲ ਹੀ ਕਈ ਫ਼ਨਕਾਰ ਅਜਿਹੇ ਵੀ ਹਨ ਜੋ ਕਹਿੰਦੇ ਹਨ ਕਿ ਉਹ ਬੌਲੀਵੁੱਡ ਦੀ ਰਤਾ ਪਰਵਾਹ ਨਹੀਂ ਕਰਦੇ ਤੇ ਪਾਕਿਸਤਾਨੀ ਲੋਕਾਂ ਵੱਲੋਂ ਭਾਰਤੀ ਫ਼ਿਲਮਾਂ ਦੇਖਣ ਦੇ ਸ਼ੌਕ ਕਾਰਨ ਲੌਲੀਵੁੱਡ ਨੂੰ ਇਸ ਦੀ ਮਾਰ ਸਹਿਣੀ ਪੈਂਦੀ ਹੈ, ਪਰ ਇਹ ਵੀ ਸੱਚ ਹੈ ਕਿ ਭਾਰਤ ਤੋਂ ਕੋਈ ਮਾੜੀ ਮੋਟੀ ਪੇਸ਼ਕਸ਼ ਹੋਣ 'ਤੇ ਹੀ ਉਹ ਮੁੰਬਈ ਵੱਲ ਰੁਖ਼ ਕਰ ਲੈਂਦੇ ਹਨ। ਮੁੰਬਈ ਤੋਂ ਕੋਈ ਪੇਸ਼ਕਸ਼ ਮਿਲਣ ਵਿਚ ਮੌਕੇ, ਕਿਸਮਤ, ਲੋਕ ਸੰਪਰਕ, ਨੈੱਟਵਰਕਿੰਗ ਅਤੇ ਸਭ ਤੋਂ ਵੱਧ ਪ੍ਰਤਿਭਾ ਦਾ ਹੱਥ ਹੁੰਦਾ ਹੈ। ਹਾਲੇ ਪਾਕਿਸਤਾਨੀ ਨਿਰਦੇਸ਼ਕ ਤਾਂ ਇਸ ਪਾਸੇ ਨਹੀਂ ਸੋਚ ਰਹੇ, ਪਰ ਬਹੁਤ ਸਾਰੇ ਅਦਾਕਾਰਾਂ ਤੇ ਗਾਇਕਾਂ ਨੇ ਆਪਣੇ ਫ਼ਨ ਸਦਕਾ ਭਾਰਤ ਵਿਚ ਪਛਾਣ ਬਣਾਈ ਹੈ। ਫਰਹਾਨ ਸਈਦ, ਅਦਨਾਨ ਸਾਮੀ, ਜਾਵੇਦ ਬਸ਼ੀਬ, ਜ਼ੇਬ ਤੇ ਹਾਨਿਆ, ਮੁਸਤਫ਼ਾ ਜ਼ਾਹਿਦ, ਰਾਹਤ ਫ਼ਤਹਿ ਅਲੀ ਖ਼ਾਨ, ਸ਼ਫਕਤ ਅਮਾਨਤ ਅਲੀ ਖ਼ਾਨ ਅਤੇ ਆਤਿਫ਼ ਅਸਲਮ ਜਿਹੇ ਗਾਇਕਾਂ ਨੇ ਕਾਮਯਾਬੀ ਹਾਸਲ ਕਰ ਕੇ ਆਪਣਾ ਵੱਖਰਾ ਮੁਕਾਮ ਬਣਾਇਆ ਹੈ। ਮਾਡਲ/ਅਦਾਕਾਰਾਂ ਦੀ ਗੱਲ ਕਰੀਏ ਤਾਂ ਪੁਰਾਣੇ ਸਮੇਂ ਜ਼ੇਬਾ ਬਖ਼ਤਿਆਰ ਤੇ ਸੋਮੀ ਅਲੀ ਅਤੇ ਨਵੀਆਂ ਹੀਰੋਇਨਾਂ ਮੀਰਾ, ਵੀਨਾ ਮਲਿਕ ਅਤੇ ਸਾਰਾ ਲੌਰੇਨ ਨੂੰ ਬੌਲੀਵੁੱਡ ਵਿਚ ਕੁਝ ਖ਼ਾਸ ਕਾਮਯਾਬੀ ਨਹੀਂ ਮਿਲੀ; ਜਦੋਂਕਿ ਹੁਮਾਇਮਾ ਮਲਿਕ, ਇਮਰਾਨ ਅੱਬਾਸ, ਅਲੀ ਜ਼ਫਰ, ਫਵਾਦ ਖ਼ਾਨ ਅਤੇ ਮਾਹਿਰਾ ਖ਼ਾਨ ਨੂੰ ਭਾਰਤੀ ਫ਼ਿਲਮਾਂ ਵਿਚ ਖ਼ਾਸ ਭੂਮਿਕਾਵਾਂ ਦੀਆਂ ਪੇਸ਼ਕਸ਼ਾਂ ਮਿਲੀਆਂ ਹਨ। ਪਾਕਿਸਤਾਨੀ ਮੀਡੀਆ ਵੀ ਆਪਣੇ ਮੁਲਕ ਦੇ ਸਿਤਾਰਿਆਂ ਅਤੇ ਉਨ੍ਹਾਂ ਦੇ ਬੌਲੀਵੁੱਡ ਦੇ ਸਾਥੀ ਕਲਾਕਾਰਾਂ ਦੀਆਂ ਤਸਵੀਰਾਂ ਖ਼ੁਸ਼ ਹੋ ਕੇ ਦਿਖਾਉਂਦਾ ਹੈ। ਗੁਆਂਢੀ ਮੁਲਕ ਦੇ ਫ਼ਨਕਾਰ ਹੀ ਆਪਣੀਆਂ ਇਹ ਤਸਵੀਰਾਂ ਛਪਣ ਲਈ ਭੇਜਦੇ ਹਨ। ਇਹ ਫ਼ਿਲਮੀ ਦੁਨੀਆਂ ਹੈ ਤੇ ਇਹ ਅਦਾਕਾਰ ਮੰਨਦੇ ਹਨ ਕਿ 'ਜੋ ਦਿਖਦਾ ਹੈ, ਉਹ ਵਿਕਦਾ ਹੈ।'

**-ਤਨੁਜ ਗਰਗ**



ਜਾਵੇਦ ਸ਼ੇਖ਼



ਅਦਨਾਨ ਸਾਮੀ



ਫਵਾਦ ਖਾਨ

**ਸਬਾ ਕਮਰ ਦੀ ਛਾਲ:** *ਇਕ ਹੋਰ ਪਾਕਿਸਤਾਨੀ ਅਦਾਕਾਰਾ ਸਬਾ ਕਮਰ ਵੀ ਬਾਲੀਵੁੱਡ ਵਿਚ ਦਾਖਲ ਹੋ ਗਈ ਹੈ। ਉਸ ਨੇ ਇਰਫਾਨ ਖਾਨ ਨਾਲ ਫਿਲਮ ਸਾਈਨ ਕੀਤੀ ਹੈ। ਇਸ ਫਿਲਮ ਦਾ ਨਾਂ ਅਜੇ ਰੱਖਣਾ ਹੈ ਅਤੇ ਦੋਹਾਂ ਦੇ ਕਿਰਦਾਰ ਉਹੋ ਹੋਣਗੇ ਜਿਹੋ ਜਿਹੇ ਫਿਲਮ 'ਪੀਕੂ' ਵਿਚ ਅਮਿਤਾਭ ਬੱਚਨ ਅਤੇ ਦੀਪਿਕਾ ਪਾਦੂਕੋਨ ਦੇ ਸਨ। ਸਬਾ ਪਾਕਿਸਤਾਨੀ ਫਿਲਮ 'ਮੰਟੋ' ਵਿਚ ਨੂਰ ਜਹਾਂ ਦੀ ਭੂਮਿਕਾ ਨਾਲ ਚਰਚਾ ਵਿਚ ਆਈ ਸੀ।*


HIGH QUALITY PICTURE
HD
TVI, SDI, IP
We install anywhere in California
NEW TREND IN SECURITY SYSTEM
ULTRA HIGH DEFINITION
MOTORIZED LENS
Call Sukhpal for your next security solution purchase
2 YEAR WARRANTY
Vista
CCTV TECHNOLOGY
SOLUTION PROVIDER COMPANY
661-586-5080
commvision@sbcglobal.net


REGULAR
2.09 9/10
Diesel
EC Unleaded
888 9/10
2.09 9/10
GAS SIGN
MESSAGE BOARD
Box & Channel Letters SIGNS
We Install any where in California
ELECTRIC SIGN COMPANY
Call For More Info:
1-661-586-5080


Need Water? Tired of waiting in Line?
Are you looking for a drilling company to drill water well at your farm?
Hydrotech Solutions do best deep water drilling in shortest time and no one can beat our price.
Hydrotech convert pumps to solar too
Hydrotech Solutions LLC
One Stop Shop
844-486-9355
www.hydrotech4u.com
Meet us at C Street in C21 at Ag Show
Hydrotech Solutions LLC



BIGGEST SALE EVER
On Desi TV!
40% OFF
PER MONTH FOR 12 MONTHS
PUNJABI MEGA PACK
$14.99/mo
for 12 months.
$24.99/mo. in Year 2, subject to change.
Use Offer Code SAVEBIG
FROM SERIOUS ISSUES TO NON-STOP COMEDY, DISH HAS IT ALL.
jus
Ajj Da Mudda
COMEDY NIGHTS Bachao
colors HD
Comedy Nights Bachao
PTC PUNJABI
GLOBAL PUNJAB
jus punjabi
mh ONE
JUS one
9X TASHAN
jus 24x7
PTC NEWS
PTC chak de
WILLOW HD
aapka colors HD
WILLOW HD
Life OK
TV ASIA HD
FOOD FOOD
TIMES NOW
NDTV 24x7
one
AND MANY MORE
$24.99/mo
for 12 months.
$54.99/mo. in Year 2, subject to change.
OVER 50% OFF
PER MONTH FOR 12 MONTHS
HINDI MEGA PACK
Use Offer Code SAVEBIG
FREE
• 100+ Bollywood Movies On Demand
• Standard Professional Installation in up to 6 rooms
All offers require credit qualification, 24-month commitment with early termination fee and eAutopay. Cannot be combined with other International offers.
MUST MENTION OFFER CODE: SAVEBIG AT TIME OF ORDERING.
Cannot be combined with other Offer Codes
ORDER NOW!
1-888-622-8456
dish
International programming requires additional $10/mo International Basic package or any America's Top or DishLATINO package.
Important Terms and Conditions: Promotional Offers: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months. $30/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Hindi Mega Pack. Must provide Offer Code at time of order. Receive a monthly credit of $30 for the first 12 months. Advertised price requires credit qualification and eAutoPay. Upfront activation and/or receiver upgrade fees may apply based on credit qualification. After 12-month promotional period, then-current monthly price applies and is subject to change. Offer ends 8/3/16.
2 Year Commitment: Early termination fee of $20/mo. remaining applies if you cancel early. Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Other: All prices, fees, charges, packages, programming, features, functionality and offers subject to change without notice. After 6 mos., you will be billed $8/mo for Protection Plan unless you call to cancel. Taxes or reimbursement charges for state gross earnings taxes may apply. Additional restrictions and taxes may apply.
© 2016 DISH Network L.L.C. All rights reserved.